ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 36
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 6 February, 2026) ਸ਼ੁੱਕਰਵਾਰ,6 ਫਰਵਰੀ, 2026, 24 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਚੇਨਈ ਐਕਸਪ੍ਰੈਸ ਦੇ 3 ਡੱਬੇ ਲੀਹੋਂ ਲੱਥੇ

ਭੁਵਨੇਸ਼ਵਰ, 5 ਫਰਵਰੀ (ਚ.ਨ.ਸ.):ਇੱਥੋਂ ਦੇ ਜਾਜਪੁਰ ਜ਼ਿਲ੍ਹੇ ਦੇ ਜਾਖਪੁਰਾ ਰੇਲਵੇ ਸਟੇਸ਼ਨ ਨੇੜੇ ਚੇਨਈ ਸੈਂਟਰਲ ਐਕਸਪ੍ਰੈਸ ਦੇ ਤਿੰਨ ਡੱਬੇ ਲੀਹੋਂ ਲੱਥ ਗਏ।ਅਧਿਕਾਰੀਆਂ ਨੇ ਕਿਹਾ ਕਿ ਇਹ ਘਟਨਾ ਸਵੇਰੇ 8.51 ਵਜੇ ਵਾਪਰੀ। ਇਸ ਕਾਰਨ ਕਿਸੇ ਦੇ ਜ਼ਖਮੀ ਹੋਣ ਜਾਂ ਮੌਤ ਹੋਣ ਦੀ ਕੋਈ ਰਿਪੋਰਟ ਨਹੀਂ ਹੈ।ਰੇਲਵੇ ਅਧਿਕਾਰੀ ਨੇ ਦੱਸਿਆ ਕਿ ਚੇਨਈ ਤੋਂ ਪੱਛਮੀ ਬੰਗਾਲ ਦੀ ਨਈਂ ਜਲਪਾਈਗੁੜੀ ਜਾ ਰਹੀ ਰੇਲਗੱਡੀ ਦੇ ਇੱਕ ਏ.ਸੀ. ਅਤੇ ਦੋ ਜਨਰਲ ਡੱਬੇ ਪਟੜੀ ਤੋਂ ਉਤਰ ਗਏ।ਉਨ੍ਹਾਂ ਕਿਹਾ ਕਿ ਸਥਿਤੀ ਦਾ ਮੁਲਾਂਕਣ ਕਰਨ ਲਈ ਭਦਰਕ ਤੋਂ ਤੁਰੰਤ ਇੱਕ ਟੀਮ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ ਹੈ।

*ਭਾਰਤ ਨੇ ਟਰੰਪ ਦੇ ਬਿਆਨ ਨੂੰ ਨਕਾਰਿਆ*

## 140 ਕਰੋੜ ਲੋਕਾਂ ਦੀ ਊਰਜਾ ਸੁਰੱਖਿਆ ਸਭ ਤੋਂ ਪਹਿਲਾਂ, ਵਿਦੇਸ਼ ਮੰਤਰਾਲੇ ਵੱਲੋਂ ਰੂਸੀ ਤੇਲ ਰੋਕਣ ਦਾ ਦਾਅਵਾ ਖਾਰਜ



**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 5 ਫਰਵਰੀ :ਭਾਰਤ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਨੂੰ ਸਪੱਸ਼ਟ ਤੌਰ 'ਤੇ ਨਕਾਰ ਦਿੱਤਾ ਹੈ ਜਿਸ 'ਚ ਕਿਹਾ ਗਿਆ ਸੀ ਕਿ ਭਾਰਤ ਰੂਸ ਤੋਂ ਤੇਲ ਦੀ ਖਰੀਦ ਬੰਦ ਕਰਨ ਲਈ ਸਹਿਮਤ ਹੋ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਦੁਹਰਾਇਆ ਹੈ ਕਿ 140 ਕਰੋੜ ਲੋਕਾਂ ਲਈ ਊਰਜਾ ਸੁਰੱਖਿਆ ਯਕੀਨੀ ਬਣਾਉਣਾ ਭਾਰਤ ਸਰਕਾਰ ਦੀ 'ਸਰਵਉੱਚ ਤਰਜੀਹ' ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਭਾਰਤ ਦੇ ਊਰਜਾ ਸਬੰਧੀ ਫੈਸਲੇ ਰਾਸ਼ਟਰੀ ਹਿੱਤਾਂ ਅਤੇ ਬਾਜ਼ਾਰ ਦੀਆਂ ਸਥਿਤੀਆਂ ਮੁਤਾਬਕ ਲਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਊਰਜਾ ਸਰੋਤਾਂ 'ਚ ਵਿਭਿੰਨਤਾ ਲਿਆਉਣਾ ਭਾਰਤ ਦੀ ਰਣਨੀਤੀ ਦਾ ਮੁੱਖ ਹਿੱਸਾ ਹੈ ਤਾਂ ਜੋ ਅੰਤਰਰਾਸ਼ਟਰੀ ਗਤੀਸ਼ੀਲਤਾ ਦੇ ਵਿਚਕਾਰ ਦੇਸ਼ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਸੀ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਬਾਅਦ ਨਵੀਂ ਦਿੱਲੀ ਰੂਸੀ ਤੇਲ ਦੀ ਖਰੀਦ ਬੰਦ ਕਰਕੇ ਅਮਰੀਕਾ ਅਤੇ ਸੰਭਾਵਿਤ ਤੌਰ 'ਤੇ ਵੈਨੇਜ਼ੁਏਲਾ ਤੋਂ ਤੇਲ ਖਰੀਦੇਗੀ। ਹਾਲਾਂਕਿ, ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਵੈਨੇਜ਼ੁਏਲਾ ਤੋਂ ਤੇਲ ਦੀ ਖਰੀਦ ਵਪਾਰਕ ਵਿਵਹਾਰਕਤਾ 'ਤੇ ਨਿਰਭਰ ਕਰੇਗੀ। ਕੇਂਦਰੀ ਵਪਾਰ ਮੰਤਰੀ ਪੀਯੂਸ਼ ਗੋਇਲ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਭਾਰਤ ਲਈ ਆਪਣੇ ਨਾਗਰਿਕਾਂ ਦੀ ਊਰਜਾ (**ਬਾਕੀ ਸਫਾ 2 'ਤੇ**)

### ਭਾਰਤ-ਅਮਰੀਕਾ ਵਿਚਾਲੇ ਮਾਰਚ 'ਚ ਹੋਵੇਗਾ ਵੱਡਾ ਵਪਾਰਕ ਸਮਝੌਤਾ: ਗੋਇਲ

ਨਵੀਂ ਦਿੱਲੀ, 5 ਫਰਵਰੀ (ਚ.ਨ.ਸ.):ਕੇਂਦਰੀ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਵੀਰਵਾਰ ਨੂੰ ਦੱਸਿਆ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਰਸਮੀ ਵਪਾਰਕ ਸਮਝੌਤਾ ਮਾਰਚ ਮਹੀਨੇ ਵਿੱਚ ਸਹੀਬੱਧ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਭਾਰਤ ਅਮਰੀਕੀ ਵਸਤੂਆਂ 'ਤੇ ਟੈਕਸ ਘਟਾਏਗਾ। ਉਨ੍ਹਾਂ ਕਿਹਾ ਕਿ ਅਗਲੇ ਚਾਰ-ਪੰਜ ਦਿਨਾਂ ਵਿੱਚ ਇੱਕ ਸਾਂਝਾ ਬਿਆਨ ਜਾਰੀ ਕੀਤਾ ਜਾਵੇਗਾ, ਜਿਸ ਦੇ ਨਤੀਜੇ ਵਜੋਂ ਵਾਸ਼ਿੰਗਟਨ ਭਾਰਤੀ ਬਰਾਮਦਾਂ 'ਤੇ ਡਿਊਟੀ 50 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰ ਦੇਵੇਗਾ।ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਐਲਾਨੇ ਗਏ ਇਸ ਅਚਾਨਕ (**ਬਾਕੀ ਸਫਾ 2 'ਤੇ**)

*ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਦੀ ਚਰਚਾ ਦਾ ਜਵਾਬ*

# ਭਾਰਤ ਜਲਦ ਹੀ ਬਣੇਗਾ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ: ਮੋਦੀ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 5 ਫਰਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਦੀ ਚਰਚਾ ਦਾ ਜਵਾਬ ਦਿੰਦਿਆਂ ਵਿਰੋਧੀ ਧਿਰ ਦੇ ਭਾਰੀ ਹੰਗਾਮੇ ਦਰਮਿਆਨ ਦੇਸ਼ ਦੇ ਵਿਕਾਸ ਅਤੇ ਭਵਿੱਖ ਦੇ ਟੀਚਿਆਂ ਬਾਰੇ ਵੱਡੇ ਦਾਅਵੇ ਕੀਤੇ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਰਤ ਹੁਣ ਨਾ ਰੁਕੇਗਾ ਅਤੇ ਨਾ ਹੀ ਪਿੱਛੇ ਮੁੜ ਕੇ ਦੇਖੇਗਾ, ਸਗੋਂ ਆਪਣੇ ਮਿੱਥੇ ਹੋਏ ਟੀਚਿਆਂ ਨੂੰ ਪ੍ਰਾਪਤ ਕਰੇਗਾ।



**ਅਰਥਵਿਵਸਥਾ 'ਚ ਵੱਡੀ ਛਾਲ:** ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਦੌਰਾਨ ਦੇਸ਼ ਦੀ ਆਰਥਿਕ ਤਰੱਕੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਸੱਤਾ ਮਿਲੀ ਸੀ, ਉਦੋਂ ਦੇਸ਼ 'ਫ੍ਰੈਜੀਲ ਫਾਈਵ' (ਕਮਜ਼ੋਰ ਪੰਜ) ਅਰਥਵਿਵਸਥਾਵਾਂ 'ਚ ਸ਼ਾਮਲ ਸੀ। ਅੱਜ ਭਾਰਤ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਚੁੱਕਾ ਹੈ ਅਤੇ ਬਹੁਤ ਜਲਦ ਤੀਜੇ ਨੰਬਰ ਦੀ ਆਰਥਿਕ ਸ਼ਕਤੀ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੱਜ ਤੇਜ਼ ਰਫ਼ਤਾਰ ਅਤੇ ਘੱਟ ਮਹਿੰਗਾਈ (ਲੋਅ ਇਨਫਲੇਸ਼ਨ) ਦੇ ਨਾਲ ਅੱਗੇ ਵਧ ਰਿਹਾ ਹੈ, ਜੋ ਕਿ ਇੱਕ ਦੁਰਲੱਭ ਪ੍ਰਾਪਤੀ ਹੈ।

**ਵਿਰੋਧੀ ਧਿਰ ਦੇ ਹੰਗਾਮੇ 'ਤੇ ਚੁਟਕੀ:** ਪੀ.ਐੱਮ. ਮੋਦੀ ਦੇ ਭਾਸ਼ਣ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਦਨ ਦੇ ਵਿਚਕਾਰ (ਵੈੱਲ) ਆ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਹੰਗਾਮੇ 'ਤੇ ਚੁਟਕੀ (**ਬਾਕੀ ਸਫਾ 2 'ਤੇ**)

*ਬਿੱਟੂ ਮਾਮਲੇ ਸਬੰਧੀ ਰਾਹੁਲ ਗਾਂਧੀ 'ਤੇ ਭੜਕੇ ਪ੍ਰਧਾਨ ਮੰਤਰੀ*

## 'ਸਾਂਸਦ ਨੂੰ ਗੱਦਾਰ ਕਹਿਣਾ ਸਿੱਖਾਂ ਦਾ ਅਪਮਾਨ'

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 5 ਫਰਵਰੀ :ਸੰਸਦ ਦੇ ਬਜਟ ਸੈਸ਼ਨ ਦੇ ਸੱਤਵੇਂ ਦਿਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਦਾ ਧੰਨਵਾਦ ਭਾਸ਼ਣ ਦਿੱਤਾ। ਇਸ ਦੌਰਾਨ ਉਨ੍ਹਾਂ ਰਾਹੁਲ ਗਾਂਧੀ ਦੇ ਭਾਜਪਾ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਗੱਦਾਰ ਕਹਿਣ ਦੇ ਬਿਆਨ ਦੀ ਆਲੋਚਨਾ ਕਰਦਿਆਂ ਇਸ ਨੂੰ ਸਿੱਖਾਂ ਦਾ ਅਪਮਾਨ ਕਰਾਰ ਦਿਤਾ।ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕੱਲ੍ਹ ਜੋ ਘਟਨਾ ਵਾਪਰੀ, ਇਸੇ ਸਦਨ ਦੇ ਮੈਂਬਰ, ਕਾਂਗਰਸ ਦੇ ਸ਼ਾਤਿਰ ਦਿਮਾਗ ਹੈ, ਜਿਨ੍ਹਾਂ ਦਾ, ਅਜਿਹੇ ਯੁਵਰਾਜ ਨੇ ਉਨ੍ਹਾਂ ਨੂੰ ਗੱਦਾਰ ਕਹਿ ਦਿੱਤਾ। ਹੰਕਾਰ 7ਵੇਂ ਅਸਮਾਨ 'ਤੇ ਪਹੁੰਚ ਚੁੱਕਾ ਹੈ ਇਨ੍ਹਾਂ 'ਤੇ ਕਾਂਗਰਸ ਨੂੰ ਛੱਡ ਕੇ ਕਿੰਨੇ ਹੀ ਲੋਕ ਨਿਕਲੇ। ਕਾਂਗਰਸ ਦੇ ਕਿੰਨੇ ਹੀ ਟੁਕੜੇ ਹੋਏ, ਕਈ ਲੋਕ ਇਧਰ ਤੋਂ ਉਧਰ ਗਏ ਪਰ ਹੋਰਨਾਂ ਨੂੰ ਤਾਂ ਕਿਸੇ ਨੇ ਵੀ ਗੱਦਾਰ ਨਹੀਂ ਕਿਹਾ, ਪਰ ਕੱਲ੍ਹ ਸਾਂਸਦ ਨੂੰ ਉਨ੍ਹਾਂ ਨੇ ਗੱਦਾਰ ਕਿਹਾ, ਕਿਉਂਕਿ ਉਹ ਸਿੱਖ ਸਨ, ਇਹ ਸਿੱਖਾਂ ਦਾ ਅਪਮਾਨ ਸੀ, ਇਹ ਗੁਰੂਆਂ ਦਾ ਅਪਮਾਨ ਸੀ। (**ਬਾਕੀ ਸਫਾ 2 'ਤੇ**)

### ਦਿੱਲੀ ਤੋਂ ਹਲਵਾਰਾ ਹਵਾਈ ਅੱਡੇ ਲਈ ਰੋਜ਼ਾਨਾ ਚੱਲਣਗੀਆਂ 2 ਉਡਾਣਾਂ

ਨਵੀਂ ਦਿੱਲੀ, 5 ਫਰਵਰੀ (ਚ.ਨ.ਸ.): ਹਵਾਈ ਯਾਤਰਾ ਕਰਨ ਵਾਲਿਆਂ ਲਈ ਵੱਡੀ ਖੁਸ਼ਖਬਰੀ ਹੈ। ਦਰਅਸਲ ਏਅਰ ਇੰਡੀਆ ਨੇ ਹਲਵਾਰਾ ਹਵਾਈ ਅੱਡੇ ਲਈ ਆਪਣੀਆਂ ਉਡਾਣਾਂ ਦਾ ਸ਼ਡਿਊਲ ਜਾਰੀ ਕੀਤਾ ਹੈ। ਇਸ ਸਮਾਂ-ਸਾਰਣੀ ਦੇ ਤਹਿਤ, ਦਿੱਲੀ-ਹਲਵਾਰਾ-ਦਿੱਲੀ ਰੂਟ 'ਤੇ ਰੋਜ਼ਾਨਾ ਦੋ ਘਰੇਲੂ ਉਡਾਣਾਂ ਚੱਲਣਗੀਆਂ। ਹਾਲਾਂਕਿ ਇਮੀਗ੍ਰੇਸ਼ਨ ਅਤੇ ਕਸਟਮ ਸਟਾਫ ਤਾਇਨਾਤ ਹੋਣ ਤੱਕ ਕਨੈਕਟਿੰਗ ਉਡਾਣਾਂ ਦੀ ਬੁਕਿੰਗ ਉਪਲਬਧ ਨਹੀਂ (**ਬਾਕੀ ਸਫਾ 2 'ਤੇ**)

*ਗੈਂਗਸਟਰਵਾਦ-ਫਿਰੌਤੀ ਮਾਮਲਿਆਂ 'ਤੇ ਹਾਈਕੋਰਟ ਸਖ਼ਤ*

## ਡੀ.ਜੀ.ਪੀ. ਪੰਜਾਬ ਨੇ ਅਦਾਲਤ 'ਚ ਹਲਫ਼ਨਾਮਾ ਦਾਇਰ ਕਰ ਕੇ ਸੂਬੇ ਦੀ ਸਥਿਤੀ ਬਾਰੇ ਦੱਸਿਆ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 5 ਫਰਵਰੀ: ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੂਬੇ ਵਿੱਚ ਵਧ ਰਹੇ ਗੈਂਗਸਟਰਵਾਦ ਅਤੇ ਫਿਰੌਤੀ ਦੇ ਮਾਮਲਿਆਂ 'ਤੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਦੀਪਕ ਮਨਚੰਦਾ ਦੀ ਬੈਂਚ ਨੇ ਸੁਣਵਾਈ ਦੌਰਾਨ ਪੰਜਾਬ ਪੁਲਿਸ ਦੀ ਕਾਰਜਪ੍ਰਣਾਲੀ ਅਤੇ ਖਾਸ ਕਰਕੇ ਮੋਹਾਲੀ ਪੁਲਿਸ ਦੇ ਵਤੀਰੇ 'ਤੇ ਗੰਭੀਰ ਸਵਾਲ ਚੁੱਕੇ ਹਨ।

**ਡੀ.ਜੀ.ਪੀ. ਪੰਜਾਬ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ 'ਚ ਹੋਏ ਪੇਸ਼:** ਡੀ.ਜੀ.ਪੀ. ਨੇ ਅਦਾਲਤ ਵਿੱਚ ਇੱਕ ਹਲਫ਼ਨਾਮਾ ਦਾਇਰ ਕਰ ਕੇ ਸੂਬੇ ਦੀ ਸਥਿਤੀ ਬਾਰੇ ਦੱਸਿਆ ਕਿ ਹੁਣ ਤੱਕ 115 ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸੂਬੇ ਵਿੱਚ ਮੁੱਖ ਤੌਰ 'ਤੇ 3 ਵੱਡੇ ਗੈਂਗ ਸਰਗਰਮ ਹਨ, ਜਿਨ੍ਹਾਂ ਦੀ ਆਪਸੀ ਦੁਸ਼ਮਣੀ ਕਾਰਨ ਹਿੰਸਾ ਹੁੰਦੀ ਹੈ। (**ਬਾਕੀ ਸਫਾ 2 'ਤੇ**)

## ਰਾਹੁਲ ਨੂੰ ਲੈ ਕੇ ਸੱਤਾਧਾਰੀ ਤੇ ਵਿਰੋਧੀ ਧਿਰ 'ਚ ਵਿਵਾਦ, ਕਾਂਗਰਸ ਵੱਲੋਂ ਵਾਕਆਊਟ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 5 ਫਰਵਰੀ :ਕਾਂਗਰਸ ਪਾਰਟੀ ਨੇ ਵੀਰਵਾਰ ਨੂੰ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਲੋਕ ਸਭਾ ਵਿੱਚ ਬੋਲਣ ਨਾ ਦੇਣ ਦਾ ਮੁੱਦਾ ਵੀ ਉਠਾਇਆ, ਜਿਸ ਕਾਰਨ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਤਿੱਖੀ ਬਹਿਸ ਹੋਈ, ਜਿਸ ਤੋਂ ਬਾਅਦ ਕਾਂਗਰਸ ਸਦਨ ਵਿੱਚੋਂ ਵਾਕਆਊਟ ਕਰ ਗਈ। ਸਦਨ ਵਿੱਚ ਵਿਧਾਨਕ ਕਾਗਜ਼ਾਤ ਰੱਖੇ ਜਾਣ ਤੋਂ ਬਾਅਦ ਚੇਅਰਮੈਨ ਨੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਬੋਲਣ ਦਾ ਮੌਕਾ ਦਿੱਤਾ।ਇਸ ਮੁੱਦੇ ਨੂੰ ਉਠਾਉਂਦੇ ਹੋਏ ਸ੍ਰੀ ਖੜਗੇ ਨੇ ਕਿਹਾ ਕਿ ਸਰਕਾਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾ ਰਹੀ ਹੈ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਵਿਘਨ ਪਾ ਰਹੀ ਹੈ। ਸਦਨ ਦੇ ਨੇਤਾ ਜਗਤ ਪ੍ਰਕਾਸ਼ ਨੱਡਾ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਕਿ ਰਾਜ ਸਭਾ ਵਿੱਚ ਲੋਕ ਸਭਾ ਦੀਆਂ ਬਹਿਸਾਂ ਨਹੀਂ ਉਠਾਈਆਂ ਜਾ ਸਕਦੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਦਾ ਜਵਾਬ ਦੇਣ ਤੋਂ ਰੋਕਣ ਤੋਂ ਬਾਅਦ, ਕਾਂਗਰਸ ਹੁਣ ਰਾਜ ਸਭਾ ਵਿੱਚ ਵੀ ਉਹੀ ਰਣਨੀਤੀ ਅਪਣਾ ਰਹੀ ਹੈ ਤਾਂ ਜੋ (**ਬਾਕੀ ਸਫਾ 2 'ਤੇ**)

### ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਬਿਨਾਂ ਧੰਨਵਾਦ ਮਤਾ ਪਾਸ

ਨਵੀਂ ਦਿੱਲੀ, 5 ਫਰਵਰੀ (ਚ.ਨ.ਸ.):ਲੋਕ ਸਭਾ ਵਿਚ ਬਜਟ ਸੈਸ਼ਨ ਦੌਰਾਨ ਖਾਸਾ ਹੰਗਾਮਾ ਹੋਇਆ। ਇਸ ਦੌਰਾਨ ਰੌਲਾ ਰੱਪਾ ਪਿਆ ਜਿਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਸ਼ਣ ਨਾ ਦੇ ਸਕੇ। ਇਹ 2004 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਨੇ ਸੰਬੋਧਨ ਨਾ ਕੀਤਾ ਤੇ ਧੰਨਵਾਦ ਮਤਾ ਪਾਸ (**ਬਾਕੀ ਸਫਾ 2 'ਤੇ**)

*ਸਪੀਕਰ ਵੱਲੋਂ ਵੱਡਾ ਦਾਅਵਾ*

## ਵਿਰੋਧੀ ਧਿਰ ਕਰ ਸਕਦੀ ਸੀ ਮੋਦੀ 'ਤੇ ਹਮਲਾ !: ਓਮ ਬਿਰਲਾ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 5 ਫਰਵਰੀ :ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਇੱਕ ਬੇਹੱਦ ਹੈਰਾਨ ਕਰਨ ਵਾਲਾ ਦਾਅਵਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਦਨ ਵਿੱਚ ਆਉਣ ਤੋਂ ਮਨ੍ਹਾ ਕੀਤਾ ਸੀ। ਸਪੀਕਰ ਮੁਤਾਬਕ ਕਾਂਗਰਸ ਦੇ ਸੰਸਦ ਮੈਂਬਰ ਪ੍ਰਧਾਨ ਮੰਤਰੀ 'ਤੇ ਸਰੀਰਕ ਹਮਲਾ ਕਰ ਸਕਦੇ ਸਨ, ਜਿਸ ਕਾਰਨ



ਸੁਰੱਖਿਆ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ। ਇਸ ਹੰਗਾਮੇ ਦੇ ਚਲਦਿਆਂ (**ਬਾਕੀ ਸਫਾ 2 'ਤੇ**)



### ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਸਬੰਧੀ ਰਾਜ ਪੱਧਰੀ ਸਮਾਗਮ ਦਾ ਦੂਜਾ ਦਿਨ

# ਡਿਪਟੀ ਸਪੀਕਰ ਰੌੜੀ, ਵਿਧਾਇਕ ਧਾਲੀਵਾਲ ਤੇ ਚੇਅਰਮੈਨ ਗੜ੍ਹੀ ਨੇ ਗੁਰੂ ਚਰਨਾਂ 'ਚ ਮੱਥਾ ਟੇਕਿਆ



ਗੜ੍ਹਸ਼ੰਕਰ/ਹੁਸ਼ਿਆਰਪੁਰ, 5 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪਵਿੱਤਰ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਯੋਜਿਤ ਰਾਜ ਪੱਧਰੀ ਸਮਾਗਮ ਦਾ ਦੂਜਾ ਦਿਨ ਅਤਿ ਸ਼ਰਧਾ, ਧਾਰਮਿਕ ਮਾਣ ਅਤੇ ਅਧਿਆਤਮਿਕ ਮਾਹੌਲ ਵਿੱਚ ਰੰਗਿਆ ਗਿਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਜੀ ਮੈਮੋਰੀਅਲ, ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਸਾਹਿਬ ਜੀ ਦੇ ਪਾਵਨ ਪਾਠ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਾਈ ਅਤੇ ਸਾਰੀ ਮਾਨਵਤਾ ਦੀ ਭਲਾਈ, ਸੁੱਖ ਸਮਰਿਧੀ ਅਤੇ ਭਾਈਚਾਰੇ ਦੀ ਅਰਦਾਸ ਕੀਤੀ। ਇਹ ਵਿਸ਼ਾਲ ਸਮਾਗਮ 6 ਫਰਵਰੀ ਤੱਕ ਜਾਰੀ ਰਹੇਗਾ, ਜਦੋਂ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮਾਗਮ ਦੇ ਆਖ਼ਰੀ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਗੁਰੂ ਚਰਨਾਂ ਵਿੱਚ ਮੱਥਾ ਟੇਕਣਗੇ ਅਤੇ ਸੂਬੇ ਦੀ ਤਰੱਕੀ, ਸ਼ਾਂਤੀ ਅਤੇ ਸਦਭਾਵਨਾ ਲਈ ਅਰਦਾਸ ਕਰਨਗੇ।

ਸਮਾਗਮ ਦੇ ਦੌਰਾਨ ਸੰਤ ਸਮਾਜ ਦੀ ਮਾਣਮੱਤੀ ਮੌਜੂਦਗੀ ਨੇ ਸਮਾਗਮ ਨੂੰ ਅਧਿਆਤਮਿਕ ਉਚਾਈਆਂ 'ਤੇ ਪਹੁੰਚਾਇਆ। ਇਸ ਮੌਕੇ ਸੰਤ ਬਾਬਾ ਇੰਦਰ ਦਾਸ ਜੀ (ਡੇਰਾ ਸਤ ਸਾਹਿਬ, ਮੇਘੋਵਾਲ ਗੰਜੀਆਂ), ਸੰਤ ਮਹਿੰਦਰ ਦਾਸ ਜੀ, ਸੰਤ ਪ੍ਰੇਮ ਦਾਸ ਜੀ ਅਤੇ ਸੰਤ ਸੰਜੀਵ ਦਾਸ ਜੀ ਸ਼ਾਮਿਲ ਹੋਏ। ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ - ਸਮਾਨਤਾ, ਪਿਆਰ, ਦਇਆ ਅਤੇ ਮਨੁੱਖਤਾ - ਨੂੰ ਜੀਵਨ ਵਿੱਚ ਅਪਣਾਉਣ ਦਾ ਸੰਦੇਸ਼ ਸਾਂਝਾ ਕੀਤਾ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਡਾ. ਜਸਵੀਰ ਸਿੰਘ ਗੜ੍ਹੀ ਨੇ ਗੁਰੂ ਜੀ ਦੇ ਚਰਨਾਂ ਵਿੱਚ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਸੂਬੇ ਅਤੇ ਦੇਸ਼ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ। ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਸਮਾਜ ਨੂੰ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਮਾਰਗ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਉਸ ਸਮੇਂ ਸਨ ਅਤੇ ਸਾਨੂੰ ਆਪਸੀ ਸਦਭਾਵਨਾ, ਸਹਿਣਸ਼ੀਲਤਾ ਅਤੇ ਸੇਵਾ ਦੀ ਭਾਵਨਾ ਨਾਲ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਦੇਸ਼ ਜਾਤ-ਪਾਤ, ਭੇਦਭਾਵ ਅਤੇ ਊਚ-ਨੀਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨਾ ਹੈ। ਐਸ.ਸੀ. ਕਮਿਸ਼ਨ ਦੇ ਚੇਅਰਮੈਨ ਡਾ. ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਵਿਚਾਰਾਂ ਅਤੇ ਕਾਰਜਾਂ ਰਾਹੀਂ ਸਮਾਜ ਵਿੱਚ ਪ੍ਰਚੱਲਿਤ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਮਾਨਤਾ ਅਧਾਰਿਤ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਨਿਆਂ ਅਤੇ ਕਮਜ਼ੋਰ ਵਰਗਾਂ ਦੇ ਉਥਾਨ ਲਈ ਨਿਰੰਤਰ ਕੰਮ ਕਰ ਰਹੀ ਹੈ।

ਇਸ ਦੌਰਾਨ ਡੀ.ਆਈ.ਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ ਸੰਦੀਪ ਮਲਿਕ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਐਸ.ਡੀ.ਐਮ ਮੁਕੇਰੀਆਂ ਓਇਸ਼ੀ ਮੰਡਲ, ਐਸ.ਡੀ.ਐਮ ਗੜ੍ਹਸ਼ੰਕਰ ਸੰਜੀਵ ਕੁਮਾਰ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਟਾਂਡਾ ਲਵਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ ਤੋਂ ਇਲਾਵਾ ਹੋਰ ਸਿਵਲ ਅਤੇ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

### ਵਿੱਤ ਮੰਤਰੀ ਵੱਲੋਂ ਅਲਬਰਟਾ-ਪੰਜਾਬ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੈਨੇਡਾ ਦੇ ਉੱਚ ਪੱਧਰੀ ਵਫ਼ਦ ਦੀ ਮੇਜ਼ਬਾਨੀ

# ਕੈਨੇਡੀਅਨ ਵਫ਼ਦ ਨੇ ਹਰਪਾਲ ਸਿੰਘ ਚੀਮਾ ਨਾਲ ਮੁਲਾਕਾਤ ਕਰਕੇ ਨਿਵੇਸ਼, ਤਕਨਾਲੌਜੀ ਅਤੇ ਨਵੀਨਤਾ 'ਤੇ ਕੀਤੀ ਚਰਚਾ

## ਪੰਜਾਬ ਟਿਕਾਊ ਵਿਕਾਸ 'ਤੇ ਕੇਂਦ੍ਰਿਤ ਨਵੀਨਤਾ-ਸੰਚਾਲਿਤ ਗਲੋਬਲ ਸਹਿਯੋਗ ਲਈ ਤਿਆਰ: ਚੀਮਾ



ਚੰਡੀਗੜ੍ਹ, 5 ਫਰਵਰੀ (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੀਤੀ ਸ਼ਾਮ ਪੰਜਾਬ ਭਵਨ ਵਿਖੇ ਕੈਨੇਡਾ ਦੇ ਇੱਕ ਉੱਚ ਪੱਧਰੀ ਵਫ਼ਦ ਦੀ ਮੇਜ਼ਬਾਨੀ ਕੀਤੀ। ਨਵੀਂ ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਦੀ ਰਸਮੀ ਬੇਨਤੀ ਤਹਿਤ ਹੋਏ ਇਸ ਮੀਟਿੰਗ ਦੌਰਾਨ ਪੰਜਾਬ ਅਤੇ ਅਲਬਰਟਾ ਸੂਬਿਆਂ ਵਿਚਾਲੇ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਸਾਂਝ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਕੈਨੇਡੀਅਨ ਵਫ਼ਦ ਦੀ ਅਗਵਾਈ ਅਲਬਰਟਾ ਸਰਕਾਰ ਦੀ ਸਵਦੇਸ਼ੀ ਸਬੰਧਾਂ ਬਾਰੇ ਮੰਤਰੀ ਰਾਜਨ ਸਾਹਨੀ ਨੇ ਕੀਤੀ। ਉਨ੍ਹਾਂ ਦੇ ਨਾਲ ਪ੍ਰੀਮੀਅਰ ਦਫ਼ਤਰ ਦੇ ਸਟੇਕਹੋਲਡਰਜ਼ ਐਡਮਿਨਿਸਟਰੇਟਰ ਜਤਿੰਦਰ ਸਿੰਘ ਤਤਲਾ, ਅਲਬਰਟਾ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੇ ਸੀਨੀਅਰ ਸਲਾਹਕਾਰ ਹੈਪੀ ਮਾਨ, ਸਵਦੇਸ਼ੀ ਸਬੰਧਾਂ ਦੇ ਵਿਭਾਗ ਵਿੱਚ ਕਾਰਜਕਾਰੀ ਸੰਚਾਲਨ ਦੀ ਕਾਰਜਕਾਰੀ ਨਿਰਦੇਸ਼ਕ ਜੇਨੇਵੀਵ ਟਰਕੋਟ, ਜਗਰੂਪ ਕਾਲੋਂ, ਜਸਵਿੰਦਰ ਗਰੇਵਾਲ ਅਤੇ ਪੁਨੀਤ ਕੁਮਾਰ ਗੋਇਲ ਵੀ ਸ਼ਾਮਲ ਸਨ।

ਮੀਟਿੰਗ ਦੌਰਾਨ 'ਇਨਵੈਸਟ ਪੰਜਾਬ' ਦੇ ਅਧਿਕਾਰੀਆਂ ਨੇ ਸੂਬੇ ਵਿੱਚ ਮੌਜੂਦ ਨਿਵੇਸ਼ ਦੇ ਵੱਖ-ਵੱਖ ਮੌਕਿਆਂ ਬਾਰੇ ਵਿਸਤ੍ਰਿਤ ਪੇਸ਼ਕਾਰੀ ਦਿੱਤੀ। ਇੱਕ ਵੀਡੀਓ ਅਤੇ ਪਾਵਰਪੁਆਇੰਟ ਪ੍ਰੈਜ਼ੈਂਟੇਸ਼ਨ ਰਾਹੀਂ ਵਫ਼ਦ ਨੂੰ ਪੰਜਾਬ ਦੇ ਉਦਯੋਗਿਕ ਢਾਂਚੇ ਅਤੇ ਸੂਬਾ ਸਰਕਾਰ ਵੱਲੋਂ 'ਈਜ਼ ਆਫ ਡੂਇੰਗ ਬਿਜ਼ਨਸ' (ਕਾਰੋਬਾਰ ਕਰਨ ਦੀ ਸੌਖ) ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਅਲਬਰਟਾ ਸਰਕਾਰ ਦੀ ਮੰਤਰੀ ਰਾਜਨ ਸਾਹਨੀ ਨੇ ਕਿਹਾ, ਵਫ਼ਦ ਇਨਵੈਸਟ ਪੰਜਾਬ ਦੀ ਕਾਰਜ ਪ੍ਰਣਾਲੀ ਨੂੰ ਸਮਝਣ ਦਾ ਇੱਛੁਕ ਹੈ ਅਤੇ ਅਸੀਂ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਦੁਆਰਾ ਅਪਣਾਈ ਗਈ ਸਰਗਰਮ ਪਹੁੰਚ ਦੀ ਸ਼ਲਾਘਾ ਕਰਦੇ ਹਾਂ।

ਉਨ੍ਹਾਂ ਅੱਗੇ ਕਿਹਾ, "ਪੰਜਾਬ ਦਾ ਇਹ ਦੌਰਾ 'ਇੰਡੀਆ ਐਨਰਜੀ ਵੀਕ' ਨਾਲ ਜੁੜੇ ਵਫ਼ਦ ਦੇ ਵਿਆਪਕ ਭਾਰਤ ਮਿਸ਼ਨ ਦਾ ਇੱਕ ਅਹਿਮ ਹਿੱਸਾ ਹੈ। ਇਸ ਦੌਰਾਨ ਸਹਿਯੋਗ ਦੇ ਰਾਹ ਤਲਾਸ਼ਣ ਲਈ ਭਾਰਤ ਦੇ ਪ੍ਰਮੁੱਖ ਕੇਂਦਰਾਂ ਵਿੱਚ ਸੀਨੀਅਰ ਸਰਕਾਰੀ ਆਗੂਆਂ ਅਤੇ ਨਿੱਜੀ ਖੇਤਰ ਦੇ ਭਾਈਵਾਲਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।"ਉਨ੍ਹਾਂ ਇਹ ਵੀ ਕਿਹਾ ਕਿ ਤਕਨਾਲੋਜੀ ਅਤੇ ਨਵੀਨਤਾ ਅਜਿਹੇ ਪ੍ਰਮੁੱਖ ਖੇਤਰ ਹਨ ਜਿੱਥੇ ਅਲਬਰਟਾ ਅਤੇ ਪੰਜਾਬ ਦੁਵੱਲੇ ਵਿਕਾਸ ਲਈ ਸਹਿਯੋਗ ਕਰ ਸਕਦੇ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਜਿਹੀਆਂ ਲੰਬੇ ਸਮੇਂ ਦੀਆਂ ਕੌਮਾਂਤਰੀ ਸਾਂਝੇਦਾਰੀਆਂ ਬਣਾਉਣ ਲਈ ਪੰਜਾਬ ਦੀ ਵਚਨਬੱਧਤਾ ਨੂੰ ਦੁਹਰਾਇਆ ਜੋ ਸਿਰਫ਼ ਵਪਾਰ ਤੱਕ ਸੀਮਤ ਨਾ ਹੋ ਕੇ ਟਿਕਾਊ ਵਿਕਾਸ ਅਤੇ ਸਾਂਝੀ ਖੁਸ਼ਹਾਲੀ 'ਤੇ ਕੇਂਦਰਿਤ ਹੋਣ। ਉਨ੍ਹਾਂ ਕਿਹਾ ਕਿ ਪੰਜਾਬ ਅਜਿਹੇ ਸਾਰਥਕ ਸਹਿਯੋਗ ਲਈ ਤਿਆਰ ਹੈ ਜੋ ਦੋਵਾਂ ਸੂਬਿਆਂ ਲਈ ਲਾਹੇਵੰਦ ਹੋਵੇ ਅਤੇ ਨਵੀਨਤਾ-ਸੰਚਾਲਿਤ ਵਿਕਾਸ ਰਾਹੀਂ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰੇ।

ਇਸ ਮੌਕੇ ਵਿੱਤ ਮੰਤਰੀ ਦੇ ਨਾਲ ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ, ਉਦਯੋਗ ਸਕੱਤਰ ਮਹਿੰਦਰ ਪਾਲ, ਇਨਵੈਸਟ ਪੰਜਾਬ ਦੇ ਵਧੀਕ ਸੀ.ਈ.ਓ ਰੁਬਿੰਦਰਜੀਤ ਸਿੰਘ ਬਰਾੜ ਅਤੇ ਬਿਜਲੀ ਵਿਭਾਗ ਦੀ ਵਿਸ਼ੇਸ਼ ਸਕੱਤਰ ਡਾ. ਸਈਦ ਸਹਿਰਿਸ਼ ਅਸਗਰ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਹ ਮੀਟਿੰਗ ਸਹਿਯੋਗ, ਨਵੀਨਤਾ ਅਤੇ ਆਪਸੀ ਵਿਸ਼ਵਾਸ ਦੇ ਆਧਾਰ 'ਤੇ ਅਲਬਰਟਾ ਅਤੇ ਪੰਜਾਬ ਵਿਚਕਾਰ ਇੱਕ ਮਜ਼ਬੂਤ ਆਰਥਿਕ ਗਲਿਆਰਾ ਬਣਾਉਣ ਦੇ ਸਾਂਝੇ ਇਰਾਦੇ ਉੱਤੇ ਕੇਂਦਰਤ ਰਹੀ।

# ਅੰਮ੍ਰਿਤਸਰ ਕਾਂਗਰਸ ਸ਼ਹਿਰੀ ਦਫ਼ਤਰ 'ਚ ਸੌਰਵ ਮਦਾਨ ਉਰਫ਼ ਮਿੱਠੂ ਮਦਾਨ ਦੀ ਜ਼ਿਲ੍ਹਾ ਪ੍ਰਧਾਨ ਦੇ ਤੌਰ 'ਤੇ ਤਾਜਪੋਸ਼ੀ

## ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਵਾਪਸ ਲਵੇ ਮੋਦੀ ਸਰਕਾਰ: ਭੁਪੇਸ਼ ਬਘੇਲ



ਅੰਮ੍ਰਿਤਸਰ, 5 ਫਰਵਰੀ (ਬਬਲੂ ਮਹਾਜਨ) : ਅੰਮ੍ਰਿਤਸਰ ਕਾਂਗਰਸ ਕਮੇਟੀ ਦੇ ਸ਼ਹਿਰੀ ਦਫ਼ਤਰ ਵਿੱਚ ਅੱਜ ਸ਼ਹਿਰੀ ਪ੍ਰਧਾਨ ਸੌਰਵ ਮਦਾਨ ਉਰਫ਼ ਮਿੱਠੂ ਮਦਾਨ ਦੀ ਸਰਕਾਰੀ ਤੌਰ 'ਤੇ ਤਾਜਪੋਸ਼ੀ ਕੀਤੀ ਗਈ। ਇਸ ਮੌਕੇ ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਕਈ ਸੀਨੀਅਰ ਨੇਤਾ ਅਤੇ ਵਰਕਰ ਹਾਜ਼ਰ ਰਹੇ। ਤਾਜਪੋਸ਼ੀ ਸਮਾਗਮ ਦੌਰਾਨ ਨਵ-ਨਿਯੁਕਤ ਸ਼ਹਿਰੀ ਪ੍ਰਧਾਨ ਸੌਰਵ ਮਦਾਨ ਨੇ ਕਿਹਾ ਕਿ ਉਹ ਇੱਕ ਵਰਕਰ ਪ੍ਰਧਾਨ ਹਨ। ਉਨ੍ਹਾਂ ਦੱਸਿਆ ਕਿ ਉਹ ਇੱਕ ਬੈਂਕ ਮੁਲਾਜ਼ਮ ਦੇ ਪੁੱਤਰ ਹਨ ਅਤੇ ਰਾਜਨੀਤੀ ਵਿੱਚ ਉਨ੍ਹਾਂ ਦੀ ਕੋਈ ਵਿਰਾਸਤੀ ਪਿਛੋਕੜ ਨਹੀਂ। ਦੋ ਵਾਰ ਪਾਰਸ਼ਦ ਰਹਿਣ ਤੋਂ ਬਾਅਦ ਯੂਥ ਕਾਂਗਰਸ ਦੇ ਪ੍ਰਧਾਨ ਬਣੇ ਅਤੇ ਅੱਜ ਹਾਈਕਮਾਂਡ, ਰਾਹੁਲ ਗਾਂਧੀ, ਇੰਚਾਰਜ ਬਗੇਸ ਬਘੇਲ ਅਤੇ ਪ੍ਰਧਾਨ ਰਾਜਾ ਵੜਿੰਗ ਦੀ ਰਹਿਨੁਮਾਈ ਨਾਲ ਅੰਮ੍ਰਿਤਸਰ ਸ਼ਹਿਰੀ ਪ੍ਰਧਾਨ ਬਣੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਅੰਮ੍ਰਿਤਸਰ ਦੀਆਂ ਸਾਰੀਆਂ ਵਿਧਾਨ ਸਭਾ ਅਤੇ ਲੋਕ ਸਭਾ ਸੀਟਾਂ ਜਿੱਤ ਕੇ ਕਾਂਗਰਸ ਦੀ ਝੋਲੀ ਵਿੱਚ ਪਾਉਣਗੇ।ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਸਿੱਧਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਕੁਝ ਵੀ ਗਲਤ ਨਹੀਂ ਕਿਹਾ। ਜਿਹੜਾ ਵਿਅਕਤੀ ਕਾਂਗਰਸ ਤੋਂ ਤਿੰਨ ਵਾਰੀ ਐਮਪੀ ਬਣ ਕੇ, ਯੂਥ ਕਾਂਗਰਸ ਦਾ ਪ੍ਰਧਾਨ ਰਹਿ ਕੇ ਪਾਰਟੀ ਛੱਡ ਕੇ ਗਿਆ, ਉਸਨੂੰ ਗਦਾਰ ਨਾ ਕਹੀਏ ਤਾਂ ਹੋਰ ਕੀ ਕਹੀਏ। ਵੜਿੰਗ ਨੇ ਕਿਹਾ ਕਿ ਬਿੱਟੂ ਕਾਂਗਰਸ ਦੀ ਟਿਕਟ 'ਤੇ ਹੀ ਜਿੱਤਦਾ ਰਿਹਾ ਅਤੇ ਇਸ ਵਾਰੀ ਭਾਜਪਾ ਦੀ ਟਿਕਟ 'ਤੇ ਲੋਕਾਂ ਨੇ ਉਸਨੂੰ ਹਰਾ ਕੇ ਸਬਕ ਸਿਖਾਇਆ। ਉੱਥੇ ਹੀ ਪੰਜਾਬ ਕਾਂਗਰਸ ਇੰਚਾਰਜ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਮਨਮੋਹਨ ਸਿੰਘ ਸਰਕਾਰ ਨੇ ਮਨਰੇਗਾ ਵਰਗੀਆਂ ਯੋਜਨਾਵਾਂ ਰਾਹੀਂ ਮਜ਼ਦੂਰਾਂ ਨੂੰ ਆਰਥਿਕ ਸਹਾਰਾ ਦਿੱਤਾ ਸੀ, ਪਰ ਮੋਦੀ ਸਰਕਾਰ ਨੇ ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਲਾਗੂ ਕੀਤੀਆਂ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਖੇਤੀਬਾੜੀ ਅਤੇ ਵਪਾਰਕ ਸਮਝੌਤਿਆਂ ਰਾਹੀਂ ਕਿਸਾਨਾਂ ਨੂੰ ਨੁਕਸਾਨ ਹੋਇਆ ਤਾਂ ਦੇਸ਼ ਭਰ ਦੇ ਮਜ਼ਦੂਰ ਅਤੇ ਕਿਸਾਨ ਇੱਕ ਵਾਰ ਫਿਰ ਸੰਘਰਸ਼ ਕਰਨਗੇ।

# ਪਹਿਲੇ ਸਫ਼ੇ ਦੀ ਬਾਕੀ

### ਭਾਰਤ ਜਲਦੀ ਹੀ ਬਣੇਗਾ ਦੁਨੀਆਂ ਦਾ

ਲੈਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੱਲਿਕਾਰਜੁਨ ਖੜਗੇ ਦੀ ਉਮਰ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬੈਠੇ-ਬੈਠੇ ਹੀ ਨਾਅਰੇ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਵਿਰੋਧੀ ਮੈਂਬਰਾਂ ਨੇ ਸਦਨ 'ਚੋਂ ਵਾਕਆਊਟ ਕੀਤਾ ਤਾਂ ਪੀ.ਐੱਮ. ਨੇ ਤੰਜ਼ ਕਸਦਿਆਂ ਕਿਹਾ,'ਜਿਹੜੇ ਲੋਕ ਥੱਕ ਗਏ ਸਨ, ਉਹ ਚਲੇ ਗਏ ਪਰ ਉਨ੍ਹਾਂ ਨੂੰ ਕਦੇ ਨਾ ਕਦੇ ਜਵਾਬ ਦੇਣਾ ਹੀ ਪਵੇਗਾ।'

ਵਿਸ਼ਵ ਪੱਧਰ 'ਤੇ ਭਾਰਤ ਦਾ ਵਧਦਾ ਕੱਦ: ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਵਿਡ ਤੋਂ ਬਾਅਦ ਬਦਲ ਰਹੀ ਵਿਸ਼ਵ ਵਿਵਸਥਾ 'ਚ ਦੁਨੀਆ ਅੱਜ ਭਾਰਤ ਵੱਲ ਉਮੀਦ ਅਤੇ ਭਰੋਸੇ ਨਾਲ ਦੇਖ ਰਹੀ ਹੈ। ਭਾਰਤ ਅੱਜ 'ਗਲੋਬਲ ਸਾਊਥ' ਦੀ ਇਕ ਬੁਲੰਦ ਆਵਾਜ਼ ਬਣ ਕੇ ਉੱਭਰਿਆ ਹੈ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਦੀਆਂ ਗਲਤੀਆਂ ਨੂੰ ਸੁਧਾਰਨ 'ਚ ਹੀ ਸਾਡੀ ਬਹੁਤ ਸਾਰੀ ਊਰਜਾ ਲੱਗ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਕੋਲ ਕੋਈ ਵਿਜ਼ਨ ਨਹੀਂ ਸੀ ਅਤੇ ਉਹ ਸਿਰਫ ਵੋਟ ਬੈਂਕ ਦੀ ਰਾਜਨੀਤੀ ਕਰਦੀਆਂ ਸਨ, ਜਦਕਿ ਅੱਜ ਭਾਰਤ ਦੁਨੀਆ ਨਾਲ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਐੱਮ.ਐੱਸ.ਐੱਮ.ਈ. ਅਤੇ ਉੱਦਮੀਆਂ 'ਤੇ ਭਰੋਸਾ: ਪੀ.ਐੱਮ. ਮੋਦੀ ਨੇ ਕਿਹਾ ਕਿ ਅੱਜ ਦੁਨੀਆ ਭਾਰਤ ਦੇ ਉੱਦਮੀਆਂ ਨੂੰ ਬਰਾਬਰੀ ਦੀ ਨਜ਼ਰ ਨਾਲ ਦੇਖਦੀ ਹੈ। ਦੇਸ਼ ਦਾ ਐੱਮ.ਐੱਸ.ਐੱਮ.ਈ. ਨੈੱਟਵਰਕ ਜਿੰਨਾ ਸਮਰੱਥ ਹੋ ਰਿਹਾ ਹੈ, ਉਸ ਨਾਲ ਵਿਸ਼ਵ ਦਾ ਭਾਰਤ 'ਤੇ ਭਰੋਸਾ ਹੋਰ ਵਧਿਆ ਹੈ। ਉਨ੍ਹਾਂ ਯਾਦ ਦਿਵਾਇਆ ਕਿ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵੀ ਉਨ੍ਹਾਂ ਨੇ 'ਵਾਈਬ੍ਰੈਂਟ ਗੁਜਰਾਤ' ਰਾਹੀਂ ਦੇਸ਼ ਦੀ ਇੱਛਾ ਸ਼ਕਤੀ ਦਿਖਾਈ ਸੀ ਅਤੇ ਅੱਜ ਪੂਰਾ ਦੇਸ਼ ਆਪਣੀ ਸਮਰੱਥਾ ਦਿਖਾ ਰਿਹਾ ਹੈ।

### 'ਸਾਂਸਦ ਨੂੰ ਗੱਦਾਰ ਕਹਿਣਾ ਸਿੱਖਾਂ ਦਾ ਅਪਮਾਨ'

ਕਾਂਗਰਸ ਦੇ ਅੰਦਰ ਜੋ ਕੁੱਟ-ਕੁੱਟ ਕੇ ਸਿੱਖਾਂ ਖਿਲਾਫ ਨਫਰਤ ਭਰੀ ਹੈ, ਉਹ ਵੀ ਬਾਹਰ ਆਈ, ਇਸੇ ਸਦਨ ਦੇ ਮਾਣਯੋਗ ਸਾਂਸਦ ਸਨ, ਪਰ ਉਨ੍ਹਾਂ ਨੂੰ ਕੁਝ ਦਰਦ ਨਹੀਂ, ਉਨ੍ਹਾਂ ਨੇ ਅਫਸੋਸ ਨਹੀਂ ਜਤਾਇਆ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,ਦੇਸ਼ ਕਦੇ ਵੀ ਕਿਸੇ ਅਜਿਹੇ ਵਿਅਕਤੀ ਨੂੰ ਗੱਦਾਰ ਕਹਿਣਾ ਬਰਦਾਸ਼ਤ ਨਹੀਂ ਕਰੇਗਾ, ਜਿਸ ਦੇ ਪਰਿਵਾਰ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਹਨ, ਸਿਰਫ਼ ਇਸ ਲਈ ਕਿਉਂਕਿ ਉਨ੍ਹਾਂ ਨੇ ਆਪਣੇ ਰਾਜਨੀਤਿਕ ਵਿਚਾਰ ਬਦਲ ਲਏ ਹਨ। ਜੇਕਰ ਅਜਿਹੇ ਲੋਕ ਕਾਂਗਰਸ ਨੂੰ ਨਹੀਂ ਡੁਬਾਉਣਗੇ, ਤਾਂ ਕੀ ਕਰਨਗੇ ?ਦੱਸ ਦੇਈਏ ਕਿ ਸੰਸਦ ਭਵਨ ਦੀਆਂ ਪੌੜੀਆਂ 'ਤੇ ਖੜ੍ਹੇ ਰਾਹੁਲ ਗਾਂਧੀ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਦੌਰਾਨ, ਰਵਨੀਤ ਸਿੰਘ ਬਿੱਟੂ ਉੱਥੋਂ ਲੰਘ ਰਹੇ ਸਨ। ਬਿੱਟੂ ਨੂੰ ਦੇਖ ਕੇ ਰਾਹੁਲ ਗਾਂਧੀ ਨੇ ਪ੍ਰਤੀਕਿਰਿਆ ਦਿੱਤੀ ਅਤੇ ਉਨ੍ਹਾਂ ਨੂੰ ਆਪਣਾ ਗੱਦਾਰ ਦੋਸਤ ਕਿਹਾ। ਉਨ੍ਹਾਂ ਕਿਹਾ, ਮੇਰਾ ਗੱਦਾਰ ਦੋਸਤ। ਚਿੰਤਾ ਨਾ ਕਰੋ, ਵਾਪਸ ਆਊਗਾ। ਇਸ 'ਤੇ ਰਵਨੀਤ ਬਿੱਟੂ ਦਾ ਬਿਆਨ ਵੀ ਸਾਹਮਣੇ ਆਇਆ ਉਨ੍ਹਾਂ ਕਿਹਾ ਕਿ ਬਾਕੀ ਸਾਂਸਦ ਸਨ ਕਿਸੇ ਨੇ ਕੁਝ ਨਹੀਂ ਕਿਹਾ। ਅਸੀਂ ਸਾਥੀ ਹਾਂ ਅਤੇ ਅਸੀਂ ਹਰ ਰੋਜ਼ ਮਿਲਦੇ ਹਾਂ, ਪਰ ਕਿਸੇ ਨੇ ਕੁਝ ਨਹੀਂ ਕਿਹਾ ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਹਨ ਪਤਾ ਨਹੀਂ ਅੱਜ ਉਨ੍ਹਾਂ ਨੂੰ ਕੀ ਹੋਇਆ ਸੀ ਕੀ ਪਰਸਨਲ ਗੁੱਸਾ ਲੈ ਕੇ ਮਨ ਵਿਚ ਬੈਠੇ ਸਨ ਇਹ ਬੋਲ ਕੇ ਉਨ੍ਹਾਂ ਨੇ ਹੱਥ ਅੱਗੇ ਕੀਤਾ ਤਾਂ ਮੈਂ ਕਿਹਾ ਕਿ ਤੁਸੀਂ ਮੇਰੀ ਛੱਡੋ ਤੁਸੀਂ ਕੀ ਹੋ ? ਤੁਸੀਂ ਦੇਸ਼ ਦੇ ਸਭ ਤੋਂ ਵੱਡੇ ਗੱਦਾਰ ਅਤੇ ਸਿੱਖਾਂ ਦੇ ਕਾਤਲ ਹੋ।

### ਰਾਹੁਲ ਨੂੰ ਲੈ ਕੇ ਸੱਤਾਧਾਰੀ ਤੇ ਵਿਰੋਧੀ ਧਿਰ

ਉਨ੍ਹਾਂ ਨੂੰ ਬੋਲਣ ਤੋਂ ਰੋਕਿਆ ਜਾ ਸਕੇ।ਉਨ੍ਹਾਂ ਨੇ ਵਿਅੰਗਮਈ ਢੰਗ ਨਾਲ ਸ੍ਰੀ ਖੜਗੇ ਨੂੰ ਸੁਝਾਅ ਦਿੱਤਾ ਕਿ ਉਹ ਬਹੁਤ ਤਜਰਬੇਕਾਰ ਅਤੇ ਸੀਨੀਅਰ ਹਨ ਅਤੇ ਉਨ੍ਹਾਂ ਨੂੰ ਕਾਂਗਰਸ ਨੂੰ ਰਾਹੁਲ ਗਾਂਧੀ ਦਾ ਬੰਧਕ ਨਹੀਂ ਬਣਨ ਦੇਣਾ ਚਾਹੀਦਾ। ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇੱਕ ਬਿਆਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਨਹਿਰੂ ਨੇ ਉਸ ਸਮੇਂ ਇਹ ਵੀ ਕਿਹਾ ਸੀ ਕਿ ਲੋਕ ਸਭਾ ਅਤੇ ਰਾਜ ਸਭਾ ਨਾਲ ਸਬੰਧਤ ਮੁੱਦੇ ਦੂਜੇ ਸਦਨ ਵਿੱਚ ਉਠਾਉਣਾ ਚੰਗਾ ਅਭਿਆਸ ਨਹੀਂ ਹੈ। ਉਨ੍ਹਾਂ ਸ੍ਰੀ ਖੜਗੇ ਅਤੇ ਹੋਰ ਮੈਂਬਰਾਂ ਨੂੰ ਕਿਹਾ ਕਿ ਉਹ ਇਸ ਸਦਨ ਵਿੱਚ ਲੋਕ ਸਭਾ ਦੇ ਮੁੱਦੇ ਨਹੀਂ ਉਠਾ ਸਕਦੇ। ਇਹ ਸੰਸਦ ਦੀ ਪਰੰਪਰਾ ਦੇ ਵਿਰੁੱਧ ਹੈ।ਸ੍ਰੀ ਖੜਗੇ ਨੇ ਕਿਹਾ ਕਿ ਸੰਸਦ ਦੋਵਾਂ ਸਦਨਾਂ ਤੋਂ ਬਣੀ ਹੈ ਅਤੇ ਜੇਕਰ ਲੋਕ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਰਾਸ਼ਟਰੀ ਹਿੱਤ ਦਾ ਕੋਈ ਮੁੱਦਾ ਉਠਾਉਣਾ ਚਾਹੁੰਦਾ ਹੈ, ਤਾਂ ਉਸਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸ੍ਰੀ ਨੱਡਾ ਨੇ ਕਿਹਾ ਕਿ ਸਰਕਾਰ ਹਰ ਮੁੱਦੇ 'ਤੇ ਚਰਚਾ ਕਰਨ ਲਈ ਤਿਆਰ ਹੈ ਅਤੇ ਪ੍ਰਧਾਨ ਮੰਤਰੀ ਵੀ ਲੋਕ ਸਭਾ ਵਿੱਚ ਜਵਾਬ ਦੇਣ ਲਈ ਤਿਆਰ ਸਨ ਪਰ ਕਾਂਗਰਸ ਨੇ ਸਦਨ ਨੂੰ ਕੰਮ ਕਰਨ ਤੋਂ ਰੋਕਿਆ।

### ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ

ਹੋਇਆ। ਇਸ ਤੋਂ ਪਹਿਲਾਂ ਸਾਲ 2004 ਦੌਰਾਨ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਧੰਨਵਾਦ ਪ੍ਰਸਤਾਵ ਵੇਲੇ ਬੋਲਣ ਨਹੀਂ ਦਿੱਤਾ ਗਿਆ ਸੀ।ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੂੰ ਲੋਕ ਸਭਾ ਵਿਚ ਬੋਲਣ ਨਾ ਦੇਣ 'ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਵਿਰੋਧ ਪ੍ਰਗਟਾਇਆ।ਜਾਣਕਾਰੀ ਅਨੁਸਾਰ ਅੱਜ ਰਾਜ ਸਭਾ ਤੇ ਲੋਕ ਸਭਾ ਵਿਚ ਖਾਸਾ ਹੰਗਾਮਾ ਹੋਇਆ। ਇਸ ਹੰਗਾਮੇ ਦਰਮਿਆਨ ਲੋਕ ਸਭਾ ਨੂੰ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ।

### 140 ਕਰੋੜ ਲੋਕਾਂ ਦੀ ਊਰਜਾ ਸੁਰੱਖਿਆ ਸਭ

ਸੁਰੱਖਿਆ ਸਭ ਤੋਂ ਉੱਪਰ ਹੈ। ਰੂਸ ਨੇ ਵੀ ਇਸ ਸਥਿਤੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਭਾਰਤ ਵੱਲੋਂ ਰੂਸ ਨਾਲ ਊਰਜਾ ਸਹਿਯੋਗ 'ਤੇ ਮੁੜ ਵਿਚਾਰ ਕਰਨ ਦਾ ਕੋਈ ਕਾਰਨ ਨਹੀਂ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਾਖਾਰੋਵਾ ਨੇ ਕਿਹਾ ਕਿ ਇਹ ਵਪਾਰ ਦੋਵਾਂ ਦੇਸ਼ਾਂ ਲਈ ਲਾਹੇਵੰਦ ਹੈ ਅਤੇ ਅੰਤਰਰਾਸ਼ਟਰੀ ਊਰਜਾ ਬਾਜ਼ਾਰ ਵਿੱਚ ਸਥਿਰਤਾ ਬਣਾਈ ਰੱਖਣ ਵਿੱਚ ਮੱਦਦ ਕਰਦਾ ਹੈ। ਇਸ ਦੌਰਾਨ, ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਮਰੀਕਾ ਦੇ ਦੌਰੇ 'ਤੇ ਹਨ, ਜਿੱਥੇ ਉਨ੍ਹਾਂ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ। ਇਸ ਬੈਠਕ ਵਿੱਚ ਇੰਡੋ-ਪੈਸੀਫਿਕ, ਪੱਛਮੀ ਏਸ਼ੀਆ ਤੇ ਯੂਕਰੇਨ ਸੰਘਰਸ਼ ਸਮੇਤ ਕਈ ਅਹਿਮ ਵਿਸ਼ਵਵਿਆਪੀ ਮੁੱਦਿਆਂ 'ਤੇ ਚਰਚਾ ਹੋਈ। ਜੈਸ਼ੰਕਰ ਨੇ ਅਹਿਮ ਖਣਿਜਾਂ ਬਾਰੇ ਫੋਰਮ ਵਿੱਚ ਭਾਰਤ ਵੱਲੋਂ ਫੋਰਜ ਪਹਿਲਕਦਮੀ ਨੂੰ ਸਮਰਥਨ ਦੇਣ ਦੀ ਗੱਲ ਵੀ ਕਹੀ।

### ਭਾਰਤ-ਅਮਰੀਕਾ ਵਿਚਾਲੇ ਮਾਰਚ 'ਚ ਹੋਵੇਗਾ ਵੱਡਾ

ਸਮਝੌਤੇ ਤਹਿਤ ਭਾਰਤ ਰੂਸੀ ਤੇਲ ਦੀ ਖਰੀਦ ਨੂੰ ਰੋਕਣ ਅਤੇ ਵਪਾਰਕ ਰੁਕਾਵਟਾਂ ਨੂੰ ਘੱਟ ਕਰਨ ਬਦਲੇ ਅਮਰੀਕੀ ਟੈਰਿਫਾਂ ਵਿੱਚ ਛੋਟ ਪ੍ਰਾਪਤ ਕਰੇਗਾ। ਗੋਇਲ ਅਨੁਸਾਰ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ ਘੱਟੋ-ਘੱਟ 500 ਬਿਲੀਅਨ ਡਾਲਰ ਦੀ ਊਰਜਾ, ਹਵਾਈ ਜਹਾਜ਼ ਅਤੇ ਚਿੱਪਸ ਸਮੇਤ ਹੋਰ ਸਮਾਨ ਦੀ ਦਰਾਮਦ ਕਰੇਗਾ, ਜਿਸ ਵਿੱਚ ਇਕੱਲੇ ਬੋਇੰਗ ਕੰਪਨੀ ਦੇ ਆਰਡਰ ਹੀ 100 ਬਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਸਕਦੇ ਹਨ।

### ਦਿੱਲੀ ਤੋਂ ਹਲਵਾਰਾ ਹਵਾਈ ਅੱਡੇ ਲਈ ਰੋਜ਼ਾਨਾ

ਹੋਵੇਗੀ, ਏਅਰ ਇੰਡੀਆ ਨੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਹਿਲਾਂ ਹੀ ਸਮਾਂ-ਸਾਰਣੀ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਏਅਰ ਇੰਡੀਆ ਦੀ ਪਹਿਲੀ ਉਡਾਣ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸਵੇਰੇ 6 ਵਜੇ ਰਵਾਨਾ ਹੋਵੇਗੀ ਅਤੇ ਸਵੇਰੇ 7 ਵਜੇ ਹਲਵਾਰਾ ਪਹੁੰਚੇਗੀ। ਉਹੀ ਉਡਾਣ ਹਲਵਾਰਾ ਤੋਂ ਸਵੇਰੇ 7:40 ਵਜੇ ਦਿੱਲੀ ਲਈ ਰਵਾਨਾ ਹੋਵੇਗੀ। ਦੂਜੀ ਉਡਾਣ ਦਿੱਲੀ ਤੋਂ ਦੁਪਹਿਰ 1:35 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 2:35 ਵਜੇ ਹਲਵਾਰਾ ਪਹੁੰਚੇਗੀ, ਦੁਪਹਿਰ 3:40 ਵਜੇ ਦਿੱਲੀ ਲਈ ਵਾਪਸ ਰਵਾਨਾ ਹੋਵੇਗੀ ਅਤੇ ਸ਼ਾਮ 4:40 ਵਜੇ ਉਤਰੇਗੀ। ਦੂਜੇ ਪੜਾਅ ਵਿੱਚ ਕਾਰਗੋ ਉਡਾਣਾਂ ਸ਼ੁਰੂ ਹੋਣਗੀਆਂ, ਉਸ ਤੋਂ ਬਾਅਦ ਅੰਤਰਰਾਸ਼ਟਰੀ ਉਡਾਣਾਂ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਉਡਾਣ ਸ਼ਡਿਊਲ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣ ਨਾਲ ਲੁਧਿਆਣਾ ਦੇ ਉਦਯੋਗ ਅਤੇ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਏਅਰਪੋਰਟ ਅਥਾਰਟੀ ਆਫ਼ ਇੰਡੀਆ (ਏਏਆਈ) ਅਤੇ ਏਅਰ ਇੰਡੀਆ ਦੇ ਸਟਾਫ ਨੂੰ ਇੱਕ ਹਫ਼ਤੇ ਦੇ ਅੰਦਰ ਤਾਇਨਾਤ ਕੀਤੇ ਜਾਣ ਦੀ ਉਮੀਦ ਹੈ। ਏਅਰ ਇੰਡੀਆ ਹਲਵਾਰਾ ਹਵਾਈ ਅੱਡੇ 'ਤੇ ਪੰਜ ਦਫਤਰੀ ਕਰਮਚਾਰੀ ਅਤੇ 15 ਤੋਂ 16 ਜ਼ਮੀਨੀ ਸਟਾਫ ਤਾਇਨਾਤ ਕਰੇਗੀ। ਸੁਰੱਖਿਆ ਲਈ 54 ਮੈਂਬਰੀ ਇੰਡੀਅਨ ਰਿਜ਼ਰਵ ਬਟਾਲੀਅਨ (ਆਈਆਰਬੀ) ਦੀ ਟੁਕੜੀ ਪਹਿਲਾਂ ਹੀ ਤਾਇਨਾਤ ਕੀਤੀ ਜਾ ਚੁੱਕੀ ਹੈ। ਮੰਤਰੀ ਸੰਜੀਵ ਅਰੋੜਾ ਨੇ ਜਾਣਕਾਰੀ ਦਿੰਦਿਆਂ ਕਿਹਾ ਜਲਦੀ ਹੀ ਹਲਵਾਰਾ ਹਵਾਈ ਅੱਡੇ ਤੋਂ ਦੋ ਏਅਰ ਇੰਡੀਆ ਉਡਾਣਾਂ ਸ਼ੁਰੂ ਹੋਣਗੀਆਂ। ਸ਼ੁਰੂਆਤੀ ਪੜਾਅ ਵਿੱਚ, ਉਡਾਣਾਂ ਦਿੱਲੀ-ਹਲਵਾਰਾ ਰੂਟ 'ਤੇ ਚੱਲਣਗੀਆਂ। ਉਨ੍ਹਾਂ ਕਿਹਾ ਕਿ ਇਸ ਨਾਲ ਮਾਲਵਾ ਖੇਤਰ ਦੇ ਲੋਕਾਂ ਨੂੰ ਮਹੱਤਵਪੂਰਨ ਹਵਾਈ ਯਾਤਰਾ ਦੀ ਸਹੂਲਤ ਮਿਲੇਗੀ। ਅਰੋੜਾ ਦੇ ਅਨੁਸਾਰ, ਭਾਰਤੀ ਹਵਾਈ ਸੈਨਾ ਨੇ ਉਡਾਣ ਸੰਚਾਲਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ, ਏਅਰ ਇੰਡੀਆ ਨੇ ਹਲਵਾਰਾ ਹਵਾਈ ਅੱਡੇ 'ਤੇ ਆਪਣੇ ਸਟਾਫ ਨੂੰ ਤਾਇਨਾਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਉਡਾਣ ਸੰਚਾਲਨ ਲਈ ਰਾਹ ਪੱਧਰਾ ਹੋਇਆ ਹੈ। ਹਲਵਾਰਾ ਹਵਾਈ ਅੱਡਾ ਮਾਲਵਾ ਖੇਤਰ ਦੇ ਵਿਕਾਸ ਨੂੰ ਤੇਜ਼ ਕਰੇਗਾ ਅਤੇ ਯਾਤਰੀਆਂ ਨੂੰ ਬਿਹਤਰ ਹਵਾਈ ਸੰਪਰਕ ਪ੍ਰਦਾਨ ਕਰੇਗਾ। ਹਵਾਈ ਅੱਡੇ ਦੇ ਖੁੱਲ੍ਹਣ ਨਾਲ ਨਾ ਸਿਰਫ਼ ਲੁਧਿਆਣਾ ਸਗੋਂ ਪੂਰੇ ਮਾਲਵਾ ਖੇਤਰ ਨੂੰ ਆਰਥਿਕ, ਉਦਯੋਗਿਕ ਅਤੇ ਸੈਰ-ਸਪਾਟਾ ਖੇਤਰਾਂ ਵਿੱਚ ਕਾਫ਼ੀ ਲਾਭ ਹੋਣ ਦੀ ਉਮੀਦ ਹੈ। ਦੱਸ ਦੇਈਏ ਕਿ 1 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉਦਘਾਟਨ ਤੋਂ ਬਾਅਦ, ਹਲਵਾਰਾ ਹਵਾਈ ਅੱਡੇ 'ਤੇ ਜਨਤਕ ਦਾਖਲੇ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਪਹਿਲੇ ਪੜਾਅ ਵਿੱਚ, ਘਰੇਲੂ ਉਡਾਣਾਂ ਦੀ ਸ਼ੁਰੂਆਤ ਦੇ ਨਾਲ, ਸਾਹਨੇਵਾਲ ਹਵਾਈ ਅੱਡਾ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਜ਼ਰੂਰੀ ਬੁਨਿਆਦੀ ਢਾਂਚਾ ਪਹਿਲਾਂ ਹੀ ਹਲਵਾਰਾ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਸਾਹਨੇਵਾਲ ਹਵਾਈ ਅੱਡੇ ਤੋਂ 130 ਏਕੜ ਜ਼ਮੀਨ ਦੇ ਤਬਾਦਲੇ ਤੋਂ ਬਾਅਦ, ਨਿਲਾਮੀ ਤੋਂ ਪ੍ਰਾਪਤ ਹੋਣ ਵਾਲੀ ਰਕਮ ਹਲਵਾਰਾ ਹਵਾਈ ਅੱਡੇ 'ਤੇ ਇੱਕ ਅੰਤਰਰਾਸ਼ਟਰੀ ਟਰਮੀਨਲ ਬਣਾਉਣ ਲਈ ਵਰਤੀ ਜਾਵੇਗੀ। ਹਲਵਾਰਾ ਹਵਾਈ ਅੱਡਾ ਲੱਗਭੱਗ 162 ਏਕੜ ਵਿੱਚ ਵਿਕਸਤ ਕੀਤਾ ਗਿਆ ਹੈ।

### ਡੀ.ਜੀ.ਪੀ. ਪੰਜਾਬ ਨੇ ਅਦਾਲਤ 'ਚ ਹਲਫ਼ਨਾਮਾ

ਰੰਗਦਾਰੀ ਅਤੇ ਫਿਰੌਤੀ ਦੀਆਂ ਕਾਲਾਂ ਸਬੰਧੀ ਕੁੱਲ 1095 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। 13 ਲੋਕਾਂ ਨੇ ਕਬੂਲਿਆ ਹੈ ਕਿ ਉਨ੍ਹਾਂ ਨੇ ਡਰ ਦੇ ਮਾਰੇ ਗੈਂਗਸਟਰਾਂ ਨੂੰ ਪੈਸੇ ਦਿੱਤੇ ਹਨ। ਅਦਾਲਤ ਨੇ ਪੰਜਾਬ ਪੁਲਿਸ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇੱਕ ਵੱਖਰਾ ਹਲਫ਼ਨਾਮਾ ਦਾਇਰ ਕਰਕੇ ਦੱਸਣ ਕਿ ਪੁਲਿਸ ਦੀ ਕੁੱਲ ਸਮਰੱਥਾ ਕਿੰਨੀ ਹੈ ਅਤੇ ਉਸ ਵਿੱਚੋਂ ਕਿੰਨੇ ਫੀਸਦੀ ਮੁਲਾਜ਼ਮ ਵੀ.ਵੀ.ਆਈ.ਪੀ. ਸੁਰੱਖਿਆ ਵਿੱਚ ਤਾਇਨਾਤ ਹਨ ਅਤੇ ਕਿੰਨੇ ਆਮ ਜਨਤਾ ਦੀ ਸੁਰੱਖਿਆ (ਕਾਨੂੰਨ-ਵਿਵਸਥਾ) ਲਈ ਡਿਊਟੀ ਕਰ ਰਹੇ ਹਨ। ਬੈਂਚ ਨੇ 6 ਜੁਲਾਈ ਦੀ ਇੱਕ ਘਟਨਾ 'ਤੇ ਗੰਭੀਰ ਨਾਰਾਜ਼ਗੀ ਜਤਾਈ, ਜਿੱਥੇ ਮੋਹਾਲੀ ਪੁਲਿਸ ਵੱਲੋਂ ਅਦਾਲਤ ਦੇ ਚੌਂਕੀਦਾਰ ਨਾਲ ਕੁੱਟਮਾਰ ਕਰਨ ਅਤੇ ਜਬਰਨ ਕੋਰਟ ਰੂਮ ਖੋਲ੍ਹਣ ਦੇ ਇਲਜ਼ਾਮ ਲੱਗੇ ਸਨ। ਅਦਾਲਤ ਨੇ ਕਿਹਾ ਕਿ ਸੀਸੀਟੀਵੀ ਸਬੂਤ ਹੋਣ ਦੇ ਬਾਵਜੂਦ ਅਤੇ ਐਫ.ਆਈ.ਆਰ. ਦਰਜ ਹੋਣ ਦੇ 6 ਮਹੀਨੇ ਬੀਤ ਜਾਣ 'ਤੇ ਵੀ ਕੋਈ ਪ੍ਰਭਾਵੀ ਕਾਰਵਾਈ ਨਹੀਂ ਹੋਈ। ਡੀ.ਜੀ.ਪੀ. ਨੇ ਭਰੋਸਾ ਦਿੱਤਾ ਕਿ ਇਸ ਮਾਮਲੇ ਵਿੱਚ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਕੋਰਟ ਨੇ ਕਿਹਾ ਕੀ ਏਸ ਮਾਮਲੇ 'ਚ ਸੀਨੀਅਰ ਪੱਧਰ ਦੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਚਾਹੀਦੀ ਹੈ। ਹਾਈਕੋਰਟ ਨੇ ਟਿੱਪਣੀ ਕੀਤੀ ਕਿ ਮੋਹਾਲੀ ਵਿੱਚ ਕਾਨੂੰਨ-ਵਿਵਸਥਾ ਦੀ ਹਾਲਤ ਬਹੁਤ ਚਿੰਤਾਜਨਕ ਹੈ। ਅਦਾਲਤ ਨੇ ਹੈਰਾਨੀ ਜਤਾਈ ਕਿ ਮੌਜੂਦਾ ਐੱਸ.ਐੱਸ.ਪੀ. ਮੋਹਾਲੀ ਉਹੀ ਅਧਿਕਾਰੀ ਹਨ ਜੋ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਚੂਕ ਦੌਰਾਨ ਡਿਊਟੀ 'ਤੇ ਸਨ। ਸੁਪਰੀਮ ਕੋਰਟ ਦੀ ਕਮੇਟੀ ਨੇ ਉਨ੍ਹਾਂ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕੀਤੀ ਸੀ, ਪਰ ਫਿਰ ਵੀ ਉਨ੍ਹਾਂ ਨੂੰ ਇੰਨੇ ਮਹੱਤਵਪੂਰਨ ਅਹੁਦੇ 'ਤੇ ਤਾਇਨਾਤ ਕੀਤਾ ਗਿਆ। ਅਦਾਲਤ ਨੇ ਡੀ.ਜੀ.ਪੀ. ਨੂੰ ਪੁੱਛਿਆ ਕਿ ਸੁਪਰੀਮ ਕੋਰਟ ਦੀਆਂ ਸਿਫਾਰਸ਼ਾਂ ਅਨੁਸਾਰ ਇਸ ਅਧਿਕਾਰੀ ਵਿਰੁੱਧ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 10 ਫਰਵਰੀ, 2026 ਨੂੰ ਹੋਵੇਗੀ।

### ਵਿਰੋਧੀ ਧਿਰ ਕਰ ਸਕਦੀ ਸੀ

ਲੋਕ ਸਭਾ ਦੀ ਕਾਰਵਾਈ ਸ਼ੁੱਕਰਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਹੈ।

**ਲੋਕ ਸਭਾ ਦੇ ਇਤਿਹਾਸ 'ਤੇ 'ਕਾਲਾ ਧੱਬਾ'**

ਸਪੀਕਰ ਓਮ ਬਿਰਲਾ ਨੇ ਸਦਨ ਵਿੱਚ ਵਿਰੋਧੀ ਧਿਰ ਦੇ ਕੁਝ ਸੰਸਦ ਮੈਂਬਰਾਂ ਦੇ ਵਿਵਹਾਰ ਨੂੰ ਲੋਕ ਸਭਾ ਦੇ ਇਤਿਹਾਸ ਵਿੱਚ ਇੱਕ 'ਕਾਲਾ ਧੱਬਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੁੱਧਵਾਰ ਨੂੰ ਜੋ ਕੁਝ ਹੋਇਆ ਉਹ ਬੇਹੱਦ ਅਣਕਿਆਸਿਆ ਸੀ। ਸਪੀਕਰ ਅਨੁਸਾਰ ਕਾਂਗਰਸੀ ਸੰਸਦ ਮੈਂਬਰ ਪ੍ਰਧਾਨ ਮੰਤਰੀ ਖਿਲਾਫ ਕੁਝ ਗਲਤ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿਸ ਕਾਰਨ ਰਾਸ਼ਟਰਪਤੀ ਦੇ ਭਾਸ਼ਣ 'ਤੇ ਪ੍ਰਧਾਨ ਮੰਤਰੀ ਦੇ ਜਵਾਬੀ ਭਾਸ਼ਣ ਨੂੰ ਟਾਲ ਦਿੱਤਾ ਗਿਆ

ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਹੀ ਧੰਨਵਾਦ ਮਤਾ ਪਾਸ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਾਲ 2004 ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਦੇ ਜਵਾਬ ਤੋਂ ਬਿਨਾਂ ਹੀ ਇਹ ਮਤਾ ਮਨਜ਼ੂਰ ਕੀਤਾ ਗਿਆ ਹੋਵੇ।

**ਭਾਜਪਾ ਨੇ ਸਪੀਕਰ ਦਾ ਕੀਤਾ ਧੰਨਵਾਦ**

ਭਾਜਪਾ ਸੰਸਦ ਮੈਂਬਰ ਅਪਰਾਜਿਤਾ ਸਾਰੰਗੀ ਨੇ ਇਸ ਦਾਅਵੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਖ਼ਤਰੇ ਵਿੱਚ ਸੀ ਅਤੇ ਉਹ ਸਪੀਕਰ ਦੇ ਸ਼ੁਕਰਗੁਜ਼ਾਰ ਹਨ ਕਿ ਉਨ੍ਹਾਂ ਨੇ ਪੀ.ਐਮ. ਮੋਦੀ ਨੂੰ ਸਦਨ ਵਿੱਚ ਆਉਣ ਤੋਂ ਰੋਕ ਲਿਆ। ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟਾਉਂਦੇ ਹੋਏ ਸਵਾਲ ਕੀਤਾ ਕਿ ਕੀ ਵਿਰੋਧੀ ਧਿਰ ਪ੍ਰਧਾਨ ਮੰਤਰੀ ਦਾ ਰਸਤਾ ਰੋਕਣਾ ਚਾਹੁੰਦੀ ਹੈ ?

**ਪ੍ਰਿਅੰਕਾ ਗਾਂਧੀ ਦਾ ਪਲਟਵਾਰ**

ਦੂਜੇ ਪਾਸੇ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਨੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਅਜਿਹੀਆਂ ਗੱਲਾਂ ਗਲਤ ਹਨ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਤਿੰਨ ਮਹਿਲਾ ਸੰਸਦ ਮੈਂਬਰ ਪ੍ਰਧਾਨ ਮੰਤਰੀ ਦੇ ਕੋਲ ਜਾ ਕੇ ਖੜ੍ਹੀਆਂ ਹੋ ਗਈਆਂ, ਤਾਂ ਉਨ੍ਹਾਂ ਨੂੰ ਖ਼ਤਰਾ ਕਿਵੇਂ ਹੋ ਗਿਆ ?

# ਮੇਘਾਲਿਆ ਦੀ ਕੋਲਾ ਖਾਨ ਵਿੱਚ ਧਮਾਕੇ ਕਾਰਨ 16 ਮਜ਼ਦੂਰਾਂ ਦੀ ਮੌਤ, ਕਈਆਂ ਦੇ ਫਸੇ ਹੋਣ ਦਾ ਖਦਸ਼ਾ



ਸ਼ਿਲੋਂਗ, 5 ਫਰਵਰੀ (ਚ.ਨ.ਸ.) ਮੇਘਾਲਿਆ ਦੇ ਤਾਸ਼ਖਾਈ ਇਲਾਕੇ ਵਿੱਚ ਸਥਿਤ ਇੱਕ ਕੋਲਾ ਖਦਾਨ ਵਿੱਚ ਭਿਆਨਕ ਧਮਾਕਾ ਹੋਣ ਕਾਰਨ ਘੱਟੋ-ਘੱਟ 16 ਮਜ਼ਦੂਰਾਂ ਦੀ ਮੌਤ ਹੋ ਗਈ ਹੈ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਖਦਾਨ ਦੇ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਨੂੰ ਬਾਹਰ ਨਿਕਲਣ ਦਾ ਮੌਕਾ ਤੱਕ ਨਹੀਂ ਮਿਲਿਆ ਅਤੇ ਉਹ ਇਸ ਦੀ ਲਪੇਟ ਵਿੱਚ ਆ ਗਏ।ਸ਼ੁਰੂਆਤੀ ਜਾਣਕਾਰੀ ਅਨੁਸਾਰ, ਸ਼ੰਕਾ ਜਤਾਈ ਜਾ ਰਹੀ ਹੈ ਕਿ ਜਾਨ ਗੁਆਉਣ ਵਾਲੇ ਸਾਰੇ ਮਜ਼ਦੂਰ ਗੁਆਂਢੀ ਰਾਜ ਅਸਾਮ ਦੇ ਰਹਿਣ ਵਾਲੇ ਸਨ। ਸਥਾਨਕ ਸੂਤਰਾਂ ਦੇ ਹਵਾਲੇ ਨਾਲ ਪਤਾ ਲੱਗਿਆ ਹੈ ਕਿ ਮ੍ਰਿਤਕਾਂ ਵਿੱਚੋਂ ਇੱਕ ਮਜ਼ਦੂਰ ਅਸਾਮ ਦੇ ਕਟਿਗਾਰਾ ਖੇਤਰ ਦੇ ਬਿਹਾਰਾ ਪਿੰਡ ਦਾ ਨਿਵਾਸੀ ਸੀ। ਹਾਲਾਂਕਿ, ਪ੍ਰਸ਼ਾਸਨ ਵੱਲੋਂ ਅਜੇ ਅਧਿਕਾਰਤ ਤੌਰ 'ਤੇ ਮ੍ਰਿਤਕਾਂ ਦੀ ਪਛਾਣ ਦੀ ਪੁਸ਼ਟੀ ਕਰਨ ਦੀ ਪ੍ਰਕਿਰਿਆ ਜਾਰੀ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਮੇਘਾਲਿਆ ਪੁਲਿਸ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ। ਖਦਾਨ ਦੇ ਅੰਦਰ ਫਸੇ ਹੋਰ ਸੰਭਾਵਿਤ ਮਜ਼ਦੂਰਾਂ ਦੀ ਭਾਲ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਧਮਾਕੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸ਼ੁਰੂਆਤੀ ਤੌਰ 'ਤੇ ਗੈਸ ਲੀਕ ਹੋਣਾ ਜਾਂ ਕੋਈ ਤਕਨੀਕੀ ਖਾਮੀ ਇਸ ਹਾਦਸੇ ਦੀ ਵਜ੍ਹਾ ਮੰਨੀ ਜਾ ਰਹੀ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਮਜ਼ਦੂਰਾਂ ਦੀ ਸੁਰੱਖਿਆ ਅਤੇ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਲੈ ਕੇ ਵੀ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਪ੍ਰਸ਼ਾਸਨ ਨੇ ਭਰੋਸਾ ਦਿੱਤਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ ਗਿਆ ਹੈ।

# ਸਿੱਖ ਵਿਆਹ ਸਮਾਰੋਹ 'ਆਨੰਦ ਕਾਰਜ' ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ ਸਿੱਕਮ 'ਚ ਲਾਗੂ

ਨਵੀਂ ਦਿੱਲੀ , 5 ਫਰਵਰੀ (ਚ.ਨ.ਸ.) : ਰਾਸ਼ਟਰਪਤੀ ਨੇ 'ਆਨੰਦ ਕਾਰਜ' ਵਜੋਂ ਜਾਣੇ ਜਾਂਦੇ ਸਿੱਖ ਵਿਆਹ ਸਮਾਰੋਹਾਂ ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ, 1909 ਨੂੰ ਕੁਝ ਸੋਧਾਂ ਨਾਲ ਸਿੱਕਮ ਤੱਕ ਵਧਾ ਦਿੱਤਾ ਹੈ।

ਇਹ ਜਾਣਕਾਰੀ ਇੱਕ ਸਰਕਾਰੀ ਨੋਟੀਫਿਕੇਸ਼ਨ ਵਿੱਚ ਦਿੱਤੀ ਗਈ ਸੀ। ਪਿਛਲੇ ਸਾਲ ਸਤੰਬਰ ਵਿੱਚ, ਸੁਪਰੀਮ ਕੋਰਟ ਨੇ ਕਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 'ਆਨੰਦ ਕਾਰਜ' ਦੀ ਰਜਿਸਟ੍ਰੇਸ਼ਨ ਲਈ ਚਾਰ ਮਹੀਨਿਆਂ ਦੇ ਅੰਦਰ ਨਿਯਮਾਂ ਨੂੰ ਸੂਚਿਤ ਕਰਨ ਦੇ ਨਿਰਦੇਸ਼ ਦਿੱਤੇ ਸਨ। ਬੁੱਧਵਾਰ ਨੂੰ ਨੋਟੀਫਾਈ ਕੀਤੇ ਗਏ ਰਾਸ਼ਟਰਪਤੀ ਦੇ ਆਦੇਸ਼ ਵਿੱਚ ਕਿਹਾ ਗਿਆ ਹੈ,'ਸੰਵਿਧਾਨ ਦੀ ਧਾਰਾ 371ਐਫ ਦੀ ਧਾਰਾ (ਐਨ) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਰਾਸ਼ਟਰਪਤੀ ਇਸ ਦੁਆਰਾ ਆਨੰਦ ਮੈਰਿਜ ਐਕਟ, 1909 (1909 ਦਾ 7) ਨੂੰ ਸਿੱਕਮ ਰਾਜ ਤੱਕ ਵਧਾਉਂਦੇ ਹਨ।' ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਐਕਟ ਦੇ ਉਪਬੰਧ ਕੇਂਦਰ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਸੂਚਿਤ ਕੀਤੀਆਂ ਗਈਆਂ ਤਾਰੀਖਾਂ ਤੋਂ ਰਾਜ ਵਿੱਚ ਲਾਗੂ ਹੋਣਗੇ। ਨੋਟੀਫਿਕੇਸ਼ਨ ਦੇ ਅਨੁਸਾਰ,'ਐਕਟ ਦੇ ਵੱਖ-ਵੱਖ ਉਪਬੰਧਾਂ ਅਤੇ ਸਿੱਕਮ ਦੇ ਵੱਖ-ਵੱਖ ਖੇਤਰਾਂ ਲਈ ਵੱਖ-ਵੱਖ ਤਾਰੀਖਾਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।' ਇਸ ਤੋਂ ਇਲਾਵਾ, ਕਿਸੇ ਵੀ ਅਜਿਹੇ ਉਪਬੰਧ ਵਿੱਚ ਉਕਤ ਐਕਟ ਦੇ ਸ਼ੁਰੂ ਹੋਣ ਦੇ ਕਿਸੇ ਵੀ ਹਵਾਲੇ ਨੂੰ ਉਸ ਖੇਤਰ ਵਿੱਚ ਉਸ ਉਪਬੰਧ ਦੇ ਸ਼ੁਰੂ ਹੋਣ ਦੀ ਮਿਤੀ ਦੇ ਹਵਾਲੇ ਵਜੋਂ ਸਮਝਿਆ ਜਾਵੇਗਾ ਜਿੱਥੇ ਇਹ ਲਾਗੂ ਕੀਤਾ ਗਿਆ ਹੈ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਸਰਕਾਰੀ ਸਕੂਲਾਂ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਮੈਡੀਟੇਸ਼ਨ ਨੂੰ ਅਪਣਾਇਆ : ਬੈਂਸ

ਚੰਡੀਗੜ੍ਹ, 5 ਫਰਵਰੀ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ



ਸਿੰਘ ਬੈਂਸ ਨੇ ਦੱਸਿਆ ਕਿ ਮੋਹਾਲੀ ਜ਼ਿਲ੍ਹੇ ਦੇ ਸਰਕਾਰੀ ਅੱਪਰ-ਪ੍ਰਾਇਮਰੀ ਸਕੂਲਾਂ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵੱਡੀ ਤੇ ਨਵੇਕਲੀ ਪੁਲਾਂਘ ਪੁੱਟਦਿਆਂ 'ਰੋਜ਼ਾਨਾ ਮੈਡੀਟੇਸ਼ਨ ਪ੍ਰੋਗਰਾਮ' ਦੀ ਸ਼ੁਰੂਆਤ ਕੀਤੀ ਹੈ। ਹਰਜੋਤ ਸਿੰਘ ਬੈਂਸ ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਨੇ ਮੋਹਾਲੀ ਵਿੱਚ ਇੱਕ ਵਰਕਸ਼ਾਪ ਦੌਰਾਨ ਸਕੂਲ ਮੁਖੀਆਂ ਤੇ ਪ੍ਰਿੰਸੀਪਲਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿੱਖਿਆ ਮੰਤਰੀ ਨੇ ਵਿਦਿਆਰਥੀਆਂ ਦੀ ਤੰਦਰੁਸਤੀ ਵਧਾਉਣ ਦੇ ਉਦੇਸ਼ ਵਾਲੇ 'ਰੋਜ਼ਾਨਾ ਮੈਡੀਟੇਸ਼ਨ ਪ੍ਰੋਗਰਾਮ' ਦੇ ਲਾਗੂਕਰਨ ਤੇ ਪ੍ਰਭਾਵਾਂ ਬਾਰੇ ਵਰਕਸ਼ਾਪ 'ਚ ਮੌਜੂਦ ਲੋਕਾਂ ਨੂੰ ਜਾਣੂ ਕਰਵਾਇਆ।

ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਾਗੂ ਕੀਤੀ ਗਈ ਇਸ ਪਹਿਲਕਦਮੀ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲ ਮੁਖੀਆਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਿਕ ਵਿਦਿਆਰਥੀਆਂ ਹੁਣ ਸ਼ਾਂਤ, ਇਕਾਗਰ ਅਤੇ ਭਾਵਾਨਾਤਮਕ ਤੌਰ 'ਤੇ ਮਜ਼ਬੂਤ ਹੋ ਰਹੇ ਹਨ। ਬੈਂਸ ਨੇ ਦੁਹਰਾਇਆ ਕਿ ਸੂਬਾ ਸਰਕਾਰ ਦੀ ਯੋਜਨਾ ਹੈ ਕਿ ਅਜਿਹੀਆਂ ਸਾਕਾਰਤਮਕ ਪਹਿਲਕਦਮੀਆਂ ਸੂਬੇ ਭਰ ਵਿੱਚ ਲਾਗੂ ਕੀਤੀਆਂ ਜਾਣ। ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ (ਐਨ.ਆਈ.ਐਲ. ਪੀ.) ਵਰਗੇ ਵਿਦਿਅਕ ਸੁਧਾਰਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪਾਇਲਟ ਪ੍ਰੋਜੈਕਟ 19 ਜਨਵਰੀ, 2026 ਨੂੰ ਸ਼ੁਰੂ ਕੀਤਾ ਗਿਆ ਸੀ। ਜਿਸ ਤਹਿਤ ਰੋਜ਼ਾਨਾ ਅਭਿਆਸ ਵਿੱਚ ਸਵੇਰ ਦੀ ਸਭਾ ਤੋਂ ਬਾਅਦ 30-ਮਿੰਟ ਦਾ ਮੈਡੀਟੇਸ਼ਨ ਸੈਸ਼ਨ ਕਰਵਾਇਆ ਜਾਂਦਾ ਹੈ। ਇਕਸਾਰਤਾ ਤੇ ਨਿਰੰਤਰਤਾ ਯਕੀਨੀ ਬਣਾਉਣ ਲਈ ਜ਼ਿਲ੍ਹੇ ਦੇ ਸਕੂਲਾਂ ਵਿੱਚ ਸਾਢੇ ਇੱਕੀ (21) ਮਿੰਟ ਦਾ ਧਿਆਨ ਮਾਡਿਊਲ ਪ੍ਰਸਾਰਿਤ ਤੇ ਲਾਗੂ ਕੀਤਾ ਗਿਆ ਹੈ।

ਸਿੱਖਿਅਕਾਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ, 'ਸੱਚੀ ਸਿੱਖਿਆ ਸਿਰਫ਼ ਅਕਾਦਮਿਕ ਗਿਆਨ ਬਾਰੇ ਨਹੀਂ ਹੈ ਸਗੋਂ ਲਚਕੀਲੇ, ਭਾਵਨਾਤਮਕ ਤੌਰ 'ਤੇ ਦ੍ਰਿੜ ਅਤੇ ਇਕਾਗਰ ਵਿਅਕਤੀਆਂ 'ਤੇ ਕੇਂਦਰਿਤ ਹੁੰਦੀ ਹੈ। ਇਹ ਨਵੇਕਲੀ ਪਹਿਲ ਸਾਡੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਵਿੱਚ ਇੱਕ ਸੁਚੇਤ ਨਿਵੇਸ਼ ਹੈ। ਸ਼ੁਰੂਆਤੀ ਫੀਡਬੈਕ, ਮਾਨਸਿਕ ਸਥਿਰਤਾ ਵਿੱਚ ਵਾਧਾ ਅਤੇ ਇਕਾਗਰਤਾ ਨੂੰ ਦਰਸਾਉਂਦਾ ਹੈ, ਇਹ ਪੰਜਾਬ ਭਰ ਵਿੱਚ ਇੱਕ ਵਧੇਰੇ ਸਹਾਇਕ ਅਤੇ ਸਕਾਰਾਤਮਕ ਸਿੱਖਣ ਵਾਤਾਵਰਣ ਬਣਾਉਣ ਵਿੱਚ ਸਾਡੇ ਵਿਸ਼ਵਾਸ ਦਾ ਪ੍ਰਤੱਖ ਪ੍ਰਮਾਣ ਹੈ।'

ਮਨੀਸ਼ ਸਿਸੋਦੀਆ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਧਿਆਨ ਕਰਨ ਨਾਲ ਸਾਡੀ ਮਾਨਸਿਕ ਅਤੇ ਭਾਵਨਾਤਮਕ ਸਿਹਤ ਵਿਚ ਸੁਧਾਰ ਹੁੰਦਾ ਹੈ। ਉਨ੍ਹਾਂ ਸਕੂਲ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਰੋਜ਼ਾਨਾ ਧਿਆਨ ਪ੍ਰੋਗਰਾਮ ਨੂੰ ਸੁਹਿਰਦਤਾ ਨਾਲ ਲਾਗੂ ਕਰਨ ਤੇ ਇਹ ਯਕੀਨੀ ਬਣਾਉਣ ਕਿ ਇਹ ਹਰੇਕ ਵਿਦਿਆਰਥੀ ਤੱਕ ਇਸਦਾ ਲਾਭ ਪਹੁੰਚੇ ਤਾਂ ਜੋ ਉਨ੍ਹਾਂ ਦੇ ਸਮੁੱਚੇ ਵਿਕਾਸ ਤੇ ਤੰਦਰੁਸਤੀ ਵਿੱਚ ਵਾਧਾ ਹੋ ਸਕੇ। ਡੀਈਓ (ਸੈਕੰਡਰੀ) ਮੋਹਾਲੀ ਡਾ. ਗਿੰਨੀ ਦੁੱਗਲ ਨੇ ਹਿੱਸਾ ਲੈਣ ਵਾਲਿਆਂ ਦਾ ਸਵਾਗਤ ਕੀਤਾ ਤੇ ਪ੍ਰੋਗਰਾਮ ਦੇ ਲਾਭਾਂ 'ਤੇ ਚਾਨਣਾ ਪਾਇਆ।

# 'ਆਪ' ਵੱਲੋਂ ਸੂਬਾ, ਜ਼ਿਲ੍ਹਾ ਤੇ ਹਲਕਾ ਪੱਧਰ 'ਤੇ ਮਹੱਤਵਪੂਰਨ ਸੰਗਠਨਾਤਮਕ ਨਿਯੁਕਤੀਆਂ ਦਾ ਐਲਾਨ

**- ਪਰਮਿੰਦਰ ਗੋਲਡੀ ਯੂਥ ਵਿੰਗ ਦੇ ਵਰਕਿੰਗ ਪ੍ਰਧਾਨ ਨਿਯੁਕਤ**
**- ਰਣਜੀਤ ਪਾਲ ਸਿੰਘ ਟਰੇਡ ਵਿੰਗ ਦੇ ਸੂਬਾ ਜਨਰਲ ਸਕੱਤਰ ਨਿਯੁਕਤ**

ਚੰਡੀਗੜ੍ਹ, 5 ਫਰਵਰੀ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਵੱਖ-ਵੱਖ ਵਿੰਗਾ ਵਿੱਚ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਹੈ, ਜਿਸ ਨਾਲ ਸੂਬੇ ਦੇ ਜ਼ਿਲ੍ਹਿਆਂ ਤੇ ਵਿਧਾਨ ਸਭਾ ਹਲਕਿਆਂ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ। ਇਹ ਨਿਯੁਕਤੀਆਂ ਪਾਰਟੀ ਦੇ ਢਾਂਚੇ ਨੂੰ ਹੋਰ ਸਰਗਰਮ ਕਰਨ ਅਤੇ ਹਰ ਪੱਧਰ 'ਤੇ ਮਜ਼ਬੂਤ ਤਾਲਮੇਲ ਯਕੀਨੀ ਬਣਾਉਣ ਲਈ ਕੀਤੀਆਂ ਗਈਆਂ ਹਨ। ਪਾਰਟੀ ਨੇ ਪਰਮਿੰਦਰ ਸਿੰਘ ਗੋਲਡੀ ਨੂੰ ਯੂਥ ਵਿੰਗ ਦਾ ਸੂਬਾ ਵਰਕਿੰਗ ਪ੍ਰਧਾਨ ਅਤੇ ਰਣਜੀਤ ਪਾਲ ਸਿੰਘ ਨੂੰ ਟਰੇਡ ਵਿੰਗ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਜ਼ਿਲ੍ਹਾ ਪੱਧਰ 'ਤੇ ਕ੍ਰਿਸ਼ਨਜੀਤ ਰਾਓ ਨੂੰ ਹੁਸ਼ਿਆਰਪੁਰ ਲਈ ਐਸ.ਸੀ. ਵਿੰਗ ਦਾ ਜ਼ਿਲ੍ਹਾ ਇੰਚਾਰਜ ਬਣਾਇਆ ਗਿਆ ਹੈ, ਜਦਕਿ ਗੁਰਸ਼ਰਨ ਸਿੰਘ ਗੋਲਡੀ ਨੂੰ ਅੰਮ੍ਰਿਤਸਰ ਦਿਹਾਤੀ ਦਾ ਜ਼ਿਲ੍ਹਾ ਸਕੱਤਰ ਤੇ ਸੁਖਵਿੰਦਰ ਸਿੰਘ ਸੁੱਖੀ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮੁੱਖ ਹਲਕਿਆਂ ਵਿੱਚ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਦਿਆਂ ਪਾਰਟੀ ਨੇ ਹਲਕਾ ਸੰਗਠਨ ਇੰਚਾਰਜ ਨਿਯੁਕਤ ਕੀਤੇ ਹਨ। ਜਿਨ੍ਹਾਂ ਵਿੱਚ ਕਪੂਰਥਲਾ ਲਈ ਹੇਨਤ (ਸੰਨੀ ਠੇਕੇਦਾਰ), ਅਟਾਰੀ ਲਈ ਪ੍ਰਦੀਪ ਸਿੰਘ ਲਾਡਾ, ਰਾਜਾਸਾਂਸੀ ਲਈ ਰਾਜਬੀਰ




ਸਿੰਘ, ਅੰਮ੍ਰਿਤਸਰ ਪੱਛਮੀ ਲਈ ਐਡਵੋਕੇਟ ਰਮਨ ਕੁਮਾਰ, ਫਰੀਦਕੋਟ ਲਈ ਗੁਰਪ੍ਰੀਤ ਸਿੰਘ ਧਾਲੀਵਾਲ, ਕੋਟਕਪੂਰਾ ਲਈ ਮਨਦੀਪ, ਲੁਧਿਆਣਾ ਪੱਛਮੀ ਲਈ ਰਾਜੂ ਕਨੌਜੀਆ ਅਤੇ ਜ਼ੀਰਾ ਲਈ ਗੁਰਮਨ ਸਿੰਘ ਨੂੰ ਹਲਕਾ ਸੰਗਠਨ ਇੰਚਾਰਜ ਲਗਾਇਆ ਗਿਆ ਹੈ।

ਯੂਥ ਵਿੰਗ ਵਿੱਚ ਗੁਰਜੰਟ ਸਿੰਘ ਗਿੱਲ ਨੂੰ ਨਿਹਾਲ ਸਿੰਘ ਵਾਲਾ, ਰਾਜਵਿਕਰਾਂਤ ਵਿੱਕੂ ਨੂੰ ਪਟਿਆਲਾ ਦਿਹਾਤੀ, ਸੁਖਦੀਪ ਸਿੰਘ ਗੋਲਡੀ ਨੂੰ ਅਮਰਗੜ੍ਹ, ਅਭੀ ਹਾਲਨ ਨੂੰ ਰੂਪਨਗਰ, ਸਤਨਾਮ ਸਿੰਘ ਨੂੰ ਦਿੜ੍ਹਬਾ, ਨਵਜੋਤ ਸਿੰਘ ਢਿੱਲੋਂ ਨੂੰ ਰਾਮਪੁਰਾ ਫੂਲ, ਸੁਖਮਨਜੋਤ ਸਿੰਘ ਸੰਧੂ ਨੂੰ ਜਲਾਲਾਬਾਦ ਅਤੇ ਗੁਰਵਿੰਦਰ ਸਿੰਘ ਕਿੰਮੇਵਾਲਾ ਨੂੰ ਜ਼ੀਰਾ ਲਈ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਪਾਰਟੀ ਨੇ ਵਚਨਬੱਧ ਤੇ ਮਿਹਨਤੀ ਆਗੂਆਂ ਨੂੰ ਇਸ ਉਮੀਦ ਨਾਲ ਜ਼ਿੰਮੇਵਾਰੀਆਂ ਦਿੱਤੀਆਂ ਹਨ ਕਿ ਉਹ ਜਥੇਬੰਦੀ ਨੂੰ ਮਜ਼ਬੂਤ ਕਰਨਗੇ ਤੇ ਲੋਕਾਂ ਨਾਲ ਜੁੜੇ ਰਹਿਣਗੇ।

ਅਮਨ ਅਰੋੜਾ ਨੇ ਕਿਹਾ ਕਿ ਆਪ ਆਮ ਲੋਕਾਂ ਦੀ ਪਾਰਟੀ ਹੈ। ਮੈਨੂੰ ਉਮੀਦ ਹੈ ਕਿ ਸਾਰੇ ਨਵ-ਨਿਯੁਕਤ ਅਹੁਦੇਦਾਰ ਪੰਜਾਬ ਦੇ ਲੋਕਾਂ ਅਤੇ ਪਾਰਟੀ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ ਤੇ 'ਆਪ' ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਜ਼ਨ ਨੂੰ ਹਰ ਪਿੰਡ, ਹਰ ਵਾਰਡ ਅਤੇ ਹਰ ਘਰ ਤੱਕ ਲੈ ਕੇ ਜਾਣਗੇ।

# ਮੁੱਖ ਚੋਣ ਅਧਿਕਾਰੀ ਵੱਲੋਂ ਵੋਟਰ ਸੂਚੀ ਪ੍ਰਬੰਧਨ ਦੇ ਵੱਖ-ਵੱਖ ਪਹਿਲੂਆਂ ਦੀ ਸਮੀਖਿਆ

ਚੰਡੀਗੜ੍ਹ, 5 ਫਰਵਰੀ (ਚ.ਨ.ਸ.): ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿਤਰਾ ਨੇ ਕੱਲ੍ਹ ਸ਼ਾਮ ਸੂਬੇ ਦੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ-ਕਮ-ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਵੋਟਰ ਸੂਚੀਆਂ ਦੇ ਪ੍ਰਬੰਧਨ ਸਬੰਧੀ ਵੱਖ-ਵੱਖ ਗਤੀਵਿਧੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਵੋਟਰ ਮੈਪਿੰਗ ਗਤੀਵਿਧੀਆਂ ਦਾ ਜਾਇਜ਼ਾ ਲੈਂਦਿਆਂ ਚੋਣ



ਜਾਣਕਾਰੀ ਦੀ ਯੋਜਨਾਬੱਧ ਕਵਰੇਜ, ਸ਼ੁੱਧਤਾ ਤੇ ਸਮੇਂ ਸਿਰ ਅਪਡੇਸ਼ਨ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ-ਵਾਰ ਪ੍ਰਗਤੀ ਦੀ ਸਮੀਖਿਆ ਕੀਤੀ।

ਮੀਟਿੰਗ ਮੌਕੇ ਉਨ੍ਹਾਂ ਨੇ ਚੰਗੀ ਤਰ੍ਹਾਂ ਪਛਾਣ 'ਚ ਨਾ ਆਉਣ ਵਾਲੀਆਂ ਫੋਟੋਆਂ ਅਤੇ ਗਲਤ ਐਂਟਰੀਆਂ ਨਾਲ ਸਬੰਧਤ ਮਾਮਲਿਆਂ ਨੂੰ ਹੱਲ ਕਰਨ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਚੋਣ ਫਾਰਮਾਂ ਦੇ ਸੰਗ੍ਰਹਿ ਅਤੇ ਨਿਪਟਾਰੇ ਦੀ ਸਥਿਤੀ ਦੀ ਵੀ ਸਮੀਖਿਆ ਕੀਤੀ। ਇਸ ਦੌਰਾਨ ਜ਼ਿਲ੍ਹਾ ਅਧਿਕਾਰੀਆਂ ਨੂੰ ਨਿਰਧਾਰਤ ਪ੍ਰਕਿਰਿਆਵਾਂ ਦੇ ਅਨੁਸਾਰ ਸਖ਼ਤੀ ਨਾਲ ਅਜਿਹੇ ਮਾਮਲਿਆਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਇਸਦੇ ਨਾਲ ਹੀ ਈ.ਆਰ.ਓ. ਨੈੱਟ 'ਤੇ ਅਰਜ਼ੀਆਂ ਦੀ ਪੈਂਡੈਂਸੀ 'ਤੇ ਵੀ ਵਿਸਤ੍ਰਿਤ ਚਰਚਾ ਕੀਤੀ ਗਈ ਅਤੇ ਮੁੱਖ ਚੋਣ ਅਧਿਕਾਰੀ ਨੇ ਵੋਟਰ ਸੂਚੀਆਂ ਦੀ ਇਕਸਾਰਤਾ ਤੇ ਦਰੁਸਤਤਾ ਨੂੰ ਬਣਾਈ ਰੱਖਣ ਲਈ ਨਿਰੰਤਰ ਨਿਗਰਾਨੀ ਅਤੇ ਇਸਦੇ ਤੇਜ਼ੀ ਨਾਲ ਨਿਪਟਾਰੇ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਈਸੀਆਈ ਨੈੱਟ 'ਤੇ "ਬੁੱਕ ਏ ਕਾਲ" ਵਿਸ਼ੇਸ਼ਤਾ ਬਾਰੇ ਜਾਗਰੂਕਤਾ ਫੈਲਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ, ਜਿਸ ਤਹਿਤ ਬੂਥ ਲੈਵਲ ਅਫ਼ਸਰ (ਬੀਐਲਓ) ਪਾਰਦਰਸ਼ੀ ਤੇ ਸਮਾਂਬੱਧ ਸ਼ਿਕਾਇਤ ਨਿਵਾਰਣ ਲਈ ਵੋਟਰਾਂ ਨੂੰ ਕਾਲ-ਬੈਕ ਸਹਾਇਤਾ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਡੈਮੋਗ੍ਰਾਫ਼ੀਕਲ ਸਿਮੀਲਰ ਐਂਟਰੀਜ਼ (ਡੀਐਸਈ) ਨਾਲ ਸਬੰਧਤ ਮੁੱਦਿਆਂ ਦੀ ਵੀ ਸਮੀਖਿਆ ਕੀਤੀ ਗਈ, ਅਤੇ ਜ਼ਿਲ੍ਹਿਆਂ ਨੂੰ ਡੁਪਲੀਕੇਟ ਐਂਟਰੀਆਂ ਤੋਂ ਬਚਣ ਅਤੇ ਚੋਣ ਰਿਕਾਰਡ ਦੀ ਵਿਲੱਖਣਤਾ ਨੂੰ ਯਕੀਨੀ ਬਣਾਉਣ ਲਈ ਪੂਰੇ ਧਿਆਨ ਨਾਲ ਤਸਦੀਕ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ।

# ਗੈਂਗਸਟਰਾਂ 'ਤੇ ਵਾਰ' ਦੇ 17ਵੇਂ ਦਿਨ 681ਥਾਵਾਂ ਉੱਤੇ ਛਾਪੇਮਾਰੀ ਦੌਰਾਨ 274 ਕਾਬੂ

ਚੰਡੀਗੜ੍ਹ, 5 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੇ 17ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 681 ਛਾਪੇਮਾਰੀਆਂ ਕੀਤੀਆਂ। ਜਾਣਕਾਰੀ ਅਨੁਸਾਰ, "ਗੈਂਗਸਟਰਾਂ 'ਤੇ ਵਾਰ"- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦੇ 17ਵੇਂ ਦਿਨ, ਪੁਲਿਸ ਟੀਮਾਂ ਨੇ 274 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 11 ਜ਼ਿੰਦਾ ਕਾਰਤੂਸਾਂ ਸਮੇਤ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 4,649 ਹੋ ਗਈਆਂ।

ਇਸ ਤੋਂ ਇਲਾਵਾ 135 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 248 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 27 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 341ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 95 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 445 ਗ੍ਰਾਮ ਹੈਰੋਇਨ, 516 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 39,020 ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਦੇ ਨਾਲ 341 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 47,784 ਹੋ ਗਈ ਹੈ। "ਡੀ-ਅਡਿਕਸ਼ਨ" ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 27 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਰਾਜ਼ੀ ਕੀਤਾ ਹੈ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ ਅਨੁਸਾਰ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਪੰਜਾਬ ਸਰਕਾਰ ਵਚਨਬੱਧ : ਮਾਨ

ਚੰਡੀਗੜ੍ਹ, 5 ਫਰਵਰੀ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਿੱਤੇ ਉਪਦੇਸ਼ 'ਤੇ ਚੱਲਦਿਆਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਪੂਰਨ ਤੌਰ 'ਤੇ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਕਾਇਮ ਰੱਖਣ ਦੇ ਮੱਦੇਨਜ਼ਰ ਸੂਬਾ ਸਰਕਾਰ ਵੱਲੋਂ 6 ਫਰਵਰੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਸਥਿਤ ਖੁਰਾਲਗੜ੍ਹ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਕੈਬਨਿਟ ਸੰਗਤ ਦੇ ਨਾਲ, ਸ੍ਰੀ ਗੁਰੂ ਰਵਿਦਾਸ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਨਤਮਸਤਕ ਹੋਵੇਗੀ। ਭਗਵੰਤ ਸਿੰਘ ਮਾਨ ਨੇ ਸਮੁੱਚੀ ਸੰਗਤ ਨੂੰ ਇਸ ਸੂਬਾ ਪੱਧਰੀ ਸਮਾਗਮ ਵਿੱਚ ਪੂਰੇ ਧਾਰਮਿਕ ਉਤਸ਼ਾਹ ਅਤੇ ਵੱਧ ਚੜ੍ਹ ਕੇ ਨਾਲ ਹਾਜ਼ਰੀ ਭਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਲੋਕਾਂ ਨੂੰ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਸਮਾਜਿਕ ਬੁਰਾਈਆਂ ਨੂੰ ਮਿਟਾਉਣ ਲਈ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਲਾਹੀ ਬਾਣੀ ਨਾਲ ਸਮਾਜ ਨੂੰ ਵੱਖ-ਵੱਖ ਸਮੱਸਿਆਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਖੁਰਾਲਗੜ੍ਹ ਵਿੱਚ ਲਗਭਗ 148 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ਵ ਪੱਧਰੀ ਯਾਦਗਾਰ ਬਣਾ ਚੁੱਕੀ ਹੈ, ਜੋ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਨਿਮਰ ਸ਼ਰਧਾਂਜਲੀ ਹੈ। ਭਗਵੰਤ



ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਦੀ ਭਲਾਈ, ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਤੇ ਇਸ ਤਰ੍ਹਾਂ ਸਮਾਨਤਾਵਾਦੀ ਕਦਰਾਂ-ਕੀਮਤਾਂ 'ਤੇ ਅਧਾਰਤ ਸਮਾਜ ਦੀ ਸਿਰਜਣਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਅਜਿਹੇ ਆਦਰਸ਼ ਸਮਾਜ ਦਾ ਸੰਕਲਪ ਦਿੱਤਾ, ਜਿੱਥੇ ਕਿਸੇ ਨੂੰ ਵੀ ਕਿਸੇ ਕਿਸਮ ਦਾ ਕੋਈ ਦੁੱਖ ਜਾਂ ਤਕਲੀਫ਼ ਨਾ ਝੱਲਣੀ ਪਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਮਹਾਨ ਜੀਵਨ, ਫ਼ਲਸਫ਼ਾ ਤੇ ਸਿੱਖਿਆਵਾਂ ਮਨੁੱਖਤਾ ਦਾ ਮਾਰਗਦਰਸ਼ਨ ਕਰਦੀਆਂ ਰਹਿੰਦੀਆਂ ਹਨ।

**649ਵੇਂ ਪ੍ਰਕਾਸ਼ ਪੁਰਬ ਤੇ 2027 ਵਿੱਚ ਇਤਿਹਾਸਕ 650ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਲਈ ਸੂਬਾ ਪੱਧਰ ਉਤੇ ਵਿਆਪਕ ਪ੍ਰਬੰਧਾਂ ਦੀ ਵਿਵਸਥਾ :** ਭਗਵੰਤ ਸਿੰਘ ਮਾਨ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਪੂਰੇ ਧਾਰਮਿਕ ਉਤਸ਼ਾਹ ਨਾਲ ਮਨਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ, ਨਾਲ ਹੀ 2027 ਵਿੱਚ ਇਤਿਹਾਸਕ 650ਵੇਂ ਪ੍ਰਕਾਸ਼ ਪੁਰਬ ਲਈ ਸਾਲ ਭਰ ਚੱਲਣ ਵਾਲੀਆਂ ਸੂਬਾ ਪੱਧਰੀ ਤਿਆਰੀਆਂ ਸ਼ੁਰੂ ਕੀਤੀਆਂ ਹਨ। ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਿੰਨ ਦਿਨਾਂ ਰਾਜ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿੱਚ ਸੰਤਾਂ, ਅਧਿਆਤਮਿਕ ਆਗੂਆਂ, ਕੈਬਨਿਟ ਮੰਤਰੀਆਂ, ਡਿਪਟੀ ਸਪੀਕਰ ਅਤੇ ਹੋਰ ਪਤਵੰਤਿਆਂ ਦੀ ਵੱਡੀ ਪੱਧਰ 'ਤੇ ਸ਼ਮੂਲੀਅਤ ਹੋਵੇਗੀ ਅਤੇ 6 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਮਾਪਤੀ ਹੋਵੇਗੀ। ਭਗਵੰਤ ਮਾਨ ਸਰਕਾਰ ਨੇ ਸੰਗਤ ਦੀ ਸਹੂਲਤ ਲਈ ਵਿਆਪਕ ਸਹੂਲਤਾਂ ਤੇ ਨਿਰਵਿਘਨ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਹੈ, ਨਾਲ ਹੀ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਪੰਜਾਬ ਦੇ ਹਰ ਪਿੰਡ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਲੈ ਕੇ ਜਾਣ ਵਾਲੇ ਪ੍ਰੋਗਰਾਮ ਸ਼ੁਰੂ ਕਰਕੇ ਲੜੀਵਾਰ ਸਮਾਗਮ ਆਰੰਭੇ ਹਨ। ਗੁਰੂ ਜੀ ਦੇ ਮਹਾਨ ਜੀਵਨ, ਦਰਸ਼ਨ ਤੇ ਬਰਾਬਰੀ, ਭਾਈਚਾਰਕ ਸਾਂਝ ਤੇ ਮਨੁੱਖਤਾ ਪ੍ਰਤੀ ਸਦੀਵੀ ਸੰਦੇਸ਼ ਦੇ ਪਸਾਰ ਲਈ ਸਾਲ ਭਰ ਵਿਦਿਅਕ, ਸੱਭਿਆਚਾਰਕ ਤੇ ਸਮਾਜਿਕ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।

# ਬਲਜਿੰਦਰ ਸਿੰਘ ਬੰਟੀ ਨੇ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਲਾਲ ਚੰਦ ਕਟਾਰੂਚੱਕ ਤੇ ਰੱਖਿਆ ਮੰਤਰੀ ਮੋਹਿੰਦਰ ਭਗਤ ਦੀ ਹਾਜ਼ਰੀ 'ਚ ਸੰਭਾਲਿਆ ਅਹੁਦਾ**

ਚੰਡੀਗੜ੍ਹ, 5 ਫਰਵਰੀ (ਚ.ਨ.ਸ.): ਬਲਜਿੰਦਰ ਸਿੰਘ ਬੰਟੀ ਨੇ, ਸੈਕਟਰ-68, ਮੋਹਾਲੀ ਦੇ ਜੰਗਲਾਤ ਕੰਪਲੈਕਸ ਵਿਖੇ ਅੱਜ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ (ਪੀ.ਐਸ.ਐਫ.ਡੀ.ਸੀ.) ਦੇ ਨਵੇਂ ਵਾਈਸ-ਚੇਅਰਮੈਨ ਵਜੋਂ ਚਾਰਜ ਸੰਭਾਲਿਆ। ਉਨ੍ਹਾਂ ਨੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ, ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਏ ਤੇ ਬਾਗਬਾਨੀ ਮਹਿੰਦਰ ਭਗਤ ਤੇ ਹੋਰ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਪਣਾ ਅਹੁਦਾ ਸੰਭਾਲਿਆ।

ਇਸ ਮੌਕੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਬਲਜਿੰਦਰ ਸਿੰਘ ਬੰਟੀ ਨੂੰ ਇਹ ਵੱਕਾਰੀ ਜ਼ਿੰਮੇਵਾਰੀ ਸੌਂਪਣ ਲਈ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਤੇ ਆਸ ਪ੍ਰਗਟਾਈ ਕਿ ਨਵੇਂ ਵਾਈਸ ਚੇਅਰਮੈਨ ਜੰਗਲਾਤ ਵਿਭਾਗ ਦੇ ਵਿਕਾਸ ਕੇਂਦਰਿਤ ਏਜੰਡੇ ਨੂੰ ਅੱਗੇ ਵਧਾਉਣਗੇ, ਜੋ ਬੂਟੇ ਲਗਾਉਣ ਅਤੇ ਹਰਿਆਲੀ ਵਧਾਉਣ 'ਤੇ ਕੇਂਦ੍ਰਿਤ ਹੈ।

ਨਵ- ਨਿਯੁਕਤ ਵਾਈਸ ਚੇਅਰਮੈਨ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਸ ਨਿਯੁਕਤੀ ਸਦਕਾ ਜ਼ਮੀਨ ਨਾਲ ਜੁੜੇ ਇੱਕ ਸਮਰਪਿਤ ਵਰਕਰ ਨੂੰ ਸਨਮਾਨ ਦਿੱਤਾ ਗਿਆ ਹੈ। ਕੌਮੀ ਕਨਵੀਨਰ 'ਆਪ'



ਅਰਵਿੰਦ ਕੇਜਰੀਵਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਉਨ੍ਹਾਂ 'ਤੇ ਵਿਸ਼ਵਾਸ ਜਤਾਉਣ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਵਾਈਸ ਚੇਅਰਮੈਨ ਬਲਜਿੰਦਰ ਸਿੰਘ ਬੰਟੀ ਨੇ ਭਰੋਸਾ ਦਿਵਾਇਆ ਕਿ ਉਹ ਉਮੀਦਾਂ 'ਤੇ ਖ਼ਰੇ ਉੱਤਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਅਤੇ ਵਿਕਾਸ ਦੇ ਏਜੰਡੇ ਨੂੰ ਅੱਗੇ ਵਧਾਉਣਾ ਉਨ੍ਹਾਂ ਲਈ ਮੁੱਢਲੀ ਤਰਜੀਹ ਹੋਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਗਊ ਸੇਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਕੀਮਤੀ ਭਗਤ, ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਚੇਅਰਮੈਨ ਰਾਕੇਸ਼ ਪੁਰੀ, ਮੁੱਖ ਜੰਗਲੀ ਜੀਵ ਵਾਰਡਨ ਬਸੰਤਾ ਰਾਜ ਕੁਮਾਰ ਅਤੇ ਏ.ਪੀ.ਸੀ.ਸੀ. ਐਫ. ਅਤੇ ਸੀ.ਈ.ਓ. (ਪਨਕੈਂਪਾ) ਸੌਰਭ ਗੁਪਤਾ ਵੀ ਮੌਜੂਦ ਸਨ।

# ਘਰੇਲੂ ਹਿੰਸਾ ਤੋਂ ਪੀੜਤ ਔਰਤਾਂ ਲਈ ਜਲੰਧਰ 'ਚ ਸਾਂਝ ਰਾਹਤ ਕੇਂਦਰ ਦਾ ਉਦਘਾਟਨ

ਚੰਡੀਗੜ੍ਹ/ਜਲੰਧਰ, 5 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ



ਦੀ ਅਗਵਾਈ ਵਾਲੀ ਸਰਕਾਰ ਦੀ ਵਚਨਬੱਧਤਾ ਅਨੁਸਾਰ ਪੀੜਤ-ਕੇਂਦ੍ਰਿਤ ਪੁਲਿਸਿੰਗ ਅਤੇ ਔਰਤਾਂ ਲਈ ਸਹਾਇਤਾ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਪੁਲਿਸ ਨੇ ਜਲੰਧਰ ਦੇ ਸਿਵਲ ਹਸਪਤਾਲ ਵਿਖੇ ਘਰੇਲੂ ਹਿੰਸਾ ਦੇ ਪੀੜਤਾਂ ਲਈ ਇੱਕ ਸਮਰਪਿਤ ਸਹਾਇਤਾ ਕੇਂਦਰ, 'ਸਾਂਝ ਰਾਹਤ ਕੇਂਦਰ' ਸਥਾਪਤ ਕੀਤਾ ਹੈ।

ਕੇਂਦਰ ਦਾ ਉਦਘਾਟਨ ਕਰਦਿਆਂ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਮਹਿਲਾ ਮਾਮਲੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਕੇਂਦਰ ਸਰਗਰਮ ਭਾਈਚਾਰਕ ਭਾਈਵਾਲੀ ਰਾਹੀਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਨੂੰ ਸਮੇਂ ਸਿਰ ਮਾਨਸਿਕ-ਸਮਾਜਿਕ ਤੇ ਕਾਨੂੰਨੀ ਸਹਾਇਤਾ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਮੌਕੇ ਵਿਸ਼ੇਸ਼ ਡੀਜੀਪੀ ਦੇ ਨਾਲ ਪੁਲਿਸ ਕਮਿਸ਼ਨਰ (ਸੀਪੀ) ਜਲੰਧਰ ਧਨਪ੍ਰੀਤ ਕੌਰ ਵੀ ਮੌਜੂਦ ਸਨ। ਇਹ ਕੇਂਦਰ ਕਮਿਸ਼ਨਰੇਟ ਪੁਲਿਸ, ਜਲੰਧਰ ਦੀ ਅਗਵਾਈ ਹੇਠ ਇੱਕ ਸਹਿਯੋਗੀ ਯਤਨ ਹੈ, ਜਿਸ ਨੂੰ ਪੀੜਤਾਂ ਲਈ ਆਸਾਨ ਪਹੁੰਚ 'ਤੇ ਗੁਪਤਤਾ ਨੂੰ ਯਕੀਨੀ ਬਣਾਉਣ ਲਈ ਹਸਪਤਾਲ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸਦਾ ਉਦੇਸ਼ ਜਲਦ ਤੋਂ ਜਲਦ ਮੁਸ਼ਕਲਾਂ ਦਾ ਪਤਾ ਲਗਾ ਕੇ ਤੁਰੰਤ ਸਲਾਹ, ਕਾਨੂੰਨੀ ਸੇਧ ਤੇ ਪੁਨਰਵਾਸ ਸਬੰਧਾਂ ਸਮੇਤ ਏਕੀਕ੍ਰਿਤ ਸਹਾਇਤਾ ਪ੍ਰਦਾਨ ਕਰਨਾ ਹੈ। ਵਿਸ਼ੇਸ਼ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਘਰੇਲੂ ਹਿੰਸਾ ਨੂੰ ਹੱਲ ਕਰਨ ਲਈ ਤੁਰੰਤ ਪੁਲਿਸ ਪ੍ਰਤੀਕਿਰਿਆ ਤੇ ਮਜ਼ਬੂਤ ਅੰਤਰ-ਵਿਭਾਗੀ ਤਾਲਮੇਲ ਦੀ ਵਿਸ਼ੇਸ਼ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਸਾਂਝ ਰਾਹਤ ਕੇਂਦਰ ਪੀੜਤਾਂ ਨੂੰ ਜ਼ਰੂਰੀ ਸਹਾਇਤਾ ਜਿਵੇਂ ਕਾਨੂੰਨੀ ਸਹਾਇਤਾ, ਪੇਸ਼ੇਵਰ ਸਲਾਹ, ਆਸਰਾ ਘਰ ਜਾਂ ਸਰਕਾਰੀ ਭਲਾਈ ਸਕੀਮਾਂ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਕਦਮ ਔਰਤਾਂ ਲਈ ਇੱਕ ਸੁਰੱਖਿਅਤ ਤੇ ਸਹਾਇਕ ਵਾਤਾਵਰਣ ਸਿਰਜਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਆਉਣ ਵਾਲੇ ਪੀੜਤਾਂ ਦੀ ਸਹਾਇਤਾ ਲਈ ਇਨ੍ਹਾਂ ਕੇਂਦਰਾਂ ਵਿੱਚ ਮਨੋਵਿਗਿਆਨ ਅਤੇ ਸਮਾਜਿਕ ਕਾਰਜਾਂ 'ਚ ਮਾਹਰ ਸਿਖਲਾਈ ਪ੍ਰਾਪਤ ਸਲਾਹਕਾਰ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਕੇਂਦਰ ਪੁਲਿਸ ਸਟੇਸ਼ਨਾਂ ਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰੇਗਾ ਤਾਂ ਜੋ ਤੇਜ਼ ਤੇ ਪ੍ਰਭਾਵੀ ਨਿਵਾਰਣ ਨੂੰ ਯਕੀਨੀ ਬਣਾਇਆ ਜਾ ਸਕੇ।

ਸੀਪੀ ਧਨਪ੍ਰੀਤ ਕੌਰ ਨੇ ਔਰਤਾਂ ਦੀ ਸੁਰੱਖਿਆ ਤੇ ਭਾਈਚਾਰਕ-ਪੱਖੀ ਪੁਲਿਸਿੰਗ 'ਤੇ ਪੁਲਿਸ ਵਿਭਾਗ ਵੱਲੋਂ ਦਿੱਤੇ ਜਾ ਰਹੇ ਵਿਸ਼ੇਸ਼ ਧਿਆਨ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਇਸ ਕੇਂਦਰ ਦੀ ਸਥਾਪਨਾ ਸਾਡੀ ਸਰਗਰਮ ਅਤੇ ਪੀੜਤ-ਪੱਖੀ ਪਹੁੰਚ ਨੂੰ ਦਰਸਾਉਂਦੀ ਹੈ। ਇਸ ਉਦਘਾਟਨ ਸਮਾਰੋਹ ਵਿੱਚ ਏਡੀਸੀਪੀ-99 ਆਕਰਸ਼ੀ ਜੈਨ, ਸਿਵਲ ਸਰਜਨ ਡਾ. ਰਾਜੇਸ਼ ਗਰਗ, ਸੀਜੇਐਮ ਰਾਹੁਲ ਕੁਮਾਰ ਆਜ਼ਾਦ ਅਤੇ ਸਖੀ ਵਨ ਸਟਾਪ ਸੈਂਟਰ ਦੇ ਪ੍ਰਤੀਨਿਧੀ ਸ਼ਾਮਲ ਹੋਏ।

# ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਨੂੰ ਕੋਡੀਆਂ ਦੇ ਭਾਅ ਵੇਚੇ ਜਾਣ ਕਰਕੇ ਹਰ ਸਿੱਖ ਦਾ ਹਿਰਦਾ ਦੁਖੀ : ਗਿ. ਹਰਪ੍ਰੀਤ ਸਿੰਘ

ਅੰਮ੍ਰਿਤਸਰ, 5 ਫਰਵਰੀ (ਬਬਲੂ ਮਹਾਜਨ): ਸ਼੍ਰੋਮਣੀ ਅਕਾਲੀ ਦਲ ਪੁਨਰ



ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਕਰੋੜਾਂ ਰੁਪਏ ਦੀਆਂ ਜਮੀਨਾ ਕੋਡੀਆਂ ਦੇ ਭਾਅ ਵੇਚਣ ਨਾਂਲ ਹਰ ਸਿੱਖ ਹਿਰਦਾ ਦੁਖੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਅੰਬ ਦੇ ਮੈਨੇਜਰ ਰਜਿੰਦਰ ਸਿੰਘ ਨੇ ਪਿੰਡ ਸ਼ੈਈਮਾਜਰਾ ਦੀ 44 ਮਰਲੇ ਜਮੀਨ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਨਾਲ ਮਿਲੀ ਭੁਗਤ ਕਰਕੇ ਕਰੋੜਾਂ ਦੀ ਜਮੀਨ ਕੋਡੀਆਂ ਦੇ ਭਾਅ ਵੇਚ ਦਿੱਤੀ ਗਈ। ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੜ੍ਹਤਾਲੀਆ ਕਮੇਟੀ ਬਣਾ ਤਾਂ ਦਿੱਤੀ ਗਈ ਪਰ ਗੁਰਦੁਅਰਾ ਸਾਹਿਬ ਨਾਲ ਸਬੰਧਤ ਹਲਕੇ ਦੇ ਮੈਂਬਰ ਪਾਉਣ ਦੀ ਬਜਾਏ ਚਹੇਤੇ ਮੈਂਬਰਾਂ ਨੂੰ ਪਾ ਕੇ ਦੋਸ਼ੀਆਂ ਨੂੰ ਕਲੀਨ ਚਿੱਟ ਦੇਣ ਦੀ ਪੂਰੀ ਯੋਜਨਾ ਤਿਆਰ ਕਰ ਲਈ ਗਈ ਹੈ। ਗਿਆਨ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਹੜੇ ਅਧਿਕਾਰੀਆ ਨੇ ਚਿੱਠੀ ਜਾਰੀ ਕਰਕੇ ਮੈਨੇਜਰ ਨੂੰ ਅਧਿਕਾਰ ਦਿੱਤੇ ਸਨ, ਉਨ੍ਹਾਂ ਖਿਲਾਫ ਵੀ ਬਣਦੀ ਕਾਰਵਾਈ ਕਰਕੇ ਮੁੱਕਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਛੋਟਾ ਮੁਲਾਜ਼ਮ ਬਿਨ੍ਹਾਂ ਸ਼ਹਿ ਦੇ ਬੇਸਕੀਮਤੀ ਜਮੀਨ ਕੋਡੀਆਂ ਦੇ ਭਾਅ ਨਹੀਂ ਵੇਚ ਸਕਦਾ। ਜੇ ਪੰਜਾਬੀ ਸਰਕਾਰ ਵੱਲੋਂ ਪੰਜਾਬ ਦੀਆਂ ਜਮੀਨਾ ਵੇਚਣ ਤੋਂ ਦੁਖੀ ਹੈ ਤਾਂ ਦੁਨੀਆਂ ਭਰ ਵਿਚ ਵਸਦਾ ਹਰ ਸਿੱਖ ਐਸ.ਜੀ.ਪੀ.ਸੀ. ਵੱਲੋਂ ਲੋਕਾਂ ਵੱਲੋਂ ਦਾਨ ਕੀਤੀਆਂ ਜਮੀਨਾ ਵੇਚਣ ਤੋਂ ਵੀ ਦੁਖੀ ਹੈ। ਗਿਆਨ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸਾਰੀ ਦੀ ਸਾਰੀ ਗਾਜ ਮੈਨੇਜਰ ਰਜਿੰਦਰ ਸਿੰਘ 'ਤੇ ਸੁੱਟ ਦੇ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ। ਪ੍ਰਧਾਨ ਗਿ. ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਥੇ ਇੱਕ ਪਾਸੇ ਪੰਜਾਬ ਸਰਕਾਰ ਸਰਕਾਰੀ ਜਮੀਨਾ ਵੇਚ ਕੇ ਆਪਣੀਆਂ ਜੇਬਾਂ ਭਰ ਰਹੀ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਵਿਚ ਕੁਝ ਭ੍ਰਿਸ਼ਟ ਅਧਿਕਾਰੀ ਗੁਰੂ ਘਰਾਂ ਦੀਆਂ ਦਾਨ ਕੀਤੀਆਂ ਹੋਈਆਂ ਜਮੀਨ ਵੇਚ ਕੇ ਆਪਣੀਆਂ ਜੇਬਾਂ ਭਰਨ ਲੱਗੇ ਹੋਏ ਹਨ।

ਪੀ.ਟੀ.ਸੀ. ਚੈਨਲ ਦੇ ਗੁਰਬਾਣੀ ਲਾਈਵ ਬਦਲੇ ਪੀ.ਟੀ.ਸੀ. ਚੈਨਲ ਐਸ.ਜੀ.ਪੀ.ਸੀ ਨੂੰ ਕੁਝ ਰਕਮ ਦਿੰਦਾ ਸੀ। ਭਾਵੇਂ ਸਿੱਖ ਚਿੰਤਕਾਂ ਵੱਲੋਂ ਇਸ ਗੱਲ ਦੀ ਵੀ ਚਿੰਤਾ ਸੀ ਕਿ ਇਹ ਮਾਇਆ ਤੁਛ ਹੈ ਪਰ ਫੇਰ ਵੀ ਅਸੀਂ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਐਸ.ਜੀ.ਪੀ.ਸੀ ਦੇ ਬਜਟ ਵਿਚ ਸਿੱਖਿਆ ਬਜਟ ਨੂੰ 2020-21 ਵਿਚ 2 ਕਰੋੜ 65 ਲੱਖ, 21-22 ਵਿਚ 1 ਕਰੋੜ, 2022-23 ਵਿਚ 2 ਕਰੋੜ 90 ਲੱਖ, ਇਸ ਤੋਂ ਬਾਅਦ 2023-24, 2024-25 ਅਤੇ 2025-26 ਦੀਆਂ ਬਜਟ ਰਿਪੋਰਟ ਸਿੱਖਿਆ ਫੰਡ ਨੂੰ ਪੀ.ਟੀ.ਸੀ. ਵੱਲੋਂ ਇੱਕ ਰੁਪਇਆ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਸ੍ਰੀ ਗੁਰੂ ਗ੍ਰੰਥ ਜੀ ਦੇ ਸਰੂਪਾਂ ਬਾਰੇ ਉਨ੍ਹਾਂ ਦੱਸਿਆ ਕਿ 190 ਸਰੂਪ ਜਿਨ੍ਹਾਂ ਦੀ ਛਪਾਈ ਕਾਗਜ ਨਰਮ ਹੋਣ ਕਰਕੇ ਦੋਨੋਂ ਪਾਸੇ ਦਿਸਦੀ ਸੀ, ਇਸ ਕਰਕੇ ਉਹ ਸਰੂਪ ਗੁਰੂ ਘਰਾਂ ਵਿਚ ਬਿਰਾਜਮਾਨ ਨਹੀਂ ਹੋ ਸਕਦੇ ਸਨ। ਐਸ.ਜੀ. ਪੀ.ਸੀ. ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਿੱਠੀ ਲਿਖ ਕੇ ਪਾਵਨ ਸਰੂਪਾਂ ਦਾ ਸਸਕਾਰ ਕਰਨ ਲਈ ਆਗਿਆ ਮੰਗੀ ਪਰ ਇਸ ਗੱਲ ਦੀ ਐਸ.ਜੀ.ਪੀ.ਸੀ. ਦੀ ਕਿਸੇ ਐਗਜੈਕਟਿਵ ਦੀ ਮੀਟਿੰਗ ਵਿਚ ਜਿਕਰ ਨਹੀਂ ਕੀਤਾ ਗਿਆ। ਐਗਜੈਕਟਿਵ ਦੀ ਮਨਜੂਰੀ ਤੋਂ ਬਿਨ੍ਹਾਂ ਕੋਈ ਵੀ ਹੁਕਮ ਲਾਗੂ ਨਹੀਂ ਕੀਤਾ ਜਾ ਸਕਦਾ। ਪ੍ਰੈਸ ਕਾਨਫਰੰਸ ਵਿਚ ਹੋਰਨਾਂ ਤੋ ਇਲਾਵਾ ਅਜੈਪਾਲ ਸਿੰਘ ਮੀਰਕੋਟ ਸਾਬਕਾ ਵਿਧਾਇਕ, ਮਨਿੰਦਰ ਸਿੰਘ ਧੁੰਨਾ ਸ਼ਹਿਰੀ ਪ੍ਰਧਾਨ , ਗੁਰਵਿੰਦਰ ਸਿੰਘ ਸ਼ਾਮਪੁਰ, ਮਾਸਟਰ ਜੌਹਰ ਸਿੰਘ ਸਾਬਕਾ ਵਿਧਾਇਕ, ਬਿਕਰਮ ਸਿੰਘ ਮੈਂਬਰ ਵਰਕਿੰਗ ਕਮੇਟੀ ਮਧੁਪਾਲ ਸਿੰਘ ਗੋਗਾ ਹਰਜੀਤ ਸਿੰਘ ਪੁਰੇਵਾਲ ਕਵਲਜੀਤ ਸਿੰਘ ਜਨਰਲ ਸਕੱਤਰ ਸ਼ਹਿਰੀ ਜਪਿੰਦਰ ਸਿੰਘ ਵੈਦ ਹਰਜੀਤ ਸਿੰਘ ਜਗਤਾਰ ਸਿੰਘ ਆਦਿ ਹਾਜ਼ਰ ਸਨ।

# ਆਈ.ਟੀ. ਵਿਭਾਗ ਵੱਲੋਂ ਨਵੇਂ ਆਮਦਨ ਕਰ ਐਕਟ ਤੇ ਟੀਡੀਐੱਸ/ਟੀਸੀਐੱਸ ਪ੍ਰਾਵਧਾਨਾਂ 'ਤੇ ਸੈਮੀਨਾਰ



ਅੰਮ੍ਰਿਤਸਰ, 5 ਫਰਵਰੀ (ਚ.ਨ.ਸ.): ਆਮਦਨ ਕਰ ਵਿਭਾਗ, ਟੀਡੀਐੱਸ ਚਾਰਜ, ਅੰਮ੍ਰਿਤਸਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਨਵੇਂ ਆਮਦਨ ਕਰ ਐਕਟ, ਨਵੇਂ ਟੀਡੀਐੱਸ/ ਟੀਸੀਐੱਸ ਪ੍ਰਾਵਧਾਨਾਂ ਤੇ ਉਨ੍ਹਾਂ ਦੀ ਅਨੁਕੂਲਤਾ ਬਾਰੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਨੂੰ ਲੁਧਿਆਣਾ ਦੇ ਜੁਆਇੰਟ ਆਮਦਨ ਕਰ ਕਮਿਸ਼ਨਰ ਭੂਪਿੰਦਰ ਸਿੰਘ ਤੇ ਅੰਮ੍ਰਿਤਸਰ ਦੇ ਆਮਦਨ ਕਰ ਅਧਿਕਾਰੀ ਵਿਕਾਸ ਕੁਮਾਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਲੋਕਾਂ ਨੂੰ ਨਵੇਂ ਆਮਦਨ ਕਰ ਐਕਟ, 2025 ਦੀਆਂ ਮੁੱਖ ਵਿਸ਼ੇਸ਼ਤਾਵਾਂ, ਹਾਲੀਆ ਸੋਧਾਂ, ਨਵੇਂ ਟੀਡੀਐੱਸ/ਟੀਸੀਐੱਸ ਸੈਕਸ਼ਨਾਂ ਤੇ ਕਾਨੂੰਨੀ ਅਨੁਕੂਲਤਾ ਦੀਆਂ ਲੋੜਾਂ ਬਾਰੇ ਜਾਣੂ ਕਰਵਾਇਆ।

ਇਸ ਸੈਮੀਨਾਰ ਦਾ ਟੀਚਾ ਡੀਡੀਓ ਵੱਜੋਂ ਸੇਵਾ ਨਿਭਾ ਰਹੇ ਅਧਿਕਾਰੀਆਂ ਤੇ ਹੋਰ ਹਿੱਸੇਦਾਰਾਂ 'ਚ ਜਾਗਰੂਕਤਾ ਵਧਾਉਣਾ, ਪ੍ਰਕਿਰਿਆਤਮਕ ਗੜਬੜੀਆਂ ਨੂੰ ਘਟਾਉਣਾ ਤੇ ਕਰ ਕਟੌਤੀ ਤੇ ਸੰਗ੍ਰਹਿ 'ਚ ਸਮੇਂ ਸਿਰ ਤੇ ਸਹੀ ਅਨੁਕੂਲਤਾ ਨੂੰ ਉਤਸ਼ਾਹਿਤ ਕਰਨਾ ਸੀ। ਸੈਮੀਨਾਰ ਦੌਰਾਨ ਟੀਡੀਐੱਸ/ਟੀਸੀਐੱਸ ਪ੍ਰਾਵਧਾਨਾਂ ਅਧੀਨ ਗੈਰ-ਅਨੁਕੂਲਤਾ ਅਤੇ ਚੂਕ ਦੇ ਨਤੀਜਿਆਂ 'ਤੇ ਵੀ ਰੌਸ਼ਨੀ ਪਾਈ ਗਈ। ਪ੍ਰੋਗਰਾਮ ਦੌਰਾਨ ਭਾਗੀਦਾਰਾਂ ਨੂੰ ਅਧਿਕਾਰੀਆਂ ਨਾਲ ਸਿੱਧਾ ਸੰਵਾਦ ਕਰਨ ਤੇ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਸਭਾ ਨੂੰ ਸੰਬੋਧਨ ਕਰਦਿਆਂ ਸ਼੍ਰੀ ਭੂਪਿੰਦਰ ਸਿੰਘ ਨੇ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਟੀਚਾ ਟੀਡੀਐੱਸ ਤੇ ਟੀਸੀਐੱਸ ਅਧੀਨ ਨਵੇਂ ਕਰ ਪ੍ਰਾਵਧਾਨਾਂ ਬਾਰੇ ਵਿਸਥਾਰਤ ਜਾਣਕਾਰੀ ਦੇ ਕੇ ਹਿੱਸੇਦਾਰਾਂ ਦੀ ਸਮਰੱਥਾ ਵਿਕਸਿਤ ਕਰਨਾ ਹੈ, ਜੋ ਕਿ ਸੀਬੀਡੀਟੀ ਦੀ 'ਹਿੱਸੇਦਾਰਾਂ ਦੀ ਸਮਰੱਥਾ ਵਿਕਾਸ' ਪਹਿਲ ਦੇ ਅਨੁਰੂਪ ਹੈ। ਇਹ ਸੈਮੀਨਾਰ ਸਿੱਖਿਅਕ ਸੰਸਥਾਵਾਂ ਨਾਲ ਸੰਵਾਦ ਸਥਾਪਤ ਕਰਨ ਤੇ ਜਾਣਕਾਰੀ ਅਧਾਰਤ ਕਰ ਅਭਿਆਸ ਨੂੰ ਉਤਸ਼ਾਹਿਤ ਕਰਨ ਲਈ ਆਮਦਨ ਕਰ ਵਿਭਾਗ ਦੇ ਲਗਾਤਾਰ ਯਤਨਾਂ ਦਾ ਹਿੱਸਾ ਹੈ। ਬਹਿਰਹਾਲ ਇਸ ਸੈਮੀਨਾਰ ਜ਼ਰੀਏ ਵਿਭਾਗ ਨੇ ਦੇਸ਼ ਭਰ 'ਚ ਕਰ ਨੀਤੀਆਂ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਤੇ ਕਰਾਧਾਨ ਤੇ ਅਨੁਕੂਲਤਾ ਪ੍ਰਤੀ ਲੋਕਾਂ ਦੀ ਜਾਗਰੂਕਤਾ ਵਧਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ।

# ਦੇਸ਼ ਦੇ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਸਾਬਤ ਹੋਏ ਮੋਦੀ : ਭੂਪੇਸ਼ ਬਘੇਲ

ਭੋਆ, 5 ਫ਼ਰਵਰੀ (ਅੰਮ੍ਰਿਤਪਾਲ ਸਿੰਘ): ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਮਾਮਲਿਆਂ ਲਈ ਏਆਈਸੀਸੀ ਦੇ ਇੰਚਾਰਜ ਭੂਪੇਸ਼ ਬਘੇਲ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਲਈ ਗੰਭੀਰ ਤੌਰ 'ਤੇ ਖਤਰਨਾਕ ਸਾਬਤ ਹੋ ਰਹੇ ਹਨ, ਜਿਹੜੇ ਉਹ ਦੇਸ਼ ਦੇ ਸਭ ਤੋਂ ਕਮਜ਼ੋਰ ਤੇ ਕਾਇਰ ਪ੍ਰਧਾਨ ਮੰਤਰੀ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਜਿੰਨੀ ਜਲਦੀ ਕੁਰਸੀ ਤੋਂ ਹੱਟਣਗੇ, ਦੇਸ਼ ਲਈ ਉਨਾ ਹੀ ਚੰਗਾ ਹੋਵੇਗਾ। ਇੱਥੇ 'ਮਨਰੇਗਾ ਬਚਾਓ ਸੰਘਰਸ਼' ਦੇ ਤਹਿਤ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ, ਬਘੇਲ ਨੇ ਕਿਹਾ ਕਿ ਮੋਦੀ ਅਮਰੀਕਾ ਅਤੇ ਚੀਨ ਵੱਲੋਂ ਆਸਾਨੀ ਨਾਲ ਦਬਾਅ ਹੇਠ ਆ ਜਾਂਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਦੋਵੇਂ ਦੇਸ਼ਾਂ ਨੇ ਮੋਦੀ ਦੀਆਂ ਕੁਝ ਕਮਜ਼ੋਰੀਆਂ ਲੱਭ ਲਈਆਂ ਹਨ, ਜਿਨ੍ਹਾਂ ਦਾ ਉਹ ਹੁਣ ਫਾਇਦਾ ਚੁੱਕ ਰਹੇ ਹਨ। ਇਸ ਲੜੀ ਹੇਠ, ਮੋਦੀ ਨੂੰ ਇੱਕ ਕਾਇਰ ਪ੍ਰਧਾਨ ਮੰਤਰੀ ਦੱਸਦਿਆਂ, ਉਨ੍ਹਾਂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਨ੍ਹਾਂ 'ਤੇ ਆਪਣੀਆਂ ਸ਼ਰਤਾਂ ਲਾਗੂ ਕਰ ਰਹੇ ਹਨ। ਉਨ੍ਹਾਂ ਨੇ ਹਾਲ ਹੀ ਦੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਜ਼ਿਕਰ ਕਰਦਿਆਂ, ਕਿਹਾ ਕਿ ਇਹ ਬਿਲਕੁਲ ਵੀ ਬਰਾਬਰੀ ਦੇ ਅਧਾਰ 'ਤੇ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਿੱਥੇ ਅਮਰੀਕਾ ਭਾਰਤੀ ਸਮਾਨ 'ਤੇ 18 ਫ਼ੀਸਦੀ ਸ਼ੁਲਕ ਲਗਾਏਗਾ, ਉੱਥੇ ਹੀ ਭਾਰਤ ਨੇ ਅਮਰੀਕੀ ਆਯਾਤ 'ਤੇ 'ਜ਼ੀਰੋ ਟੈਰਿਫ਼' ਮਨਜ਼ੂਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਕਦੇ ਨਹੀਂ ਹੋਇਆ ਹੈ ਕਿ ਕਿਸੇ ਦੇਸ਼ ਨੇ ਅਮਰੀਕਾ ਨੂੰ 'ਜ਼ੀਰੋ ਟੈਰਿਫ਼' ਦੀ ਸਹੂਲਤ ਦਿੱਤੀ ਹੋਵੇ। ਉਨ੍ਹਾਂ ਕਿਹਾ



ਕਿ ਪਾਕਿਸਤਾਨ ਵਰਗਾ ਦੇਸ਼ ਵੀ ਅਮਰੀਕਾ 'ਤੇ 11 ਫ਼ੀਸਦੀ ਸ਼ੁਲਕ ਲਗਾਉਂਦਾ ਹੈ, ਜਦਕਿ ਮੋਦੀ ਨੇ ਪੂਰੀ ਤਰ੍ਹਾਂ ਸਮਰਪਣ ਕਰ ਦਿੱਤਾ ਹੈ। ਮਨਰੇਗਾ ਵਿੱਚ ਕੀਤੀਆਂ ਤਬਦੀਲੀਆਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਭਰੋਸਾ ਜਤਾਇਆ ਕਿ ਜਿਵੇਂ ਮੋਦੀ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਗਿਆ ਸੀ, ਠੀਕ ਉਸੇ ਤਰ੍ਹਾਂ ਮਨਰੇਗਾ ਨੂੰ ਵੀ ਇਸਦੇ ਅਸਲ ਰੂਪ ਵਿੱਚ ਮੁੜ ਬਹਾਲ ਕਰਨਾ ਪਵੇਗਾ।

ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੋਦੀ ਸ਼ੁਰੂ ਤੋਂ ਹੀ ਮਨਰੇਗਾ ਦੇ ਵਿਰੋਧੀ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਹੌਲੀ-ਹੌਲੀ ਇਸ ਕਾਨੂੰਨ ਨੂੰ ਕਮਜ਼ੋਰ ਕੀਤਾ ਹੈ, ਜਿਹੜਾ ਪਿੰਡਾਂ ਦੇ ਗਰੀਬ ਲੋਕਾਂ ਨੂੰ ਸਾਲ ਵਿੱਚ 100 ਦਿਨਾਂ ਦੇ ਰੋਜ਼ਗਾਰ ਦੀ ਗਾਰੰਟੀ ਦਿੰਦਾ ਹੈ। ਉਨ੍ਹਾਂ ਨੇ ਸਰਕਾਰ ਦੇ ਇਸ ਦਾਅਵੇ 'ਤੇ ਟਿੱਪਣੀ ਕਰਦਿਆਂ ਕਿ ਹੁਣ 125 ਦਿਨਾਂ ਦਾ ਰੋਜ਼ਗਾਰ ਦਿੱਤਾ ਜਾਵੇਗਾ, ਕਿਹਾ ਕਿ ਜਦੋਂ ਇਹ 100 ਦਿਨਾਂ ਦਾ ਰੋਜ਼ਗਾਰ ਹੀ ਨਹੀਂ ਦੇ ਸਕੇ, ਤਾਂ 125 ਦਿਨ ਕਿਵੇਂ ਦੇਣਗੇ। ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਦੌਰਾਨ ਔਸਤਨ ਸਾਲ ਵਿੱਚ ਸਿਰਫ਼ 48 ਦਿਨਾਂ ਦਾ ਰੋਜ਼ਗਾਰ ਹੀ ਦਿੱਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਲੁਧਿਆਣਾ ਵਿੱਚ 1.21 ਲੱਖ ਪਰਿਵਾਰਾਂ ਨੇ ਕੰਮ ਲਈ ਰਜਿਸਟ੍ਰੇਸ਼ਨ ਕਰਵਾਈ, ਪਰ ਕੇਵਲ 12 ਪਰਿਵਾਰਾਂ ਨੂੰ ਹੀ 100 ਦਿਨਾਂ ਦਾ ਕੰਮ ਮਿਲਿਆ।

ਇਸੇ ਤਰ੍ਹਾਂ, ਲੋਕਾਂ ਨੂੰ ਇਕਜੁੱਟਤਾ ਅਤੇ ਭਾਈਚਾਰੇ ਦੀ ਅਪੀਲ ਕਰਦਿਆਂ, ਉਨ੍ਹਾਂ ਭਾਜਪਾ ਦੀਆਂ ਵੰਡਣ ਵਾਲੀਆਂ ਨੀਤੀਆਂ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਹਾਲੀਆ ਡੇਰਾ ਬੱਲਾਂ ਫੇਰੀ ਦਾ ਜ਼ਿਕਰ ਕਰਦਿਆਂ, ਕਿਹਾ ਕਿ ਭਾਜਪਾ ਧਰਮ ਅਤੇ ਜਾਤ ਦੇ ਨਾਮ 'ਤੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮੌਕੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮਨਰੇਗਾ ਕੋਈ ਦਾਨ ਯੋਜਨਾ ਨਹੀਂ, ਸਗੋਂ ਪਿੰਡਾਂ ਲਈ ਜੀਵਨ ਰੇਖਾ ਅਤੇ ਗਰੀਬਾਂ ਦਾ ਕਾਨੂੰਨੀ ਹੱਕ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕਾਂਗਰਸ ਵੱਲੋਂ ਗਰੀਬਾਂ ਤੇ ਆਮ ਲੋਕਾਂ ਨੂੰ ਦਿੱਤੇ ਹਰ ਹੱਕ ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜਿੱਥੇ ਪਿੰਡਾਂ ਦੇ ਮਜ਼ਦੂਰ ਰੋਜ਼ਗਾਰ ਅਤੇ ਸਮੇਂ 'ਤੇ ਭੁਗਤਾਨ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਹੀ ਸਰਕਾਰ ਇਸ਼ਤਿਹਾਰਾਂ ਤੇ ਦਿਖਾਵੇ ਵਿੱਚ ਵਿਅਸਤ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਕੰਮ, ਇੱਜ਼ਤ ਅਤੇ ਪਾਰਦਰਸ਼ਤਾ ਦੀ ਲੋੜ ਹੈ, ਨਾ ਕਿ ਖੋਖਲੇ ਨਾਅਰੇ ਚਾਹੀਦੇ ਹਨ।

ਇਸ ਦੌਰਾਨ ਸਾਰੇ ਬੁਲਾਰਿਆਂ ਨੇ ਭੋਆ ਤੋਂ ਸਾਬਕਾ ਵਿਧਾਇਕ ਜੋਗਿੰਦਰ ਪਾਲ ਨੂੰ ਘੱਟ ਸਮੇਂ ਵਿੱਚ ਪ੍ਰਭਾਵਸ਼ਾਲੀ ਸਮਾਗਮ ਕਰਵਾਉਣ ਲਈ ਵਧਾਈ ਦਿੱਤੀ। ਜਿੱਥੇ ਏਆਈਸੀਸੀ ਜਨਰਲ ਸਕੱਤਰ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਸੰਬੋਧਨ ਕੀਤਾ। ਜਿੱਥੇ ਹੋਰਨਾਂ ਤੋਂ ਇਲਾਵਾ, ਅਰੁਣਾ ਚੌਧਰੀ, ਜੋਗਿੰਦਰ ਪਾਲ, ਅਮਿਤ ਵਿਜ, ਬਰਿੰਦਰਮੀਤ ਸਿੰਘ ਪਾਹੜਾ ਸਣੇ ਹੋਰ ਆਗੂ ਵੀ ਮੌਜੂਦ ਰਹੇ।

# ਸਰਨਾ ਭਰਾਵਾਂ ਰਾਹੀਂ ਸੁਖਬੀਰ ਸਿੰਘ ਬਾਦਲ ਕਾਂਗਰਸ ਨਾਲ ਗਠਜੋੜ ਲਈ ਪੱਬਾਂ ਭਾਰ : ਕਾਲਕਾ, ਕਾਹਲੋਂ

ਨਵੀਂ ਦਿੱਲੀ, 5 ਫਰਵਰੀ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸਰਨਾ ਭਰਾਵਾਂ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਂਗਰਸ ਪਾਰਟੀ ਨਾਲ ਗਠਜੋੜ ਕਰਨਾ ਚਾਹੁੰਦੇ ਹਨ ਤੇ ਇਸੇ ਵਾਸਤੇ ਹਰਵਿੰਦਰ ਸਿੰਘ ਸਰਨਾ ਦੀ ਬੀਤੀ ਸ਼ਾਮ ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਹੋਈ ਹੈ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਹਰਵਿੰਦਰ ਸਿੰਘ ਸਰਨਾ ਬੀਤੀ ਸ਼ਾਮ ਬੁੱਕੇ ਲੈ ਕੇ ਰਾਹੁਲ ਗਾਂਧੀ ਕੋਲ ਪਹੁੰਚੇ ਅਤੇ ਗਠਜੋੜ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਜਿਹੜੀ ਪਾਰਟੀ ਨੇ 1984 ਵਿਚ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜੇ ਅਤੇ ਕਤਲੇਆਮ ਕੀਤਾ, ਅਕਾਲੀ ਦਲ ਬਾਦਲ ਉਸ ਪਾਰਟੀ ਨਾਲ ਗਠਜੋੜ ਕਰਨ ਵਾਸਤੇ ਪੱਬਾਂ ਭਾਰ ਹੈ ਜੋ ਕਿ ਬਹੁਤ ਸ਼ਰਮ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਅਸੀਂ ਹੁਣੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਬਾਰੇ ਲਿਖਤੀ ਸ਼ਿਕਾਇਤ ਵੀ ਭੇਜ ਰਹੇ ਹਾਂ।

ਉਹਨਾਂ ਕਿਹਾ ਕਿ ਸਾਰੀ ਸਿੱਖ ਸੰਗਤ ਜਾਣਦੀ ਹੈ ਕਿ ਸਰਨਾ ਭਰਾਵਾਂ ਦੇ ਦਿੱਲੀ ਗੁਰਦੁਆਰਾ ਕਮੇਟੀ ਦੇ ਕਾਰਜਕਾਲ ਦੌਰਾਨ




ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਜਾਂਦਾ ਰਿਹਾ। ਉਹਨਾਂ ਕਿਹਾ ਕਿ ਅਸੀਂ ਕਦੇ ਵੀ ਸਿੱਖ ਕੌਮ ਨੂੰ ਇਸ ਤਰੀਕੇ ਕਲੰਕਿਤ ਕਰਨ ਦੀ ਆਗਿਆ ਨਹੀਂ ਦੇਵਾਂਗੇ ਅਤੇ ਅਸੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਮੰਗ ਕਰਾਂਗੇ ਕਿ ਹਰਵਿੰਦਰ ਸਿੰਘ ਸਰਨਾ ਤੇ ਪਰਮਜੀਤ ਸਿੰਘ ਸਰਨਾ ਦੇ ਖਿਲਾਫ ਕਾਰਵਾਈ ਵੀ ਕੀਤੀ ਜਾਵੇ ਅਤੇ ਜਵਾਬਤਲਬੀ ਕੀਤੀ ਜਾਵੇ ਕਿ ਇਹ ਘਿਨੌਣਾ ਪਾ ਉਹਨਾਂ ਨੇ ਕਿਉਂ ਕੀਤਾ। ਉਹਨਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਵੀ ਸਵਾਲ ਕੀਤਾ ਕਿ ਕੀ ਹਰਵਿੰਦਰ ਸਿੰਘ ਸਰਨਾ ਉਹਨਾਂ ਨੂੰ ਪੁੱਛ ਕੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਗਏ ਸਨ? ਜੇਕਰ ਪੁੱਛ ਕੇ ਨਹੀਂ ਗਏ ਤਾਂ ਉਹਨਾਂ ਨੂੰ ਪਾਰਟੀ ਵਿਚੋਂ ਬਾਹਰ ਕੱਢਿਆ ਜਾਵੇ ਅਤੇ ਜੇਕਰ ਪੁੱਛ ਕੇ ਗਏ ਸਨ ਤਾਂ ਸਪਸ਼ਟ ਹੈ ਕਿ ਬਾਦਲ ਖੁਦ ਕਾਂਗਰਸ ਨਾਲ ਗਠਜੋੜ ਚਾਹੁੰਦੇ ਹਨ।

ਇਸ ਮੌਕੇ ਕਾਲਕਾ ਤੇ ਕਾਹਲੋਂ ਨੇ ਇਹ ਵੀ ਆਖਿਆ ਕਿ ਸਰਨਾ ਭਰਾ ਅਤੇ ਮਨਜੀਤ ਸਿੰਘ ਜੀ.ਕੇ. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੌਮ ਦੀਆਂ ਜਾਇਦਾਦਾਂ ਵੇਚਣ ਦੀਆਂ ਝੂਠੀਆਂ ਅਫਵਾਹਾਂ ਤਾਂ ਫੈਲਾਉਂਦੇ ਰਹਿੰਦੇ ਹਨ ਪਰ ਉਹ ਹੁਣ ਦੋਵਾਂ ਆਗੂਆਂ ਨੂੰ ਪੁੱਛਣਾ ਚਾਹੁੰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਦੀ ਜ਼ਮੀਨ ਵੇਚ ਦਿੱਤੀ ਗਈ ਹੈ, ਇਸ ਬਾਰੇ ਉਹਨਾਂ ਆਪਣੀ ਚੁੱਪੀ ਕਿਉਂ ਨਹੀਂ ਤੋੜੀ। ਉਹਨਾਂ ਕਿਹਾ ਕਿ ਕਰੋੜਾਂ ਰੁਪਏ ਦੀ ਬੇਸ਼ਕੀਮਤੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ ਗਈ ਹੈ ਪਰ ਸਰਨਾ ਤੇ ਜੀ.ਕੇ. ਦੋਵੇਂ ਚੁੱਪ ਹਨ ਜਦੋਂ ਕਿ ਮਾਮਲਾ ਉਜਾਗਰ ਹੋਏ ਨੂੰ ਤਿੰਨ ਦਿਨ ਬੀਤ ਗਏ ਹਨ। ਉਹਨਾਂ ਕਿਹਾ ਕਿ ਇਸ ਤੋਂ ਉਹਨਾਂ ਦਾ ਦੋਗਲਾ ਚੇਹਰਾ ਇਕ ਵਾਰ ਫਿਰ ਨੰਗਾ ਹੋ ਗਿਆ ਹੈ। ਉਹਨਾਂ ਕਿਹਾ ਕਿ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਤੁਸੀਂ ਝੂਠ ਬੋਲ ਕੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਤਾਂ ਬਦਨਾਮ ਕਰਦੇ ਹੋ ਪਰ ਪੰਥ ਤੇ ਦਿੱਲੀ ਦੀ ਸੰਗਤ ਤੁਹਾਡੇ ਕੋਲੋਂ ਜਵਾਬ ਚਾਹੁੰਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਬੇਸ਼ਕੀਮਤੀ ਜ਼ਮੀਨ ਵੇਚਣ ਦੇ ਮਾਮਲੇ 'ਤੇ ਤੁਸੀਂ ਕਿਉਂ ਚੁੱਪ ਹੋ ? ਕੀ ਇਕ ਮੈਨੇਜਰ ਨੂੰ ਸਸਪੈਂਡ ਕਰ ਦੇਣਾ ਕਾਫੀ ਹੈ ? ਉਹਨਾਂ ਕਿਹਾ ਕਿ ਗੁਰੂ ਘਰਾਂ ਦੀ ਜ਼ਮੀਨ ਸ਼ਹਾਦਤਾਂ ਨਾਲ, ਮੋਰਚਿਆਂ ਨਾਲ ਹੀ ਬਣੀਆਂ ਹਨ। ਉਹਨਾਂ ਨੇ ਪੰਜਾਬ ਸਰਕਾਰ ਨੂੰ ਅਪੀਲਕੀਤੀ ਕਿ ਵਿਜੀਲੈਂਸ ਤੋਂ ਇਸ ਗੱਲ ਦੀ ਜਾਂਚ ਕਰਵਾਈ ਜਾਵੇ ਕਿ ਗੁਰੂ ਘਰ ਦੀ ਇਹ ਜ਼ਮੀਨ ਕਿਵੇਂ ਵੇਚੀ ਗਈ ਤੇ ਕੌਣ ਕੌਣ ਸਾਜ਼ਿਸ਼ ਵਿਚ ਸ਼ਾਮਲ ਸੀ, ਉਹਨਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

## ਸੰਪਾਦਕੀ

# ਚੋਣ ਕਮਿਸ਼ਨ ਬਨਾਮ ਮਮਤਾ ਬੈਨਰਜੀ

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ ਨੂੰ ਲੈ ਕੇ ਸਵਾਲਾਂ ਦੀ ਲੜੀ ਬੇਰੋਕ ਜਾਰੀ ਹੈ। ਬਿਹਾਰ ਤੋਂ ਸ਼ੁਰੂ ਹੋਇਆ ਅਤੇ ਫਿਰ ਉੱਤਰ ਪ੍ਰਦੇਸ਼ ਤੱਕ ਫੈਲਿਆ ਇਹ ਵਿਵਾਦ ਹੁਣ ਪੱਛਮੀ ਬੰਗਾਲ ਵਿੱਚ ਕੇਂਦਰਿਤ ਹੋ ਗਿਆ ਹੈ। ਸੋਧ ਪ੍ਰਕਿਰਿਆ ਦਾ ਉਦੇਸ਼ ਵੋਟਰ ਸੂਚੀ ਵਿੱਚੋਂ ਅਯੋਗ ਵਿਅਕਤੀਆਂ ਨੂੰ ਹਟਾਉਣਾ ਹੈ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਆਪਣੇ ਨਾਮ ਗਲਤ ਢੰਗ ਨਾਲ ਤਬਦੀਲ ਕਰ ਚੁੱਕੇ ਹਨ, ਮਰ ਚੁੱਕੇ ਹਨ ਜਾਂ ਆਪਣੇ ਨਾਮ ਦਰਜ ਕਰਵਾਏ ਹਨ। ਇਸ ਅਭਿਆਸ ਨੂੰ ਚੋਣ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅਤੇ ਕੋਈ ਵੀ ਇਸ 'ਤੇ ਇਤਰਾਜ਼ ਨਹੀਂ ਕਰੇਗਾ। ਹਾਲਾਂਕਿ, ਸਭ ਤੋਂ ਮਹੱਤਵਪੂਰਨ ਪਹਿਲੂ ਪਾਰਦਰਸ਼ਤਾ ਅਤੇ ਨਿਰਪੱਖਤਾ ਹੈ। ਵੱਖ-ਵੱਖ ਰਾਜਾਂ ਵਿੱਚ ਇਸ ਪ੍ਰਕਿਰਿਆ ਦੇ ਤਹਿਤ ਡਰਾਫਟ ਵੋਟਰ ਸੂਚੀ ਵਿੱਚੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬਾਹਰ ਕੱਢਣ ਦੇ ਦਾਅਵਿਆਂ ਨੇ ਨਾਗਰਿਕਾਂ ਵਿੱਚ ਕਈ ਚਿੰਤਾਵਾਂ ਪੈਦਾ ਕੀਤੀਆਂ ਹਨ। ਇੱਕ ਸਬੰਧਤ ਮਾਮਲੇ ਵਿੱਚ ਪੱਛਮੀ ਬੰਗਾਲ ਸਰਕਾਰ ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਦੇ ਸਾਹਮਣੇ ਆਪਣਾ ਕੇਸ ਪੇਸ਼ ਕਰਦੇ ਹੋਏ ਦੋਸ਼ ਲਗਾਇਆ ਕਿ ਰਾਜ ਦੇ ਨਾਗਰਿਕਾਂ ਦੇ ਅਧਿਕਾਰ ਦੀ ਉਲੰਘਣਾ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਹਰ ਸਮੱਸਿਆ ਦਾ ਹੱਲ ਹੁੰਦਾ ਹੈ ਅਤੇ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਯੋਗ ਵਿਅਕਤੀ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਇਹ ਧਿਆਨ ਦੇਣ ਯੋਗ ਹੈ ਕਿ ਸੋਧ ਪ੍ਰਕਿਰਿਆ ਦੌਰਾਨ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਸਾਹਮਣੇ ਆਈਆਂ ਹਨ ਕਿ ਨਾਗਰਿਕਾਂ ਦੇ ਨਾਮ ਇਸ ਦੇ ਕਾਰਨਾਂ ਬਾਰੇ ਦੱਸੇ ਬਿਨਾਂ ਵੋਟਰ ਸੂਚੀ ਵਿੱਚੋਂ ਮਨਮਾਨੇ ਢੰਗ ਨਾਲ ਬਾਹਰ ਕੱਢ ਦਿੱਤੇ ਗਏ ਸਨ। ਸਿੱਟੇ ਵਜੋਂ ਚੋਣ ਕਮਿਸ਼ਨ ਦੀ ਵੋਟਰ ਸੂਚੀ ਤੋਂ ਬਾਹਰ ਰੱਖੇ ਗਏ ਲੋਕਾਂ ਨੂੰ ਸਮੇਂ ਸਿਰ ਸੂਚਿਤ ਕਰਨ ਅਤੇ ਉਨ੍ਹਾਂ ਨੂੰ ਆਪਣੀ ਯੋਗਤਾ ਸਾਬਤ ਕਰਨ ਲਈ ਢੁਕਵੇਂ ਮੌਕੇ ਪ੍ਰਦਾਨ ਕਰਨ ਦੀ ਯੋਗਤਾ 'ਤੇ ਸਵਾਲ ਉਠਾਉਣਾ ਸੁਭਾਵਿਕ ਹੈ। ਸਪੱਸ਼ਟ ਤੌਰ 'ਤੇ ਜੇਕਰ ਸੋਧ ਨੂੰ ਨਿਰਪੱਖ ਅਤੇ ਪਾਰਦਰਸ਼ੀ ਵਜੋਂ ਤਰਜੀਹ ਦਿੱਤੀ ਜਾਂਦੀ, ਤਾਂ ਬੇਲੋੜੇ ਵਿਵਾਦ ਪੈਦਾ ਨਹੀਂ ਹੁੰਦੇ। ਪਹਿਲਾਂ, ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਵਿੱਚ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਦੇ ਸੰਦਰਭ ਵਿੱਚ ਸਪੱਸ਼ਟ ਤੌਰ 'ਤੇ ਨਿਰਦੇਸ਼ ਦਿੱਤਾ ਸੀ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਤਰਕਪੂਰਨ ਅੰਤਰਾਂ ਵਾਲੇ ਸ਼੍ਰੇਣੀਬੱਧ ਕੀਤੇ ਗਏ ਵੋਟਰਾਂ ਦੀ ਤਸਦੀਕ ਪਾਰਦਰਸ਼ੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਨਾਗਰਿਕਾਂ ਨੂੰ ਕੋਈ ਅਸੁਵਿਧਾ ਜਾਂ ਤਣਾਅ ਨਾ ਦੇਵੇ। ਪੱਛਮੀ ਬੰਗਾਲ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਲੀਲ ਦਿੱਤੀ ਕਿ ਚੋਣ ਕਮਿਸ਼ਨ ਨੂੰ ਤਰਕਪੂਰਨ ਅੰਤਰਾਂ ਦੀ ਸੂਚੀ ਵਿੱਚ ਨਾਮ ਸ਼ਾਮਲ ਕਰਨ ਦੇ ਕਾਰਨਾਂ ਨੂੰ ਤੁਰੰਤ ਜਨਤਕ ਕਰਨਾ ਚਾਹੀਦਾ ਹੈ ਤਾਂ ਜੋ ਸਬੰਧਤ ਵਿਅਕਤੀ ਅੰਤਰਾਂ ਦੀ ਪਛਾਣ ਕਰ ਸਕਣ ਅਤੇ ਲੋੜੀਂਦੇ ਸੁਧਾਰ ਕਰ ਸਕਣ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਰਾਜ ਵਿੱਚ 13.6 ਮਿਲੀਅਨ ਲੋਕਾਂ ਨੂੰ ਉਨ੍ਹਾਂ ਦੇ ਨਾਵਾਂ, ਉਪਨਾਮਾਂ ਜਾਂ ਉਮਰ ਵਿੱਚ ਗਲਤੀਆਂ ਨਾਲ ਸਬੰਧਤ ਤਰਕਪੂਰਨ ਅੰਤਰਾਂ ਦੀ ਉਲੰਘਣਾ ਲਈ ਨੋਟਿਸ ਜਾਰੀ ਕੀਤੇ ਗਏ ਹਨ। ਬੰਗਾਲੀ ਬੋਲੀ ਜਾਣ ਵਾਲੀ ਭਾਸ਼ਾ ਦਾ ਹਵਾਲਾ ਦਿੰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਹਾਲਾਂਕਿ ਇਸ ਨਾਲ ਕਈ ਵਾਰ ਗਲਤ ਸ਼ਬਦ-ਜੋੜ ਹੋ ਜਾਂਦੇ ਹਨ ਪਰ ਇਹ ਜ਼ਰੂਰੀ ਹੈ ਕਿ ਯੋਗ ਵਿਅਕਤੀ ਵੋਟਰ ਸੂਚੀ ਵਿੱਚ ਬਣੇ ਰਹਿਣ। ਸਵਾਲ ਇਹ ਹੈ ਕਿ ਅਦਾਲਤ ਨੂੰ ਵਿਸ਼ੇਸ਼ ਤੀਬਰ ਸੋਧ ਪ੍ਰਕਿਰਿਆ ਸਬੰਧੀ ਨਿਰਦੇਸ਼ ਜਾਰੀ ਕਰਨ ਦੀ ਲੋੜ ਕਿਉਂ ਹੈ, ਜੋ ਕਿ ਚੋਣ ਕਮਿਸ਼ਨ ਨੂੰ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਆਪਣੇ ਆਪ ਕਰਨੀ ਚਾਹੀਦੀ ਸੀ। ਇਸ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਕੋਈ ਵੀ ਯੋਗ ਵਿਅਕਤੀ ਵੋਟਰ ਸੂਚੀ ਤੋਂ ਬਾਹਰ ਨਾ ਰਹੇ, ਤਾਂ ਜੋ ਚੋਣ ਕਮਿਸ਼ਨ ਵਿੱਚ ਜਨਤਾ ਦਾ ਵਿਸ਼ਵਾਸ ਪੂਰੀ ਤਰ੍ਹਾਂ ਬਣਿਆ ਰਹੇ।

**-ਜਗਜੀਤ ਸਿੰਘ ਦਰਦੀ**

# ਭਾਰਤੀ ਲੋਕਤੰਤਰ ਦੀ ਸੰਸਦ ਅੱਜ ਇੱਕ ਸੰਕਟਕਾਲੀ ਮੋੜ 'ਤੇ ਖੜ੍ਹੀ ਹੈ ?

## ਕਾਂਗਰਸ ਅੱਜ ਨਾ ਵਿਜ਼ਨ, ਨਾ ਆਈਡੀਆਜ਼, ਨਾ ਪਲਾਨਵਾਲੀ ਪਾਰਟੀ

### ☛ ਸਰਕਾਰ ਤੇ ਵਿਰੋਧੀ ਪਾਰਟੀਆਂ 'ਚ ਭਰੋਸਾ ਖ਼ਤਮ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਮੌਜੂਦਾ ਸੰਸਦ ਵਿੱਚ ਸਰਕਾਰ ਤੇ ਵਿਰੋਧੀ ਪਾਰਟੀਆਂ ਦੀ ਆਪਸੀ ਭਰੋਸੇ ਦੀ ਦੀਵਾਰ ਖ਼ਤਮ ਹੋ ਗਈ ਹੈ ਤੇ ਮਾਮਲਾ ਐਨਾ ਵੱਧ ਗਿਆ ਹੈ ਕਿ ਹੁਣ ਇਹ ਲੋਕਤੰਤਰ ਦੀਆਂ ਰਵਾਇਤਾਂ 'ਤੇ ਆ ਗਿਆ ਹੈ। ਜਿੱਥੇ ਇਸ ਦੀ ਮੁੱਖ ਭੂਮਿਕਾ-ਬਹਿਸ, ਚਰਚਾ, ਜਵਾਬਦੇਹੀ ਅਤੇ ਲੋਕ ਕਲਿਆਣ-ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਰਹੀ ਹੈ।

ਫਰਵਰੀ 2026 ਵਿੱਚ ਚੱਲ ਰਹੇ ਬਜਟ ਸੈਸ਼ਨ (ਜੋ 28 ਜਨਵਰੀ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੰਬੋਧਨ ਨਾਲ ਸ਼ੁਰੂ ਹੋਇਆ) ਵਿੱਚ ਧੰਨਵਾਦ ਮਤੇ 'ਤੇ ਚਰਚਾ ਨੇ ਦੋਵਾਂ ਸਦਨਾਂ ਵਿੱਚ ਅਭੂਤਪੂਰਵ ਵਿਘਨ, ਹੰਗਾਮੇ, ਅਡਜਰਨਮੈਂਟ ਅਤੇ ਵਾਕਆਊਟ ਵਰਗੀਆਂ ਘਟਨਾਵਾਂ ਨੂੰ ਜਨਮ ਦਿੱਤਾ ਹੈ। ਇਹ ਸਥਿਤੀ ਨਾ ਸਿਰਫ਼ ਵਰਤਮਾਨ ਸੈਸ਼ਨ ਲਈ ਨਿਰਾਸ਼ਾਜਨਕ ਹੈ ਸਗੋਂ ਭਾਰਤੀ ਰਾਜਨੀਤੀ ਅਤੇ ਲੋਕਰਾਜ ਦੀ ਭਵਿੱਖਤਾ ਲਈ ਵੀ ਡੂੰਘੀ ਚਿੰਤਾ ਪੈਦਾ ਕਰ ਰਹੀ ਹੈ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 28 ਜਨਵਰੀ 2026 ਨੂੰ ਸੰਸਦ ਦੇ ਸੰਯੁਕਤ ਸੈਸ਼ਨ ਵਿੱਚ ਆਪਣਾ ਸੰਬੋਧਨ ਦਿੱਤਾ ਸੀ, ਜਿਸ ਵਿੱਚ ਵਿਕਸਿਤ ਭਾਰਤ, ਸਮਾਜਿਕ ਨਿਆਂ, ਸਵਦੇਸ਼ੀ, ਰਾਸ਼ਟਰੀ ਸੁਰੱਖਿਆ ਅਤੇ ਸਮਾਵੇਸ਼ੀ ਵਿਕਾਸ ਵਰਗੇ ਵਿਸ਼ਿਆਂ 'ਤੇ ਜ਼ੋਰ ਦਿੱਤਾ ਗਿਆ ਸੀ। ਇਸ ਸੰਬੋਧਨ 'ਤੇ ਧੰਨਵਾਦ ਮਤਾ ਪੇਸ਼ ਕੀਤਾ ਜਾਂਦਾ ਹੈ, ਜੋ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਦਰਸ਼ਨ 'ਤੇ ਵਿਸ਼ਾਲ ਚਰਚਾ ਦਾ ਮੌਕਾ ਪ੍ਰਦਾਨ ਕਰਦਾ ਹੈ। ਲੋਕਸਭਾ ਵਿੱਚ ਇਸ ਮਤੇ ਨੂੰ ਭਾਜਪਾ ਦੇ ਸਰਬਾਨੰਦ ਸੋਨੋਵਾਲ ਨੇ ਪੇਸ਼ ਕੀਤਾ ਅਤੇ ਤੇਜਸਵੀ ਸੂਰਿਆ ਨੇ ਸੈਕੰਡ ਕੀਤਾ। ਰਾਜਸਭਾ ਵਿੱਚ ਇਸ ਨੂੰ ਨਾਮਜ਼ਦ ਮੈਂਬਰ ਸਦਾਨੰਦ ਮਾਸਟਰ ਨੇ ਮੂਵ ਕੀਤਾ।

ਲੋਕਸਭਾ ਵਿੱਚ ਇਸ ਚਰਚਾ ਲਈ 18 ਘੰਟੇ ਅਤੇ ਰਾਜਸਭਾ ਵਿੱਚ 16 ਘੰਟੇ ਨਿਰਧਾਰਤ ਕੀਤੇ ਗਏ ਸਨ। ਪਰ ਅਸਲੀਅਤ ਵਿੱਚ ਚਰਚਾ ਬਹੁਤ ਹੱਦ ਤੱਕ ਵਿਘਨ ਪ੍ਰਭਾਵਿਤ ਰਹੀ। ਲੋਕਸਭਾ ਵਿੱਚ ਸਥਿਤੀ ਸਭ ਤੋਂ ਵੱਧ ਨਿਰਾਸ਼ਾਜਨਕ ਰਹੀ। ਸੈਸ਼ਨ ਦੇ ਸ਼ੁਰੂ ਤੋਂ ਹੀ ਵਿਰੋਧੀ ਧਿਰਾਂ (ਮੁੱਖ ਤੌਰ 'ਤੇ ਕਾਂਗਰਸ, ਟੀਐੱਮਸੀ, ਏਐਪੀ, ਸੀਪੀਆਈ, ਸੀਪੀਆਈ(ਐੱਮ) ਆਦਿ) ਨੇ ਵੱਖ-ਵੱਖ ਮੁੱਦਿਆਂ 'ਤੇ ਹੰਗਾਮਾ ਕੀਤਾ-ਰਾਹੁਲ ਗਾਂਧੀ ਨੂੰ ਬੋਲਣ ਦੀ ਮੰਗ, ਸਾਬਕਾ ਆਰਮੀ ਚੀਫ ਜਨਰਲ ਐੱਮ.ਐੱਮ. ਨਰਵਾਣੇ ਦੀ ਅਣਪ੍ਰਕਾਸ਼ਿਤ ਬੁੱਕ 'ਤੇ ਵਿਵਾਦ, ਪੁਰਾਣੇ ਨੇਤਾਵਾਂ 'ਤੇ ਟਿੱਪਣੀਆਂ, ਭਾਰਤ-ਅਮਰੀਕਾ ਟਰੇਡ ਡੀਲ ਅਤੇ ਹੋਰ ਮੁੱਦੇ।

4 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਵਾਇਤੀ ਜਵਾਬ ਲਈ ਨਿਰਧਾਰਤ ਸਮੇਂ 'ਤੇ ਵਿਰੋਧੀ ਮੈਂਬਰ ਵੈੱਲ ਵਿੱਚ ਆ ਗਏ, ਨਾਅਰੇਬਾਜ਼ੀ ਕੀਤੀ ਅਤੇ ਬੈਨਰ ਲਹਿਰਾਏ। ਇਸ ਕਾਰਨ ਪ੍ਰਧਾਨ ਮੰਤਰੀ ਦਾ ਭਾਸ਼ਣ ਰੱਦ ਹੋ ਗਿਆ ਅਤੇ ਸਦਨ ਨੂੰ ਅਡਜਰਨ ਕਰਨਾ ਪਿਆ। ਸਪੀਕਰ ਓਮ ਬਿਰਲਾ ਨੇ ਖੁੱਲ੍ਹ ਕੇ ਕਿਹਾ ਕਿ ਅਜਿਹੇ ਅਣਸੁਖਾਵੇਂ ਵਾਕਿਆਂ ਤੋਂ ਬਚਣ ਲਈ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਲੋਕਸਭਾ ਵਿੱਚ ਨਾ ਆਉਣ ਦੀ ਸਲਾਹ ਦਿੱਤੀ ਸੀ, ਜਿਸ ਨੂੰ ਮੰਨ ਲਿਆ ਗਿਆ। ਇਹ ਬਿਆਨ ਖ਼ੁਦ ਸੰਸਦੀ ਪ੍ਰਕਿਰਿਆ ਦੀ ਅਸਫਲਤਾ ਨੂੰ ਉਜਾਗਰ ਕਰਦਾ ਹੈ।

5 ਫਰਵਰੀ 2026 ਨੂੰ ਲੋਕਸਭਾ ਵਿੱਚ ਮਤਾ ਵਾਇਸ ਵੋਟ ਨਾਲ ਪਾਸ ਕਰ ਦਿੱਤਾ ਗਿਆ - ਇਹ 2004 ਤੋਂ ਬਾਅਦ ਪਹਿਲੀ ਵਾਰ ਹੋਇਆ ਜਦੋਂ ਪ੍ਰਧਾਨ ਮੰਤਰੀ ਦਾ ਜਵਾਬ ਬਿਨਾਂ ਹੀ ਮਤਾ ਪਾਸ ਹੋਇਆ। ਵਿਰੋਧੀ ਸੋਧਾਂ ਨੂੰ ਵੋਟਿੰਗ ਲਈ ਪਾਇਆ ਗਿਆ ਪਰ ਉਹ ਰੱਦ ਹੋ ਗਈਆਂ। ਸਦਨ ਵਿੱਚ ਨਾਅਰੇਬਾਜ਼ੀ ਅਤੇ ਵਿਘਨ ਜਾਰੀ ਰਹੇ, ਜਿਸ ਕਾਰਨ ਕਈ ਵਾਰ ਅਡਜਰਨਮੈਂਟ ਹੋਏ। ਇਹ ਘਟਨਾ ਸੰਸਦੀ ਪਰੰਪਰਾਵਾਂ ਲਈ ਇੱਕ ਕਾਲੇ ਅਧਿਆਏ ਵਜੋਂ ਦਰਜ ਹੋ ਗਈ ਹੈ।

ਰਾਜਸਭਾ ਵਿੱਚ ਸਥਿਤੀ ਕੁਝ ਵੱਖਰੀ ਰਹੀ। ਚਰਚਾ ਬਿਨਾਂ ਵੱਡੇ ਵਿਘਨ ਤੋਂ ਚੱਲੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 5 ਫਰਵਰੀ ਨੂੰ ਆਪਣਾ ਜਵਾਬ ਦਿੱਤਾ। ਉਨ੍ਹਾਂ ਨੇ ਵਿਰੋਧੀ ਧਿਰਾਂ 'ਤੇ ਤਿੱਖੇ ਹਮਲੇ ਕੀਤੇ-ਕਾਂਗਰਸ ਨੂੰ ਨਾ ਵਿਜ਼ਨ, ਨਾ ਆਈਡੀਆਜ਼, ਨਾ ਪਲਾਨ ਵਾਲੀ ਪਾਰਟੀ ਕਰਾਰ ਦਿੱਤਾ। ਉਨ੍ਹਾਂ ਨੇ ਰਾਹੁਲ ਗਾਂਧੀ ਵੱਲੋਂ ਰਵਨੀਤ ਬਿੱਟੂ ਨੂੰ ਗੱਦਾਰ ਕਹਿਣ 'ਤੇ ਟਿੱਪਣੀ ਕੀਤੀ ਕਿ ਇਹ ਸਿੱਖ ਭਾਈਚਾਰੇ ਦਾ ਅਪਮਾਨ ਹੈ।

ਨਹਿਰੂ ਅਤੇ ਇੰਦਰਾ ਗਾਂਧੀ ਵਰਗੇ ਪੁਰਾਣੇ ਨੇਤਾਵਾਂ 'ਤੇ ਵੀ ਟਿੱਪਣੀਆਂ ਕੀਤੀਆਂ ਅਤੇ ਕਿਹਾ ਕਿ ਪੁਰਾਣੀਆਂ ਸਰਕਾਰਾਂ ਨੇ ਭਾਰਤੀਆਂ ਨੂੰ ਸਮੱਸਿਆ ਵਜੋਂ ਵੇਖਿਆ। ਉਨ੍ਹਾਂ ਨੇ ਭਾਰਤ ਨੂੰ ਗਲੋਬਲ ਸਾਊਥ ਦੀ ਅਗਵਾਈ ਵਾਲੀ ਆਵਾਜ਼ ਅਤੇ ਹਾਲ ਹੀ ਵਿੱਚ ਹੋਈਆਂ 9 ਵੱਡੀਆਂ ਟਰੇਡ ਡੀਲਾਂ 'ਤੇ ਜ਼ੋਰ ਦਿੱਤਾ। ਵਿਰੋਧੀ ਧਿਰਾਂ ਨੇ ਨਾਅਰੇ ਲਗਾਏ ਜਿਵੇਂ ਤਾਨਾਸ਼ਾਹੀ ਨਹੀਂ ਚੱਲੇਗੀ ਅਤੇ ਵਾਕਆਊਟ ਵੀ ਕੀਤਾ। ਪਰ ਰਾਜਸਭਾ ਵਿੱਚ ਚਰਚਾ ਪੂਰੀ ਹੋਈ ਅਤੇ ਮਤਾ ਪਾਸ ਹੋਇਆ।

ਇਹ ਵੱਖਰੀਆਂ ਸਥਿਤੀਆਂ ਦੋਵਾਂ ਸਦਨਾਂ ਵਿੱਚ ਰਾਜਨੀਤਿਕ ਵਿਵਹਾਰ ਦੇ ਅੰਤਰ ਨੂੰ ਦਰਸਾਉਂਦੀਆਂ ਹਨ। ਲੋਕਸਭਾ ਵਿੱਚ ਵਿਰੋਧੀ ਧਿਰਾਂ ਦਾ ਹੰਗਾਮਾ ਇੰਨਾ ਤਿੱਖਾ ਰਿਹਾ ਕਿ ਚਰਚਾ ਅਧੂਰੀ ਰਹਿ ਗਈ, ਜਦਕਿ ਰਾਜਸਭਾ ਵਿੱਚ ਚਰਚਾ ਸੰਭਵ ਹੋਈ। ਪਰ ਇਹ ਸਮੁੱਚੇ ਤੌਰ 'ਤੇ ਰਾਜਨੀਤੀ ਦੇ ਘਟਦੇ ਪੱਧਰ ਨੂੰ ਵੀ ਦਰਸਾਉਂਦਾ ਹੈ। ਵਿਰੋਧੀ ਧਿਰਾਂ ਨੇ ਰਾਹੁਲ ਗਾਂਧੀ ਦੀ ਬੋਲਣ ਦੀ ਮੰਗ ਅਤੇ ਨਰਵਾਣੇ ਦੀ ਬੁੱਕ ਨੂੰ ਲੈ ਕੇ ਵਿਘਨ ਪਾਇਆ, ਜਦਕਿ ਸੱਤਾਧਾਰੀ ਪੱਖ ਨੇ ਇਸ ਨੂੰ ਅਰਾਜਕਤਾ ਕਹਿ ਕੇ ਖਾਰਜ ਕੀਤਾ।

ਇਸ ਨਾਲ ਅਸਲ ਮੁੱਦੇ-ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦੀਆਂ ਸਮੱਸਿਆਵਾਂ, ਆਰਥਿਕ ਅਸਮਾਨਤਾ, ਵਿਦੇਸ਼ ਨੀਤੀ ਅਤੇ ਭਾਰਤ-ਅਮਰੀਕਾ ਰਿਸ਼ਤੇ - ਪਿੱਛੇ ਰਹਿ ਗਏ।

ਸੱਚ ਤਾਂ ਇਹ ਹੈ ਕਿ ਸੰਸਦ ਭਾਰਤੀ ਲੋਕਤੰਤਰ ਦਾ ਦਿਲ ਹੈ। ਇੱਥੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਆਵਾਜ਼ਾਂ ਨੂੰ ਉਠਾਉਂਦੇ ਹਨ, ਸਰਕਾਰ ਨੂੰ ਜਵਾਬਦੇਹ ਬਣਾਉਂਦੇ ਹਨ ਅਤੇ ਨੀਤੀਆਂ ਬਣਾਉਣ ਵਿੱਚ ਹਿੱਸਾ ਪਾਉਂਦੇ ਹਨ। ਪਰ ਜਦੋਂ ਧੰਨਵਾਦ ਮਤੇ ਵਰਗੇ ਮਹੱਤਵਪੂਰਨ ਮੌਕੇ 'ਤੇ ਵੀ ਪ੍ਰਧਾਨ ਮੰਤਰੀ ਨੂੰ ਬੋਲਣ ਨਹੀਂ ਦਿੱਤਾ ਜਾਂਦਾ ਤਾਂ ਇਹ ਲੋਕਤੰਤਰ ਦੀ ਰੂਹ ਨੂੰ ਠੇਸ ਪਹੁੰਚਾਉਂਦਾ ਹੈ। ਇਹ ਨਾ ਸਿਰਫ਼ ਸਰਕਾਰ ਵਿਰੋਧੀ ਰਣਨੀਤੀ ਹੈ ਸਗੋਂ ਸੰਸਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਵਾਲਾ ਕਦਮ ਵੀ ਹੈ। ਇਸ ਨਾਲ ਲੋਕਾਂ ਵਿੱਚ ਨਿਰਾਸ਼ਾ ਵਧ ਰਹੀ ਹੈ ਅਤੇ ਉਹ ਰਾਜਨੀਤੀ ਤੋਂ ਦੂਰ ਹੁੰਦੇ ਜਾ ਰਹੇ ਹਨ।

ਅੱਜ ਰਾਜਨੀਤਿਕ ਪਾਰਟੀਆਂ ਦੀ ਹਾਲਤ ਵੀ ਚਿੰਤਾਜਨਕ ਹੈ। ਅੱਜ ਦੀ ਰਾਜਨੀਤੀ ਵਿੱਚ ਵਿਚਾਰਧਾਰਾ ਅਤੇ ਨੀਤੀਆਂ ਨਾਲੋਂ ਵਿਅਕਤੀਗਤ ਹਮਲੇ, ਧਰੁਵੀਕਰਨ ਅਤੇ ਸੋਸ਼ਲ ਮੀਡੀਆ ਡਰਾਮਾ ਵਧੇਰੇ ਮਹੱਤਵਪੂਰਨ ਹੋ ਗਏ ਹਨ। ਸੱਤਾਧਾਰੀ ਭਾਜਪਾ ਵਿਰੋਧ ਨੂੰ ਸੰਸਦ ਵਿਰੋਧੀ ਕਹਿੰਦੀ ਹੈ, ਜਦਕਿ ਵਿਰੋਧੀ ਧਿਰਾਂ ਸਰਕਾਰ ਨੂੰ ਤਾਨਾਸ਼ਾਹੀ ਦਾ ਦੋਸ਼ ਲਾਉਂਦੀਆਂ ਹਨ। ਇਹ ਆਪਸੀ ਇਲਜ਼ਾਮਬਾਜ਼ੀ ਨੇ ਰਾਜਨੀਤੀ ਨੂੰ ਘਟੀਆ ਪੱਧਰ 'ਤੇ ਲੈ ਆਇਆ ਹੈ। ਇਸ ਸੈਸ਼ਨ ਵਿੱਚ ਵੀ ਬੁੱਕਾਂ ਦੀ ਵਾਰ (ਨਰਵਾਣੇ ਦੀ ਬੁੱਕ vs ਗਾਂਧੀ ਪਰਿਵਾਰ 'ਤੇ ਬੁੱਕਾਂ) ਨੇ ਚਰਚਾ ਨੂੰ ਵਿਅਕਤੀਗਤ ਬਣਾ ਦਿੱਤਾ। ਅਗਲੇ ਏਜੰਡੇ ਬਾਰੇ ਗੱਲ ਕਰੀਏ ਤਾਂ ਇਸ ਸਥਿਤੀ ਵਿੱਚ ਪਾਰਟੀਆਂ ਅਸਲ ਮੁੱਦਿਆਂ ਤੋਂ ਹੱਟ ਕੇ ਧਰੁਵੀਕਰਨ 'ਤੇ ਫੋਕਸ ਰੱਖਣਗੀਆਂ। ਸੱਤਾਧਾਰੀ ਪਾਰਟੀ ਵਿਕਾਸ, ਟਰੇਡ ਡੀਲਾਂ ਅਤੇ ਵਿਦੇਸ਼ ਨੀਤੀ ਨੂੰ ਉਭਾਰੇਗੀ, ਜਦਕਿ ਵਿਰੋਧੀ ਭ੍ਰਿਸ਼ਟਾਚਾਰ ਅਤੇ ਸੰਵਿਧਾਨਕ ਮੁੱਦਿਆਂ 'ਤੇ ਜ਼ੋਰ ਦੇਣਗੇ।

ਅੱਜ ਜੇ ਸੰਸਦ ਵਿੱਚ ਚਰਚਾ ਨਹੀਂ ਹੋਈ ਤਾਂ ਇਹ ਮੁੱਦੇ ਸੜਕਾਂ ਅਤੇ ਸੋਸ਼ਲ ਮੀਡੀਆ 'ਤੇ ਧਰੁਵੀਕਰਨ ਵਧਾਉਣਗੇ, ਜੋ ਰਾਸ਼ਟਰੀ ਏਕਤਾ ਲਈ ਖ਼ਤਰਨਾਕ ਹੈ। ਬਜਟ ਸੈਸ਼ਨ 13 ਫਰਵਰੀ ਤੱਕ ਰੈੱਸ ਲਈ ਅਡਜਰਨ ਹੋਵੇਗਾ ਅਤੇ 9 ਮਾਰਚ ਨੂੰ ਮੁੜ ਸ਼ੁਰੂ ਹੋਵੇਗਾ, ਪਰ ਜੇ ਇਹ ਪੈਟਰਨ ਜਾਰੀ ਰਿਹਾ ਤਾਂ ਬਜਟ ਚਰਚਾ ਵੀ ਪ੍ਰਭਾਵਿਤ ਹੋ ਸਕਦੀ ਹੈ। ਭਾਰਤੀ ਰਾਜਨੀਤੀ ਦੀ ਦਿਸ਼ਾ ਅੱਜ ਅਜਿਹੇ ਮੋੜ 'ਤੇ ਹੈ, ਜਿੱਥੇ ਲੋਕਤੰਤਰ ਨੂੰ ਬਚਾਉਣਾ ਜ਼ਰੂਰੀ ਹੋ ਗਿਆ ਹੈ। ਸਾਰੀਆਂ ਪਾਰਟੀਆਂ ਨੂੰ ਸੰਵਿਧਾਨਕ ਮੁੱਲਾਂ-ਬਹਿਸ, ਸਹਿਮਤੀ, ਸਹਿਣਸ਼ੀਲਤਾ ਅਤੇ ਜਵਾਬਦੇਹੀ ਨੂੰ ਅਪਣਾਉਣਾ ਚਾਹੀਦਾ ਹੈ। ਸਪੀਕਰ ਅਤੇ ਚੇਅਰਮੈਨ ਨੂੰ ਸਖ਼ਤ ਨਿਯਮ ਲਾਗੂ ਕਰਨੇ ਚਾਹੀਦੇ ਹਨ।

ਹੁਣ ਲੋਕਾਂ ਨੂੰ ਵੀ ਸਰਗਰਮ ਹੋ ਕੇ ਪਾਰਟੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਭਾਰਤ ਦਾ ਲੋਕਤੰਤਰ ਮਜ਼ਬੂਤ ਹੈ ਪਰ ਇਸ ਨੂੰ ਬਚਾਉਣ ਲਈ ਸਾਂਝੀ ਜ਼ਿੰਮੇਵਾਰੀ ਹੈ। ਜੇ ਸੰਸਦ ਵਿੱਚ ਚਰਚਾ ਨਹੀਂ ਹੋਵੇਗੀ ਤਾਂ ਲੋਕਰਾਜ ਕਮਜ਼ੋਰ ਹੋਵੇਗਾ। ਇਹ ਸਮਾਂ ਹੈ ਰਾਜਨੀਤੀ ਨੂੰ ਲੋਕ ਕਲਿਆਣ ਵੱਲ ਮੋੜਨ ਦਾ, ਨਾ ਕਿ ਵਿਘਨ ਅਤੇ ਅਵਿਸ਼ਵਾਸ ਵੱਲ। ਇਸੇ ਵਿੱਚ ਭਾਰਤ ਦੀ ਅਸਲ ਤਾਕਤ ਅਤੇ ਭਵਿੱਖ ਛੁਪਿਆ ਹੈ।

# ਰਾਹੁਲ ਬਨਾਮ ਬਿੱਟੂ ਬਾਤ ਦਾ ਬਤੰਗੜ ਬਣਿਆ



ਕਮਲਜੀਤ ਸਿੰਘ ਬਨਵੈਤ
98147 34035

- ☛ *ਰਾਹੁਲ ਗਾਂਧੀ ਨੇ ਬਿੱਟੂ ਨੂੰ ਕਿਹਾ ਗ਼ਦਾਰ ਦੋਸਤ, ਨਵੰਬਰ 1984 ਸਿੱਖ ਕਤਲੇਆਮ ਵੇਲੇ ਵੀ ਸਿੱਖਾਂ ਨੂੰ ਕਿਹਾ ਗਿਆ ਸੀ ਗਦਾਰ*
- ☛ *ਸਿੱਖਾਂ ਦੀ 1984 ਦੇ ਕਤਲੇਆਮ ਤੋਂ ਹੀ ਗ਼ਦਾਰ ਸ਼ਬਦ ਨਾਲ ਦੁਸ਼ਮਣੀ, ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਦਿੱਤੀਆਂ 80 ਫ਼ੀਸਦੀ ਕੁਰਬਾਨੀਆਂ, ਫੌਜ ਵਿੱਚ ਕਿਸੇ ਵੇਲੇ 30 ਫ਼ੀਸਦੀ ਸਨ ਸਿੱਖ*
- ☛ *ਭਾਰਤੀ ਜਨਤਾ ਪਾਰਟੀ ਨੂੰ ਕਾਂਗਰਸ ਦਾ ਪੰਜਾਬ ਵਿੱਚ ਰਾਹ ਰੋਕਣ ਲਈ ਲੱਭ ਪਿਆ ਵੱਡਾ ਮੁੱਦਾ,*
- ☛ *ਮਰਹੂਮ ਡਾਕਟਰ ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਹੁੰਦਿਆਂ ਮੰਗ ਲਈ ਸੀ ਸਿੱਖ ਕਤਲੇਆਮ ਲਈ ਮੁਆਫ਼ੀ , ਕੇਂਦਰ ਦੀ ਸਰਕਾਰ ਕਿਉਂ ਨਹੀਂ ਮੰਨ ਲੈਂਦੀ ਨੀਲਾ ਤਾਰਾ ਨੂੰ ਭੁੱਲ*
- ☛ *ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਲਈ ਭਾਰਤੀ ਜਨਤਾ ਪਾਰਟੀ ਨੇ ਵੀ ਇੰਦਰਾ ਗਾਂਧੀ ਕੋਲ ਭਰੀ ਸੀ ਹਾਮੀ*

ਦੇਸ਼ ਦੀ ਪਾਰਲੀਮੈਂਟ ਕੰਪਲੈਕਸ ਅੰਦਰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਰਮਿਆਨ ਹੋਈ ਕਿਹਾ ਸੁਣੀ ਰਾਈ ਦਾ ਪਹਾੜ ਬਣ ਗਈ। ਬਿੱਟੂ ਦੇ ਭਲਵਾਨੀ ਗੇੜੇ ਦੀ ਗੱਲ ਕਰੀਏ ਤਾਂ ਉਹਦਾ ਪ੍ਰਦਰਸ਼ਨ ਕਰ ਰਹੇ ਕਾਂਗਰਸੀਆਂ ਦੇ ਮੂਹਰੇ ਦੀ ਲੰਘਣਾ ਹਿੱਕ 'ਤੇ ਦੀਵਾ ਬਾਲਣ ਜਿਹਾ ਲੱਗਦਾ ਹੈ। ਰਾਹੁਲ ਗਾਂਧੀ ਦਾ ਉਸ ਨੂੰ ਗ਼ਦਾਰ ਦੋਸਤ ਕਹਿਣਾ ਉਸਦੇ ਅੰਦਰ ਛਲਕ ਰਹੇ ਦਰਦ ਨੂੰ ਦੱਸਦਾ ਹੈ। ਰਾਹੁਲ ਗਾਂਧੀ ਨੇ ਬਿੱਟੂ ਅਤੇ ਵੜਿੰਗ ਸਮੇਤ ਕਈਆਂ ਨੂੰ ਸਿਆਸਤ ਵਿੱਚ ਹੱਥੀ ਪਾਲ ਕੇ ਵੱਡਿਆਂ ਕੀਤਾ ਹੈ। ਝੋਰਾ ਤਾਂ ਇਸ ਦਾ ਵੀ ਹੋਵੇਗਾ ਕਿ ਕਾਂਗਰਸ ਸੱਤਾ 'ਤੇ ਕਾਬਜ਼ ਹੋਣ ਲਈ ਤੀਂਘੜ ਰਹੀ ਹੈ ਜਦ ਕਿ ਬਿੱਟੂ ਪੱਕੀ ਪਕਾਈ ਛੱਕ ਗਏ।

ਰਾਹੁਲ ਗਾਂਧੀ ਨੇ ਜੇ ਬਿੱਟੂ ਨੂੰ ਗ਼ਦਾਰ ਦੋਸਤ ਕਿਹਾ ਉਸ ਨੇ ਕਾਂਗਰਸ ਨੂੰ ਸਿੱਖਾਂ ਦੀ ਦੁਸ਼ਮਣ ਕਹਿ ਕੇ ਘੱਟ ਨਹੀਂ ਗੁਜ਼ਾਰੀ। ਅਸਲ ਵਿੱਚ ਗਾਂਧੀ ਪਰਿਵਾਰ ਹੀ ਸਿੱਖਾਂ ਦਾ ਦੁਸ਼ਮਣ ਨਹੀਂ ਰਿਹਾ ਹੈ । ਦੋਸ਼ ਤਾਂ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਉੱਤੇ ਵੀ ਸਿੱਖ ਨੌਜਵਾਨੀ ਦੇ ਘਾਣ ਕਰਨ ਦੇ ਲੱਗਦੇ ਰਹੇ ਹਨ।

ਗੱਲ ਇਹ ਨਹੀਂ ਕਿ ਬਿੱਟੂ ਨੇ ਗਦਾਰੀ ਕੀਤੀ ਹੈ ਜਾਂ ਨਹੀਂ। ਰੌਲਾ ਤਾਂ ਗ਼ਦਾਰ ਸ਼ਬਦ ਦਾ ਹੈ, ਜਿਸ ਨੇ 1984 ਦੇ ਸਿੱਖ ਕਤਲੇਆਮ ਵੇਲੇ ਸਿੱਖਾਂ ਦੀ ਰੂਹ ਨੂੰ ਲਹੂ ਲੁਹਾਨ ਕਰਕੇ ਰੱਖ ਦਿੱਤਾ ਸੀ। ਮੁਲਕ ਦੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਕਾਂਗਰਸੀਆਂ ਨੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਸੀ ਤਾਂ ਨਾਲ ਦੀ ਨਾਲ ਉਹ ਸਿੱਖਾਂ ਨੂੰ ਗਦਾਰ ਕਹਿੰਦੇ ਰਹੇ ਸਨ। ਅਸਲ ਰੌਲਾ ਤਾਂ ਗ਼ਦਾਰ ਸ਼ਬਦ ਨਾਲ ਜੁੜਿਆ ਹੋਇਆ ਹੈ। ਭਾਰਤੀ ਜਨਤਾ ਪਾਰਟੀ ਜਿਸ ਦਾ ਫ਼ਾਇਦਾ ਚੁੱਕ ਰਹੀ ਹੈ। ਭਾਜਪਾ ਦੇ ਹੱਥ ਇੱਕ ਤਰ੍ਹਾਂ ਨਾਲ ਕਾਂਗਰਸ ਦਾ ਰਾਹ ਰੋਕਣ ਲਈ ਜਾਦੂ ਦੀ ਛੜੀ ਮਿਲ ਗਈ ਹੈ।

ਕੇਂਦਰੀ ਕੈਬਨਿਟ ਮੰਤਰੀ ਹਰਦੀਪ ਸਿੰਘ ਪੁਰੀ, ਭਾਜਪਾ ਨੇਤਾ ਅਰਵਿੰਦਰ ਸਿੰਘ ਲਵਲੀ, ਦਿੱਲੀ ਸਰਕਾਰ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਭਾਜਪਾ ਦੇ ਇੱਕ ਹੋਰ ਸੀਨੀਅਰ ਨੇਤਾ ਆਰਪੀ ਸਿੰਘ ਜਦੋਂ ਇਸ ਮੁੱਦੇ ਨੂੰ ਲੈ ਕੇ ਦਿੱਲੀ ਵਿੱਚ ਕਾਨਫਰੰਸ ਕਰ ਰਹੇ ਸਨ ਤਾਂ ਇੰਜ ਲੱਗਦਾ ਸੀ ਜਿਵੇਂ ਸਿੱਖਾਂ ਦੇ ਮਸਲਿਆਂ ਦੀ ਤਰਜ਼ਮਾਨੀ ਦੇਸ਼ ਦੀ ਕੌਮੀ ਰਾਜਧਾਨੀ ਵਿੱਚੋਂ ਹੋ ਰਹੀ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਝ ਦਿਨ ਪਹਿਲਾਂ ਚਿਹਰਾ ਬਦਲ ਕੇ ਸਿੱਖਾਂ ਦੀ ਤਰਜਮਾਨੀ ਕਰ ਰਹੇ ਸਨ। ਉਸ ਵੇਲੇ ਵੱਡੀ ਗਿਣਤੀ ਸਿੱਖਾਂ ਦੇ ਮਨਾਂ ਵਿੱਚ ਇਹ ਸਵਾਲ ਉੱਠ ਰਿਹਾ ਸੀ ਕਿ ਸੱਚਮੁੱਚ ਹੀ ਭਾਜਪਾ ਨੂੰ ਪੰਜਾਬ ਵਿਸ਼ੇਸ਼ ਕਰਕੇ ਸਿੱਖਾਂ ਨਾਲ ਅੰਦਰੋਂ ਹਮਦਰਦੀ ਹੈ।

ਸੱਚ ਤਾਂ ਇਹ ਹੈ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਅਤੇ ਉਸ ਤੋਂ ਬਾਅਦ ਸਿੱਖਾਂ ਦੀ ਨਸਲਕੁਸ਼ੀ ਦਾ ਜ਼ਖਮ ਭਰਨ ਦੀ ਥਾਂ ਆਏ ਦਿਨ ਡੂੰਘੀ ਚੀਸ ਲੱਗਾ ਹੈ। ਉਸ ਤੋਂ ਬਾਅਦ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਜਿਉਂਦੇ ਸਾੜਿਆ ਗਿਆ ਅਤੇ ਧੀਆਂ ਭੈਣਾਂ ਦੀ ਪੱਤ ਲੁੱਟੀ ਗਈ, ਉਸ ਨਾਲ ਸਿੱਖਾਂ ਦੇ ਜ਼ਖ਼ਮ ਨਾਸੂਰ ਬਣ ਗਏ। ਕਾਂਗਰਸ ਪਾਰਟੀ ਨੇ ਇੱਕ ਚਾਲ ਤਹਿਤ ਮੁਲਕ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਤੋਂ 1984 ਦੇ ਸਿੱਖ ਕਤਲੇਆਮ ਲਈ ਮੁਆਫ਼ੀ ਮੰਗਵਾ ਲਈ ਸੀ ਪਰ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਲਈ ਭਾਜਪਾ ਨੇ ਵੀ ਪਹਿਲ ਨਹੀਂ ਕੀਤੀ। ਹਾਲਾਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕੇਂਦਰ ਵਿੱਚ ਰਹੀ ਹੈ। ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਮੁਲਕ ਦੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਨਹੀਂ ਸਗੋਂ ਕਾਂਗਰਸ ਸਰਕਾਰ ਨੇ ਕੀਤਾ ਸੀ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਫੈਸਲੇ ਲਈ ਭਾਰਤੀ ਜਨਤਾ ਪਾਰਟੀ ਨੇ ਵੀ ਆਪਣੀ ਰਜ਼ਾਮੰਦੀ ਦਿੱਤੀ ਸੀ। ਕਾਂਗਰਸ ਸਰਕਾਰ ਵੱਲੋਂ ਕੀਤੀ ਗ਼ਲਤੀ ਨੂੰ ਜੇ ਭਾਰਤੀ ਜਨਤਾ ਪਾਰਟੀ ਮੁਲਕ ਦੀ ਪਾਰਲੀਮੈਂਟ ਵਿੱਚ ਭੁੱਲ ਮੰਨ ਲਵੇ ਤਦ ਸਿਆਸੀ ਚਾਲਾਂ ਖੇਡਣ ਨਾਲੋਂ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਦਾ ਦਿਲ ਯਕੀਨਨ ਨਾਲ ਜਿੱਤਿਆ ਜਾ ਸਕਦਾ ਹੈ।

ਵੈਸੇ ਲੋੜ ਤਾਂ ਇਹ ਹੈ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਅਤੇ ਉਸ ਤੋਂ ਬਾਅਦ ਸਿੱਖਾਂ ਦੇ ਕਤਲੇਆਮ ਬਾਰੇ ਇੱਕ ਕਮਿਸ਼ਨ ਬਣਾ ਕੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਅੱਡ ਅੱਡ ਕੀਤਾ ਜਾਵੇ ਤਾਂ ਮਾਮਲੇ ਵਿੱਚ ਨਿਖ਼ਾਰ ਆ ਸਕਦਾ ਹੈ। ਉਂਝ ਇਹ ਗੱਲ ਵੀ ਨਹੀਂ ਭੁੱਲੀ ਜਾ ਸਕਦੀ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਤੋਂ ਬਾਅਦ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਦੋ ਵਾਰ ਬਣੀ ਹੈ ਅਤੇ ਕੇਂਦਰ ਵਿੱਚ ਵੀ ਸਰਕਾਰ ਬਣ ਗਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਕਾਂਗਰਸੀ ਨਹੀਂ ਸਗੋਂ ਹੋਰ ਪੰਜਾਬੀ ਵੀ ਸਿੱਖਾਂ ਨੂੰ ਗ਼ਦਾਰ ਕਹਿਣ ਵਾਲਿਆਂ ਨੂੰ ਕਿਸੇ ਹੱਦ ਤੱਕ ਮੁਆਫ਼ ਕਰ ਚੁੱਕੇ ਹਨ। ਪਰ ਸਿੱਖਾਂ ਦੀ ਸੰਤੁਸ਼ਟੀ ਲਈ ਹਾਲੇ ਬੜਾ ਕੁਝ ਕਰਨਾ ਬਾਕੀ ਹੈ।



ਭਾਰਤੀ ਜਨਤਾ ਪਾਰਟੀ 2017 ਦੀਆਂ ਚੋਣਾਂ ਤੱਕ ਇਸ ਮਾਮਲੇ ਨੂੰ ਇਵੇਂ ਹੀ ਖਿੱਚੇਗੀ। ਕਾਂਗਰਸ ਦਾ ਰਾਹ ਡੱਕਣ ਲਈ ਭਾਜਪਾ ਨੂੰ ਇੱਕ ਤੇਜ਼ ਤਰਾਰ ਹਥਿਆਰ ਮਿਲ ਗਿਆ। ਲੋੜ ਸਿਆਸੀ ਨੇਤਾਵਾਂ ਨੂੰ ਸੋਚ ਸੋਚ ਕੇ ਬੋਲਣ ਦੀ ਹੈ, ਨਹੀਂ ਤਾਂ ਇਵੇਂ ਹੀ ਪੇਚੇ ਪੈਂਦੇ ਰਹਿਣਗੇ। ਰਾਹੁਲ ਗਾਂਧੀ ਨੇ ਇੱਕ ਵਾਰ ਫਿਰ ਪੱਪੂ ਵਾਲੀ ਗੱਲ ਕਰ ਦਿੱਤੀ ਹੈ। ਮੁਲਕ ਦੀ ਪਾਰਲੀਮੈਂਟ ਵਿੱਚ ਵੀ ਉਹ ਲੋਕਾਂ ਨਾਲ ਜੁੜੇ ਮੁੱਦਿਆਂ ਦੀ ਥਾਂ ਉੱਪਰ ਤੈਰਦੇ ਮਸਲੇ ਉਠਾਉਂਦੇ ਹਨ, ਜਿਸ ਕਰਕੇ ਭਾਜਪਾ ਵਾਸਤੇ ਗੋਤਾ ਦੇਣਾ ਅਸਾਨ ਹੋ ਜਾਂਦਾ ਹੈ। ਸਿੱਖ ਕੌਮ ਜਿਸ ਨੇ ਦੇਸ਼ ਦੀ ਆਜ਼ਾਦੀ ਵੇਲੇ 80 ਫ਼ੀਸਦੀ ਕੁਰਬਾਨੀਆਂ ਦਿੱਤੀਆਂ ਸਨ। ਭਾਰਤੀ ਫੌਜ ਦਾ 30 ਫ਼ੀਸਦ ਹਿੱਸਾ ਸਿੱਖ ਬਣੇ ਸਨ, ਨੂੰ ਗ਼ਦਾਰ ਕਹਿਣ ਤੋਂ ਪਹਿਲਾਂ ਲੱਖ ਵਾਰ ਸੋਚਣ ਦੀ ਲੋੜ ਹੈ । ਪੰਜਾਬੀ ਵਿਸ਼ੇਸ਼ ਕਰਕੇ ਸਿੱਖ ਦੋ ਪੈਰ ਘੱਟ ਤੁਰਨਾ ਤੁਰਨਾ ਮੜਕ ਦੇ ਨਾਲ ਦੀ ਜੀਵਨ ਜਾਚ ਜਿਊਣਾ ਜਾਣਦੇ ਹਨ ।



ਵਿੰਕਲਜੀਤ ਸਿੰਘ ਸਰਾ
9501477889

### *ਭਾਰਤ ਵਿੱਚ ਹਵਾਈ ਹਾਦਸੇ*

# ਸਿਆਸੀ ਘਾਟੇ, ਤਕਨੀਕੀ ਖਾਮੀਆਂ ਅਤੇ ਸਾਜ਼ਿਸ਼ਾਂ ਦਾ ਰਹੱਸਮਈ ਜਾਲ

ਇਤਿਹਾਸ ਦੇ ਖ਼ੂਨੀ ਪੰਨੇ ਭਾਰਤ ਦਾ ਸਿਆਸੀ ਸਫ਼ਰ ਜਿੱਥੇ ਲੋਕਤੰਤਰ ਦੀਆਂ ਜਿੱਤਾਂ ਨਾਲ ਭਰਿਆ ਹੋਇਆ ਹੈ, ਉੱਥੇ ਹੀ ਇਹ ਅਸਮਾਨ ਵਿੱਚ ਵਾਪਰੇ ਅਣਸੁਲਝੇ ਹਾਦਸਿਆਂ ਦੇ ਕਾਲੇ ਪਰਛਾਵਿਆਂ ਹੇਠ ਵੀ ਰਿਹਾ ਹੈ। ਜਦੋਂ ਵੀ ਦੇਸ਼ ਦਾ ਕੋਈ ਵੱਡਾ ਨੇਤਾ ਹਵਾਈ ਹਾਦਸੇ ਦਾ ਸ਼ਿਕਾਰ ਹੁੰਦਾ ਹੈ ਤਾਂ ਸਿਰਫ਼ ਇੱਕ ਜਹਾਜ਼ ਨਹੀਂ ਡਿੱਗਦਾ ਸਗੋਂ ਦੇਸ਼ ਦੀ ਸਿਆਸਤ ਦੀ ਦਿਸ਼ਾ ਬਦਲ ਜਾਂਦੀ ਹੈ। ਸੁਭਾਸ਼ ਚੰਦਰ ਬੋਸ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਸਾਲ 2025-26 ਤੱਕ ਪਹੁੰਚਦਿਆਂ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੂੰ ਹਿਲਾ ਕੇ ਰੱਖ ਗਿਆ ਹੈ। ਸਵਾਲ ਇਹ ਉੱਠਦਾ ਹੈ ਕਿ ਕੀ ਇਹ ਮੌਤਾਂ ਸਿਰਫ਼ ਮਸ਼ੀਨੀ ਖਰਾਬੀ ਸਨ ਜਾਂ ਫਿਰ ਇਨ੍ਹਾਂ ਪਿੱਛੇ ਕੋਈ ਅਜਿਹੀ ਤਾਕਤ ਸੀ ਜੋ ਬੰਦ ਕਮਰਿਆਂ ਵਿੱਚ ਬੈਠ ਕੇ ਦੇਸ਼ ਦਾ ਭਵਿੱਖ ਤੈਅ ਕਰ ਰਹੀ ਸੀ ?

**ਵੱਡੇ ਹਾਦਸੇ ਅਤੇ ਸਿਆਸੀ ਭੂਚਾਲ** (1945-2026) : ਭਾਰਤ ਨੇ ਹਵਾਈ ਹਾਦਸਿਆਂ ਵਿੱਚ ਆਪਣੇ ਅਜਿਹੇ ਹੀਰੇ ਗੁਆਏ ਹਨ ਜੋ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੀ ਸਮਰੱਥਾ ਰੱਖਦੇ ਸਨ। **ਸੁਭਾਸ਼ ਚੰਦਰ ਬੋਸ (1945):** ਤਾਈਵਾਨ ਦੇ ਅਸਮਾਨ ਵਿੱਚ ਗੁਆਚਿਆ ਉਹ ਸਿਤਾਰਾ, ਜਿਸ ਦੀ ਮੌਤ ਅੱਜ ਵੀ ਭਾਰਤ ਦਾ ਸਭ ਤੋਂ ਵੱਡਾ ਰਹੱਸ ਹੈ। ਕਈਆਂ ਦਾ ਮੰਨਣਾ ਹੈ ਕਿ ਇਹ ਹਾਦਸਾ ਇੱਕ ਸਿਆਸੀ ਚਾਲ ਸੀ ਤਾਂ ਜੋ ਆਜ਼ਾਦ ਭਾਰਤ ਦੀ ਵਾਗਡੋਰ ਉਨ੍ਹਾਂ ਦੇ ਹੱਥ ਨਾ ਆ ਸਕੇ।

**ਸੰਜੇ ਗਾਂਧੀ (1980):** ਦਿੱਲੀ ਦੇ ਸਫ਼ਦਰਜੰਗ ਹਵਾਈ ਅੱਡੇ ਨੇੜੇ ਹੋਇਆ ਉਹ ਹਾਦਸਾ ਜਿਸ ਨੇ ਇੰਦਰਾ ਗਾਂਧੀ ਦੇ ਸਿਆਸੀ ਵਾਰਿਸ ਨੂੰ ਖਤਮ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਸੰਜੇ ਗਾਂਧੀ ਦੀ ਉਡਾਣ ਵਿੱਚ ਰੁਚੀ ਅਤੇ ਉਨ੍ਹਾਂ ਦਾ ਬੇਬਾਕ ਅੰਦਾਜ਼ ਕਈਆਂ ਨੂੰ ਚੁਭਦਾ ਸੀ।

**ਮਾਧਵ ਰਾਓ ਸਿੰਧੀਆ (2001):** ਕਾਂਗਰਸ ਦੇ ਇੱਕ ਚਮਕਦੇ ਸਿਤਾਰੇ ਜਿਨ੍ਹਾਂ ਦੀ ਮੌਤ ਨੇ ਪਾਰਟੀ ਦੇ ਅੰਦਰੂਨੀ ਸੰਤੁਲਨ ਨੂੰ ਹਿਲਾ ਕੇ ਰੱਖ ਦਿੱਤਾ।

**ਵਾਈ. ਐਸ. ਰਾਜਸ਼ੇਖਰ ਰੈੱਡੀ (2009):** ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਿਨ੍ਹਾਂ ਦਾ ਹੈਲੀਕਾਪਟਰ ਜੰਗਲਾਂ ਵਿੱਚ ਗੁੰਮ ਹੋ ਗਿਆ। ਇਸ ਹਾਦਸੇ ਨੇ ਦੱਖਣ ਦੀ ਰਾਜਨੀਤੀ ਵਿੱਚ ਇੱਕ ਅਜਿਹਾ ਖਲਾਅ ਪੈਦਾ ਕੀਤਾ ਜੋ ਅੱਜ ਵੀ ਮਹਿਸੂਸ ਹੁੰਦਾ ਹੈ।

**ਜਨਰਲ ਬਿਪਿਨ ਰਾਵਤ (2021):** ਦੇਸ਼ ਦੇ ਪਹਿਲੇ ਸੀ.ਡੀ.ਐੱਸ. ਦੀ ਮੌਤ ਨੇ ਸੁਰੱਖਿਆ ਪ੍ਰਣਾਲੀ 'ਤੇ ਸਵਾਲ ਖੜ੍ਹੇ ਕੀਤੇ। ਇੱਕ ਬਹੁਤ ਹੀ ਸੁਰੱਖਿਅਤ ਮੰਨੇ ਜਾਣ ਵਾਲੇ ਹੈਲੀਕਾਪਟਰ ਦਾ ਹਾਦਸਾਗ੍ਰਸਤ ਹੋਣਾ ਕਿਸੇ ਵੱਡੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ।

**ਤਾਜ਼ਾ ਘਟਨਾਕ੍ਰਮ ਗੁਜਰਾਤ ਅਤੇ ਮਹਾਰਾਸ਼ਟਰ ਦੇ ਜ਼ਖ਼ਮ** (2025-26) : ਰਿਪੋਰਟਾਂ ਮੁਤਾਬਕ ਹਾਲ ਹੀ ਦੇ ਸਾਲਾਂ ਵਿੱਚ ਹੋਏ ਹਾਦਸਿਆਂ ਨੇ ਇਸ ਸ਼ੱਕ ਨੂੰ ਹੋਰ ਪੱਕਾ ਕਰ ਦਿੱਤਾ ਹੈ ਕਿ ਸਿਆਸੀ ਆਗੂਆਂ ਦੇ ਜਹਾਜ਼ ਸੁਰੱਖਿਅਤ ਨਹੀਂ ਹਨ।

**ਗੁਜਰਾਤ ਦੀ ਤ੍ਰਾਸਦੀ (ਜੂਨ 2025)** : ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੀ ਇੱਕ ਅੰਤਰਰਾਸ਼ਟਰੀ ਉਡਾਣ (ਏਅਰ ਇੰਡੀਆ 19-171) ਵਿੱਚ ਹੋਈ ਮੌਤ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਇੱਕ ਵੱਡਾ ਵਪਾਰਕ ਜਹਾਜ਼ ਜੋ ਆਧੁਨਿਕ ਸੁਰੱਖਿਆ ਉਪਕਰਨਾਂ ਨਾਲ ਲੈਸ ਹੁੰਦਾ ਹੈ, ਦਾ ਇਸ ਤਰ੍ਹਾਂ ਹਾਦਸਾਗ੍ਰਸਤ ਹੋਣਾ ਸਿਰਫ਼ 'ਤਕਨੀਕੀ ਖਰਾਬੀ' ਨਹੀਂ ਹੋ ਸਕਦਾ। ਕੀ ਇਸ ਦੇ ਪਿੱਛੇ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਸੀ ?

**ਮਹਾਰਾਸ਼ਟਰ ਦਾ ਸਿਆਸੀ ਸਦਮਾ (ਜਨਵਰੀ 2026)** : 28 ਜਨਵਰੀ 2026 ਨੂੰ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਹਵਾਈ ਹਾਦਸੇ ਵਿੱਚ ਮੌਤ ਨੇ ਸੂਬੇ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ। ਹਾਦਸੇ ਤੋਂ ਪਹਿਲਾਂ ਉਨ੍ਹਾਂ ਦਾ ਵੀਡੀਓ ਵਾਇਰਲ ਹੋਣਾ ਜਿਸ ਵਿੱਚ ਉਹ ਖ਼ਤਰੇ ਦਾ ਅਹਿਸਾਸ ਕਰ ਰਹੇ ਸਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸ਼ਾਇਦ ਉਨ੍ਹਾਂ ਨੂੰ ਆਪਣੀ ਜਾਨ 'ਤੇ ਮੰਡਰਾ ਰਹੇ ਖ਼ਤਰੇ ਦਾ ਪਹਿਲਾਂ ਹੀ ਪਤਾ ਸੀ।

**ਸਾਜ਼ਿਸ਼ ਦੇ ਪਿੱਛੇ ਦੇ ਲੁਕਵੇਂ ਕਾਰਨ (The Conspiracy Theory)** : ਕੀ ਇਹ ਸਿਰਫ਼ 'ਕੁਦਰਤ ਦੀ ਕਰੋਪੀ' ਹੈ ? ਜਦੋਂ ਅਸੀਂ ਡੂੰਘਾਈ ਨਾਲ ਦੇਖਦੇ ਹਾਂ ਤਾਂ ਕੁਝ ਅਜਿਹੇ ਤੱਥ ਸਾਹਮਣੇ ਆਉਂਦੇ ਹਨ ਜੋ ਸਾਜ਼ਿਸ਼ ਵੱਲ ਇਸ਼ਾਰਾ ਕਰਦੇ ਹਨ: ਸਿਆਸੀ ਰਸਤਾ ਸਾਫ਼ ਕਰਨਾ: ਜਦੋਂ ਕੋਈ ਨੇਤਾ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਹੋ ਜਾਂਦਾ ਹੈ ਜਾਂ ਉਹ ਕਿਸੇ ਵੱਡੇ ਸਿਆਸੀ ਬਦਲਾਅ ਦੀ ਤਿਆਰੀ ਵਿੱਚ ਹੁੰਦਾ ਹੈ ਤਾਂ ਉਸ ਦਾ 'ਰਸਤੇ ਤੋਂ ਹਟ ਜਾਣਾ' ਵਿਰੋਧੀਆਂ ਲਈ ਫਾਇਦੇਮੰਦ ਹੁੰਦਾ ਹੈ।



**ਸੈਂਸਰਾਂ ਨਾਲ ਛੇੜਛਾੜ (Electronic Warfare):** ਅੱਜ ਦੇ ਯੁੱਗ ਵਿੱਚ ਜਹਾਜ਼ਾਂ ਨੂੰ ਰਿਮੋਟਲੀ ਕੰਟਰੋਲ ਕਰਨਾ ਜਾਂ ਉਨ੍ਹਾਂ ਦੇ ਨੈਵੀਗੇਸ਼ਨ ਸਿਸਟਮ ਨੂੰ ਜੈਮ ਕਰਨਾ ਸੰਭਵ ਹੈ। ਜੇਕਰ ਕੋਈ ਪੇਸ਼ੇਵਰ ਸਾਜ਼ਿਸ਼ਘਾੜਾ ਹੋਵੇ ਤਾਂ ਉਹ ਅਜਿਹੇ ਹਾਦਸੇ ਨੂੰ 'ਤਕਨੀਕੀ ਖਰਾਬੀ' ਦਾ ਰੂਪ ਦੇ ਸਕਦਾ ਹੈ।

**ਜਾਂਚ ਰਿਪੋਰਟਾਂ ਦਾ ਦਬਾਅ:** ਜ਼ਿਆਦਾਤਰ ਹਵਾਈ ਹਾਦਸਿਆਂ ਦੀਆਂ 'ਬਲੈਕ ਬਾਕਸ' ਰਿਪੋਰਟਾਂ ਜਨਤਕ ਨਹੀਂ ਕੀਤੀਆਂ ਜਾਂਦੀਆਂ। 'ਕਲਾਸੀਫਾਈਡ' (ਗੁਪਤ) ਦੇ ਨਾਮ 'ਤੇ ਸੱਚ ਨੂੰ ਦਬਾ ਦਿੱਤਾ ਜਾਂਦਾ ਹੈ।

**ਤਕਨੀਕੀ ਖਾਮੀਆਂ, ਸਿਸਟਮ ਦੀ ਫੇਲ੍ਹਤਾ** : ਭਾਰਤ ਵਿੱਚ ਵਰਤੇ ਜਾਣ ਵਾਲੇ ਹੈਲੀਕਾਪਟਰਾਂ ਅਤੇ ਜਹਾਜ਼ਾਂ ਦਾ ਬੇੜਾ (Fleet) ਪੁਰਾਣਾ ਹੋ ਰਿਹਾ ਹੈ।

**VVIP ਪ੍ਰੈਸ਼ਰ:** ਨੇਤਾਵਾਂ ਨੂੰ ਸਮੇਂ ਸਿਰ ਪਹੁੰਚਣ ਦੀ ਜਲਦੀ ਹੁੰਦੀ ਹੈ। ਪਾਇਲਟਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਖ਼ਰਾਬ ਮੌਸਮ ਵਿੱਚ ਵੀ ਉਡਾਣ ਭਰਨ।

**ਰੱਖ-ਰਖਾਅ ਵਿੱਚ ਲਾਪਰਵਾਹੀ:** ਕਈ ਵਾਰ ਸਪੇਅਰ ਪਾਰਟਸ ਦੀ ਕਮੀ ਜਾਂ ਘਟੀਆ ਕੁਆਲਿਟੀ ਦੇ ਪੁਰਜ਼ਿਆਂ ਦੀ ਵਰਤੋਂ ਹਵਾ ਵਿੱਚ ਇੰਜਣ ਫੇਲ੍ਹ ਹੋਣ ਦਾ ਕਾਰਨ ਬਣਦੀ ਹੈ।

**ਪਾਇਲਟ ਅਤੇ ਕਰੂ, ਬੇਗੁਨਾਹਾਂ ਦੀ 'ਬੇਨਿਆਈ ਮੌਤ'** : ਇਹ ਇਸ ਲੇਖ ਦਾ ਸਭ ਤੋਂ ਦਰਦਨਾਕ ਪਹਿਲੂ ਹੈ। ਜਦੋਂ ਇੱਕ ਨੇਤਾ ਮਰਦਾ ਹੈ ਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ ਪਰ ਉਸੇ ਜਹਾਜ਼ ਵਿੱਚ ਮਰਨ ਵਾਲੇ ਪਾਇਲਟ, ਕੋ-ਪਾਇਲਟ ਅਤੇ ਕਰੂ ਮੈਂਬਰਾਂ ਦੇ ਨਾਮ ਇਤਿਹਾਸ ਦੇ ਕਿਸੇ ਕੋਨੇ ਵਿੱਚ ਦਫ਼ਨ ਹੋ ਜਾਂਦੇ ਹਨ।

**ਬੇਗੁਨਾਹਾਂ ਦੀ ਬਲੀ:** ਪਾਇਲਟ ਜੋ ਸਿਰਫ਼ ਆਪਣੀ ਡਿਊਟੀ ਕਰ ਰਹੇ ਹੁੰਦੇ ਹਨ ਸਿਸਟਮ ਦੀਆਂ ਖਾਮੀਆਂ ਜਾਂ ਸਿਆਸੀ ਸਾਜ਼ਿਸ਼ਾਂ ਕਾਰਨ 'ਬੇਨਿਆਈ ਮੌਤ' ਮਾਰੇ ਜਾਂਦੇ ਹਨ। ਉਨ੍ਹਾਂ ਦੇ ਪਰਿਵਾਰਾਂ ਦਾ ਕੀ ਕਸੂਰ ਹੈ ?

**ਮਾਨਸਿਕ ਬੋਝ:** ਪਾਇਲਟਾਂ ਨੂੰ ਪਤਾ ਹੁੰਦਾ ਹੈ ਕਿ ਉਹ ਇੱਕ ਬਹੁਤ ਹੀ ਮਹੱਤਵਪੂਰਨ ਵਿਅਕਤੀ ਨੂੰ ਲੈ ਕੇ ਜਾ ਰਹੇ ਹਨ। ਇਹ ਦਬਾਅ ਉਨ੍ਹਾਂ ਦੀ ਫੈਸਲਾ ਲੈਣ ਦੀ ਸ਼ਕਤੀ 'ਤੇ ਅਸਰ ਪਾਉਂਦਾ ਹੈ।

**ਪਰਿਵਾਰਾਂ ਦੀ ਅਣਦੇਖੀ:** ਸਰਕਾਰ ਨੇਤਾ ਦੇ ਪਰਿਵਾਰ ਨੂੰ ਕਰੋੜਾਂ ਰੁਪਏ ਅਤੇ ਨੌਕਰੀਆਂ ਦਿੰਦੀ ਹੈ ਪਰ ਪਾਇਲਟ ਦੇ ਪਰਿਵਾਰ ਨੂੰ ਅਕਸਰ 'ਬੀਮਾ ਰਾਸ਼ੀ' ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ।

**ਸਿਆਸੀ ਪ੍ਰਭਾਵ, ਜਦੋਂ ਕੁਰਸੀ ਦਾ ਸਮੀਕਰਨ ਬਦਲ ਜਾਂਦਾ ਹੈ** : ਇਹ ਹਾਦਸੇ ਸਿਰਫ਼ ਮੌਤਾਂ ਨਹੀਂ ਹਨ, ਇਹ ਸਿਆਸੀ ਤਖ਼ਤਾਪਲਟ ਹਨ। ਜੇਕਰ ਅਜੀਤ ਪਵਾਰ ਜਾਂ ਵਿਜੇ ਰੂਪਾਨੀ ਵਰਗੇ ਨੇਤਾਵਾਂ ਨਾਲ ਇਹ ਹਾਦਸੇ ਨਾ ਹੁੰਦੇ ਤਾਂ ਅੱਜ ਗੁਜਰਾਤ ਅਤੇ ਮਹਾਰਾਸ਼ਟਰ ਦੀ ਸਿਆਸਤ ਦਾ ਸਰੂਪ ਕੁਝ ਹੋਰ ਹੁੰਦਾ। ਅਜਿਹੀਆਂ ਮੌਤਾਂ ਤੋਂ ਬਾਅਦ ਅਕਸਰ ਉਹ ਲੋਕ ਸੱਤਾ ਵਿੱਚ ਆਉਂਦੇ ਹਨ ਜੋ ਸ਼ਾਇਦ ਲੋਕਾਂ ਦੀ ਪਹਿਲੀ ਪਸੰਦ ਨਹੀਂ ਹੁੰਦੇ।

**ਸੁਧਾਰਾਂ ਦੀ ਲੋੜ ਅਤੇ ਭਵਿੱਖ ਦੀ ਚੁਣੌਤੀ** : ਜੇਕਰ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਵਿੱਚ ਅਜਿਹੇ 'ਸ਼ੱਕੀ' ਹਾਦਸੇ ਨਾ ਹੋਣ, ਤਾਂ ਸਾਨੂੰ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ ਨਿਰਪੱਖ ਜਾਂਚ: ਹਰ VVIP ਹਾਦਸੇ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਹੋਣੀ ਚਾਹੀਦੀ ਹੈ।

**ਤਕਨੀਕੀ ਅਪਗ੍ਰੇਡੇਸ਼ਨ:** 15 ਸਾਲ ਤੋਂ ਪੁਰਾਣੇ ਕਿਸੇ ਵੀ ਹੈਲੀਕਾਪਟਰ ਨੂੰ VVIP ਡਿਊਟੀ 'ਤੇ ਨਹੀਂ ਲਗਾਇਆ ਜਾਣਾ ਚਾਹੀਦਾ।

**ਪਾਇਲਟਾਂ ਦੀ ਆਜ਼ਾਦੀ:** ਪਾਇਲਟ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਨੇਤਾ ਦੇ ਦਬਾਅ ਤੋਂ ਬਿਨਾਂ 'ਨੋ ਫਲਾਈ' (No Fly) ਦਾ ਫੈਸਲਾ ਲੈ ਸਕੇ।

**ਪਾਰਦਰਸ਼ਤਾ:** ਬਲੈਕ ਬਾਕਸ ਦਾ ਡਾਟਾ ਜਨਤਕ ਕੀਤਾ ਜਾਵੇ ਤਾਂ ਜੋ ਲੋਕਾਂ ਦਾ ਭਰੋਸਾ ਬਣਿਆ ਰਹੇ। ਭਾਰਤ ਦੇ ਸਿਆਸੀ ਅਸਮਾਨ ਵਿੱਚ ਵਾਪਰੇ ਇਹ ਹਾਦਸੇ ਇੱਕ ਡੂੰਘੇ ਜ਼ਖ਼ਮ ਵਾਂਗ ਹਨ। ਚਾਹੇ ਇਹ ਤਕਨੀਕੀ ਖਰਾਬੀ ਹੋਵੇ, ਮੌਸਮ ਦੀ ਮਾਰ ਹੋਵੇ ਜਾਂ ਕੋਈ ਗਿਣੀ-ਮਿਥੀ ਸਾਜ਼ਿਸ਼ - ਨੁਕਸਾਨ ਦੇਸ਼ ਦਾ ਹੀ ਹੁੰਦਾ ਹੈ। ਪਰ ਸਭ ਤੋਂ ਵੱਡਾ ਦੁੱਖ ਉਨ੍ਹਾਂ ਪਾਇਲਟਾਂ ਅਤੇ ਕਰੂ ਮੈਂਬਰਾਂ ਲਈ ਹੈ ਜੋ ਬਿਨਾਂ ਕਿਸੇ ਗਲਤੀ ਦੇ ਇਸ ਸਿਆਸੀ ਖੇਡ ਵਿੱਚ ਆਪਣੀ ਜਾਨ ਗੁਆ ਬੈਠਦੇ ਹਨ। ਉਹ 'ਬੇਨਿਆਈ ਮੌਤ' ਮਰਦੇ ਹਨ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਵੀ ਉਹ ਸਨਮਾਨ ਮਿਲਣਾ ਚਾਹੀਦਾ ਹੈ ਜੋ ਕਿਸੇ ਵੱਡੇ ਨੇਤਾ ਨੂੰ ਮਿਲਦਾ ਹੈ। ਅਸੀਂ ਸਿਰਫ਼ ਹਾਦਸਿਆਂ 'ਤੇ ਅਫ਼ਸੋਸ ਨਾ ਕਰੀਏ, ਸਗੋਂ ਉਨ੍ਹਾਂ ਪਿੱਛੇ ਛਿਪੇ 'ਸੱਚ' ਨੂੰ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਜੋ ਭਵਿੱਖ ਵਿੱਚ ਕੋਈ ਹੋਰ ਨੇਤਾ ਜਾਂ ਬੇਗੁਨਾਹ ਪਾਇਲਟ ਇਸ ਰਹੱਸਮਈ ਅਸਮਾਨ ਦਾ ਸ਼ਿਕਾਰ ਨਾ ਬਣੇ।

# ਸੁੱਖ, ਚੈਨ ਤੇ ਸਕੂਨ ਕਿਥੇ ਚਲਾ ਗਿਆ



ਸੰਜੀਵ ਸਿੰਘ ਸੈਣੀ
7888966168

ਅੱਜ ਅਸੀਂ ਏਆਈ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਜਿੰਨੀ ਜ਼ਿਆਦਾ ਵਿਗਿਆਨ ਤਰੱਕੀ ਕਰ ਰਿਹਾ ਹੈ ਉਨਾਂ ਹੀ ਇਨਸਾਨ ਮਾਨਸਿਕ ਉਲਝਣਾਂ ਵਿੱਚ ਉਲਝ ਗਿਆ ਹੈ। ਸਹੂਲਤਾਂ ਵੱਧਣ ਨਾਲ ਇਨਸਾਨੀ ਜੀਵਨ ਵਿੱਚੋਂ ਸੁੱਖ, ਚੈਨ, ਸ਼ਾਂਤੀ, ਸਕੂਨ ਖ਼ਤਮ ਹੋ ਗਿਆ ਹੈ। ਇੰਟਰਨੈੱਟ ਦੀ ਦੁਨੀਆਂ ਕਾਰਨ ਮਨੁੱਖ ਦੇ ਵਿਹਾਰ ਵਿੱਚ ਬਹੁਤ ਜ਼ਿਆਦਾ ਬਦਲਾਵ ਆਇਆ ਹੈ। ਅੱਜ ਬਹੁਤੀ ਤਦਾਦ ਵਿੱਚ ਲੋਕ ਪਰੇਸ਼ਾਨ ,ਉਦਾਸ, ਬੇਚੈਨੀ, ਚਿੜਚਿੜਾ, ਗੁੱਸੇ ਦਾ ਸ਼ਿਕਾਰ ਹੋ ਰਹੇ ਹਨ। ਆਧੁਨਿਕ ਜੀਵਨ ਸ਼ੈਲੀ ਪ੍ਰਭਾਵਿਤ ਹੋ ਰਹੀ ਹੈ। ਸਾਂਝੇ ਪਰਿਵਾਰ ਟੁੱਟ ਕੇ ਇਕਹਿਰੇ ਪਰਿਵਾਰ ਵੱਲ ਵੱਧ ਰਹੇ ਹਨ। ਮਹਿਲਾਂ ਵਰਗੇ ਘਰ ਹਨ, ਪਰ ਉਹਨਾਂ ਵਿੱਚ ਰਹਿਣ ਵਾਲੇ ਸਿਰਫ ਚਾਰ ਜੀਅ ਹਨ। ਨਿਮਰਤਾ, ਪ੍ਰੀਤ, ਪਿਆਰ, ਸਹਿਣਸ਼ੀਲਤਾ ਇਨਸਾਨ ਵਿੱਚ ਨਹੀਂ ਰਿਹਾ ਹੈ। ਟਿਕਾਓ ਖਤਮ ਹੋ ਚੁੱਕਿਆ ਹੈ। ਦੌੜ ਲੱਗੀ ਹੋਈ ਹੈ ਕਿਵੇਂ ਉਸ ਇਨਸਾਨ ਤੋਂ ਅੱਗੇ ਨਿਕਲ ਜਾਵਾਂ। ਚਾਹੇ ਗਲਤ ਰਸਤਾ ਕਿਉਂ ਨਾ ਚੁਣਾ। ਮੋਬਾਇਲ ਆਇਆ, ਸਾਰਿਆਂ ਨੂੰ ਜਕੜ ਕੇ ਰੱਖ ਲਿਆ। ਰਿਸ਼ਤੇ ਖ਼ਤਮ ਕਰ ਦਿੱਤੇ। ਕਿਤਾਬਾਂ ਪੜ੍ਹਨ ਦਾ ਰੁਝਾਨ ਘੱਟ ਗਿਆ। ਕੋਈ ਜਾਣਕਾਰੀ ਲੈਣ ਲਈ ਇੰਟਰਨੈਟ 'ਤੇ ਜਾ ਕੇ ਸਰਚ ਕਰਨ ਲੱਗ ਗਿਆ, ਚਾਹੇ ਉਹ ਜਾਣਕਾਰੀ ਸਹੀ ਹੈ ਜਾਂ ਨਹੀਂ । ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਹੋ ਰਿਹਾ ਹੈ। ਬੱਚਿਆਂ ਦੀ ਗੱਲ ਕਰੀਏ ਜੇ ਗਲਤ ਸਾਈਟ 'ਤੇ ਜਾ ਕੇ ਗਲਤ ਗੇਮਾਂ ਦੇ ਚੱਕਰ ਵਿੱਚ ਮਾਂ ਬਾਪ ਦੀ ਜਮ੍ਹਾ ਪੂੰਜੀ ਹੀ ਖਤਮ ਕਰ ਦਿੱਤੀ, ਗਲਤ ਗੇਮ ਖੇਡ ਕੇ ਆਪਣੀ ਜੀਵਨ ਲੀਲਾ ਖਤਮ ਕਰ ਦਿੱਤੀ। ਰੋਟੀ ਮਿਲੇ ਚਾਹੇ ਨਾ ਮਿਲੇ ਮੋਬਾਇਲ ਜ਼ਰੂਰ ਬੱਚਿਆਂ ਦੇ ਹੱਥ ਵਿੱਚ ਦੇਖਿਆ ਜਾਂਦਾ ਹੈ। ਨੌਜਵਾਨ ਪੀੜੀ ਕਿਤਾਬਾਂ ਤੋਂ ਕੰਨੀ ਕਤਰਾਉਣ ਲੱਗ ਪਈ ਹੈ। ਜ਼ਿਆਦਾ ਮੋਬਾਇਲ ਦੀ ਵਰਤੋਂ ਕਾਰਨ ਇਨਸਾਨੀ ਜੀਵਨ ਵਿੱਚ ਚਿੜਚਿੜਾਪਣ , ਡਿਪਰੈਸ਼ਨ ਵੱਧ ਗਿਆ ਹੈ। ਜੇ ਬੱਚਿਆਂ ਦੀ ਗੱਲ ਕਰੀਏ ਤਾਂ ਉਹਨਾਂ ਦੀ ਨਿਗ੍ਹਾ ਕਮਜ਼ੋਰ ਹੋ ਚੁੱਕੀ ਹੈ, ਚਸ਼ਮੇ ਲੱਗੇ ਹੋਏ ਹਨ। ਸਮੇਂ ਸਿਰ ਨੀਂਦ ਨਾ ਲੈਣ ਕਾਰਨ ਇਹ ਹਾਲ ਹੋ ਚੁੱਕਿਆ ਹੈ। ਦੋ ਕੁ ਮਹੀਨੇ ਪਹਿਲਾਂ ਮੈਨੂੰ ਸੈਮੀਨਾਰ ਕਰਨ ਲਈ ਕਿਸੇ ਸਕੂਲ ਵਿੱਚ ਜਾਣਾ ਪਿਆ। 75 ਬੱਚੇ ਕਲਾਸ ਰੂਮ ਵਿੱਚ ਬੈਠੇ ਸਨ । ਸਾਰੇ ਹੀ ਬੱਚਿਆਂ ਦੇ ਚਸ਼ਮੇ ਲੱਗੇ ਹੋਏ ਸਨ। ਕਈ ਅਜਿਹੇ ਇਨਸਾਨ ਵੀ ਹਨ, ਜਿਨ੍ਹਾਂ ਦੀ ਜੇਬ ਵਿੱਚ ਪੈਸਾ ਨਹੀਂ ਹੈ, ਮੋਬਾਇਲ ਲੈ ਕੇ ਖਰੀਦਦਾਰੀ ਕਰਨ ਚਲੇ ਜਾਂਦੇ ਹਨ। ਤਕਰੀਬਨ ਬਹੁਤ ਇਨਸਾਨ ਜਿਹੜੇ ਨਗਦ ਦੇ ਕੇ ਸਮਾਨ ਖਰੀਦਦੇ ਹਨ, ਘੱਟ ਦੇਖੇ ਜਾਂਦੇ ਹਨ। ਹੋਰ ਤਾਂ ਹੋਰ ਹੁਣ ਵਿਚਾਰ ਕਰਨ ਵਾਲੀ ਗੱਲ ਹੈ ਜੋ ਪੈਂਚਰ ਲਗਾਉਣ ਵਾਲਾ ਹੈ ਉਹ ਪੈਂਚਰ ਲਗਾਉਣ ਦੇ 60 ਤੋਂ 80 ਰੁਪਏ ਤੱਕ ਲੈਂਦਾ ਹੈ। ਹੁਣ ਉਸ ਕੋਲ ਨਾ ਐਂਡਰਾਇਡ ਫ਼ੋਨ ਹੈ, ਫਿਰ ਉਹ ਕਿੱਥੋਂ ਆਨਲਾਈਨ ਪੇਮੈਂਟ ਲੈ ਲਵੇਗਾ। ਲੋਕ ਉਥੇ ਵੀ ਮੋਬਾਇਲ ਤੋਂ ਪੇਮੈਂਟ ਟਰਾਂਸਫਰ ਕਰਨਾ ਸੋਚਦੇ ਹਨ। ਫਿਰ ਜੇਬ ਵਿੱਚ ਪੈਸੇ ਨਹੀਂ ਹੁੰਦੇ, ਇਧਰ ਉੱਧਰ ਦੁਕਾਨਾਂ 'ਤੇ ਘੁੰਮਦੇ ਫਿਰਦੇ ਹਨ ਕਿ ਆਨਲਾਈਨ ਕਰ ਦਿੰਦੇ ਹਨ ਤੁਸੀਂ ਸਾਨੂੰ ਕੈਸ਼ ਦੇ ਦੇਵੋ। ਇਹ ਕਿਹੋ ਜਿਹੀ ਤਬਦੀਲੀ ਆਈ ਹੈ। ਜਿੰਨੀ ਜ਼ਿਆਦਾ ਸੂਚਨਾ ਤੇ ਟੈਕਨੋਲੋਜੀ ਵੱਧ ਗਈ ਹੈ, ਅੱਜ ਅਸੀਂ ਆਪਣੇ ਪਰਿਵਾਰਾਂ, ਸੱਭਿਆਚਾਰ ਤੋਂ ਅਲੱਗ ਹੋ ਚੁੱਕੇ ਹਾਂ। ਅੱਜ ਇਨਸਾਨ ਜਿਉਣਾ ਭੁੱਲ ਚੁੱਕਿਆ ਹੈ। ਪੈਸੇ ਦੀ ਹੋੜ ਜ਼ਿਆਦਾ ਲੱਗੀ ਹੋਈ ਹੈ। ਰਿਸ਼ਤਿਆਂ ਦਾ ਘਾਣ ਹੋਇਆ ਹੈ। ਖੂਨ ਦੇ ਰਿਸ਼ਤੇ ਖ਼ਤਮ ਹੋ ਚੁੱਕੇ ਹਨ। ਪੈਸੇ ਪਿੱਛੇ ਇਨਸਾਨ ਕੁੱਝ ਵੀ ਕਰਨ ਨੂੰ ਤਿਆਰ ਹੈ, ਚਾਹੇ ਉਸਨੂੰ ਆਪਣਾ ਪਿਓ ਜਾਂ ਭਤੀਜਾ ਕਿਉਂ ਨਾ ਮਾਰਨਾ ਪੈ ਜਾਵੇ। ਬਜ਼ੁਰਗਾਂ ਦਾ ਨਿਰਾਦਰ ਹੋ ਰਿਹਾ ਹੈ । ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਨੌਜਵਾਨ ਪੀੜੀ ਨਸ਼ਿਆਂ ਵੱਲ ਵੱਧ ਰਹੀ ਹੈ ਮਾਨਸਿਕ ਵਿਕਾਰ ਵੱਧ ਰਹੇ ਹਨ। ਮਾਹਿਰਾਂ ਕੋਲ ਲੰਮੀਆਂ ਲੰਮੀਆਂ ਕਤਾਰਾਂ ਲੱਗ ਚੁੱਕੀਆਂ ਹਨ ਡਿਪਰੈਸ਼ਨ ਪੀੜਿਤ ਵੱਧ ਰਹੇ ਹਨ। ਜਿਸ ਨੂੰ ਵੀ ਪੁੱਛ ਲਓ, ਕਹਿੰਦਾ ਕਿ ਮੈਨੂੰ ਟੈਂਸ਼ਨ ਹੋ ਗਈ ਹੈ ਪਤਾ ਨਹੀਂ ਕਿੰਨੀ ਕਿੰਨੀ ਤਰ੍ਹਾਂ ਦੀਆਂ ਦਵਾਈਆਂ ਖਾ ਰਹੇ ਹਨ। ਕੌਂਸਲਿੰਗ ਕਰਵਾਉਣ ਜਾ ਰਹੇ ਹਨ। ਨਾਮੁਰਾਦ ਬਿਮਾਰੀਆਂ ਨੇ ਇਨਸਾਨ ਨੂੰ ਘੇਰ ਲਿਆ ਹੈ। ਜੰਕ ਫੂਡ ਇੰਨਾ ਖਾ ਰਹੇ ਹਨ, ਛੋਟੀ ਛੋਟੀ ਉਮਰ ਦੇ ਬੱਚੇ ਘਾਤਕ ਬਿਮਾਰੀਆਂ ਦਾ ਸ਼ਿਕਾਰ ਹਨ। ਮਿਲਾਵਟ ਦਾ ਬੋਲਬਾਲਾ ਹੈ। ਤੰਦਰੁਸਤ ਕਿਵੇਂ ਰਹਿਣਾ ਹੈ, ਇਸ ਬਾਰੇ ਬਿਲਕੁਲ ਵੀ ਨਹੀਂ ਦੱਸਿਆ ਜਾ ਰਿਹਾ। ਪੈਸਾ ਤਾਂ ਦੁਨੀਆਂ ਕੋਲ ਬਹੁਤ ਹੈ, ਪਰ ਸਕੂਨ ਨਹੀਂ ਰਿਹਾ ਹੈ।ਆਪਣੇ ਪਰਿਵਾਰ ਨੂੰ ਸਮਾਂ ਨਹੀਂ ਦਿੱਤਾ ਜਾ ਰਿਹਾ ਹੈ । ਬਨਾਵਟੀ ਖੁਸ਼ੀ ਚਿਹਰੇ 'ਤੇ ਦੇਖੀ ਜਾ ਸਕਦੀ ਹੈ, ਅੰਦਰੋਂ ਖੁਸ਼ੀ ਨਹੀਂ ਹੈ। ਕੁਦਰਤ ਨਾਲ ਖਿਲਵਾੜ ਹੋ ਰਿਹਾ ਹੈ। ਕੁਦਰਤ ਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ । ਅਸਮਾਨ ਛੂਹ ਰਹੀਆਂ ਇਮਾਰਤਾਂ ਉਸਾਰ ਦਿੱਤੀ ਗਈਆਂ। ਮਤਲਬੀ ਦੁਨੀਆ ਬਹੁਤ ਹੈ। ਜ਼ਿੰਦਗੀ ਵਿੱਚ ਕਿਸ ਤਰ੍ਹਾਂ ਜਿਊਣਾ ਹੈ , ਸਾਡਾ ਦੁਨੀਆਂ ਵਿੱਚ ਆਉਣ ਦਾ ਕੀ ਮਕਸਦ ਹੈ, ਇਹ ਸਾਨੂੰ ਪਤਾ ਨਹੀਂ ਹੈ। ਅੱਜ ਮੈਡੀਟੇਸ਼ਨ ਸੈਂਟਰ ਖੁੱਲ੍ਹ ਚੁੱਕੇ ਹਨ, ਭੀੜ ਦੇਖੀ ਜਾ ਸਕਦੀ ਹੈ। ਦੇਖੋ ਸਮਾਜ ਵਿੱਚ ਰਹਿੰਦੇ ਹੋਏ ਸਾਨੂੰ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਹਨ। ਪਰ ਇੰਨਾ ਵੀ ਅਸੀਂ ਪੈਸੇ ਦੇ ਪਿੱਛੇ ਨਾ ਲੱਗੋ ਕਿ ਅਸੀਂ ਆਪਣਾ ਚੈਨ, ਸਕੂਨ, ਮਾਨਸਿਕਤਾ ਨੂੰ ਖਤਮ ਕਰ ਦੇਵੋ। ਖੁਸ਼ੀ ਸਾਨੂੰ ਇਹ ਨਹੀਂ ਕਿ ਵੱਡੀ ਚੀਜ਼ ਵਿੱਚੋਂ ਮਿਲੇਗੀ । ਕਈ ਵਾਰ ਛੋਟੀਆਂ ਛੋਟੀਆਂ ਚੀਜ਼ਾਂ ਸਾਨੂੰ ਸਕੂਨ ਦਿੰਦੀਆਂ ਹਨ। ਛੋਟਾ ਤਬਕਾ ਜਿਵੇਂ ਝੁੱਗੀ ਵਾਲੇ ਹਮੇਸ਼ਾ ਖੁਸ਼ ਦਿਖਦੇ ਹਨ,ਕਿਉਂਕਿ ਉਹਨਾਂ ਨੂੰ ਭਵਿੱਖ ਦੀ ਚਿੰਤਾ ਨਹੀਂ ਹੁੰਦੀ। ਅੱਜ ਪਰੇਸ਼ਾਨੀ ਹਰ ਇੱਕ ਦੇ ਜੀਵਨ ਵਿੱਚ ਹੈ। ਪਰੇਸ਼ਾਨੀ ਵਿੱਚੋਂ ਕਿਸ ਤਰ੍ਹਾਂ ਨਿਕਲਣਾ ਹੈ ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ। ਰੋਊ ਰੋਊ ਕਰਦੇ ਰਹਿਣ ਨਾਲ ਕੋਈ ਨੇੜੇ ਵੀ ਨਹੀਂ ਖੜ੍ਹਦਾ ਹੈ। ਉਸ ਥਾਂ 'ਤੇ ਜਾਓ, ਜਿੱਥੇ ਤੁਹਾਨੂੰ ਸਕੂਨ ਮਿਲਦਾ ਹੋਵੇ, ਧਾਰਮਿਕ ਥਾਂ ਜਾਂ ਪਾਰਕ । ਕੋਈ ਵਧੀਆ ਕਿਤਾਬ ਪੜ੍ਹੋ ਜੋ ਤੁਹਾਨੂੰ ਖੁਸ਼ੀ ਦੇਵੇ। ਆਪਣੇ ਆਪ ਨਾਲ ਪਿਆਰ ਕਰੋ , ਆਪਣੇ ਆਪ ਨਾਲ ਗੱਲਾਂ ਕਰੋ, ਆਪਣੇ ਆਪ ਨੂੰ ਸਮਾਂ ਦਿਓ। ਇਹਨਾਂ ਗੱਲਾਂ ਵੱਲ ਧਿਆਨ ਦੇ ਕੇ ਸਾਡਾ ਜੀਵਨ ਬਹੁਤ ਵਧੀਆ ਹੋ ਜਾਵੇਗਾ। ਜੇ ਸਾਡਾ ਮਨ ਸਹੀ ਹੈ ਤਾਂ ਸਾਨੂੰ ਸਾਰਾ ਕੁੱਝ ਹੀ ਸਹੀ ਲੱਗੇਗਾ।

# ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਮਨਾਇਆ



ਗੜ੍ਹਦੀਵਾਲਾ, 05 ਫਰਵਰੀ( ਗੌਰਵ)- ਗੁਰਦੁਆਰਾ ਸੇਵਾ ਸੋਸਾਇਟੀ (ਰਜਿ:) ਨਿਊ ਕਲੋਨੀ ਚੌਹਾਲ ਹੁਸ਼ਿਆਰਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ649ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਜਿਸ ਵਿੱਚ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਸਜਾਏ ਗਏ। ਜਿਸ ਵਿੱਚ ਰਾਗੀ ਜਥਿਆਂ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਲੰਬੜਦਾਰ ਪਰਮਜੀਤ ਸਿੰਘ ਪਿੰਡ ਬਾਹਲਾ ਨੂੰ ਹਾਜ਼ਰੀ ਲਗਵਾਉਣ ਦਾ ਸੁਭਾਗ ਪ੍ਰਾਪਤ ਹੋਇਆ। ਲੰਬੜਦਾਰ ਪਰਮਜੀਤ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ। ਉਪਰੰਤ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸਰਦਾਰ ਪਰਮਜੀਤ ਸਿੰਘ ਲੰਬੜਦਾਰ ਪਿੰਡ ਬਾਹਲਾ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਸੋਹਣ ਸਿੰਘ ਬਲਦੇਵ ਸਿੰਘ, ਸੰਤੋਖ ਸਿੰਘ, ਜੀਵਨ ਸਿੰਘ, ਪ੍ਰਧਾਨ ਸ. ਮਨਪ੍ਰੀਤ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ।


ਵਸੂਲੀ ਅਧਿਕਾਰੀ ਦਾ ਦਫਤਰ-1/2

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ-(ਡੀਆਰਟੀ 1)**

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./844/2025 ਮਿਤੀ : 17.01.2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਸ੍ਰੀ ਬਾਲਾ ਜੀ ਦੇਸੀ ਘੀ ਭੰਡਾਰ

ਵੱਲ,
1. ਮੈਸਰਜ਼ ਸ੍ਰੀ ਬਾਲਾਜੀ ਦੇਸੀ ਘੀ ਭੰਡਾਰ ਰਾਹੀਂ ਇਸ ਦੇ ਪ੍ਰੋਪ. ਮਾਰਫਤ ਐਮਸੀ ਨੰ. 4672, ਐਸਐਸਡੀ ਸਕੂਲ ਵਾਲੀ ਗਲੀ, ਦ ਮਾਲ ਬਠਿੰਡਾ, ਪੰਜਾਬ-151001
ਇੱਥੇ ਵੀ:-
ਜੇ ਐਂਡ ਕੇ ਬੈਂਕ ਸਟ੍ਰੀਟ, ਦਿ ਮਾਲ, ਬਠਿੰਡਾ
2. ਸ੍ਰੀ ਭਜਨ ਲਾਲ ਪੁੱਤਰ ਸ. ਭਵਾਨੀ ਸ਼ੰਕਰ ਪ੍ਰੋ. ਮੈਸਰਜ਼ ਸ੍ਰੀ ਬਾਲਾਜੀ ਦੇਸੀ ਘੀ ਭੰਡਾਰ ਮਾਰਫਤ ਐਮਸੀ ਨੰ. 4672, (UID ਨੰ. MCB-ZI-10866) ਐਸਐਸਡੀ ਸਕੂਲ ਵਾਲੀ ਗਲੀ, ਦ ਮਾਲ ਬਠਿੰਡਾ, ਪੰਜਾਬ-151001
ਇੱਥੇ ਵੀ:
ਦੂਜਾ ਪਤਾ: 31763, ਗਲੀ ਨੰ. 4, ਦਵਾਈ ਫੈਕਟਰੀ ਦੇ ਨੇੜੇ, ਪ੍ਰਤਾਪ ਨਗਰ, ਬਠਿੰਡਾ।
3. ਸ੍ਰੀ ਤਰੁਣ ਸ਼ਰਮਾ ਪੁੱਤਰ ਭਜਨ ਲਾਲ ਵਾਸੀ ਮਕਾਨ ਨੰ. 31937, ਗਲੀ ਨੰ. 4, ਪ੍ਰਤਾਪ ਨਗਰ, ਬਠਿੰਡਾ, ਪੰਜਾਬ।

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/2292/2021 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 01.11.2021 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.15% ਦੀ ਦਰ 'ਤੇ ਭਾਵੀ ਵਿਆਜ ਅੱਧਾ-ਸਲਾਨਾ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 23,45,844/- (ਰੁਪਏ ਤੇਈ ਲੱਖ ਪੰਤਾਲੀ ਹਜ਼ਾਰ ਅੱਠ ਸੌ ਚੁਤਾਲੀ ਕੇਵਲ) ਦੀ ਰਕਮ ਅਤੇ ਰੁ. 26,005 (ਰੁਪਏ ਛੱਬੀ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 28.05.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 17.01.2026 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)


# ਸੀਪੀਆਈ ਦੇ ਅਧਾਰ ਸਾਲ ਵਿੱਚ ਬਦਲਾਅ: ਕੀ ਬਦਲਿਆ ਹੈ ਅਤੇ ਇਹ ਕਿਉਂ ਜ਼ਰੂਰੀ

ਸੌਰਭ ਗਰਗ

ਮਹਿੰਗਾਈ ਦੇਸ਼ ਦੇ ਸਭ ਤੋਂ ਮਹੱਤਵਪੂਰਨ ਆਰਥਿਕ ਸੂਚਕਾਂ ਵਿੱਚੋਂ ਇੱਕ ਹੈ, ਜਿਸ ਨੂੰ ਆਮ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਰਾਸ਼ਨ, ਕਿਰਾਇਆ ਅਤੇ ਪੈਟਰੋਲ-ਡੀਜ਼ਲ ਵਰਗੇ ਘਰੇਲੂ ਖ਼ਰਚਿਆਂ ਵਿੱਚ ਵਾਧੇ ਰਾਹੀਂ ਸਿੱਧੇ ਤੌਰ 'ਤੇ ਮਹਿਸੂਸ ਕਰਦੇ ਹਨ। ਖਪਤਕਾਰ ਮੁੱਲ ਸੂਚਕਾਂਕ (ਸੀਪੀਆਈ) ਇਸ ਮਹਿੰਗਾਈ ਨੂੰ ਮਾਪਦਾ ਹੈ। ਇਹ ਇੱਕ ਆਮ ਪਰਿਵਾਰ ਵੱਲੋਂ ਰੋਜ਼ਾਨਾ ਖਪਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਵੇਖਦਾ ਹੈ। ਸਿੱਧੇ ਸ਼ਬਦਾਂ ਵਿੱਚ, ਸੀਪੀਆਈ ਆਮ ਆਦਮੀ ਦੇ ਜੀਵਨ ਦਾ ਸ਼ੀਸ਼ਾ ਹੈ। ਇਹ ਦਰਸਾਉਂਦਾ ਹੈ ਕਿ ਥਾਲੀ ਵਿੱਚ ਰਾਸ਼ਨ ਦਾ ਖ਼ਰਚ ਕਿੰਨਾ ਵਧਿਆ, ਘਰ ਦਾ ਕਿਰਾਇਆ ਕਿੰਨਾ ਵਧਿਆ ਹੈ ਅਤੇ ਕੰਮ 'ਤੇ ਆਉਣ-ਜਾਣ ਲਈ ਈਂਧਣ ਕਿੰਨਾ ਮਹਿੰਗਾ ਹੋਇਆ ਹੈ। ਜਦੋਂ ਕਿ ਸੀਪੀਆਈ ਸਿਰਫ਼ ਇੱਕ ਅੰਕੜਾ ਜਾਪਦਾ ਹੈ, ਇਹ ਸਰਕਾਰ ਦੀ ਲੋਕਾਂ 'ਤੇ ਮਹਿੰਗਾਈ ਦੇ ਅਸਲ ਪ੍ਰਭਾਵ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਇਸ ਦੇ ਅਧਾਰ 'ਤੇ ਤਨਖ਼ਾਹਾਂ, ਪੈਨਸ਼ਨਾਂ ਅਤੇ ਸਮਾਜਿਕ ਸੁਰੱਖਿਆ ਨਾਲ ਸਬੰਧਤ ਫ਼ੈਸਲੇ ਇਹ ਯਕੀਨੀ ਬਣਾਉਣ ਲਈ ਲਏ ਜਾਂਦੇ ਹਨ ਕਿ ਜ਼ਰੂਰੀ ਵਸਤੂਆਂ ਆਮ ਆਦਮੀ ਲਈ ਪਹੁੰਚਯੋਗ ਰਹਿਣ। ਭਾਰਤੀ ਰਿਜ਼ਰਵ ਬੈਂਕ ਵੀ ਸੀਪੀਆਈ-ਅਧਾਰਿਤ ਮਹਿੰਗਾਈ ਨੂੰ ਵਿਆਜ ਦਰਾਂ ਅਤੇ ਮਹਿੰਗਾਈ ਨੂੰ ਕੰਟਰੋਲ ਕਰਨ ਵਰਗੇ ਫ਼ੈਸਲਿਆਂ ਲਈ ਸਭ ਤੋਂ ਮਹੱਤਵਪੂਰਨ ਮਾਪਦੰਡ ਮੰਨਦਾ ਹੈ। ਇਸ ਲਈ, ਜਦੋਂ ਸੀਪੀਆਈ ਜ਼ਮੀਨੀ ਹਕੀਕਤਾਂ ਨੂੰ ਸਹੀ ਢੰਗ ਨਾਲ ਦਰਸਾਉਂਦਾ ਹੈ, ਤਾਂ ਸਰਕਾਰ ਅਤੇ ਆਰਬੀਆਈ ਦੀਆਂ ਨੀਤੀਆਂ ਲੋਕਾਂ ਦੀਆਂ ਅਸਲ ਸਮੱਸਿਆਵਾਂ ਦੇ ਅਨੁਸਾਰ ਬਿਹਤਰ ਢੰਗ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ।

ਮਹਿੰਗਾਈ ਸਿਰਫ਼ ਵਧਦੀਆਂ ਕੀਮਤਾਂ ਬਾਰੇ ਨਹੀਂ ਹੈ, ਸਗੋਂ ਇਹ ਇਸ ਬਾਰੇ ਵੀ ਹੈ ਕਿ ਕੀਮਤਾਂ ਵਿੱਚ ਬਦਲਾਅ ਘਰੇਲੂ ਬਜਟ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਇਸ ਲਈ ਕੀਮਤਾਂ ਨੂੰ ਮਾਪਣਾ ਜਿੰਨਾ ਮਹੱਤਵਪੂਰਨ ਹੈ, ਇਹ ਓਨਾ ਹੀ ਮਹੱਤਵਪੂਰਨ ਹੈ ਕਿ ਮਹਿੰਗਾਈ ਸੂਚਕਾਂਕ ਲੋਕਾਂ ਦੀਆਂ ਮੌਜੂਦਾ ਖ਼ਰਚ ਆਦਤਾਂ ਨੂੰ ਸਹੀ ਢੰਗ ਨਾਲ ਦਰਸਾਵੇ। ਇਸ ਸੰਦਰਭ ਵਿੱਚ ਭਾਰਤ ਵਿੱਚ ਸੀਪੀਆਈ ਅਧਾਰ ਸਾਲ 2012 ਤੋਂ 2024 ਤੱਕ ਬਦਲਿਆ ਜਾ ਰਿਹਾ ਹੈ। ਪਿਛਲੇ ਅਧਾਰ ਬਦਲਾਅ ਤੋਂ ਬਾਅਦ ਦੇਸ਼ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ। ਸ਼ਹਿਰੀ ਆਬਾਦੀ ਵਧੀ ਹੈ, ਸੇਵਾਵਾਂ ਖੇਤਰ ਦਾ ਵਿਸਥਾਰ ਹੋਇਆ ਹੈ, ਡਿਜੀਟਲ ਪਲੇਟਫ਼ਾਰਮਾਂ ਕਾਰਨ ਖ਼ਰੀਦਦਾਰੀ ਦਾ ਤਰੀਕਾ ਬਦਲਿਆ ਹੈ ਅਤੇ ਘਰਾਂ ਦਾ ਖ਼ਰਚ ਹੁਣ ਕਈ ਨਵੀਆਂ ਚੀਜ਼ਾਂ 'ਤੇ ਹੋਣ ਲੱਗਿਆ ਹੈ। ਇਸ ਲਈ ਨਵਾਂ ਸੀਪੀਆਈ 2024 ਤਿਆਰ ਕਰਨ ਵਿੱਚ 2023-24 ਦੇ ਘਰੇਲੂ ਖਪਤ ਖ਼ਰਚ ਸਰਵੇਖਣ ਦੇ ਅੰਕੜਿਆਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ-ਜਿਵੇਂ ਲੋਕਾਂ ਦੀਆਂ ਜ਼ਰੂਰਤਾਂ ਅਤੇ ਖ਼ਰਚੇ ਸਮੇਂ ਦੇ ਨਾਲ ਬਦਲਦੇ ਹਨ, ਸੀਪੀਆਈ ਵਿੱਚ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦਾ ਮਹੱਤਵ ਵੀ ਬਦਲ ਗਿਆ ਹੈ। ਜਿਨ੍ਹਾਂ ਵਸਤੂਆਂ 'ਤੇ ਪਰਿਵਾਰ ਹੁਣ ਜ਼ਿਆਦਾ ਖ਼ਰਚ ਕਰਦੇ ਹਨ, ਉਨ੍ਹਾਂ ਨੂੰ ਸੀਪੀਆਈ ਵਿੱਚ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ, ਜਦੋਂ ਕਿ ਜਿਨ੍ਹਾਂ 'ਤੇ ਖ਼ਰਚ ਘੱਟ ਹੋ ਗਿਆ ਹੈ, ਉਨ੍ਹਾਂ ਨੂੰ ਘੱਟ ਮਹੱਤਵ ਦਿੱਤਾ ਜਾਂਦਾ ਹੈ। ਇਸ ਲਈ ਸੀਪੀਆਈ ਉਹੀ ਮਹਿੰਗਾਈ ਦਿਖਾਉਂਦਾ ਹੈ ਜੋ ਅਸਲ ਵਿੱਚ ਇੱਕ ਆਮ ਪਰਿਵਾਰ ਦੇ ਬਜਟ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ ਖਪਤ ਟੋਕਰੀ (ਕੰਜ਼ਪਸ਼ਨ ਬਾਸਕਟ) ਨੂੰ ਵੀ ਬਦਲਿਆ ਗਿਆ ਹੈ, ਤਾਂ ਜੋ ਸੇਵਾਵਾਂ 'ਤੇ ਵਧਦੇ ਖ਼ਰਚ ਜਿਹੇ ਨਵੇਂ ਰੁਝਾਨ ਦਿਖਾਈ ਦੇ ਸਕਣ, ਜੋ ਵਧਦੀ ਆਮਦਨ ਅਤੇ ਬਦਲਦੀ ਜੀਵਨ ਸ਼ੈਲੀ ਦੀ ਵਜ੍ਹਾ ਨਾਲ ਵੱਧ ਰਹੇ ਹਨ।

ਸੀਪੀਆਈ ਨੂੰ ਮਾਪਣ ਦੀ ਵਿਧੀ ਨੂੰ ਅੱਪਡੇਟ ਕਰਨਾ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਇਹ ਫ਼ੈਸਲਾ ਕਰਨਾ ਕਿ ਉਸ ਵਿੱਚ ਕੀ-ਕੀ ਸ਼ਾਮਲ ਕੀਤਾ ਜਾਵੇ। ਨਵੀਂ ਸੋਧੀ ਹੋਈ ਸੀਪੀਆਈ ਹੁਣ ਅੰਤਰਰਾਸ਼ਟਰੀ ਮਾਪਦੰਡਾਂ ਨਾਲ ਵਧੇਰੇ ਮੇਲ ਖਾਂਦੀ ਹੈ, ਪਰ ਇਸ ਵਿੱਚ ਭਾਰਤ ਨਾਲ ਜੁੜੀਆਂ ਖ਼ਾਸ ਗੱਲਾਂ ਨੂੰ ਵੀ ਬਰਕਰਾਰ ਰੱਖਦੀ ਹੈ। ਇਸ ਨਾਲ ਭਾਰਤ ਦੀ ਮਹਿੰਗਾਈ ਦੀ ਤੁਲਨਾ ਦੂਜੇ ਦੇਸ਼ਾਂ ਨਾਲ ਕਰਨਾ ਆਸਾਨ ਹੋ ਜਾਂਦਾ ਹੈ। ਆਮ ਪਰਿਵਾਰ ਦੇ ਲਈ ਇਸ ਦਾ ਮਤਲਬ ਹੈ ਕਿ ਸਰਕਾਰ ਅਤੇ ਨੀਤੀ ਨਿਰਮਾਤਾਵਾਂ ਨੂੰ ਇਸ ਗੱਲ ਦੀ ਬਿਹਤਰ ਸਮਝ ਹੈ ਕਿ ਭਾਰਤ ਵਿੱਚ ਕੀਮਤਾਂ ਵਿੱਚ ਬਦਲਾਅ ਵਿਸ਼ਵ-ਵਿਆਪੀ ਸਥਿਤੀਆਂ ਨਾਲ ਕਿਵੇਂ ਸਬੰਧਤ ਹਨ ਅਤੇ ਉਹ ਰੋਜ਼ਾਨਾ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਬਦਲਦੀਆਂ ਖ਼ਰੀਦਦਾਰੀ ਅਤੇ ਖ਼ਰਚ ਕਰਨ ਦੀਆਂ ਆਦਤਾਂ ਨੂੰ ਦਰਸਾਉਣ ਲਈ ਸੀਪੀਆਈ ਲਈ ਅੰਕੜੇ ਇਕੱਠਾ ਕਰਨ ਦੀ ਵਿਧੀ ਵਿੱਚ ਵੀ ਸੁਧਾਰ ਕੀਤਾ ਗਿਆ ਹੈ। ਜਿੱਥੇ ਪਹਿਲਾਂ ਦੀ ਤਰ੍ਹਾਂ ਬਾਜ਼ਾਰ ਤੋਂ ਕੀਮਤਾਂ ਇਕੱਠੀਆਂ ਕੀਤੀਆਂ ਜਾਂਦੀਆਂ ਰਹਿਣਗੀਆਂ, ਖ਼ਾਸ ਕਰਕੇ ਰਾਸ਼ਨ ਅਤੇ ਜ਼ਰੂਰੀ ਵਸਤੂਆਂ ਦੀਆਂ, ਉੱਥੇ ਹੀ 2024 ਦੇ ਨਵੇਂ ਢਾਂਚੇ ਵਿੱਚ ਹੁਣ ਕੁਝ ਸੇਵਾਵਾਂ ਲਈ ਔਨਲਾਈਨ ਕੀਮਤਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਜਿਵੇਂ ਮੋਬਾਈਲ ਅਤੇ ਇੰਟਰਨੈੱਟ ਸੇਵਾਵਾਂ, ਹਵਾਈ ਟਿਕਟਾਂ ਅਤੇ ਕੁਝ ਹੋਰ ਸੇਵਾਵਾਂ ਲਈ ਕੀਮਤਾਂ ਹੁਣ ਔਨਲਾਈਨ ਸਰੋਤਾਂ ਤੋਂ ਇਕੱਠੀਆਂ ਕੀਤੀਆਂ ਜਾਣਗੀਆਂ।

ਨਵੀਂ ਸੀਪੀਆਈ ਲੜੀ ਵਿੱਚ ਕੰਪਿਊਟਰ ਦੀ ਸਹਾਇਤਾ ਨਾਲ ਕੀਮਤਾਂ ਦਾ ਸੰਗ੍ਰਹਿ ਕੀਤਾ ਜਾ ਰਿਹਾ ਹੈ। ਇਸ ਨਾਲ ਹੱਥ ਨਾਲ ਹੋਣ ਵਾਲੀਆਂ ਗ਼ਲਤੀਆਂ ਘਟੀਆਂ ਹਨ ਅਤੇ ਤੁਰੰਤ ਤਸਦੀਕ ਵੀ ਹੋ ਜਾਂਦੀਆਂ ਹਨ। ਇਸ ਨਾਲ ਕੀਮਤ ਨਾਲ ਜੁੜੇ ਅੰਕੜੇ ਦੀ ਗੁਣਵੱਤਾ ਅਤੇ ਸਮੇਂ ਸਿਰ ਉਪਲਬਧਤਾ ਦੋਵਾਂ ਵਿੱਚ ਸੁਧਾਰ ਹੋਇਆ ਹੈ। ਸੀਪੀਆਈ ਦੇ ਅੰਕੜੇ ਸਹੀ ਅਤੇ ਸਮੇਂ 'ਤੇ ਮਿਲਣਾ ਬਹੁਤ ਜ਼ਰੂਰੀ ਹਨ, ਕਿਉਂਕਿ ਇਸੇ ਦੇ ਅਧਾਰ 'ਤੇ ਅਜਿਹੇ ਫ਼ੈਸਲੇ ਹੁੰਦੇ ਹਨ ਜੋ ਆਮ ਲੋਕਾਂ ਦੇ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਲੋਨ ਕਿੰਨਾ ਮਹਿੰਗਾ ਹੋਵੇਗਾ, ਬੱਚਤ 'ਤੇ ਕਿੰਨਾ ਵਿਆਜ ਮਿਲੇਗਾ ਅਤੇ ਵਧਦੀ ਮਹਿੰਗਾਈ ਨਾਲ ਘਰ ਦਾ ਬਜਟ ਕਿਵੇਂ ਪ੍ਰਭਾਵਿਤ ਹੋਵੇਗਾ।

ਨਵੇਂ ਅਧਾਰ ਸਾਲ ਲਈ ਸੀਪੀਆਈ ਹੁਣ ਕਈ ਮਾਮਲਿਆਂ ਵਿੱਚ ਸਰਕਾਰੀ ਸਰੋਤਾਂ ਤੋਂ ਵਧੇਰੇ ਅਧਿਕਾਰਤ ਅੰਕੜਿਆਂ ਦੀ ਵਰਤੋਂ ਕਰਦਾ ਹੈ ਜਿਵੇਂ ਕਿ ਰੇਲਵੇ ਕਿਰਾਏ, ਡਾਕ, ਈਂਧਣ ਦੀਆਂ ਕੀਮਤਾਂ ਅਤੇ ਜਨਤਕ ਵੰਡ ਪ੍ਰਣਾਲੀ ਅਧੀਨ ਵੇਚੀਆਂ ਜਾਣ ਵਾਲੀਆਂ ਚੀਜ਼ਾਂ। ਇਸ ਦੇ ਨਤੀਜੇ ਵਜੋਂ ਇਨ੍ਹਾਂ ਕੀਮਤਾਂ ਨੂੰ ਪਹਿਲਾਂ ਨਾਲੋਂ ਵੱਧ ਸਹੀ ਤਰੀਕੇ ਨਾਲ ਦਰਜ ਕੀਤਾ ਜਾ ਰਿਹਾ ਹੈ ਅਤੇ ਬਾਜ਼ਾਰ ਸਰਵੇਖਣਾਂ ਵਿੱਚ ਹੋਣ ਵਾਲੀ ਗ਼ਲਤੀ ਜਾਂ ਪੱਖਪਾਤ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

ਸੀਪੀਆਈ ਹੁਣ ਸਰਵੇਖਣ ਅੰਕੜਿਆਂ, ਸਰਕਾਰੀ ਰਿਕਾਰਡਾਂ ਅਤੇ ਡਿਜੀਟਲ ਕੀਮਤਾਂ ਨੂੰ ਜੋੜ ਕੇ ਤਿਆਰ ਕੀਤਾ ਜਾਂਦਾ ਹੈ। ਇਹ ਪਿਛਲੀ ਪ੍ਰਣਾਲੀ ਨਾਲੋਂ ਇੱਕ ਮਹੱਤਵਪੂਰਨ ਸੁਧਾਰ ਹੈ ਅਤੇ ਕੀਮਤਾਂ ਵਿੱਚ ਤਬਦੀਲੀਆਂ ਦੀ ਵਧੇਰੇ ਭਰੋਸੇਯੋਗ ਤਸਵੀਰ ਪ੍ਰਦਾਨ ਕਰਦਾ ਹੈ। ਇੰਨੇ ਵੱਡੇ ਪੱਧਰ 'ਤੇ ਸੀਪੀਆਈ ਅਧਾਰ ਸਾਲ ਨੂੰ ਬਦਲਣਾ ਇੱਕ ਵੱਡਾ ਸੰਸਥਾਗਤ ਯਤਨ ਹੈ, ਜਿਸ ਲਈ ਦੇਸ਼ ਭਰ ਦੇ ਖੇਤਰੀ ਦਫ਼ਤਰਾਂ, ਅੰਕੜਾ ਵਿਭਾਗਾਂ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਹਰ ਸੰਸਥਾਵਾਂ ਦਰਮਿਆਨ ਤਾਲਮੇਲ ਦੀ ਜ਼ਰੂਰਤ ਹੁੰਦੀ ਹੈ। ਪੂਰੀ ਪ੍ਰਕਿਰਿਆ ਵਿੱਚ ਵਿਧੀ ਦੀ ਡੂੰਘਾਈ ਨਾਲ ਜਾਂਚ, ਵੱਖ-ਵੱਖ ਵਿਕਲਪਾਂ ਦਾ ਮੁਲਾਂਕਣ ਅਤੇ ਅਰਥਸ਼ਾਸਤਰੀਆਂ ਅਤੇ ਵਿਸ਼ਾ ਵਸਤੂ ਮਾਹਰਾਂ ਨਾਲ ਸਲਾਹ-ਮਸ਼ਵਰਾ ਸ਼ਾਮਲ ਹੈ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਨੇ ਇਹ ਯਕੀਨੀ ਬਣਾਉਣ ਲਈ ਮਾਹਰ ਸਮੂਹਾਂ, ਅੰਤਰਰਾਸ਼ਟਰੀ ਸੰਗਠਨਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਹੈ ਕਿ ਬਦਲਾਅ ਸਪੱਸ਼ਟ, ਸਮਝਣ ਯੋਗ ਅਤੇ ਵਿਗਿਆਨਕ ਤੌਰ 'ਤੇ ਸਹੀ ਹੋਣ। ਟੋਕਰੀ (ਬਾਸਕਟ), ਵਜ਼ਨ (ਵੇਟੇਜ) ਅਤੇ ਅੰਕੜੇ ਦੇ ਸਰੋਤਾਂ ਵਿੱਚ ਤਬਦੀਲੀਆਂ ਦੇ ਬਾਵਜੂਦ ਵੀ ਸੀਪੀਆਈ ਦਾ ਮੂਲ ਉਦੇਸ਼ ਉਹੀ ਰਹਿੰਦਾ ਹੈ - ਭਾਵ ਇੱਕ ਪਰਿਵਾਰ ਦੇ ਦ੍ਰਿਸ਼ਟੀਕੋਣ ਨਾਲ ਕੀਮਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਨੂੰ ਦਰਸਾਉਣਾ। ਇਹ ਨਿਰੰਤਰਤਾ ਇਸ ਲਈ ਜ਼ਰੂਰੀ ਹੈ ਤਾਂ ਜੋ ਅਸੀਂ ਸਮੇਂ ਦੇ ਨਾਲ ਮਹਿੰਗਾਈ ਦੀ ਤੁਲਨਾ ਕਰ ਸਕੀਏ। ਸਿੱਧੇ ਸ਼ਬਦਾਂ ਵਿੱਚ, ਸੀਪੀਆਈ ਨੂੰ ਸੁਧਾਰਿਆ ਜਾ ਰਿਹਾ ਹੈ, ਪਰ ਇਸ ਨੂੰ ਰੋਜ਼ਾਨਾ ਜੀਵਨ ਨਾਲ ਜੋੜ ਕੇ ਹੀ ਰੱਖਿਆ ਗਿਆ ਹੈ ਤਾਂ ਜੋ ਇਹ ਨੀਤੀ ਨਿਰਮਾਤਾਵਾਂ ਲਈ ਇੱਕ ਭਰੋਸੇਯੋਗ ਮਾਰਗਦਰਸ਼ਕ ਬਣਿਆ ਰਹੇ। ਸੀਪੀਆਈ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਅੰਕੜੇ ਦੇ ਪਿੱਛੇ ਕਰੋੜਾਂ ਲੋਕਾਂ ਦੀ ਅਸਲ ਜ਼ਿੰਦਗੀ ਛੁਪੀ ਹੁੰਦੀ ਹੈ।

ਆਖ਼ਰਕਾਰ, ਅੰਕੜੇ ਲੋਕਾਂ ਦੇ ਲਈ ਹੀ ਹੁੰਦੇ ਹਨ। ਇਹ ਚੁੱਪਚਾਪ ਦਰਸਾਉਂਦਾ ਹੈ ਕਿ ਕੀਮਤਾਂ ਵਿੱਚ ਬਦਲਾਅ ਸਾਡੇ ਰੋਜ਼ਾਨਾ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਅਤੇ ਸਰਕਾਰੀ ਨੀਤੀਆਂ ਨੂੰ ਮਾਰਗਦਰਸ਼ਨ ਕਰਦੇ ਹਨ। ਅਧਾਰ ਸਾਲ ਵਿੱਚ ਚੱਲ ਰਹੇ ਸੋਧਾਂ ਰਾਹੀਂ, ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਨੇ ਇਹ ਯਕੀਨੀ ਬਣਾਇਆ ਹੈ ਕਿ ਸੀਪੀਆਈ ਸਹੀ, ਸਮੇਂ ਸਿਰ ਅੱਪਡੇਟ ਅਤੇ ਲੰਬੇ ਸਮੇਂ ਤੱਕ ਇੱਕਸਾਰ ਰਹੇ, ਤਾਂ ਜੋ ਸੀਪੀਆਈ ਸਿਰਫ਼ ਇੱਕ ਅੰਕੜਾ ਨਾ ਹੋ ਕੇ, ਪੂਰੇ ਦੇਸ਼ ਦੇ ਲੋਕਾਂ ਦੇ ਅਸਲ ਜੀਵਨ ਦੀ ਸਚਾਈ ਦਿਖਾਉਣ ਵਾਲਾ ਸ਼ੀਸ਼ਾ ਬਣਿਆ ਰਹੇ। **(ਲੇਖਕ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਸਕੱਤਰ ਹਨ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ।)**


**ਯੂਕੋ ਬੈਂਕ UCO BANK**

ਜ਼ੋਨਲ ਦਫ਼ਤਰ : ਐਸਸੀਓ 55-56-57, ਬੈਂਕ ਸਕੁਏਅਰ ਸੈਕਟਰ 17-ਬੀ, ਚੰਡੀਗੜ੍ਹ - 160017, ਫੋਨ : 0172-5037339, 5037340

**[ਨਿਯਮ 8-(1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਯੂਕੋ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈਆਂ ਸੂਚਨਾਵਾਂ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨਿਮਨ ਅਨੁਸਾਰ ਸੂਚਨਾ (ਵਾਂ) ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ ਯੂਕੋ ਬੈਂਕ ਦੇ ਚਾਰਜ ਨਾਲ ਸਬੰਧਤ ਹੋਵੇਗੀ।
(ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ)

| ਸ਼ਾਖਾ ਅਤੇ ਕਰਜ਼ਦਾਰ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਜਾਰੀ ਹੋਣ ਦੀ ਮਿਤੀ | ਕਬਜ਼ੇ ਦੀ ਮਿਤੀ | ਸੂਚਨਾ ਦੀ ਰਕਮ |
|---|---|---|---|---|
| ਸ਼ਾਖਾ : ਸਰਦੂਲਗੜ੍ਹ<br>ਕਰਜ਼ਦਾਰ : ਮੈਸ. ਧੀਮਾਨ ਐਗਰੀਕਲਚਰ ਵਰਕਸ (ਪ੍ਰੋਪ. ਸੁਖਵਿੰਦਰ ਸਿੰਘ) ਪਤਾ : ਖੇੜਾ ਰੋਡ, ਬਿਜਲੀ ਘਰ ਦੇ ਪਿਛੇ, ਸਰਦੂਲਗੜ੍ਹ ਮਾਨਸਾ, ਪੰਜਾਬ-151507 | ਖਸਰਾ ਨੰਬਰ 97//2/2/2/2 (0-10) ਵਿਚ ਸ਼ਾਮਲ ਤਬਾਦਲਾ ਡੀਡ ਨੰਬਰ 1776 ਮਿਤੀ 08.12.2017 ਦੇ ਅਨੁਸਾਰ ਵਾਰਡ ਨੰ. 11, ਨਹਿਰੂ ਨਗਰ, ਪੁਰਾਣੀ ਸਿਨੇਮਾ ਰੋਡ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿਖੇ 302.22 ਵਰਗ ਗਜ਼ ਮਾਪ ਵਾਲੀ ਮਕਾਨ ਸੰਪੱਤੀ। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਧਰਮ ਸਿੰਘ, ਪੱਛਮ : ਅਸ਼ੋਕ ਕੁਮਾਰ, ਉਤਰ : ਨਿਰੰਜਣ ਲਾਲ, ਦੱਖਣ : ਗਲੀ। | 03.11.2025 | 02.02.2026 | Rs. 5,99,912.19 (26.05.2025 ਤੱਕ ਵਿਆਜ ਸਮੇਤ) ਇਸ 'ਤੇ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ। |

ਮਿਤੀ : 02.02.2026 ਸਥਾਨ :ਚੰਡੀਗੜ੍ਹ ਅਧਿਕਾਰਤ ਅਧਿਕਾਰੀ


# ਸਮਾਜ ਭਲਾਈ ਸਕੱਤਰ ਨੇ ਡੱਡੂਮਾਜਰਾ ਖੇਤਰ ਵਿੱਚ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ

ਚੰਡੀਗੜ੍ਹ, 5 ਫਰਵਰੀ (ਚ.ਨ.ਸ.) : ਸ਼੍ਰੀਮਤੀ ਅਨੁਰਾਧਾ ਐਸ. ਚਗਤੀ, ਸਕੱਤਰ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ, ਚੰਡੀਗੜ੍ਹ



ਪ੍ਰਸ਼ਾਸਨ ਨੇ ਡਾਇਰੈਕਟਰ, ਸਮਾਜ ਭਲਾਈ ਅਤੇ ਮਹਿਲਾ ਅਤੇ ਬਾਲ ਵਿਕਾਸ ਦੇ ਨਾਲ, ਅੱਜ ਡੱਡੂਮਾਜਰਾ ਖੇਤਰ ਵਿੱਚ ਚੱਲ ਰਹੇ 20 ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ - ਜਿਸ ਵਿੱਚ 16 ਸਕਸ਼ਮ ਆਂਗਣਵਾੜੀ ਕੇਂਦਰ ਅਤੇ 4 ਮਾਡਲ ਆਂਗਣਵਾੜੀ ਕੇਂਦਰ ਸ਼ਾਮਲ ਹਨ। ਇਹ ਨਿਰੀਖਣ ਮਿਸ਼ਨ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਸਮੀਖਿਆ ਕਰਨ ਲਈ ਕੀਤਾ ਗਿਆ ਸੀ। ਨਿਰੀਖਣ ਦੌਰਾਨ, ਸਕੱਤਰ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਸਪਲੀਮੈਂਟਰੀ ਨਿਊਟ੍ਰੀਸ਼ਨ ਪ੍ਰੋਗਰਾਮ ਦੇ ਲਾਗੂਕਰਨ ਦੀ ਸਮੀਖਿਆ ਕੀਤੀ। ਉਸਨੇ 3 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਗਰਮ ਪਕਾਏ ਹੋਏ ਭੋਜਨ ਦੀ ਗੁਣਵੱਤਾ ਦਾ ਨਿਰੀਖਣ ਕੀਤਾ। ਉਸਨੇ ਗਰਭਵਤੀ ਔਰਤਾਂ, ਦੁੱਧ ਚੁੰਘਾਉਣ ਵਾਲੀਆਂ ਮਾਵਾਂ ਅਤੇ 6 ਮਹੀਨੇ ਤੋਂ 3 ਸਾਲ ਦੀ ਉਮਰ ਦੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਘਰ ਲੈ ਜਾਣ ਵਾਲੇ ਰਾਸ਼ਨ ਦੀ ਗੁਣਵੱਤਾ ਦਾ ਵੀ ਨਿਰੀਖਣ ਕੀਤਾ। ਸਕੱਤਰ ਨੇ ਪ੍ਰੀ-ਪ੍ਰਾਇਮਰੀ ਸਿੱਖਿਆ ਗਤੀਵਿਧੀਆਂ, ਵਿਕਾਸ ਨਿਗਰਾਨੀ, ਅਤੇ ਕੇਂਦਰਾਂ ਦੇ ਅੰਦਰੂਨੀ ਅਤੇ ਬਾਹਰੀ ਬੁਨਿਆਦੀ ਢਾਂਚੇ ਦਾ ਨਿਰੀਖਣ ਕੀਤਾ, ਸ਼ੁਰੂਆਤੀ ਬਚਪਨ ਦੀ ਸਿੱਖਿਆ ਲਈ ਦੇਸੀ ਖਿਡੌਣਿਆਂ ਅਤੇ ਸਿੱਖਿਆ-ਸਿਖਲਾਈ ਸਮੱਗਰੀ ਦੀ ਵਰਤੋਂ ਦੀ ਸਮੀਖਿਆ ਕੀਤੀ। ਵਾਧੂ ਦੇਖਭਾਲ ਅਤੇ ਸਹਾਇਤਾ ਦੀ ਲੋੜ ਵਾਲੇ ਬੱਚਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ, ਅਤੇ ਇਸ ਸਬੰਧ ਵਿੱਚ ਫੀਲਡ ਸਟਾਫ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਗਏ। ਇਹ ਨਿਰੀਖਣ ਚੰਡੀਗੜ੍ਹ ਪ੍ਰਸ਼ਾਸਨ ਦੀ ਆਂਗਣਵਾੜੀ ਸੇਵਾਵਾਂ ਨੂੰ ਮਜ਼ਬੂਤ ??ਕਰਨ ਅਤੇ ਔਰਤਾਂ ਅਤੇ ਬਾਲ ਵਿਕਾਸ ਦੇ ਸੰਪੂਰਨ ਵਿਕਾਸ ਲਈ ਮਿਸ਼ਨ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।


**ਗ੍ਰਹਿਮ ਹਾਊਸਿੰਗ ਫਾਇਨਾਂਸ ਲਿਮਟਿਡ** — GRIHUM HOUSING FINANCE — Apna Ghar. Apni Pehchan.

ਰਜਿ. ਦਫ਼ਤਰ: 6ਵੀਂ ਮੰਜ਼ਿਲ, ਬੀ- ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਉਂ, ਪੁਣੇ , ਮਹਾਰਾਸ਼ਟਰਾ -411014
ਸ਼ਾਖਾ ਦਫਤਰ ਯੂਨਿਟ : ਦੂਜੀ ਮੰਜ਼ਿਲ, ਐਸਸੀਓ 145, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ, ਪੰਜਾਬ 141001

**ਈ-ਨਿਲਾਮੀ - ਵਿਕਰੀ ਸੂਚਨਾ**

ਸਰਫਾਇਸੀ ਐਕਟ ਦੇ ਅਧੀਨ ਸੁਰੱਖਿਅਤ ਅਚੱਲ ਅਸਾਸੇ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ("ਕਾਨੂੰਨ") ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ
ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (ਾਂ) /ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਗ੍ਰਹਿਮ ਹਾਊਸਿੰਗ ਫਾਇਨਾਂਸ ਲਿਮਟਿਡ (ਇਥੇ ਬਾਅਦ ਵਿਚ ਕਾਨੂੰਨ ਦੇ ਅਨੁਸਾਰ "ਸੁਰੱਖਿਅਤ ਕਰਜ਼ਦਾਤਾ" ਵਜੋਂ ਸੰਦਰਭਿਤ) ਕੋਲ ਗਿਰਵੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਸੂਚਨਾ ਦੀ ਨਿਰੰਤਰਤਾ ਵਿਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ।
ਸੁਰੱਖਿਅਤ ਅਸਾਸਿਆਂ ਦੀ ਵਿਕਰੀ ਈ-ਨਿਲਾਮੀ ਰਾਹੀਂ 09.03.2026 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਅਧਾਰ 'ਤੇ ਕੀਤੀ ਜਾਵੇਗੀ। ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈਬਸਾਈਟ : **https://www.bankeauctions.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਨਿਲਾਮੀ ਦਾ ਆਯੋਜਨ ਕਰਨ ਜਾ ਰਹੇ ਹਾਂ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਜੀਐਚਐਫਐਲ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਭਾਵ **www.grihumhousing.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

| ਪ੍ਰਸਤਾਵ ਨੰ. ਗ੍ਰਾਹਕ ਦਾ ਨਾਮ (ੳ) | ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ) | ਕਬਜ਼ੇ ਦੀ ਕਿਸਮ (ੲ) | ਸੰਪੱਤੀ ਦਾ ਵੇਰਵਾ (ਸ) | ਰਾਖਵੀਂ ਕੀਮਤ (ਹ) | ਜਮ੍ਹਾਂ ਬਿਆਨਾ (ਆਰਪੀ ਦਾ 10%)(ਕ) | ਜਮ੍ਹਾਂ ਬਿਆਨਾ ਜਮ੍ਹਾਂ ਕਰਵਾਉਣ ਦੀ ਮਿਤੀ (ਖ) | ਬੋਲੀ ਵਾਧਾ ਰਕਮ (ਗ) | ਸੰਪੱਤੀ ਜਾਂਚ ਦੀ ਮਿਤੀ ਅਤੇ ਸਮਾਂ (ਘ) | ਨਿਲਾਮੀ ਦੀ ਮਿਤੀ ਅਤੇ ਸਮਾਂ(ਙ) | ਜਾਣੂੰ ਦੇਣਦਾਰੀਆਂ/ ਕੋਰਟ ਕੇਸ ਜੇਕਰ ਕੋਈ ਹੈ (ਚ) |
|---|---|---|---|---|---|---|---|---|---|---|
| LOAN NO. HM0039H16100424 ਰੰਜਨਾ ਰਾਣੀ (ਕਰਜ਼ਦਾਰ) ਸੁਰਿੰਦਰ ਪਾਲ ਸਿੰਘ (ਸਹਿ ਕਰਜ਼ਦਾਰ) ਲਾਲਾ ਮਕੈਨੀਕਲ ਵਰਕਸ ਪ੍ਰੋਪ. ਸੁਰਿੰਦਰ ਪਾਲ | ਨੋਟਿਸ ਮਿਤੀ: 07-06-2025 ਕੁੱਲ ਬਕਾਇਆ: 07-06-2025 ਨੂੰ ਭੁਗਤਾਨਯੋਗ 1579286/- ਰੁਪਏ (ਪੰਦਰਾਂ ਲੱਖ ਉਣਾਸੀ ਹਜ਼ਾਰ ਦੋ ਸੌ ਛਿਆਸੀ ਰੁਪਏ) 14.65% ਵਿਆਜ ਸਮੇਤ ਪ੍ਰਾਪਤੀ ਤੱਕ। | ਭੌਤਿਕ | 75 ਵਰਗ ਗਜ਼ ਦੇ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ, ਜਿਸਦੀ ਮਾਤਰਾ ਖਾਤਾ ਨੰਬਰ 209/210, ਪੰਨਾ ਨੰਬਰ 376 ਹੈ, ਖਸਰਾ ਨੰਬਰ 25//8-12 13-18-19 ਅਧੀਨ ਸ਼ਾਮਲ ਹੈ, ਜਮ੍ਹਾਂਬੰਦੀ ਸਾਲ 2006-2007 ਦੇ ਅਨੁਸਾਰ, ਪਿੰਡ ਕੁਲੀਵਾਲ ਵਿਖੇ ਸਥਿਤ, ਗੁਲਾਬੀ ਬਾਗ ਦੇ ਨੇੜੇ ਸ਼ੇਰਾ ਕਲੋਨੀ ਵਜੋਂ ਜਾਣਿਆ ਜਾਂਦਾ ਇਲਾਕਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੰਜਾਬ)। (ਹੱਦਾਂ) ਪੂਰਬ-ਗੁਆਂਢ ਪੱਛਮ-ਰਾਹ ਉੱਤਰ-ਗੁਆਂਢ ਦੱਖਣ-ਗੁਆਂਢ | Rs. 1367625/- (ਰੁ. ਤੇਰਾਂ ਲੱਖ ਸਤਾਹਠ ਹਜ਼ਾਰ ਛੇ ਸੌ ਪੱਚੀ ਕੇਵਲ) | Rs. 136762.50/- (ਰੁ. ਇਕ ਲੱਖ ਛੱਤੀ ਹਜ਼ਾਰ ਸੱਤ ਸੌ ਬਾਹਠ ਅਤੇ ਪੰਜਾਹ ਪੈਸੇ ਕੇਵਲ) | 07-03-2026 Before 5 PM | 10,000/- | 04-03-2026 (11 AM 4 PM) | 09-03-2026 (11 AM 2 PM) | ਨਿਲ |

ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਕਰਜ਼ਦਾਤਾ ਸ਼ਾਖਾ ਅਤੇ ਨਿਲਾਮੀ 'ਤੇ ਰੱਖੀਆਂ ਸੰਪੱਤੀਆਂ ਦੇਖਣ ਅਤੇ ਆਪਣੀ ਪੁਛਗਿੱਛ ਖੁਦ ਕਰ ਲੈਣ ਅਤੇ ਵਾਧੂ ਫੀਸਾਂ, ਦੇਣਦਾਰੀਆਂ ਅਤੇ ਕਿਸੇ ਵੀ ਤੀਜੀ ਧਿਰ ਦੇ ਹਿੱਤਾਂ ਨੂੰ ਯਕੀਨੀ ਬਣਾ ਲੈਣ ਅਤੇ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਹਰ ਪੱਖ ਤੋਂ ਆਪਣੀ ਤਸੱਲੀ ਕਰ ਲੈਣ। ਸਾਰੇ ਵਿਧਾਨਿਕ ਬਕਾਏ ਜਿਵੇਂ ਕਿ ਸੰਪੱਤੀ ਕਰ, ਬਿਜਲੀ/ਪਾਣੀ ਦੇ ਬਕਾਏ ਅਤੇ ਕੋਈ ਵੀ ਹੋਰ ਬਕਾਏ, ਜੇਕਰ ਕੋਈ ਹੈ, ਸੰਪੱਤੀ ਨਾਲ ਅਟੈਚ ਉਨ੍ਹਾਂ ਦਾ ਵੇਰਵਾ ਲੈਣ ਅਤੇ ਸਫਲ ਬੋਲੀਕਾਰ ਵੱਲੋਂ ਭੁਗਤਾਨ ਕੀਤਾ ਜਾਵੇ।
ਇੱਛੁਕ ਬੋਲੀਕਾਰਾਂ ਨੂੰ ਪੋਰਟਲ ਨਾਲ ਆਪਣੇ ਆਪ ਨੂੰ ਰਜਿਸਟਰ ਕਰਨਾ ਅਤੇ ਲਾਗਇਨ ਆਈਡੀ ਅਤੇ ਪਾਸਵਰਡ ਪਹਿਲਾਂ ਤੋਂ ਪ੍ਰਾਪਤ ਕਰਨਾ ਜ਼ਰੂਰੀ ਹੈ, ਜੋ ਕਿ ਈ-ਬੋਲੀ ਲਈ ਲਾਜ਼ਮੀ ਹੈ, ਨਿਲਾਮੀ ਸੇਵਾ ਪ੍ਰਦਾਤਾ ਤੋਂ) 31 ਇੰਡੀਆ ਪ੍ਰਾਈਵੇਟ ਲਿਮਟਿਡ। ਪਤਾ-ਪਲਾਟ ਨੰਬਰ-68 ਤੀਜੀ ਮੰਜ਼ਿਲ ਗੁੜਗਾਓਂ ਹਰਿਆਣਾ-122003। ਹੈਲਪਲਾਈਨ ਨੰਬਰ-7291981124,25,26 ਸਹਾਇਤਾ ਈਮੇਲ ਆਈਡੀ **Support@bankeauctions.com**। ਸੰਪਰਕ ਵਿਅਕਤੀ ਵਿਨੋਦ ਚੌਹਾਨ, ਈਮੇਲ ਆਈਡੀ-**delhi@c1india.com** ਸੰਪਰਕ ਨੰਬਰ-9813887931। ਕਿਰਪਾ ਕਰਕੇ ਧਿਆਨ ਦਿਓ ਕਿ ਸੰਭਾਵੀ ਬੋਲੀਕਾਰ ਸਿਰਫ਼ ਉਨ੍ਹਾਂ ਤੋਂ ਈ-ਨਿਲਾਮੀ 'ਤੇ ਔਨਲਾਈਨ ਸਿਖਲਾਈ ਲੈ ਸਕਦੇ ਹਨ। ਇੱਛੁਕ ਖਰੀਦਦਾਰ/ਬੋਲੀਕਾਰ ਨੂੰ **NEFT/RTGS/DD** ਰਾਹੀਂ **GRIHUM HOUSING FINANCE LIMITED-AUCTION PROCEEDS A/C", Bank-ICICI BANK LTD.** ਖਾਤਾ ਨੰਬਰ-091551000028 ਅਤੇ **IFSC** ਕੋਡ-93930000915, 93939 ਬੈਂਕ ਲਿਮ. ਪੰਚਸ਼ੀਲ ਟੈਕ ਪਾਰਕ, ਨੇੜੇ ਗਣਪਤੀ ਚੌਕ। 43/44 ਵਿਮਾਨ ਨਗਰ 411014 ਦੇ ਖਾਤੇ ਵਿੱਚ **NEFT/RTGS/DD** ਰਾਹੀਂ ਅਰਨੈਸਟ ਮਨੀ ਡਿਪਾਜ਼ਿਟ (ਬਿਆਨਾ ਰਕਮ) ਜਮ੍ਹਾਂ ਕਰਵਾਉਣੀ ਪਵੇਗੀ ਜੋ ਕਿ 07-03-2026 ਨੂੰ ਜਾਂ ਇਸ ਤੋਂ ਪਹਿਲਾਂ ਕਿਸੇ ਵੀ ਰਾਸ਼ਟਰੀਕ੍ਰਿਤ ਜਾਂ ਅਨੁਸੂਚਿਤ ਬੈਂਕ ਵਿੱਚ ਕਢਵਾਈ ਗਈ ਹੈ ਅਤੇ **https://www.bankeauctions.com** 'ਤੇ ਆਪਣਾ ਨਾਮ ਰਜਿਸਟਰ ਕਰਵਾਉਣਾ ਪਵੇਗਾ ਅਤੇ ਯੂਜ਼ਰ ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨਾ ਪਵੇਗਾ ਅਤੇ ਸੇਵਾ ਪ੍ਰਦਾਤਾ ਤੋਂ ਈ-ਆਕਸ਼ਨ 'ਤੇ ਸਿਖਲਾਈ ਪ੍ਰਾਪਤ ਕਰਨੀ ਪਵੇਗੀ। ਵੈੱਬਸਾਈਟ 'ਤੇ ਆਪਣੀ ਰਜਿਸਟ੍ਰੇਸ਼ਨ ਤੋਂ ਬਾਅਦ, ਇੱਛੁਕ ਖਰੀਦਦਾਰ/ਬੋਲੀਕਾਰ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪਲੋਡ, ਈ-ਮੇਲ ਅਤੇ ਸਵੈ-ਪ੍ਰਮਾਣਿਤ ਹਾਰਡ ਕਾਪੀ ਪਤੇ 'ਤੇ ਭੇਜਣੀ ਪਵੇਗੀ: ਦੂਜੀ ਮੰਜ਼ਿਲ, ਐਸਸੀਓ 145, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ, ਪੰਜਾਬ 141001 ਮੋਬਾਈਲ ਨੰਬਰ +91 8281138143 ਈ-ਮੇਲ ਆਈਡੀ **p.adith@grihumhousing.com** ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ **https://www.bankeauctions.com** ਅਤੇ **www.grihumhousing.com** 'ਤੇ ਜਾਓ।
ਇਹ ਸੂਚਨਾ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ-2002 ਦੇ ਨਿਯਮ 8 (6) ਦੇ ਅਧੀਨ ਕਰਜ਼ਦਾਰ/ਸਹਿ-ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ (ਾਂ) ਦੇ ਲਈ 30 ਰੋਜ਼ਾ (ਤੀਹ) ਸੂਚਨਾ ਵਜੋਂ ਵੀ ਵਿਚਾਰੀ ਜਾਵੇ।

ਸਥਾਨ : ਲੁਧਿਆਣਾ, ਪੰਜਾਬ
ਪੰਜਾਬ ਮਿਤੀ : 06.02.2026

ਸਹੀ/- ਅਧਿਕਾਰਤ ਅਧਿਕਾਰੀ,
ਗ੍ਰਹਿਮ ਹਾਊਸਿੰਗ ਫਾਇਨਾਂਸ ਲਿਮਟਿਡ



**pnb ਪੰਜਾਬ ਨੈਸ਼ਨਲ ਬੈਂਕ** ....ਬਿਹਤਰੀ ਲਈ ਸਾਂਝ

ਸ਼ਾਖਾ ਦਫਤਰ : ਮੋਗਾ ਮੇਹਲਾ ਸਿੰਘ, ਸੇਖਾਂ ਚੌਕ, ਕੋਟਕਪੂਰਾ ਰੋਡ, ਮੋਗਾ ਪੰਜਾਬ-142001

ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ ਪੰਜਾਬ ਨੈਸ਼ਨਲ ਬੈਂਕ ਦੇ "ਅਧਿਕਾਰਤ ਅਧਿਕਾਰੀ" ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ, ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਖਾਤੇ ਅਧੀਨ ਦਰਸਾਈ ਰਕਮ ਨੂੰ ਅਦਾ ਕਰਨ ਲਈ ਸਬੰਧਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਖਾਤੇ ਅਧੀਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ (ਆਂ) ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ (ਆਂ) ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ (ਆਂ) ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ ਪੰਜਾਬ ਨੈਸ਼ਨਲ ਬੈਂਕ ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : 1. ਸ੍ਰੀਮਤੀ ਅਮਰਜੀਤ ਕੌਰ 2. ਸ੍ਰੀ ਗੁਰਪ੍ਰੀਤ ਸਿੰਘ ਮਾਰਫਤ ਹਜਿੰਦਰ ਸਿੰਘ, ਵਾਰਡ ਨੰ. 16, ਗਲੀ ਨੰ. 3, ਹਰਗੋਬਿੰਦ ਸਿੰਘ ਨਗਰ, ਬਹੋਣਾ ਚੌਕ, ਮੋਗਾ ਪੰਜਾਬ 142001 | ਰਿਹਾਇਸ਼ੀ ਘਰ ਦਾ ਸਾਰਾ ਹਿੱਸਾ 5 ਮਰਲਾ 1/2 ਸਰਸਾਹੀ ਜਾਂ 153.33 ਵਰਗ ਗਜ਼ (24'x57'6") ਹੈ, ਜੋ ਗਲੀ ਨੰਬਰ 3, ਹਰਗੋਬਿੰਦ ਨਗਰ, ਬਹੋਨਾ ਚੌਕ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਸਥਿਤ ਹੈ। ਸ਼੍ਰੀਮਤੀ ਅਮਰਜੀਤ ਕੌਰ ਪਤਨੀ ਸ਼੍ਰੀ ਹਰਜਿੰਦਰ ਸਿੰਘ ਦੁਆਰਾ ਆਰਟੀਡੀ ਨੰਬਰ 2021-22/2/1/3992 ਮਿਤੀ 01.02.2022, ਮੋਗਾ ਮਹਿਲਾ ਸਿੰਘ- II ਦੀ ਮਲਕੀਅਤ ਹੈ। ਇਸ ਦੀ ਹੱਦਬੰਦੀ: ਪੂਰਬ: 57'6" ਰਾਜੂ, ਪੱਛਮ: 57'6" ਬਾਬੀ ਅਰੋੜਾ, ਉੱਤਰ: 24' ਗਲੀ, ਦੱਖਣ: 24' ਇਕਬਾਲ ਸਿੰਘ। | 15.11.2025 | 03.02.2026 | Rs. 15,66,966.38 (ਰੁ. ਪੰਦਰਾਂ ਲੱਖ ਛਿਆਹਠ ਹਜ਼ਾਰ ਨੌਂ ਸੌ ਛਿਆਹਠ ਅਤੇ ਅਠੱਤੀ ਕੇਵਲ) 31.10.2025 ਤੋਂ ਜਮ੍ਹਾਂ ਵਿਆਜ ਅਤੇ ਹੋਰ ਖਰਚਿਆਂ ਸਮੇਤ, ਘੱਟ ਵਸੂਲੀ ਜੇਕਰ ਕੋਈ ਹੈ। |

ਮਿਤੀ : 05.02.2026 ਸਥਾਨ : ਮੋਗਾ ਅਧਿਕਾਰਤ ਅਧਿਕਾਰੀ



**ਬੈਂਕ ਆਫ ਬੜੌਦਾ Bank of Baroda**

ਬੈਂਕ ਆਫ ਬੜੌਦਾ
ਖੇਤਰੀ ਦਫ਼ਤਰ : ਜਲੰਧਰ ਖੇਤਰ, 24, ਪਹਿਲੀ ਮੰਜ਼ਿਲ, ਵਿਜੈ ਨਗਰ, ਫੁੱਟਬਾਲ ਚੌਕ, ਜਲੰਧਰ, ਫੋਨ : 0181- 5057857,
E-mail: RECOVERY.PJKR@bankofbaroda.bank.in

**ਈ-ਨਿਲਾਮੀ ਵਿਕਰੀ ਸੂਚਨਾ**

ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ/ਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ।
ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

| ਲੜੀ ਨੰ. | ਸ਼ਾਖਾ ਦਾ ਨਾਮ ਅਤੇ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਦਾ ਪਤਾ | ਅਚੱਲ ਸੰਪੱਤੀ/ਆਂ ਦੇ ਵੇਰਵੇ | ਕਬਜ਼ੇ ਦੀ ਕਿਸਮ | ਸੰਪੱਤੀ ਦਾ ਸਰੂਪ | ਕੁੱਲ ਬਕਾਏ (ਰੁ. 'ਚ) | ਰਾਖਵੀਂ ਕੀਮਤ (ਰੁ. 'ਚ) | (i) ਬੋਲੀ ਦੀ ਸ਼ੁਰੂਆਤੀ ਕੀਮਤ (ii) ਬਿਆਨਾ ਰਕਮ (ਰੁ. 'ਚ) | ਘੱਟੋ ਘੱਟ ਬੋਲੀ ਵਾਧਾ ਰਕਮ (ਰੁ. 'ਚ) | ਈ-ਨਿਲਾਮੀ ਦੀ ਸ਼ੁਰੂਆਤ ਦੀ ਮਿਤੀ ਅਤੇ ਸਮਾਂ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ/ ਅਧਿਕਾਰਤ ਅਧਿਕਾਰੀ |
|---|---|---|---|---|---|---|---|---|---|---|---|
| 1. | ਖੁਸਰੋਪੁਰ ਸ਼ਾਖਾ<br>ਕਰਜ਼ਦਾਰ : 1) ਸ਼੍ਰੀਮਤੀ ਇੰਦਰਪ੍ਰੀਤ ਕੌਰ ਪਤਨੀ ਲਵਦੀਪ ਖੰਨਾ ਅਤੇ 2) ਸ੍ਰੀ ਲਵਦੀਪ ਖੰਨਾ ਪੁੱਤਰ ਦਲੀਪ ਕੁਮਾਰ ਖੰਨਾ | ਸਾਲ 2013-14 ਲਈ ਫਰਦ ਜਮ੍ਹਾਂਬੰਦੀ ਅਨੁਸਾਰ ਸ਼੍ਰੀਮਤੀ ਇੰਦਰਪ੍ਰੀਤ ਕੌਰ ਪਤਨੀ ਲਵਦੀਪ ਖੰਨਾ ਦੇ ਨਾਮ 'ਤੇ ਵਿਕਰੀ ਡੀਡ ਨੰ.4736 ਮਿਤੀ 26.09.2017 ਐਸਆਰ-ਜਲੰਧਰ ਦੇ ਅਧੀਨ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾਮਕਾਨ ਨੰਬਰ 11, 01 ਮਰਲਾ 155.5 ਵਰਗ ਫੁੱਟ ਕਾਸ਼ੀ ਨਗਰ, ਗੀਤਾ ਕਲੋਨੀ ਨੇੜੇ, ਪਿੰਡ ਕੋਟ ਸਾਦਿਕ, ਤਹਿਸੀਲ ਅਤੇ ਜ਼ਿਲ੍ਹਾ ਵਿਖੇ ਸਥਿਤ ਹੈ। | ਭੌਤਿਕ | ਰਿਹਾਇਸ਼ੀ ਸੰਪੱਤੀ | Rs. 9,48,757.98 (ਰੁਪਏ ਨੌਂ ਲੱਖ ਅਠਤਾਲੀ ਹਜ਼ਾਰ ਸੱਤ ਸੌ ਸਤਵੰਜਾ ਅਤੇ ਅਠਾਨਵੇਂ ਪੈਸੇ ਕੇਵਲ) ਇਸ ਤੋਂ ਇਲਾਵਾ ਇਕਰਾਰਨਾਮੇ ਵਾਲੇ ਖਾਤੇ 'ਤੇ ਹੋਰ ਵਿਆਜ, ਨਾਲ ਹੀ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਖਰਚੇ ਅਤੇ ਕਾਨੂੰਨੀ ਖਰਚੇ। | ₹ 11,33,050/- | (i) ₹ 11,38,050/-<br>(ii) ₹ 1,13,305/- | ₹ 5,000/- | 07.03.2026 from 02:00 PM to 06:00 PM | ਕੇਵਲ ਅਗਾਊਂ ਪ੍ਰਵਾਨਗੀ 'ਤੇ। | ਸ੍ਰੀ ਅੰਕੁਰ ਅਗਰਵਾਲ M: 95213-55676 |

ਜਲੰਧਰ ਵਿੱਚ ਖੇਵਟ/ਖਤੌਨੀ ਨੰਬਰ 22/24 ਖਸਰਾ ਨੰਬਰ 12//5, 12//6, 13//1 ਮਿਨ, 13//9 ਮਿਨ, 13//10 ਮਿਨ, 27//3; ਖੇਵਟ/ਖਤੂਨੀ ਨੰ. 23/25 ਖਸਰਾ ਨੰ. 13//1 ਮਿਨ; ਖੇਵਟ/ਖਤੂਨੀ ਨੰਬਰ 23/26 ਖਸਰਾ ਨੰਬਰ 13//1 ਮਿਨ; ਖੇਵਟ/ਖਤੂਨੀ ਨੰ.23/27 ਖਸਰਾ ਨੰ.13//9 ਮਿਨ; ਖੇਵਟ/ਖਤੂਨੀ ਨੰ.23/28 ਖਸਰਾ ਨੰ. 13//1 ਮਿਨ; ਖੇਵਟ/ਖਤੌਨੀ ਨੰ.23/29 ਖਸਰਾ ਨੰ.13//10 ਮਿਨ, ਹੱਦਬਸਤ ਨੰ.433 ਅਤੇ ਇਸ ਤਰ੍ਹਾਂ ਹੱਦਬੰਦੀ : ਪੂਰਬ: ਕੋਠੀ ਨੰ. 12, ਪੱਛਮ: ਗਲੀ 20', ਉੱਤਰ: ਦੂਜਿਆਂ ਦੀ ਜਾਇਦਾਦ ਅਤੇ ਦੱਖਣ: ਸੜਕ।

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵਾਸਤੇ ਕਿਰਪਾ ਕਰਕੇ ਵੈਬਸਾਈਟ ਲਿੰਕ **https://www.bankofbaroda.in/e-auction.htm** ਅਤੇ **https://baanknet.com** ਦਾ ਹਵਾਲਾ ਲਓ। ਨਾਲ ਹੀ ਇੱਛੁਕ ਬੋਲੀਕਾਰ ਉਪਰੋਕਤ ਅਧਿਕਾਰਤ ਅਧਿਕਾਰੀ ਨੂੰ ਸੰਪਰਕ ਕਰ ਸਕਦੇ ਹਨ।

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 07.03.2026 ਨੂੰ ਸ਼ਾਮ 6.00 ਵਜੇ ਤੱਕ
ਈ-ਨਿਲਾਮੀ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ : 07.03.2026 ਨੂੰ ਦੁਪਹਿਰ 02.00 ਵਜੇ ਤੋਂ ਸ਼ਾਮ 06.00 ਵਜੇ ਤੱਕ।
ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਮਿਤੀ : 05.02.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

# ਹੁਣ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ ਭਾਰਤ!

## ☛ਸਪਲਾਈ ਬਾਰੇ ਰੂਸ ਦਾ ਆ ਗਿਆ ਵੱਡਾ ਬਿਆਨ

ਮਾਸਕੋ, 5 ਫਰਵਰੀ (ਚ.ਨ.ਸ): ਰੂਸ ਦੇ ਰਾਸ਼ਟਰਪਤੀ ਭਵਨ 'ਕ੍ਰੈਮਲਿਨ' ਨੇ ਕਿਹਾ ਕਿ ਭਾਰਤ ਕਿਸੇ ਵੀ ਦੇਸ਼ ਤੋਂ ਕੱਚਾ ਤੇਲ ਖਰੀਦਣ ਲਈ ਪੂਰੀ ਤਰ੍ਹਾਂ ਸੁਤੰਤਰ ਹੈ ਤੇ ਆਪਣੇ ਸਪਲਾਈ ਸੋਮਿਆਂ 'ਚ ਵੰਨ-ਸੁਵੰਨਤਾ ਲਿਆਉਣ ਦੇ ਉਸ ਦੇ ਫੈਸਲੇ ਵਿੱਚ ਕੁਝ ਵੀ ਨਵਾਂ ਨਹੀਂ ਹੈ।ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਇੱਕ ਸਵਾਲ ਦੇ ਜਵਾਬ 'ਚ ਕਿਹਾ ਕਿ ਅਸੀਂ ਤੇ ਹੋਰ ਕੌਮਾਂਤਰੀ ਊਰਜਾ ਮਾਹਿਰ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂੰ ਹਾਂ ਕਿ ਰੂਸ-ਭਾਰਤ ਨੂੰ ਤੇਲ ਤੇ ਪੈਟਰੋਲੀਅਮ ਉਤਪਾਦਾਂ ਦੀ ਸਪਲਾਈ ਕਰਨ ਵਾਲਾ ਇੱਕੋ-ਇੱਕ ਦੇਸ਼ ਨਹੀਂ ਹੈ।ਭਾਰਤ ਹਮੇਸ਼ਾ ਤੋਂ ਹੋਰਾਂ ਦੇਸ਼ਾਂ ਤੋਂ ਵੀ ਇਹ ਉਤਪਾਦ ਖਰੀਦਦਾ ਰਿਹਾ ਹੈ, ਇਸ ਲਈ ਸਾਨੂੰ ਇਸ ਵਿੱਚ ਕੁਝ ਵੀ ਨਵਾਂ ਨਜ਼ਰ ਨਹੀਂ ਆਉਂਦਾ।ਉਨ੍ਹਾਂ ਤੋਂ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਉਸ ਦਾਅਵੇ ਬਾਰੇ ਪੁੱਛਿਆ ਗਿਆ ਸੀ, ਜਿਸ ਵਿੱਚ ਟਰੰਪ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸੀ ਤੇਲ ਦੀ ਖਰੀਦ ਬੰਦ ਕਰਨ ਤੇ ਅਮਰੀਕਾ ਤੇ ਸੰਭਾਵਿਤ ਤੌਰ 'ਤੇ ਵੈਨੇਜ਼ੁਏਲਾ ਤੋਂ ਕੱਚਾ ਤੇਲ ਖਰੀਦਣ 'ਤੇ ਸਹਿਮਤ ਹੋ ਗਏ ਹਨ।ਇਸ ਤੋਂ ਇੱਕ ਦਿਨ ਪਹਿਲਾਂ ਪੇਸਕੋਵ ਨੇ ਸਪੱਸ਼ਟ ਕੀਤਾ ਸੀ ਕਿ ਰੂਸ ਨੂੰ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਬੰਦ ਕਰਨ ਸਬੰਧੀ ਹੁਣ ਤੱਕ ਕੋਈ ਅਧਿਕਾਰਤ ਬਿਆਨ ਜਾਂ ਸੂਚਨਾ ਪ੍ਰਾਪਤ ਨਹੀਂ ਹੋਈ। ਨਿੱਜੀ ਵਪਾਰਕ ਰੇਡੀਓ ਸਟੇਸ਼ਨ 'ਕੋਮਰਸੈਂਟ ਐਫ.ਐਮ.' ਨੇ ਇਸ ਪਾਸੇ ਧਿਆਨ ਦਿਵਾਇਆ ਕਿ ਰਾਸ਼ਟਰਪਤੀ ਟਰੰਪ ਦੇ ਦਾਅਵਿਆਂ ਤੋਂ ਉਲਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਤੇਲ ਦੀ ਦਰਾਮਦ ਨੂੰ ਰੋਕਣ ਨਾਲ ਸਬੰਧਤ ਕਿਸੇ ਵੀ ਸਮਝੌਤੇ ਦਾ ਕੋਈ ਜ਼ਿਕਰ ਨਹੀਂ ਕੀਤਾ।




# ਨੇਪਾਲ ਤੋਂ ਇਸਤਾਂਬੁਲ ਜਾ ਰਹੀ ਫਲਾਈਟ ਦੇ ਇੰਜਣ ਨੂੰ ਲੱਗੀ ਅੱਗ

## 'ਕੋਲਕਾਤਾ 'ਚ ਐਮਰਜੈਂਸੀ ਲੈਂਡਿੰਗ ਕਰਵਾਈ'

ਕੋਲਕਾਤਾ, 5 ਫਰਵਰੀ (ਚ.ਨ.ਸ): ਕਾਠਮੰਡੂ ਤੋਂ ਇਸਤਾਂਬੁਲ ਜਾ ਰਹੇ ਤੁਰਕਿਸ਼ ਏਅਰਲਾਈਨਜ਼ ਦੇ ਇੱਕ ਵੱਡੇ ਜਹਾਜ਼ (ਵਾਈਡਬਾਡੀ ਏਅਰਕ੍ਰਾਫਟ) ਨੂੰ ਬੁੱਧਵਾਰ ਦੁਪਹਿਰ ਤਕਨੀਕੀ ਖ਼ਰਾਬੀ ਕਾਰਨ ਅਚਾਨਕ ਕੋਲਕਾਤਾ ਵੱਲ ਮੋੜਨਾ ਪਿਆ।ਜਹਾਜ਼ ਨੇ ਨੇਪਾਲ ਦੇ ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰੀ ਹੀ ਸੀ ਕਿ ਉਸ ਦੇ ਇੱਕ ਇੰਜਣ ਵਿੱਚ ਗੰਭੀਰ ਖ਼ਰਾਬੀ ਦਾ ਪਤਾ ਲੱਗਾ।ਪਾਇਲਟਾਂ ਦੀ ਸੂਝ-ਬੂਝ ਤੇ ਮੁਸਤੈਦੀ ਸਦਕਾ ਜਹਾਜ਼ ਵਿੱਚ ਸਵਾਰ ਸਾਰੇ 236 ਯਾਤਰੀਆਂ ਤੇ 11 ਕਰੂ ਮੈਂਬਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਹੈ।ਏਅਰਪੋਰਟ ਸੂਤਰਾਂ ਅਨੁਸਾਰ ਤੁਰਕਿਸ਼ ਏਅਰਲਾਈਨਜ਼ ਦੀ ਫਲਾਈਟ ਨੰਬਰ "HY-727 ਨੇ ਦੁਪਹਿਰ 1:29 ਵਜੇ ਕਾਠਮੰਡੂ ਤੋਂ ਟੇਕ-ਆਫ ਕੀਤਾ ਸੀ। ਅਸਮਾਨ 'ਚ ਉਡਾਣ ਦੌਰਾਨ ਹੀ ਪਾਇਲਟਾਂ ਨੂੰ ਜਹਾਜ਼ ਦੇ ਦੋ ਵਿੱਚੋਂ ਇੱਕ ਇੰਜਣ ਦੇ ਕੰਮ ਕਰਨਾ ਬੰਦ ਕਰਨ ਦਾ ਸੰਕੇਤ ਮਿਲਿਆ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਪਾਇਲਟਾਂ ਨੇ ਤੁਰੰਤ ਕਾਠਮੰਡੂ ਏਟੀਸੀ (ATC) ਨੂੰ ਸੂਚਿਤ ਕੀਤਾ ਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਧਾਡਿੰਗ ਜ਼ਿਲ੍ਹੇ ਦੇ ਧਰਕੇ ਖੇਤਰ ਦੇ ਉਪਰ ਜਹਾਜ਼ ਨੂੰ ਕੁਝ ਸਮੇਂ ਲਈ ਹੋਲਡ 'ਤੇ ਰੱਖਿਆ।




# ਸ਼ਰਾਬੀ ਪਿਓ ਨੇ ਭੁੱਖੀ-ਪਿਆਸੀ ਮਾਸੂਮ ਧੀ ਦਾ ਕੀਤਾ ਕਤਲ

## ☛ਧੀ ਪਿਓ ਨੂੰ ਸ਼ਰਾਬ ਪੀਣ ਤੋਂ ਰੋਕ ਸੀ ਤੇ ਖਾਣਾ ਮੰਗ ਰਹੀ ਸੀ

ਜਲੰਧਰ, 5 ਫਰਵਰੀ (ਚ.ਨ.ਸ): ਜਲੰਧਰ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ, ਇਥੇ ਸ਼ਰਾਬੀ ਵਿਅਕਤੀ ਨੇ 5 ਸਾਲਾ ਭੁੱਖੀ ਪਿਆਸੀ ਧੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ, ਕਿਉਂਕਿ ਉਹ ਉਸ ਨੂੰ ਪੀਣ ਤੋਂ ਰੋਕ ਰਹੀ ਸੀ ਤੇ ਵਾਰ-ਵਾਰ ਖਾਣਾ ਮੰਗ ਰਹੀ ਸੀ।ਮ੍ਰਿਤਕਾ ਦੀ ਪਹਿਚਾਣ ਪੰਜ ਸਾਲਾ ਨਿਹਾਰਿਕਾ ਵਜੋਂ ਹੋਈ ਹੈ।ਦੱਸ ਦੇਈਏ ਕਿ ਸੱਚਾਈ ਉਦੋਂ ਸਾਹਮਣੇ ਆਈ ਜਦੋਂ ਗੁਆਂਢੀ ਨੇ ਬੱਚੀ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਦੇਖਿਆ ਤੇ ਉਸ ਨੂੰ ਡਾਕਟਰ ਕੋਲ ਲੈ ਗਿਆ, ਜਿੱਥੇ ਡਾਕਟਰਾਂ ਨੇ ਬੱਚੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਪੁਲਿਸ ਨੇ ਮੁਲਜ਼ਮ ਪਿਤਾ ਅਰਵਿੰਦਰ ਕੁਮਾਰ ਵਿਰੁੱਧ ਕਤਲ ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ।




## ਇਨਸਾਫ਼ ਦੀ ਉਡੀਕ 'ਚ ਲੰਘੀ ਜ਼ਿੰਦਗੀ

# ਕਤਲ ਕੇਸ 'ਚ 100 ਸਾਲਾ ਬਜ਼ੁਰਗ 42 ਸਾਲਾਂ ਬਾਅਦ ਬਰੀ

ਪ੍ਰਯਾਗਰਾਜ/ਹਮੀਰਪੁਰ, 5 ਫਰਵਰੀ (ਚ.ਨ.ਸ): ਉਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਨਾਲ ਸਬੰਧਤ ਇੱਕ 100 ਸਾਲਾ ਬਜ਼ੁਰਗ ਨੂੰ ਇਲਾਹਾਬਾਦ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਕਤਲ ਦੇ ਇੱਕ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ।ਇਹ ਫੈਸਲਾ ਉਸ ਦੀ ਸਜ਼ਾ ਦੇ ਵਿਰੁੱਧ ਪਾਈ ਗਈ ਅਪੀਲ 'ਤੇ ਪੂਰੇ 42 ਸਾਲਾਂ ਬਾਅਦ ਆਇਆ ਹੈ।ਅਦਾਲਤ ਨੇ ਮੰਨਿਆ ਕਿ ਪ੍ਰੌਸੀਕਿਊਸ਼ਨ (ਇਸਤਗਾਸਾ ਪੱਖ) ਦੋਸ਼ਾਂ ਨੂੰ ਸ਼ੱਕ ਤੋਂ ਪਰੇ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ।ਘਟਨਾ ਸਾਲ 1982 ਦੀ ਹੈ, ਜਦੋਂ ਹਮੀਰਪੁਰ ਵਿੱਚ ਇੱਕ ਵਿਅਕਤੀ ਦਾ ਕਤਲ ਹੋਇਆ ਸੀ।ਇਸ ਮਾਮਲੇ ਵਿੱਚ ਧਨੀ ਰਾਮ, ਸੱਤੀ ਦੀਨ ਤੇ ਮਾਈਕੂ ਨਾਮ ਦੇ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ।ਸਾਲ 1984 ਵਿੱਚ ਹਮੀਰਪੁਰ ਦੀ ਹੇਠਲੀ ਅਦਾਲਤ ਨੇ ਧਨੀ ਰਾਮ ਤੇ ਸੱਤੀ ਦੀਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜਦੋਂ ਕਿ ਮੁੱਖ ਮੁਲਜ਼ਮ ਮਾਈਕੂ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਰਿਹਾ।ਧਨੀ ਰਾਮ ਨੇ ਉਸੇ ਸਾਲ (1984) ਵਿੱਚ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ ਤੇ ਉਹ ਜ਼ਮਾਨਤ 'ਤੇ ਬਾਹਰ ਸੀ।ਜਸਟਿਸ ਚੰਦਰਧਾਰੀ ਸਿੰਘ ਤੇ ਜਸਟਿਸ ਸੰਜੀਵ ਕੁਮਾਰ ਦੇ ਬੈਂਚ ਨੇ ਫੈਸਲਾ ਸੁਣਾਉਂਦੇ ਹੋਏ ਨਿਆਂ ਪ੍ਰਣਾਲੀ ਦੀ ਦੇਰੀ 'ਤੇ ਗੰਭੀਰ ਟਿੱਪਣੀਆਂ ਕੀਤੀਆਂ।ਅਦਾਲਤ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਖੜ੍ਹਾ ਹੋਵੇ ਤਾਂ ਦਹਾਕਿਆਂ ਦੀ ਦੇਰੀ ਤੋਂ ਬਾਅਦ ਸਿਰਫ ਸਜ਼ਾ ਦੇਣ 'ਤੇ ਜ਼ੋਰ ਦੇਣਾ ਇਨਸਾਫ਼ ਨੂੰ ਮਹਿਜ਼ ਇੱਕ ਰਸਮ ਬਣਾ ਦਿੰਦਾ ਹੈ।ਅਦਾਲਤ ਨੇ ਅੱਗੇ ਕਿਹਾ ਕਿ ਇੰਨੇ ਲੰਬੇ ਸਮੇਂ ਤੱਕ ਕੇਸ ਦੇ ਚੱਲਣ ਕਾਰਨ ਮੁਲਜ਼ਮ ਨੇ ਜੋ ਮਾਨਸਿਕ ਪੀੜਾ, ਅਨਿਸ਼ਚਿਤਤਾ ਤੇ ਸਮਾਜਿਕ ਨਮੋਸ਼ੀ ਝੱਲੀ ਹੈ, ਉਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਖਿਲਰੀ ਸਿੱਖ ਲੀਡਰਸ਼ਿਪ ਕਾਰਨ ਪੰਥ ਵਿਰੋਧੀ ਪੰਜਾਬ 'ਤੇ ਰੱਖ ਰਹੇ ਨੇ ਮੈਲੀ ਅੱਖ

ਅੰਮ੍ਰਿਤਸਰ, 5 ਫਰਵਰੀ (ਚ.ਨ.ਸ): ਪੰਜਾਬ ਦੀ ਸਿਆਸਤ ਅੱਜ ਇੱਕ ਅਹਿਮ ਮੋੜ 'ਤੇ ਖੜ੍ਹੀ ਹੈ।ਸਿਧਾਂਤਕ ਅਕਾਲੀ ਸੋਚ ਦੀ ਘਾਟ ਹੈ। ਸ਼੍ਰੋਮਣੀ ਅਕਾਲੀ ਦਲ, ਸਿਧਾਂਤਕ ਸੋਚ ਨਾਲ ਬੱਝਾ ਹੈ ਅਕਾਲੀ ਲੀਡਰਸ਼ਿਪ ਹਮੇਸ਼ਾ ਪੰਜਾਬ, ਸਿੱਖ ਪੰਥ ਤੇ ਜਨਤਕ ਹਿੱਤ ਦੇ ਹੱਕਾਂ ਦਾ ਅੰਦੋਲਨ ਕਰਦੀ ਰਹੀ।ਟਕਸਾਲੀ ਲੀਡਰਸ਼ਿਪ, ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ, ਗਿ. ਕਰਤਾਰ ਸਿੰਘ, ਸੰਤ ਫ਼ਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਗੁਰਚਰੇਲ ਸਿੰਘ ਟੌਹੜਾ ਆਦਿ ਅਜਿਹੀਆਂ ਸਿੱਖ ਸ਼ਖ਼ਸੀਅਤ ਸਨ, ਜਿਨ੍ਹਾਂ ਸਿੱਖ ਪੰਥ ਲਈ ਅੰਦੋਲਨ ਲੜੇ, ਲੰਬਾ ਸਮਾਂ ਜੇਲ੍ਹਾਂ, ਪੰਜਾਬੀ ਸੂਬੇ, ਪੰਜਾਬ ਦੇ ਮਸਲਿਆਂ, ਭਾਖੜਾ ਡੈਮ, ਦਰਿਆਈ ਪਾਣੀਆਂ, ਐਮਰਜੈਂਸੀ, ਐਸਵਾਈਐਲ, ਗੁਰਦੁਆਰਾ ਸੁਧਾਰ ਪ੍ਰਬੰਧਾਂ, ਮਹੰਤਾਂ, ਧਰਮ ਯੁੱਧ ਆਦਿ ਵਾਸਤੇ ਕੱਟੀਆਂ ਪਰ ਬੈਂਕ ਖਾਤੇ ਖ਼ਾਲੀ ਰਹੇ।ਮਾਸਟਰ ਤਾਰਾ ਸਿੰਘ ਦੇ ਸਰੀਰ ਛੱਡਣ ਉਪਰੰਤ ਉਨ੍ਹਾਂ ਦੇ ਆਉਣ ਉਪਰੰਤ ਸਿੱਖ ਪੰਥ ਦੇ ਸਿਧਾਂਤ, ਪ੍ਰੰਪਰਾਵਾਂ, ਸਿੱਖ ਮਰਿਆਦਾ ਨੂੰ ਅਜਿਹੀ ਢਾਹ ਲੱਗੀ, ਜਿਸ ਨਾਲ ਸਿੱਖੀ ਤੇ ਸਿੱਖ ਬੈਂਕ ਖਾਤੇ ਵਿੱਚ 32 ਰੁਪਏ ਸਨ, ਜਦ ਤੱਕ ਵੱਡੇ ਬਾਦਲ ਉਕਤ ਲੀਡਰਸ਼ਿਪ ਨਾਲ ਰਹੇ ਤਦ ਤੱਕ ਉਨ੍ਹਾਂ ਦਾ ਜੀਵਨ ਸਾਫ਼-ਸੁਥਰਾ ਰਿਹਾ।ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਲੜੇ ਗਏ ਅੰਦੋਲਨ ਯਾਦਗਾਰੀ ਸਨ ਪਰ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਨੇ ਸੰਤ ਲੌਂਗੋਵਾਲ-ਰਾਜੀਵ ਗਾਂਧੀ ਸਮਝੌਤਾ ਕਰਵਾਇਆ ਪਰ ਕੇਂਦਰ ਸਰਕਾਰ ਦੇ ਮੁਕਰਨ ਕਾਰਨ ਸੰਤ ਲੌਂਗੋਵਾਲ ਦੇ ਅਕਸ ਨੂੰ ਢਾਹ ਲੱਗੀ ਤੇ ਉਨ੍ਹਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ।ਉਸ ਵੇਲੇ ਸੰਤ ਲੌਂਗੋਵਾਲ ਦਾ ਗਿਮੋਟ ਬਰਨਾਲਾ-ਬਲਵੰਤ ਕੋਲ ਸੀ।1995 ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ, ਸਿੱਖ ਸੰਸਥਾਵਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦਾ ਸਮੁੱਚਾ ਪ੍ਰਬੰਧ ਸੰਸਥਾਵਾਂ ਰੁਲਣ ਦੇ ਨਾਲ-ਨਾਲ ਪੰਜਾਬ ਤੇ ਸਿੱਖ ਵਿਰੋਧੀ ਤਾਕਤਾਂ ਸਰਗਰਮ ਹੈ। ਇਸ ਵੇਲੇ ਪੰਥਕ ਤਾਕਤ ਕਮਜ਼ੋਰ ਹੈ। ਸਿੱਖ ਪ੍ਰਭਾਵ ਵਾਲੇ ਸੂਬੇ 'ਤੇ ਮੈਲੀ ਅੱਖ ਰੱਖਣ ਵਾਲਿਆਂ, ਸਿੱਖ ਸਿਧਾਂਤ ਤੋਂ ਥਿੜਕੇ ਤੇ ਮੌਕਾਪ੍ਰਸਤਾਂ, ਕੂਟਨੀਤਕ ਚਾਲ ਨਾਲ ਆਪਣੇ ਨਾਲ ਰਲਾ ਲਿਆ ਹੈ ਤਾਂ ਜੋ 2027 ਵਿਚ ਸਰਹੱਦੀ ਖੇਤਰ ਦੀ ਸੱਤਾ ਹਥਿਆ ਲਈ ਜਾਵੇ।ਦੱਸਣਾ ਬਣਦਾ ਹੈ ਕਿ ਕੈਪਟਨ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ 'ਤੇ ਭ੍ਰਿਸ਼ਟਾਚਾਰ, ਆਮਦਨ ਤੋਂ ਵੱਧ ਸਰੋਤ ਰਾਹੀਂ ਸੰਪਤੀ ਬਣਾਉਣ ਦੇ ਦੋਸ਼ ਹੇਠ ਪਰਚਾ ਦਰਜ ਕੀਤਾ ਸੀ।ਬਾਦਲਾਂ ਨੂੰ ਅੰਦਰ ਵੀ ਜਾਣਾ ਪਿਆ, ਭਾਵੇਂ ਇਸ ਕੇਸ ਦਾ ਕੁੱਝ ਨਹੀਂ ਬਣਿਆ ਪਰ ਅਕਾਲੀ ਦਲ ਦੇ ਸਿਧਾਂਤ 'ਤੇ ਵਕਾਰ ਨੂੰ ਢਾਹ ਲੱਗੀ।

## ਰੂਸ ਦਾ ਵੱਡਾ ਐਲਾਨ

# ਜਦੋਂ ਤੱਕ ਯੂਕ੍ਰੇਨ ਸ਼ਰਤਾਂ ਨਹੀਂ ਮੰਨਦਾ, ਜੰਗ ਜਾਰੀ ਰਹੇਗੀ

ਮਾਸਕੋ/ਕੀਵ, 5 ਫਰਵਰੀ (ਚ.ਨ.ਸ): ਕ੍ਰੇਮਲਿਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਯੂਕ੍ਰੇਨ ਵਿਰੁੱਧ ਉਸ ਦੀ ਪਿਛਲੇ ਲਗਭਗ ਚਾਰ ਸਾਲਾਂ ਤੋਂ ਜਾਰੀ ਫੌਜੀ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਕੀਵ ਪ੍ਰਸ਼ਾਸਨ ਮਾਸਕੋ ਦੀਆਂ ਸਮਝੌਤੇ ਦੀਆਂ ਸ਼ਰਤਾਂ ਨੂੰ ਪ੍ਰਵਾਨ ਨਹੀਂ ਕਰ ਲੈਂਦਾ।ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਬੂ ਧਾਬੀ ਵਿੱਚ ਅਮਰੀਕਾ ਦੀ ਵਿਚੋਲਗੀ ਹੇਠ ਸ਼ਾਂਤੀ ਗੱਲਬਾਤ ਦੀ ਸ਼ੁਰੂਆਤ ਹੋਈ ਹੈ। ਕ੍ਰੇਮਲਿਨ ਦੇ ਬੁਲਾਰੇ ਦਿਮਿਤਰੀ ਪੇਸਕੋਵ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਤੱਕ ਕੀਵ ਸ਼ਾਸਨ ਉਚਿਤ ਫੈਸਲੇ ਨਹੀਂ ਲੈਂਦਾ, ਉਦੋਂ ਤੱਕ ਰੂਸ ਦੀ ਵਿਸ਼ੇਸ਼ ਫੌਜੀ ਕਾਰਵਾਈ ਨਿਰੰਤਰ ਜਾਰੀ ਰਹੇਗੀ। ਰੂਸ ਵੱਲੋਂ ਰੱਖੀਆਂ ਗਈਆਂ ਸ਼ਰਤਾਂ ਵਿੱਚ ਸਭ ਤੋਂ ਸੰਵੇਦਨਸ਼ੀਲ ਮੁੱਦਾ ਉਹ ਇਲਾਕੇ ਹਨ ਜੋ ਇਸ ਵੇਲੇ ਯੂਕ੍ਰੇਨ ਦੇ ਕਬਜ਼ੇ ਵਿੱਚ ਹਨ ਪਰ ਮਾਸਕੋ ਉਨ੍ਹਾਂ ਦੀ ਮੰਗ ਕਰ ਰਿਹਾ ਹੈ। ਇਸ ਤੋਂ ਇਲਾਵਾ ਯੂਰਪ ਦੇ ਸਭ ਤੋਂ ਵੱਡੇ ਪ੍ਰਮਾਣੂ ਪਲਾਂਟ, ਜ਼ਪੋਰਿਜ਼ੀਆ ਪਰਮਾਣੂ ਪਲਾਂਟ ਦੀ ਕਿਸਮਤ ਦਾ ਫੈਸਲਾ ਵੀ ਮੁੱਖ ਮੰਗਾਂ ਵਿੱਚ ਸ਼ਾਮਲ ਹੈ, ਜੋ ਕਿ ਇਸ ਸਮੇਂ ਰੂਸ ਦੇ ਕਬਜ਼ੇ ਵਾਲੇ ਖੇਤਰ ਵਿੱਚ ਸਥਿਤ ਹੈ। ਰੂਸ ਚਾਹੁੰਦਾ ਹੈ ਕਿ ਯੂਕ੍ਰੇਨ ਪੂਰੇ ਡੋਨੇਟਸਕ ਖੇਤਰ ਤੋਂ ਆਪਣੀਆਂ ਫੌਜਾਂ ਵਾਪਸ ਬੁਲਾ ਲਵੇ, ਜਿਸ ਵਿੱਚ ਉਹ ਕਿਲ੍ਹੇਬੰਦ ਸ਼ਹਿਰ ਵੀ ਸ਼ਾਮਲ ਹਨ ਜੋ ਯੂਕ੍ਰੇਨ ਦੀ ਰੱਖਿਆ ਪ੍ਰਣਾਲੀ ਦਾ ਮਜ਼ਬੂਤ ਹਿੱਸਾ ਮੰਨੇ ਜਾਂਦੇ ਹਨ। ਰੂਸ ਨੇ ਇਨ੍ਹਾਂ ਸ਼ਰਤਾਂ ਨੂੰ ਕਿਸੇ ਵੀ ਸੰਭਵ ਸਮਝੌਤੇ ਲਈ ਮੁੱਢਲੀ ਸ਼ਰਤ ਵਜੋਂ ਰੱਖਿਆ ਹੈ। ਦੂਜੇ ਪਾਸੇ, ਯੂਕ੍ਰੇਨ ਨੇ ਰੂਸ ਦੀਆਂ ਇਨ੍ਹਾਂ ਇੱਕਪਾਸੜ ਸ਼ਰਤਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਜੰਗ ਨੂੰ ਮੌਜੂਦਾ ਫਰੰਟ ਲਾਈਨ 'ਤੇ ਹੀ ਰੋਕਿਆ ਜਾਣਾ ਚਾਹੀਦਾ ਹੈ।ਇਸ ਦੌਰਾਨ ਅਬੂ ਧਾਬੀ ਵਿੱਚ ਦੋਵਾਂ ਦੇਸ਼ਾਂ ਦੇ ਦੂਤਾਂ ਵਿਚਕਾਰ ਗੱਲਬਾਤ ਦਾ ਇੱਕ ਹੋਰ ਦੌਰ ਸ਼ੁਰੂ ਹੋਇਆ ਹੈ, ਜਦਕਿ ਦੂਜੇ ਪਾਸੇ ਯੂਕ੍ਰੇਨ ਦੇ ਇੱਕ ਬਾਜ਼ਾਰ ਵਿੱਚ ਰੂਸੀ ਕਲੱਸਟਰ ਮੂਨੀਸ਼ਨ ਹਮਲੇ ਵਿੱਚ ਸੱਤ ਲੋਕਾਂ ਦੀ ਮੌਤ ਹੋਣ ਦੀ ਵੀ ਖ਼ਬਰ ਹੈ।




# ਟਰੰਪ ਤੇ ਸ਼ੀ ਜਿਨਪਿੰਗ ਨੇ ਫੋਨ 'ਤੇ ਯੂਕ੍ਰੇਨ ਤੇ ਈਰਾਨ ਦੇ ਮੁੱਦਿਆਂ 'ਤੇ ਚਰਚਾ ਕੀਤੀ

ਵਾਸ਼ਿੰਗਟਨ/ਬੀਜਿੰਗ, 5 ਫਰਵਰੀ (ਚ.ਨ.ਸ): ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਵਿਚਕਾਰ ਬੁੱਧਵਾਰ ਨੂੰ ਫੋਨ 'ਤੇ ਲੰਮੀ ਗੱਲਬਾਤ ਹੋਈ, ਜਿਸ ਵਿੱਚ ਯੂਕ੍ਰੇਨ ਜੰਗ ਤੇ ਈਰਾਨ ਦੀ ਸਥਿਤੀ ਸਮੇਤ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਚੀਨੀ ਸਰਕਾਰੀ ਨਿਊਜ਼ ਏਜੰਸੀ ਸਿਨਹੂਆ ਅਨੁਸਾਰ, ਸ਼ੀ ਜਿਨਪਿੰਗ ਨੇ ਨਵੇਂ ਸਾਲ ਵਿੱਚ ਟਰੰਪ ਨਾਲ ਮਿਲ ਕੇ ਵੱਡੇ ਤੇ ਸਕਾਰਾਤਮਕ ਕੰਮ ਕਰਨ ਦੀ ਇੱਛਾ ਜਤਾਈ ਹੈ।ਰਾਸ਼ਟਰਪਤੀ ਟਰੰਪ ਨੇ ਵੀ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਇਸ ਗੱਲਬਾਤ ਨੂੰ ਬਹੁਤ ਵਧੀਆ ਦੱਸਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਸਬੰਧ ਬਹੁਤ ਮਜ਼ਬੂਤ ਹਨ ਤੇ ਉਹ ਰਾਸ਼ਟਰਪਤੀ ਸ਼ੀ ਨਾਲ ਆਪਣੇ ਨਿੱਜੀ ਸਬੰਧਾਂ ਦੀ ਕਦਰ ਕਰਦੇ ਹਨ।ਟਰੰਪ ਨੇ ਦੱਸਿਆ ਕਿ ਗੱਲਬਾਤ ਦੌਰਾਨ ਵਪਾਰ, ਤਾਈਵਾਨ, ਯੂਕ੍ਰੇਨ ਵਿਰੁੱਧ ਰੂਸੀ ਜੰਗ ਤੇ ਈਰਾਨ ਦੇ ਮੁੱਦਿਆਂ 'ਤੇ ਚਰਚਾ ਹੋਈ।ਟਰੰਪ ਨੇ ਜਲਦੀ ਹੀ ਚੀਨ ਦਾ ਦੌਰਾ ਕਰਨ ਦੀ ਯੋਜਨਾ ਬਾਰੇ ਵੀ ਦੱਸਿਆ।ਹਾਲਾਂਕਿ, ਚੀਨੀ ਰਾਸ਼ਟਰਪਤੀ ਨੇ ਤਾਈਵਾਨ ਦੇ ਮੁੱਦੇ 'ਤੇ ਆਪਣਾ ਸਖ਼ਤ ਰੁਖ਼ ਬਰਕਰਾਰ ਰੱਖਦੇ ਹੋਏ ਕਿਹਾ ਕਿ ਇਹ ਚੀਨ-ਅਮਰੀਕਾ ਸਬੰਧਾਂ ਦਾ ਸਭ ਤੋਂ ਮਹੱਤਵਪੂਰਨ ਮੁੱਦਾ ਹੈ ਤੇ ਅਮਰੀਕਾ ਨੂੰ ਤਾਈਵਾਨ ਨੂੰ ਹਥਿਆਰਾਂ ਦੀ ਵਿਕਰੀ ਦੇ ਮਾਮਲੇ ਵਿੱਚ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ।ਜ਼ਿਕਰਯੋਗ ਹੈ ਕਿ ਟਰੰਪ ਨਾਲ ਗੱਲਬਾਤ ਕਰਨ ਤੋਂ ਕੁਝ ਘੰਟੇ ਪਹਿਲਾਂ ਸ਼ੀ ਜਿਨਪਿੰਗ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਵੀ ਵੀਡੀਓ ਕਾਲ ਰਾਹੀਂ ਗੱਲਬਾਤ ਕੀਤੀ ਸੀ, ਜਿਸ ਵਿੱਚ ਮਾਸਕੋ ਨਾਲ ਰਣਨੀਤਕ ਤਾਲਮੇਲ ਨੂੰ ਹੋਰ ਡੂੰਘਾ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ।



# ਮੁੱਖ ਮੰਤਰੀ ਸਿਹਤ ਯੋਜਨਾ ਦਾ ਮਿਲੇਗਾ ਹਰ ਪਰਿਵਾਰ ਨੂੰ ਫਾਇਦਾ: ਜੋਬਨ ਰੰਧਾਵਾ

ਫਤਹਿਗੜ੍ਹ ਚੂੜੀਆਂ, 5 ਫਰਵਰੀ (ਰਾਜਨ ਸ਼ਰਮਾ): ਸੂਬੇ ਅੰਦਰਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਸਮੂਹ ਲੋਕਾਂ ਨੂੰ ਵਧੀਆ ਤੇ ਮਿਆਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਉਪਰਾਲੇ ਕਰ ਰਹੀ ਹੈ। ਮੁਫ਼ਤ ਬਿਜਲੀ, ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਵੱਡੇ ਉਪਰਾਲੇ ਤੋਂ ਇਲਾਵਾ ਹੁਣ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਇਸ ਦੀਆਂ ਪ੍ਰਤੱਖ ਉਦਾਹਰਨਾਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੋਬਨ ਰੰਧਾਵਾ ਪਲਾਨਿੰਗ ਬੋਰਡ ਚੇਅਰਮੈਨ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ। ਪਲਾਨਿੰਗ ਬੋਰਡ ਚੇਅਰਮੈਨ ਜੋਬਨ ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਲੋਕਾਂ ਲਈ ਕੀਤਾ ਗਿਆ ਇੱਕ ਸ਼ਲਾਘਾਯੋਗ ਉਪਰਾਲਾ ਹੈ।ਜਿਸਦਾ ਫਾਇਦਾ ਪੰਜਾਬ ਦੇ ਹਰੇਕ ਪਰਿਵਾਰ ਨੂੰ ਤੇ ਕਈ ਗਰੀਬ ਪਰਿਵਾਰ ਦੇ ਲੋਕ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਕੋਈ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾ ਸਕੇਗਾ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਇਲਾਜ ਨੂੰ ਉਨ੍ਹਾਂ ਦੇ ਸ਼ਹਿਰ ਅੰਦਰ ਹੀ ਸੁਖਾਲਾ ਬਣਾਉਣ ਲਈ ਸੂਬੇ ਅੰਦਰ 900 ਤੋਂ ਵੱਧ ਹਸਪਤਾਲਾਂ ਨੂੰ ਨਗਦੀ ਰਹਿਤ ਇਲਾਜ ਲਈ ਸੂਚੀਬੱਧ ਕੀਤਾ ਗਿਆ ਹੈ।ਉਨ੍ਹਾਂ ਪੰਜਾਬ ਸਰਕਾਰ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ ਤੇ ਲੋਕਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ।ਆਖਿਰ ਵਿੱਚ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਹੀ ਲੀਡਰਸ਼ਿਪ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।



# ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਵਿਕਾਸ ਕਾਰਜ ਜਾਰੀ, ਅਨੰਦ ਵਿਹਾਰ ਕਲੋਨੀ ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ

ਬਟਾਲਾ/ਅਲੀਵਾਲ, 5 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਅੰਦਰ ਜਿਥੇ ਸਰਬਪੱਖੀ ਵਿਕਾਸ ਤੇਜ਼ੀ ਨਾਲ ਚੱਲ ਰਹੇ ਹਨ, ਜਿਸ ਦੇ ਚੱਲਦਿਆਂ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜ ਜਾਰੀ ਹਨ।ਇਹ ਪ੍ਰਗਟਾਵਾ ਅੰਮ੍ਰਿਤ ਕਲਸੀ ਭਰਾ ਵਿਧਾਇਕ ਸ਼ੈਰੀ ਕਲਸੀ ਨੇ ਅਨੰਦ ਵਿਹਾਰ ਦੀਆਂ ਗਲੀਆਂ ਦਾ ਵਾਰਡ ਵਾਸੀਆਂ ਦੀ ਮੌਜੂਦਗੀ ਵਿੱਚ ਕੰਮ ਸ਼ੁਰੂ ਕਰਵਾਉਣ ਉਪਰੰਤ ਕੀਤਾ। ਅੰਮ੍ਰਿਤ ਕਲਸੀ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠਾਂ ਹਲਕਾ ਬਟਾਲਾ ਖਾਸ ਕਰਕੇ ਸ਼ਹਿਰ ਬਟਾਲਾ ਵਿੱਚ ਵਿਕਾਸ ਕਾਰਜਾਂ ਜਾਰੀ ਹਨ ਤੇ ਲੋਕਾਂ ਦੇ ਲੰਬੇ ਸਮੇਂ ਤੋਂ ਰਹਿੰਦੇ ਕਾਰਜਾਂ ਨੂੰ ਮੁਕੰਮਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ ਤੇ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਨਿਰੰਤਰ ਜਾਰੀ ਹਨ।ਉਨ੍ਹਾਂ ਦੱਸਿਆ ਕਿ ਮਹਿਜ਼ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਬਟਾਲਾ ਸ਼ਹਿਰ ਅੰਦਰ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਸੜਕਾਂ ਤੇ ਚੌਕਾਂ ਨੂੰ ਖੁੱਲ੍ਹਾ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਦੇਣ ਲਈ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ। ਸ਼ਹਿਰ ਵਾਸੀਆਂ ਨੂੰ ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਪੀਣ ਲਈ ਸਾਫ-ਸੁਥਰਾ ਪਾਣੀ ਮਿਲੇਗਾ। ਸਕੂਲ ਆਫ ਐਮੀਨੈਂਸ ਤੋਂ ਇਲਾਵਾ ਆਮ ਆਦਮੀ ਕਲੀਨਿਕਾਂ ਵਿੱਚ ਮਰੀਜ਼ ਰੋਜ਼ਾਨਾ ਆਪਣੇ ਘਰਾਂ ਦੇ ਨੇੜੇ ਹੀ ਆਪਣਾ ਇਲਾਜ ਕਰਵਾ ਰਹੇ ਹਨ। ਸ਼ਾਨਦਾਰ ਪਾਰਕਾਂ ਦੀ, ਉਸਾਰੀ ਕਰਵਾਈ ਗਈ ਹੈ ਸਮੇਤ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।



# ਵਿਧਾਨ ਸਭਾ 2027 ਦੀਆਂ ਚੋਣਾਂ 'ਚ ਐਸ.ਸੀ. ਵਰਗ ਦਾ ਅਹਿਮ ਰੋਲ ਹੋਵੇਗਾ

ਡੇਰਾ ਬਾਬਾ ਨਾਨਕ, 5 ਫਰਵਰੀ (ਹੈਪੀ ਕੋਟਲੀ): ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਨਿੱਕੋਸਰਾ ਮਿਹਨਤੀ ਤੇ ਸੀਨੀਅਰ ਨੌਜਵਾਨ ਆਗੂ ਰੂਪਤਜਿੰਦਰ ਸਿੰਘ ਨਿੱਕੋਸਰਾ ਆਮ ਆਦਮੀ ਪਾਰਟੀ ਦੇ ਸੀਨੀਅਰ ਐਸਸੀ ਆਗੂ ਤੇ ਮੈਂਬਰ ਦਲਿਤ ਵਿਕਾਸ ਬੋਰਡ ਪੰਜਾਬ ਜਸਵੰਤ ਰਾਏ ਆਮ ਆਦਮੀ ਪਾਰਟੀ ਐਸਸੀ ਵਿੰਗ ਦੇ ਸੀਨੀਅਰ ਆਗੂ ਐਡਵੋਕੇਟ ਦਵਿੰਦਰ ਸਿੰਘ ਮੱਟੂ ਨੇ ਸਾਂਝੇ ਤੌਰ 'ਤੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਧਾਨ ਸਭਾ 2027 ਦੀਆਂ ਚੋਣਾਂ 'ਚ ਐਸਸੀ ਵਰਗ ਆਮ ਆਦਮੀ ਪਾਰਟੀ ਨੂੰ ਜਿੱਤ ਦਿਵਾਉਣ ਵਿੱਚ ਅਹਿਮ ਰੋਲ ਨਿਭਾਵੇਗਾ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਰਵਾਇਤੀ ਪਾਰਟੀਆਂ ਹਮੇਸ਼ਾ ਐਸਸੀ ਵਰਗ ਦੇ ਲੋਕਾਂ ਨੂੰ ਵੋਟ ਬੈਂਕ ਵਜੋਂ ਹੀ ਇਸਤੇਮਾਲ ਕਰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਦੀ ਗੱਲ ਕੀਤੀ ਜਾਵੇ ਤਾਂ ਕਾਂਗਰਸ ਪਾਰਟੀ ਦੇ ਲੀਡਰਾਂ ਦੀ ਐਸਸੀ ਵਰਗ ਦੇ ਲੋਕਾਂ ਪ੍ਰਤੀ ਸੋਚ ਪਿਛਲੇ ਦਿਨੀਂ ਤਰਨਤਾਰਨ 'ਚ ਹੋਈ ਜ਼ਿਮਨੀ ਚੋਣ ਮੌਕੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਜਾ ਵੜਿੰਗ ਸੰਬੋਧਨ ਮੌਕੇ ਸਾਰਿਆਂ ਦੇ ਸਾਹਮਣੇ ਝਲਕੀ ਸੀ। ਹੋਰ ਤੇ ਹੋਰ ਅੱਜ ਜਿਹੜੀ ਕਾਂਗਰਸ ਪਾਰਟੀ ਮਨਰੇਗਾ ਸਕੀਮ ਬਚਾਉਣ ਦੀ ਗੱਲ ਕਰ ਰਹੀ ਹੈ। ਇਨ੍ਹਾਂ ਦੀ ਸਰਕਾਰ ਵੇਲੇ ਮਨਰੇਗਾ ਸਕੀਮ ਤਹਿਤ ਕਾਂਗਰਸ ਪਾਰਟੀ ਨਾਲ ਸਬੰਧਤ ਸਰਪੰਚਾਂ ਵੱਲੋਂ ਗਰੀਬ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਅਮੀਰ ਤੇ ਸਰਮਾਏਦਾਰ ਲੋਕਾਂ ਦੇ ਮਨਰੇਗਾ ਜੌਬ ਕਾਰਡ ਬਣਾਏ ਹੋਏ ਸਨ, ਜਿਨ੍ਹਾਂ ਦੇ ਖਾਤਿਆਂ ਵਿੱਚ ਸਬੰਧਤ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਮਨਰੇਗਾ ਸਕੀਮ ਦੇ ਪੈਸੇ ਪਾਏ ਜਾਂਦੇ ਸਨ ਤੇ ਮਜ਼ਦੂਰ ਤੇ ਲੋੜਵੰਦ ਇਸ ਸਕੀਮ ਤੋਂ ਵਾਂਝੇ ਰੱਖੇ ਜਾਂਦੇ ਸਨ। ਉਹ ਲੋਕ ਅੱਜ ਮਨਰੇਗਾ ਬਚਾਉਣ ਦੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਚੋਣਾਂ ਮੌਕੇ ਗਰੀਬ ਵਰਗ ਦੇ ਲੋਕਾਂ ਨੂੰ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਕਾਰਨਾਮੇ ਜਗ ਜ਼ਾਹਰ ਕੀਤੇ ਜਾਣਗੇ ਘਰ-ਘਰ ਪਹੁੰਚ ਕੇ ਗਰੀਬ ਵਰਗ ਦੇ ਲੋਕਾਂ ਨੂੰ ਇਨ੍ਹਾਂ ਦੀਆਂ ਚਾਲਾਂ ਤੋਂ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਆਮ ਵਰਗ ਦੇ ਲੋਕਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਇਸੇ ਤਹਿਤ ਹੀ 2027 ਦੀਆਂ ਚੋਣਾਂ ਵਿੱਚ ਗਰੀਬ ਵਰਗ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਹੱਕ 'ਚ ਲਾਮਬੰਦ ਕੀਤਾ ਜਾਵੇਗਾ।



# ਸਰਕਾਰੀ ਕਾਲਜ 'ਚ ਉਦਯਮਤਾ, ਰਚਨਾਤਮਕਤਾ ਤੇ ਨਵੀਨਤਾ 'ਚ ਕ੍ਰਿਤ੍ਰਿਮ ਬੁੱਧੀਮਤਾ ਦੀ ਵਰਤੋਂ ਵਿਸ਼ੇ 'ਤੇ ਇੱਕ ਦਿਨਾ ਵਰਕਸ਼ਾਪ



ਗੁਰਦਾਸਪੁਰ, 5 ਫਰਵਰੀ (ਜਗੀਰ ਸਿੰਘ ਮੰਡ/ਨਾਹਰ): ਸਰਕਾਰੀ ਕਾਲਜ ਗੁਰਦਾਸਪੁਰ ਨੇ ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ ਤੇ ਅੰਦਰੂਨੀ ਗੁਣਵੱਤਾ ਭਰੋਸਾ ਸੈਲ ਦੀ ਅਗਵਾਈ ਹੇਠ ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਉਦਯਮਤਾ, ਰਚਨਾਤਮਕਤਾ ਤੇ ਨਵੀਨਤਾ ਵਿੱਚ ਕ੍ਰਿਤ੍ਰਿਮ ਬੁੱਧੀਮਤਾ ਦੀ ਵਰਤੋਂ ਵਿਸ਼ੇ 'ਤੇ ਇੱਕ ਦਿਨਾ ਵਰਕਸ਼ਾਪ ਕਰਵਾਈ ਗਈ।ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਉਦਯਮਤਾ, ਨਵੀਨਤਾ, ਰਚਨਾਤਮਕਤਾ, ਵਿਗਿਆਨ, ਖੇਤੀਬਾੜੀ ਤੇ ਮਾਰਕੀਟਿੰਗ ਵਿੱਚ ਕ੍ਰਿਤ੍ਰਿਮ ਬੁੱਧੀਮਤਾ ਦੀ ਤੇਜ਼ੀ ਨਾਲ ਵੱਧ ਰਹੀ ਭੂਮਿਕਾ ਬਾਰੇ ਜਾਗਰੂਕ ਕਰਨਾ ਤੇ ਉਨ੍ਹਾਂ ਨੂੰ ਉਭਰਦੀਆਂ ਤਕਨਾਲੋਜੀਆਂ ਦੇ ਸੰਦਰਭ ਵਿੱਚ ਭਵਿੱਖ ਲਈ ਤਿਆਰ ਹੁਨਰਾਂ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਸੀ। BA, BSc, BCom, BBA ਤੇ BCA ਕੋਰਸਾਂ ਦੇ ਵਿਦਿਆਰਥੀਆਂ ਨੇ ਇਸ ਕਾਰਜਕ੍ਰਮ ਵਿੱਚ ਉਤਸ਼ਾਹ ਨਾਲ ਭਾਗ ਲਿਆ।ਕੁੱਲ 248 ਵਿਦਿਆਰਥੀਆਂ ਨੇ ਵਰਕਸ਼ਾਪ ਵਿੱਚ ਹਾਜ਼ਰੀ ਭਰੀ।ਪ੍ਰੋਗਰਾਮ ਦੀ ਸ਼ੁਰੂਆਤ ਡਾ. ਅਸ਼ਵਨੀ ਭੱਲਾ, ਪ੍ਰੋਫੈਸਰ ਤੇ ਪ੍ਰਿੰਸੀਪਲ, ਸਰਕਾਰੀ ਕਾਲਜ ਗੁਰਦਾਸਪੁਰ ਵੱਲੋਂ ਪ੍ਰਸਤਾਵਨਾ ਟਿੱਪਣੀਆਂ ਤੇ ਉਦਘਾਟਨੀ ਭਾਸ਼ਣ ਨਾਲ ਹੋਈ।ਆਪਣੇ ਭਾਸ਼ਣ ਵਿੱਚ ਡਾ. ਭੱਲਾ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੀ ਦੁਨੀਆਂ ਇੱਕ ਬਦਲਾਅਕਾਰੀ ਯੁੱਗ ਵਿਚੋਂ ਗੁਜ਼ਰ ਰਹੀ ਹੈ, ਜਿੱਥੇ ਤਕਨਾਲੋਜੀ ਸਿਰਫ਼ ਮਨੁੱਖੀ ਜੀਵਨ ਨੂੰ ਸਹਾਰਾ ਹੀ ਨਹੀਂ ਦੇ ਰਹੀ, ਸਗੋਂ ਉਸਦੀ ਦਿਸ਼ਾ ਵੀ ਤੈਅ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿਵੇਂ ਖੇਤੀਬਾੜੀ, ਉਦਯੋਗਿਕ ਤੇ ਡਿਜੀਟਲ ਕ੍ਰਾਂਤੀਆਂ ਨੇ ਸਮਾਜ ਨੂੰ ਬਦਲ ਦਿੱਤਾ, ਉਸੇ ਤਰ੍ਹਾਂ ਕ੍ਰਿਤ੍ਰਿਮ ਬੁੱਧੀਮਤਾ ਅਗਲੀ ਵੱਡੀ ਕ੍ਰਾਂਤੀ ਹੈ, ਜੋ ਕਰੀਅਰ, ਸਿੱਖਿਆ, ਉਦਯਮਤਾ ਤੇ ਨਵੀਨਤਾ ਨੂੰ ਨਵੀਂ ਦਿਸ਼ਾ ਦੇਵੇਗੀ। ਸਹਾਇਕ ਪ੍ਰੋ. ਸੁਗੰਧੀ ਮਹਾਜਨ ਨੇ ਕ੍ਰਿਤ੍ਰਿਮ ਬੁੱਧੀਮਤਾ ਨਾਲ ਸਮਰਥਿਤ ਭਾਰਤ ਵਿੱਚ ਖੇਤੀਬਾੜੀ ਦੇ ਭਵਿੱਖ ਬਾਰੇ ਗਹਿਰਾ ਵਿਸ਼ਲੇਸ਼ਣ ਪੇਸ਼ ਕੀਤਾ।

# ਸੀਵਰੇਜ ਦੇ ਓਵਰਫਲੋਅ ਕਾਰਨ ਗਲੀਆਂ 'ਚ ਗੰਦਗੀ ਫੈਲੀ

ਦਸੂਹਾ, 5 ਫਰਵਰੀ (ਰਾਜਿੰਦਰ ਸਿੰਘ ਦਸੂਹਾ): ਦਸੂਹਾ ਦੇ ਵਾਰਡ ਨੰਬਰ ਇੱਕ ਮੁਹੱਲਾ ਮਰਾਸਗੜ੍ਹ ਤੇ ਫਤਿਹਉੱਲਾਪੁਰ ਵਿੱਚ ਪਿਛਲੇ ਲਗਭਗ ਇੱਕ ਮਹੀਨੇ ਤੋਂ ਸੀਵਰੇਜ ਦੇ ਓਵਰਫਲੋਅ ਕਾਰਨ ਸਥਾਨਕ ਵਾਸੀ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ ਤੇ ਹਾਲਾਤ ਅਜਿਹੇ ਬਣੇ ਹੋਏ ਹਨ ਕਿ ਸੀਵਰੇਜ ਦਾ ਪਾਣੀ ਗਲੀਆਂ ਵਿੱਚ ਭਰਿਆ ਹੋਇਆ ਹੈ ਤੇ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਰਿਹਾ ਹੈ, ਜਿਸ ਕਰਕੇ ਇਹ ਮੁਹੱਲਾ ਨਰਕ ਦਾ ਰੂਪ ਧਾਰਨ ਕਰ ਚੁੱਕਾ ਹੈ।ਜਾਣਕਾਰੀ ਦਿੰਦੇ ਹੋਏ ਮੁਹੱਲਾ ਵਾਸੀ ਬਲਵਿੰਦਰ ਕੌਰ ਤੇ ਰਾਣੀ ਨੇ ਦੱਸਿਆ ਕਿ ਇਸ ਦੇ ਵਿਰੋਧ ਵਿੱਚ ਸਥਾਨਕ ਵਾਸੀਆਂ ਵੱਲੋਂ ਤੇ ਵਾਰਡ ਦੇ ਕੌਂਸਲਰ ਰਜੇਸ਼ ਬੱਸਣ ਪਿੰਕੀ ਦਾ ਪਿੱਟ ਸਿਆਪਾ ਕੀਤਾ। ਹਲਕੇ ਦੇ ਵਿਧਾਇਕ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਲਗਾਤਾਰ ਇਹ ਸਮੱਸਿਆ ਨੂੰ ਹੱਲ ਕਰਨ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ ਪਰ ਸਾਡੀ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ। ਗੁੱਸੇ ਵਿੱਚ ਆਈਆਂ ਇਸ ਵਾਰਡ ਦੀਆਂ ਮਹਿਲਾਵਾਂ ਵੱਲੋਂ ਰੋਸ ਜ਼ਾਹਿਰ ਕਰਦੇ ਹੋਏ ਕਿਹਾ ਗਿਆ ਕਿ ਵੋਟਾਂ ਸਮੇਂ ਵੱਡੀਆਂ-ਵੱਡੀਆਂ ਗੱਪਾਂ ਮਾਰਨ ਵਾਲੇ ਅੱਜ ਜ਼ਰੂਰਤ ਪੈਣ 'ਤੇ ਸਾਡੇ ਲਈ ਖੜ੍ਹੇ ਹੋਣਾ ਤਾਂ ਦੂਰ ਸਾਡੀ ਫਰਿਆਦ ਸੁਣਨ ਲਈ ਆਪਣੇ ਦਰਵਾਜ਼ੇ ਵੀ ਨਹੀਂ ਖੋਲ੍ਹ ਰਹੇ। ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸਾਡੀਆਂ ਸਮੱਸਿਆਵਾਂ ਜੇਕਰ ਸੁਣਨੀਆਂ ਹੀ ਇਨ੍ਹਾਂ ਨੂੰ ਮੁਸ਼ਕਿਲ ਹੋ ਰਹੀਆਂ ਹਨ ਤਾਂ ਸਾਡੇ ਬਾਰੇ ਸੋਚ ਕੇ ਦੇਖਣ ਅਸੀਂ ਕਿਵੇਂ ਇਸ ਮੁਹੱਲੇ ਵਿੱਚ ਰਹਿ ਰਹੇ ਹਾਂ।ਗੰਦਗੀ ਸੀਵਰੇਜ ਟੈਂਕਾਂ ਵਿੱਚੋਂ ਬਾਹਰ ਆ ਕੇ ਗਲੀਆਂ ਵਿੱਚ ਤੈਰ ਰਹੀ ਹੈ ਤੇ ਬਦਬੂ ਇੰਨੀ ਫੈਲ ਚੁੱਕੀ ਹੈ ਕਿ ਸਾਡਾ ਆਪਣੇ ਘਰਾਂ ਵਿੱਚ ਰੋਟੀ ਖਾਣਾ ਵੀ ਮੁਸ਼ਕਿਲ ਹੋ ਰਿਹਾ ਹੈ।ਵਾਰਡ ਵਾਸੀਆਂ ਨੇ ਸਰਕਾਰ ਨੂੰ ਦੋ ਦਿਨਾਂ ਦਾ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਦੋ ਦਿਨ ਵਿੱਚ ਜੇਕਰ ਵਾਰਡ ਦੇ ਸੀਵਰੇਜ ਦਾ ਪਾਣੀ ਨਾ ਕੱਢਿਆ ਗਿਆ ਤਾਂ ਅਸੀਂ ਐਸਡੀਐਮ ਦਸੂਹਾ ਦਫਤਰ ਦੇ ਬਾਹਰ ਅਣਮਿਥੇ ਸਮੇਂ ਲਈ ਧਰਨਾ ਲਗਾਵਾਂਗੇ ਤੇ ਜੇਕਰ ਫਿਰ ਵੀ ਕੋਈ ਸਮੱਸਿਆ ਹੱਲ ਨਾ ਹੋਈ ਤਾਂ ਜੀਟੀ ਰੋਡ ਜਾਮ ਕੀਤਾ ਜਾਵੇਗਾ।ਇਸ ਮੌਕੇ 'ਤੇ ਤੇਜਾ ਰਾਮ, ਬੱਗਾ, ਪਲਵਿੰਦਰ ਕੁਮਾਰ, ਕੈਲਾਸ਼, ਲੱਡੂ, ਪ੍ਰਵੀਨ ਸਮੇਤ ਵੱਡੀ ਗਿਣਤੀ ਵਿੱਚ ਮੁਹੱਲੇ ਦੇ ਲੋਕ ਤੇ ਮਹਿਲਾਵਾਂ ਹਾਜ਼ਰ ਸਨ।



# ਮੌਲਿਕ ਰਚਨਾ ਮੁਕਾਬਲੇ 'ਚ ਹਰਿਆਣਾ ਕਾਲਜ ਦੀਆਂ ਵਿਦਿਆਰਥਣਾਂ ਨੇ ਮਾਰੀ ਬਾਜ਼ੀ

ਹਰਿਆਣਾ, 5 ਫਰਵਰੀ (ਕਮਲ): ਜੀ.ਜੀ.ਡੀ.ਐਸ.ਡੀ.ਕਾਲਜ ਹਰਿਆਣਾ ਵਿੱਚ ਸਨਾਤਨ ਧਰਮ ਸਿੱਖਿਆ ਸੰਮਤੀ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ ਅਧੀਨ ਸਿੱਖਿਆ ਸੰਮਤੀ ਦੇ ਪ੍ਰਧਾਨ ਡਾ.ਦੇਸ਼ ਬੰਧੂ, ਕਾਰਜਕਾਰੀ ਪ੍ਰਧਾਨ ਡਾ.ਗੁਰਦੀਪ ਕੁਮਾਰ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿੱਖਿਆ ਸੰਮਤੀ ਦੇ ਜਨਰਲ ਸਕੱਤਰ ਡਾ.ਰਾਜੀਵ ਕੁਮਾਰ ਦੀ ਅਗਵਾਈ ਹੇਠ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਭਾਰਤ ਰਤਨ ਮਾਣਯੋਗ ਪੰਡਿਤ ਮਦਨ ਮੋਹਨ ਮਾਲਵੀਆ ਜੀ ਦੀ ਯਾਦ 'ਚ ਸਵੈ-ਲਿਖਤ ਕਵਿਤਾ ਕਹਾਣੀ, ਲੇਖ ਤੇ ਪੱਤਰ ਲੇਖਣ ਮੁਕਾਬਲੇ ਕਰਵਾਏ ਗਏ ਸਨ, ਜਿਸ ਵਿੱਚ ਸਨਾਤਨ ਧਰਮ ਸਿੱਖਿਆ ਸੰਮਤੀ ਚੰਡੀਗੜ੍ਹ ਵੱਲੋਂ ਤਨਵੀਰ ਕੌਰ (ਬੀ.ਏ ਸਮੈਸਟਰ ਤੀਜਾ) ਨੂੰ ਮੌਲਿਕ ਪੱਤਰ ਲੇਖਣ (ਅੰਗਰੇਜ਼ੀ) ਵਿੱਚ ਪਹਿਲਾ ਸਥਾਨ, ਪ੍ਰਾਂਜਲ ਕੁਮਾਰੀ (ਬੀ.ਕਾਮ ਸਮੈਸਟਰ ਤੀਜਾ) ਨੂੰ ਮੌਲਿਕ ਲੇਖ ਰਚਨਾ (ਅੰਗਰੇਜ਼ੀ) ਵਿੱਚ ਪਹਿਲਾ ਸਥਾਨ ਜਸਵਿੰਦਰ ਕੌਰ (ਬੀ.ਕਾਮ ਸਮੈਸਟਰ ਤੀਜਾ) ਨੂੰ ਮੌਲਿਕ ਕਹਾਣੀ ਰਚਨਾ ਵਿੱਚ ਮੁਕਾਬਲੇ (ਅੰਗਰੇਜ਼ੀ) ਵਿੱਚ ਤੀਜਾ ਸਥਾਨ, ਸਨੇਹਾ ਰਾਣੀ (ਬੀ.ਕਾਮ ਸਮੈਸਟਰ ਪਹਿਲਾ) ਨੂੰ ਮੌਲਿਕ ਪੱਤਰ ਲੇਖਣ ਪੰਜਾਬੀ ਵਿੱਚ ਪਹਿਲਾ ਸਥਾਨ ਤੇ ਮਨਜੋਤ ਕੌਰ (ਬੀ.ਏ ਸਮੈਸਟਰ ਪੰਜਵਾਂ) ਨੂੰ ਮੌਲਿਕ ਕਵਿਤਾ ਲੇਖਣ ਵਿੱਚ ਪਹਿਲਾ ਸਥਾਨ, ਬਲਜਿੰਦਰ ਕੌਰ (ਬੀ.ਐਸ.ਸੀ ਸਮੈਸਟਰ ਤੀਜਾ) ਨੂੰ ਮੌਲਿਕ ਕਹਾਣੀ ਲੇਖਣ ਵਿੱਚ ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਡਾ.ਰਾਜੀਵ ਕੁਮਾਰ ਨੇ ਅੱਵਲ ਆਏ ਸਮੂਹ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਨਾਲ ਹੀ ਸਾਰੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਵੀ ਕਾਲਜ ਵੱਲੋਂ ਆਯੋਜਿਤ ਕਰਵਾਈਆਂ ਜਾਣ ਵਾਲੀਆਂ ਹਰੇਕ ਗਤੀਵਿਧੀਆਂ ਵਿੱਚ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ 'ਤੇ ਪ੍ਰੋ.ਪੁਨੀਤ ਕੌਰ (ਅੰਗਰੇਜ਼ੀ ਵਿਭਾਗ) ਡਾ.ਹਰਵਿੰਦਰ ਕੌਰ (ਪੰਜਾਬੀ ਵਿਭਾਗ) ਤੇ ਡਾ.ਮੋਨਿਕਾ ਸ਼ਰਮਾ (ਹਿੰਦੀ ਵਿਭਾਗ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅੰਬਾਲਾ ਜੱਟਾਂ ਦੇ 20ਵੇਂ ਕਬੱਡੀ ਕੱਪ ਦੀਆਂ ਤਿਆਰੀਆਂ ਸ਼ੁਰੂ

ਗੜ੍ਹਦੀਵਾਲ, 5 ਫਰਵਰੀ (ਗੌਰਵ): ਸੰਤ ਬਾਬਾ ਹਰਨਾਮ ਸਿੰਘ ਸਪੋਰਟਸ ਕਲੱਬ (ਰਜਿ.) ਅੰਬਾਲਾ ਜੱਟਾਂ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ 20ਵਾਂ ਕਬੱਡੀ ਕੱਪ ਐਨਆਰਆਈ ਭਰਾਵਾਂ ਦੇ ਸਹਿਯੋਗ ਨਾਲ ਬੜੇ ਹੀ ਹਰਸ਼ੋ ਉਲਾਸ ਨਾਲ ਕਰਵਾਇਆ ਜਾ ਰਿਹਾ। ਇਸ ਮੌਕੇ 'ਤੇ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਕਰਦੇ ਹੋਏ ਹਰਮਿੰਦਰ ਸਿੰਘ ਢੱਟ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 20ਵਾਂ ਬਾਸਕਿਟਬਾਲ ਤੇ ਦਸਤਾਰ ਸਜਾਓ ਤੇ ਕਬੱਡੀ ਕੱਪ ਕਰਵਾਇਆ ਜਾ ਰਿਹਾ। ਉਨ੍ਹਾਂ ਨੇ ਦੱਸਿਆ ਕਿ ਮਿਤੀ 22 ਫਰਵਰੀ ਨੂੰ ਗੜ੍ਹਦੀਵਾਲਾ ਦੇ ਮੋਹਨ ਕਲੀਨਿਕ ਵੱਲੋਂ ਮੁਫਤ ਕੈਂਪ ਲਗਾਇਆ ਜਾ ਰਿਹਾ ਹੈ। 27 ਫਰਵਰੀ ਨੂੰ ਬਾਸਕਿਟਬਾਲ ਦੇ ਮੈਚ ਕਰਵਾਏ ਜਾਣਗੇ, ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਜਾਣਗੇ ਤੇ 28 ਫਰਵਰੀ ਨੂੰ ਕਬੱਡੀ ਕੱਪ ਕਰਵਾਇਆ ਜਾਵੇਗਾ, ਜਿਸ ਵਿੱਚ ਵਧੀਆ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ ਤੇ ਇਨ੍ਹਾਂ ਨੂੰ ਵੀ ਵਧੀਆ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।



# ਸੀਨੀ. ਕਾਂਗਰਸੀ ਆਗੂ ਬਿਸ਼ਨੀਵਾਲ ਨੂੰ ਸਦਮਾ, ਮਾਤਾ ਦਾ ਦੇਹਾਂਤ

ਬਟਾਲਾ, 5 ਫਰਵਰੀ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪਿੰਡ ਬਿਸ਼ਨੀਵਾਲ ਦੇ ਸੀਨੀਅਰ ਕਾਂਗਰਸੀ ਆਗੂ ਅਮਰਪਾਲ ਸਿੰਘ ਬਿਸ਼ਨੀਵਾਲ ਨੂੰ ਉਸ ਵਕਤ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਪਰਮਜੀਤ ਕੌਰ ਪਰਮਾਤਮਾ ਵੱਲੋਂ ਦਿੱਤੀ ਗਈ ਸੁਆਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਬਿਸ਼ਨੀਵਾਲ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ, ਮ੍ਰਿਤਕ ਸਰੀਰ ਨੂੰ ਮੁੱਖ ਅਗਨੀ ਉਨ੍ਹਾਂ ਦੇ ਸਪੁੱਤਰ ਅਮਰਪਾਲ ਸਿੰਘ ਵੱਲੋਂ ਦਿਖਾਈ ਗਈ। ਅਮਰਪਾਲ ਸਿੰਘ ਬਿਸ਼ਨੀਵਾਲ ਦੇ ਪਿਤਾ ਬਾਪੂ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਕਰੀਬ 76 ਸਾਲ ਦੇ ਸਨ ਤੇ ਸਿਹਤ ਪੱਖੋਂ ਆਪਣੇ ਹਯਾਤੀ ਦੌਰਾਨ ਤੰਦਰੁਸਤ ਰਹੇ ਸਨ। ਜਦ ਕਿ ਹੁਣ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਾਰਨ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਵਿਦੇਸ਼ ਵਿੱਚ ਰਹਿ ਰਹੇ ਪਰਿਵਾਰਕ ਮੈਂਬਰਾਂ ਸਮੇਤ ਪਰਿਵਾਰ ਨੂੰ ਵੱਡਾ ਸਦਮਾ ਪਹੁੰਚਿਆ ਹੈ। ਇਸ ਮੌਕੇ ਅਫਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਰਵੀਨੰਦਨ ਸਿੰਘ ਬਾਜਵਾ ਨਿੱਕੂ ਬਾਜਵਾ, ਜਸਦੇਵ ਸਿੰਘ ਪੰਨੂੰ ਯੂਐਸਏ ਸਵਿੰਦਰ ਸਿੰਘ ਯੂਐਸਏ, ਸਤਿੰਦਰ ਸਿੰਘ ਪਿੰਕਾ ਚੇਅਰਮੈਨ, ਚੇਅਰਮੈਨ ਓਂਕਾਰ ਸਿੰਘ ਲਾਟੀ ਕਾਸਤੀਵਾਲ ਸਤਿੰਦਰ ਸਿੰਘ ਕਾਸਤੀਵਾਲ, ਰਜਿੰਦਰ ਸਿੰਘ ਬੱਲਾ ਬਿਸ਼ਨੀਵਾਲ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਭਾਲੋਵਾਲੀ ਚੇਅਰਮੈਨ ਬਲਵਿੰਦਰ ਸਿੰਘ ਕੋਟਲਾ ਬਾਮਾ, ਨਿਸ਼ਾਨ ਸਿੰਘ ਰਿਆਲੀ, ਪ੍ਰਗਟ ਸਿੰਘ ਪੰਨੂੰ, ਮੰਗਲ ਸਿੰਘ ਕੋਟ ਚੇਅਰਮੈਨ, ਕਰਨਜੀਤ ਸਿੰਘ ਕੋਟ, ਸੁਖਪਾਲ ਸਿੰਘ ਭੋਮਾ, ਲਖਵਿੰਦਰ ਸਿੰਘ ਅਲੀਵਾਲ ਗੁਰਪ੍ਰੀਤ ਸਿੰਘ ਜਾਂਗਲਾ, ਸੰਦੀਪ ਸਿੰਘ ਬੇਦੀ ਨਾਨਕ ਚੱਕ, ਸੁਵਿੰਦਰ ਸਿੰਘ ਕੈਰੋ, ਸਤਨਾਮ ਸਿੰਘ ਮਾਨ ਸੈਡਵਾਲ, ਗੋਗੀ ਸਰੂਪ ਵਾਲੀ ਸ਼ਾਮਲ ਸਨ।



# ਸਿਲਵਰ ਓਕ ਇੰਟਰਨੈਸ਼ਨਲ ਸਕੂਲ ਦੇ ਨਰਸਰੀ ਰਾਈਮਜ਼ ਕੰਪਟੀਸ਼ਨ 'ਚ ਬੱਚਿਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

ਟਾਂਡਾ ਉੜਮੁੜ, 5 ਫਰਵਰੀ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀ.ਸੈਕੰ. ਸਕੂਲ ਸ਼ਾਹਬਾਜ਼ਪੁਰ ਵਿਖੇ ਨਰਸਰੀ ਕਲਾਸ ਦੇ ਬੱਚਿਆਂ ਦੇ ਰਾਈਮਜ਼ ਰੈਸੀਟੇਸ਼ਨ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਬੱਚਿਆਂ ਵੱਲੋਂ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਤ ਦੀ ਅਗਵਾਈ ਦੇ ਵਿੱਚ ਨਰਸਰੀ ਕਲਾਸ ਦੇ ਅਧਿਆਪਕ ਨੀਨਾ, ਮਨੀਸ਼ਾ, ਰੁਪਿੰਦਰ, ਅਮਰ ਤੇ ਬੱਚਿਆਂ ਦੇ ਮਾਪਿਆਂ ਦੇ ਸਹਿਯੋਗ ਦੇ ਨਾਲ ਬੱਚਿਆਂ ਦੀ ਕਰੜੀ ਮਿਹਨਤ ਸਦਕਾ ਤਿਆਰੀ ਕਰਵਾਈ ਗਈ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਇਸ ਗਤੀਵਿਧੀ ਦਾ ਮਕਸਦ ਬੱਚਿਆਂ ਦੇ ਅੰਦਰੋਂ ਸਟੇਜ ਦਾ ਡਰ ਖਤਮ ਕਰਨਾ ਤੇ ਉਨ੍ਹਾਂ ਦੇ ਵਿੱਚ ਆਤਮ ਵਿਸ਼ਵਾਸ ਪੈਦਾ ਕਰਨਾ ਸੀ।ਇਸ ਗਤੀਵਿਧੀ ਦੌਰਾਨ ਨਰਸਰੀ ਸੈਕਸ਼ਨ ਏ ਦੇ ਅਸ਼ਮੀਤ, ਦੀਵਿਸ਼ਾ, ਹਰਸਾਹਿਬ, ਸਿਮਰ, ਜਪਨੂਰ, ਸਹਿਰ, ਅਰੂਹੀ ਤੇ ਜਸਦੀਪ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਹੀ ਸੈਕਸ਼ਨ ਬੀ 'ਚੋਂ ਜਗਰਾਜ, ਕਾਰਤਿਕ, ਤਨਮੀਤ, ਕ੍ਰਿਤਵੀਰ, ਸਹਜਪ੍ਰੀਤ, ਅਸ਼ਲੀਨ ਨੇ ਵਧੀਆ ਪ੍ਰਦਰਸ਼ਨ ਕੀਤਾ, ਇਸ ਦੇ ਨਾਲ ਹੀ ਸੀ ਸੈਕਸ਼ਨ ਦੇ ਹਰਗੁਣ, ਨਵ, ਇਬਾਦਤ, ਰਵਨੀਤ, ਰਾਘਵ, ਮਹਿਤਾਬਵੀਰ ਤੇ ਸੈਕਸ਼ਨ ਡੀ ਦੇ ਸਰਗੁਣ, ਹਰਨਾਜ, ਦਿਵਲੀਨ, ਗੁਰਦੀਪ, ਗੁਰਸਿਮਰਨ ਤੇ ਪਾਰਸ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੋਇਆਂ ਵਧੀਆ ਪੁਜੀਸ਼ਨਾਂ ਹਾਸਲ ਕੀਤੀਆਂ।



## 8 ਸਾਲਾ ਬੱਚੇ ਨੇ ਇੱਕ ਮਿੰਟ 'ਚ ਗੁਣਾ ਦੇ 50 ਸਵਾਲ ਹੱਲ ਕਰਕੇ ਬਣਾਇਆ ਨਵਾਂ ਵਿਸ਼ਵ ਰਿਕਾਰਡ

ਰਾਮਪੁਰਾ ਫੂਲ, 5 ਫਰਵਰੀ (ਚ.ਨ.ਸ): ਰਾਮਪੁਰਾ ਫੂਲ ਦੇ 8 ਸਾਲਾ ਵਿਦਿਆਰਥੀ ਆਰੇਨ ਸਿੰਘ ਗਰੋਵਰ ਵੱਲੋਂ 1 ਮਿੰਟ ਵਿੱਚ ਗੁਣਾ ਦੇ 50 ਸਵਾਲ ਹੱਲ ਕਰ ਕੇ ਇਕ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਗਿਆ ਹੈ। ਐਸ.ਐਸ.ਪੀ. ਡਾ: ਜੋਤੀ ਯਾਦਵ ਬੈਂਸ ਤੇ ਐਸ.ਪੀ. ਹੈਡਕੁਆਰਟਰ ਜਗਦੀਸ਼ ਬਿਸ਼ਨੋਈ ਵੱਲੋਂ ਬੱਚੇ ਨੂੰ ਸਨਮਾਨਤ ਕੀਤਾ ਗਿਆ ਹੈ। ਆਰੇਨ ਦੀ ਇਸ ਪ੍ਰਾਪਤੀ 'ਤੇ ਸ਼ਹਿਰ ਅੰਦਰ ਖ਼ੁਸ਼ੀ ਦਾ ਮਾਹੌਲ ਹੈ। ਸ਼ਾਰਪ ਬ੍ਰੇਨਸ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਸਥਾਨਕ ਮਾਊਂਟ ਲਿਟਰਾ ਜੀ ਸਕੂਲ ਵਿਚ ਤੀਜੀ ਕਲਾਸ ਵਿਚ ਪੜ੍ਹਨ ਵਾਲੇ ਆਰੇਨ ਸਿੰਘ ਗਰੋਵਰ ਸਪੁੱਤਰ ਡਾ: ਨਰਿੰਦਰ ਸਿੰਘ ਗਰੋਵਰ ਵੱਲੋਂ ਅਬੈਕਸ ਵਿਧੀ ਨਾਲ ਇਸ ਰਿਕਾਰਡ ਦੀ ਤਿਆਰੀ ਕੀਤੀ ਗਈ ਹੈ। ਉਸ ਨੇ ਲਿਖਤੀ ਰੂਪ ਵਿਚ 2 ਅੰਕਾਂ ਨੂੰ 1 ਅੰਕ ਨਾਲ ਗੁਣਾ ਕਰਨ ਦੇ 50 ਸਵਾਲ ਸਿਰਫ਼ 1 ਮਿੰਟ ਵਿਚ ਹੱਲ ਕਰ ਕੇ ਇਹ ਪ੍ਰਾਪਤੀ ਹਾਸਲ ਕੀਤੀ ਹੈ। ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡ ਨੇ ਇਸ ਨੂੰ ਨਵਾਂ ਵਰਲਡ ਰਿਕਾਰਡ ਘੋਸ਼ਿਤ ਕਰਦਿਆਂ ਆਰੇਨ ਨੂੰ ਸਰਟੀਫ਼ਿਕੇਟ ਤੇ ਮੈਡਲ ਦਿੱਤਾ ਹੈ। ਇਸ ਮੌਕੇ ਆਰੇਨ ਸਿੰਘ ਗਰੋਵਰ ਨੇ ਜ਼ਿਲ੍ਹਾ ਪੁਲਿਸ ਮੁਖੀ ਅੱਗੇ ਵੱਡੇ-ਵੱਡੇ ਸਵਾਲ ਵੀ ਹੱਲ ਕਰ ਕੇ ਦਿਖਾਏ। ਡਾ. ਜੋਤੀ ਯਾਦਵ ਤੇ ਜਗਦੀਸ਼ ਬਿਸ਼ਨੋਈ ਨੇ ਆਰੇਨ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਸ਼ਾਰਪ ਬ੍ਰੇਨਜ਼ ਸੰਸਥਾ ਦੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ। ਸ਼ਹਿਰ ਦੀਆਂ ਅਨੇਕਾਂ ਸੰਸਥਾਵਾਂ ਤੇ ਸ਼ਖ਼ਸੀਅਤਾਂ ਨੇ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕੀਤਾ ਹੈ।



## ਗਾਜ਼ੀਆਬਾਦ ਟ੍ਰਿਪਲ ਸੁਸਾਈਡ ਕੇਸ 'ਚ ਖੁੱਲ੍ਹੇ ਕਈ ਹੋਰ ਵੱਡੇ ਰਾਜ਼

ਗਾਜ਼ੀਆਬਾਦ, 5 ਫਰਵਰੀ (ਚ.ਨ.ਸ): ਗਾਜ਼ੀਆਬਾਦ ਦੀ 'ਭਾਰਤ ਸਿਟੀ ਸੁਸਾਇਟੀ' ਵਿੱਚ ਤਿੰਨ ਸਕੀਆਂ ਨਾਬਾਲਗ ਭੈਣਾਂ ਵੱਲੋਂ ਨੌਵੀਂ ਮੰਜ਼ਿਲ ਤੋਂ ਕੁੱਦ ਕੇ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਿੱਚ ਲਗਾਤਾਰ ਨਵੀਂ ਜਾਣਕਾਰੀ ਸਾਹਮਣੇ ਆ ਰਹੀ ਹੈ।ਤਾਜ਼ਾ ਮਾਮਲੇ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਬੱਚੀਆਂ ਦੇ ਪਿਤਾ ਚੇਤਨ ਕੁਮਾਰ ਨੇ ਦੋ ਨਹੀਂ ਸਗੋਂ ਤਿੰਨ ਵਿਆਹ ਕੀਤੇ ਹਨ । ਇਸ ਟ੍ਰਿਪਲ ਸੁਸਾਈਡ ਕੇਸ ਦੀ ਕਹਾਣੀ ਇੰਨੀ ਉਲਝੀ ਹੋਈ ਹੈ ਕਿ ਪੁਲਿਸ ਵੀ ਕੁਝ ਸਪੱਸ਼ਟ ਕਹਿਣ ਤੋਂ ਬਚ ਰਹੀ ਹੈ। ਚੇਤਨ ਕੁਮਾਰ ਦਾ ਪਹਿਲਾ ਵਿਆਹ ਦਿੱਲੀ ਦੇ ਸੀਲਮਪੁਰ ਦੀ ਰਹਿਣ ਵਾਲੀ ਸੁਜਾਤਾ ਨਾਲ ਹੋਇਆ ਸੀ।ਕਾਫੀ ਸਮੇਂ ਤੱਕ ਸੰਤਾਨ ਨਾ ਹੋਣ ਕਾਰਨ ਉਸ ਨੇ ਦੂਜਾ ਵਿਆਹ ਆਪਣੀ ਸਗੀ ਸਾਲੀ ਹਿਨਾ ਨਾਲ ਕਰ ਲਿਆ। ਵਿਆਹ ਤੋਂ ਬਾਅਦ ਹੀ ਸੁਜਾਤਾ ਦੇ ਘਰ ਬੇਟੀ ਨੇ ਜਨਮ ਲਿਆ।ਇਸ ਤੋਂ ਬਾਅਦ ਸੁਜਾਤਾ ਦੇ ਇੱਕ ਬੇਟਾ ਹੋਇਆ ਤੇ ਹਿਨਾ ਤੋਂ ਵੀ ਚੇਤਨ ਦੇ ਤਿੰਨ ਬੱਚੇ ਹੋਏ।ਪਤਨੀ ਸੁਜਾਤਾ ਤੇ ਹਿਨਾ ਇਕੱਠੀਆਂ ਰਹਿੰਦੀਆਂ ਹਨ।ਪਹਿਲੀ ਪਤਨੀ ਸੁਜਾਤਾ ਤੋਂ ਵੱਡੀ ਬੇਟੀ ਨਿਸ਼ਿਕਾ, 13 ਸਾਲਾ ਬੇਟਾ ਲਵਿਸ਼ ਤੇ ਹਿਨਾ ਤੋਂ ਪ੍ਰਾਚੀ, ਪਾਖੀ ਤੇ ਤਿੰਨ ਸਾਲ ਦੀ ਬੇਟੀ ਦਿਵਿਆਂਸ਼ੀ ਸੀ।ਲਵਿਸ਼ ਮਾਨਸਿਕ ਤੌਰ 'ਤੇ ਬਿਮਾਰ ਹੈ । ਹਾਲਾਂਕਿ, ਪੁਲਿਸ ਸੂਤਰਾਂ ਦੀ ਮੰਨੀਏ ਤਾਂ ਚੇਤਨ ਨੇ ਸਾਲੀ ਟੀਨਾ ਨਾਲ ਪੰਜ ਸਾਲ ਪਹਿਲਾਂ ਵਿਆਹ ਕੀਤਾ ਸੀ।ਦਿਵਿਆਂਸ਼ੀ ਟੀਨਾ ਦੀ ਧੀ ਹੈ।ਦਿਵਿਆਂਸ਼ੀ ਚੇਤਨ ਦੇ ਨਾਲ ਰਹਿੰਦੀ ਹੈ ਤੇ ਟੀਨਾ ਦਾ ਘਰ ਆਉਣਾ-ਜਾਣਾ ਬਣਿਆ ਰਹਿੰਦਾ ਹੈ।ਇਸੇ ਕਾਰਨ ਮਈ 2025 ਵਿੱਚ ਦੋਵੇਂ ਪਤਨੀਆਂ ਘਰ ਛੱਡ ਕੇ ਚਲੀਆਂ ਗਈਆਂ ਸਨ।ਆਰਥਿਕ ਤੰਗੀ ਨਾਲ ਜੂਝ ਰਿਹਾ ਸੀ ਪਰਿਵਾਰ: ਪੁਲਿਸ ਦੀ ਮੁਢਲੀ ਜਾਂਚ ਅਨੁਸਾਰ ਮੂਲ ਰੂਪ ਵਿੱਚ ਦਿੱਲੀ ਦੇ ਖਜੂਰੀ ਸਥਿਤ ਗਾਮੜੀ ਪਿੰਡ ਦੇ ਰਹਿਣ ਵਾਲੇ ਚੇਤਨ ਕੁਮਾਰ ਸ਼ੇਅਰ ਟ੍ਰੇਡਿੰਗ ਦਾ ਕੰਮ ਕਰਦੇ ਹਨ।ਸਾਲ 2020 ਵਿੱਚ ਪਰਿਵਾਰ ਦੀ ਆਰਥਿਕ ਤੰਗੀ ਕਾਰਨ ਉਨ੍ਹਾਂ ਦੀਆਂ ਤਿੰਨ ਬੇਟੀਆਂ ਦੀ ਪੜ੍ਹਾਈ ਛੁੱਟ ਗਈ ਸੀ।ਉਦੋਂ ਤੋਂ ਤਿੰਨੋਂ ਭੈਣਾਂ ਘਰ ਹੀ ਰਹਿੰਦੀਆਂ ਸਨ ਅਤੇ ਮੋਬਾਈਲ ਫ਼ੋਨ 'ਤੇ ਗੇਮਾਂ ਖੇਡਦੀਆਂ ਰਹਿੰਦੀਆਂ ਸਨ। ਤਿੰਨਾਂ ਕੁੜੀਆਂ ਵਿੱਚੋਂ ਨਿਸ਼ਿਕਾ 16 ਸਾਲ, ਪ੍ਰਾਚੀ 14 ਸਾਲ ਤੇ ਪਾਖੀ 12 ਸਾਲ ਦੀ ਸੀ। 15 ਦਿਨ ਪਹਿਲਾਂ ਪਿਤਾ ਨੇ ਬੇਟੀਆਂ ਤੋਂ ਮੋਬਾਈਲ ਫ਼ੋਨ ਲੈ ਕੇ ਵੇਚ ਦਿੱਤਾ ਸੀ। ਜ਼ਿਕਰਯੋਗ ਹੈ ਕਿ ਤਿੰਨੋਂ ਕੁੜੀਆਂ ਕੋਰੀਅਨ ਕਲਚਰ ਤੋਂ ਕਾਫੀ ਪ੍ਰਭਾਵਿਤ ਸਨ, ਉਹ ਆਨਲਾਈਨ ਗੇਮਾਂ, ਕੋਰੀਅਨ ਕੰਟੈਂਟ ਜਿਵੇਂ ਫ਼ਿਲਮਾਂ ਤੇ ਵੈਬ ਸੀਰੀਜ਼ ਦੀਆਂ ਆਦੀ ਸਨ।ਪਰ ਜਦੋਂ ਪਿਤਾ ਨੇ 15 ਦਿਨ ਪਹਿਲਾਂ ਉਨ੍ਹਾਂ ਤੋਂ ਮੋਬਾਈਲ ਲੈ ਲਿਆ ਤਾਂ ਉਹ ਤਣਾਅ ਵਿੱਚ ਆ ਗਈਆਂ।ਇਸ ਤੋਂ ਬਾਅਦ ਅੱਠ ਪੰਨਿਆਂ ਦਾ ਖ਼ੁਦਕੁਸ਼ੀ ਨੋਟ ਲਿਖ ਕੇ ਉਨ੍ਹਾਂ ਨੇ ਖ਼ੁਦਕੁਸ਼ੀ ਦਾ ਖ਼ੌਫ਼ਨਾਕ ਕਦਮ ਚੁੱਕ ਲਿਆ।



## ਕੈਨੇਡਾ 'ਚ ਵਕੀਲ ਨੇ ਆਪਣੇ ਹੀ ਕਲਾਇੰਟ ਦਾ ਕੀਤਾ ਕਤਲ

ਓਟਾਵਾ, 5 ਫਰਵਰੀ (ਚ.ਨ.ਸ): ਕੈਨੇਡਾ ਦੀ ਇੱਕ ਅਦਾਲਤ ਨੇ ਆਪਣੇ ਕਲਾਇੰਟ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਸਾਬਕਾ ਵਕੀਲ ਰੋਗੇਲਿਓ ਬੱਚ ਬਾਗਾਬੂਓ ਨੂੰ ਪਹਿਲੇ ਦਰਜੇ ਦੇ ਕਤਲ ਦਾ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਬੀਤੇ ਮੰਗਲਵਾਰ ਨੂੰ ਬੀ.ਸੀ. ਸੁਪਰੀਮ ਕੋਰਟ ਦੀ ਜੱਜ ਕੈਥਲੀਨ ਕੇਰ ਨੇ ਇਹ ਇਤਿਹਾਸਕ ਫੈਸਲਾ ਸੁਣਾਇਆ। **ਕੀ ਸੀ ਪੂਰਾ ਮਾਮਲਾ ?** ਮਾਮਲਾ ਸਾਲ 2022 ਦਾ ਹੈ, ਜਦੋਂ ਥਾਮਸਨ ਰਿਵਰਜ਼ ਯੂਨੀਵਰਸਿਟੀ ਦੇ ਪ੍ਰੋਫੈਸਰ ਮੁਹੰਮਦ ਅਬਦੁੱਲਾ ਦੀ ਲਾਸ਼ ਇੱਕ ਪਲਾਸਟਿਕ ਦੇ ਡੱਬੇ ਵਿੱਚੋਂ ਬਰਾਮਦ ਹੋਈ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਪ੍ਰੋਫੈਸਰ ਅਬਦੁੱਲਾ ਨੇ ਆਪਣੇ ਤਲਾਕ ਦੇ ਕੇਸ ਦੌਰਾਨ ਲਗਭਗ £800,000 (ਕੈਨੇਡੀਅਨ ਡਾਲਰ) ਆਪਣੇ ਵਕੀਲ ਬਾਗਾਬੂਓ ਕੋਲ ਭਰੋਸੇ ਵਜੋਂ ਰੱਖੇ ਸਨ। ਪਰ ਵਕੀਲ ਨੇ ਉਹ ਸਾਰੇ ਪੈਸੇ ਆਪਣੇ ਨਿੱਜੀ ਖ਼ਰਚਿਆਂ ਲਈ ਵਰਤ ਲਏ। **ਯੋਜਨਾਬੱਧ ਤਰੀਕੇ ਨਾਲ ਕੀਤਾ ਕਤਲ:** ਅਦਾਲਤ ਵਿੱਚ ਇਹ ਸਾਬਤ ਹੋਇਆ ਕਿ ਜਦੋਂ ਪ੍ਰੋਫੈਸਰ ਨੇ ਆਪਣੇ ਪੈਸੇ ਵਾਪਸ ਮੰਗਣੇ ਸ਼ੁਰੂ ਕੀਤੇ, ਤਾਂ ਬਾਗਾਬੂਓ ਨੇ ਉਨ੍ਹਾਂ ਨੂੰ ਰਸਤੇ ਵਿੱਚੋਂ ਹਟਾਉਣ ਦੀ ਸਾਜ਼ਿਸ਼ ਰਚੀ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ, ਬਾਗਾਬੂਓ ਨੇ ਪਹਿਲਾਂ ਹੀ ਕਤਲ ਦੀ ਤਿਆਰੀ ਕਰ ਲਈ ਸੀ ਅਤੇ ਪ੍ਰੋਫੈਸਰ ਨੂੰ ਆਪਣੇ ਦਫ਼ਤਰ ਬੁਲਾ ਕੇ ਚਾਕੂ ਨਾਲ ਕਈ ਵਾਰ ਕੀਤੇ ਗਏ। ਇੱਥੋਂ ਤੱਕ ਕਿ ਕਤਲ ਤੋਂ ਬਾਅਦ ਲਾਸ਼ ਨੂੰ ਪਲਾਸਟਿਕ ਵਿੱਚ ਲਪੇਟ ਕੇ ਇੱਕ ਵੈਨ ਵਿੱਚ ਛੁਪਾ ਦਿੱਤਾ ਗਿਆ ਸੀ। **ਅਦਾਲਤ ਦੀ ਸਖ਼ਤ ਟਿੱਪਣੀ:** ਜੱਜ ਕੈਥਲੀਨ ਕੇਰ ਨੇ ਬਾਗਾਬੂਓ ਨੂੰ ਧੋਖੇਬਾਜ਼ ਕਰਾਰ ਦਿੰਦੇ ਹੋਏ ਕਿਹਾ ਕਿ ਉਸ ਨੇ ਆਪਣੇ ਕਲਾਇੰਟ ਦੇ ਭਰੋਸੇ ਦਾ ਕਤਲ ਕੀਤਾ ਹੈ। ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਇਹ ਕਤਲ ਅਚਾਨਕ ਹੋਈ ਲੜਾਈ ਦਾ ਨਤੀਜਾ ਸੀ, ਪਰ ਜੱਜ ਨੇ ਸਾਰੇ ਸਬੂਤਾਂ ਦੇ ਆਧਾਰ 'ਤੇ ਇਸ ਨੂੰ ਸੋਚਿਆ-ਸਮਝਿਆ ਕਤਲ ਮੰਨਿਆ। **ਹੁਣ 25 ਸਾਲ ਤੱਕ ਨਹੀਂ ਮਿਲੇਗੀ ਪੈਰੋਲ:** ਕੈਨੇਡੀਅਨ ਕਾਨੂੰਨ ਮੁਤਾਬਕ ਪਹਿਲੇ ਦਰਜੇ ਦੇ ਕਤਲ ਦੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਮਿਲਦੀ ਹੈ। ਬਾਗਾਬੂਓ ਨੂੰ ਹੁਣ ਘੱਟੋ-ਘੱਟ 25 ਸਾਲ ਤੱਕ ਜੇਲ੍ਹ ਵਿੱਚ ਰਹਿਣਾ ਪਵੇਗਾ ਅਤੇ ਇਸ ਤੋਂ ਪਹਿਲਾਂ ਉਹ ਪੈਰੋਲ (ਜ਼ਮਾਨਤ) ਲਈ ਅਪਲਾਈ ਨਹੀਂ ਕਰ ਸਕੇਗਾ। ਫੈਸਲਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਪੁਲਿਸ ਨੇ ਉਸ ਨੂੰ ਹੱਥਕੜੀਆਂ ਲਗਾ ਕੇ ਜੇਲ੍ਹ ਭੇਜ ਦਿੱਤਾ। ਕੈਨੇਡਾ ਦੀ ਇੱਕ ਅਦਾਲਤ ਨੇ ਆਪਣੇ ਕਲਾਇੰਟ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਸਾਬਕਾ ਵਕੀਲ ਰੋਗੇਲਿਓ ਬੱਚ ਬਾਗਾਬੂਓ ਨੂੰ ਪਹਿਲੇ ਦਰਜੇ ਦੇ ਕਤਲ ਦਾ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

## ਸੰਗਤਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਕਾਂਸ਼ੀ ਵਾਰਾਨਸੀ ਵਿਖੇ ਪ੍ਰਕਾਸ਼ ਦਿਵਸ 'ਤੇ ਵਿਸ਼ਵ ਪੱਧਰੀ ਸਮਾਗਮ 'ਚ ਹੋਈਆਂ ਸ਼ਾਮਲ

ਸ੍ਰੀ ਫਤਹਿਗੜ੍ਹ ਸਾਹਿਬ, 5 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਗੁਰੂ ਰਵਿਦਾਸ ਪ੍ਰਬੰਧਕ ਕਮੇਟੀ (ਰਜਿ:) ਸਰਹਿੰਦ ਦੇ ਸਕੱਤਰ ਜਨਰਲ ਕ੍ਰਿਸ਼ਨ ਸਿੰਘ ਬ੍ਰਾਹਮਣ ਮਾਜਰਾ, ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ, ਚੇਅਰਮੈਨ ਗਰਜਾ ਸਿੰਘ, ਬਹਾਲ ਸਿੰਘ, ਜ਼ਿਲ੍ਹਾ ਖ਼ਜ਼ਾਨਚੀ ਮੇਜਰ ਸਿੰਘ ਸੌਂਢਾ, ਮੀਤ ਪ੍ਰਧਾਨ ਰਾਜਵੰਤ ਕੌਰ, ਬੇਅੰਤ ਕੌਰ ਪਵਾਲਾ, ਸੀਨੀਅਰ ਕਮੇਟੀ ਮੈਂਬਰ ਬੁੱਧ ਰਾਮ, ਸਵਾਮੀ ਵੀਤ ਦਾਸ ਸਰਹਿੰਦ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਕਾਂਸ਼ੀ ਵਾਰਾਨਸੀ ਵਿਖੇ ਗੁਰੂ ਜੀ ਦੇ ਪ੍ਰਕਾਸ਼ ਦਿਵਸ 'ਤੇ ਹੋ ਰਹੇ ਵਿਸ਼ਵ ਪੱਧਰੀ ਸਮਾਗਮ ਵਿੱਚ ਸ਼ਾਮਲ ਹੋਈਆਂ।ਇਸ ਮੌਕੇ ਗੁਰੂ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਹੋਏ ਸਾਬਕਾ ਲੋਕ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ, ਕਬੀਰ ਮੱਠ ਕਬੀਰ ਚੌਰਾਹਾ ਦੇ ਆਚਾਰਯ ਮਹੰਤ ਵਿਵੇਕ ਦਾਸ ਸਾਹਿਬ, ਵਿਆਸ ਮੁੰਨੀ ਦਾਸ, ਡਾਕਟਰ ਭਾਗੀਰਥੀ ਦਾਸ, ਸਵਾਮੀ ਵੀਤ ਦਾਸ ਸਰਹਿੰਦ ਨੇ ਕਿਹਾ ਕੀ ਸਤਿਗੁਰੂ ਰਵਿਦਾਸ ਜੀ ਸਤਿਗੁਰੂ ਕਬੀਰ ਜੀ ਦੇ ਸਮੇਂ ਜਾਤ ਪਾਤ ਦਾ ਬਹੁਤ ਬੋਲ ਬਾਲਾ ਸੀ, ਲੋਕਾਂ ਵਿੱਚ ਜਾਤ ਪਾਤ ਦੇ ਨਾਂ 'ਤੇ ਬਹੁਤ ਨਫ਼ਰਤ ਭਰੀ ਹੋਈ ਸੀ, ਅਜਿਹੇ ਸਮੇਂ ਵਿੱਚ ਗੁਰੂ ਜ ਨੇ ਲੋਕਾਂ ਨੂੰ ਸ਼ੁੱਭ ਸੰਦੇਸ਼ ਦੇਕੇ ਜਾਤਪਾਤ ਊਂਚ ਨੀਚ ਦੇ ਵਖਰੇਵਿਆਂ ਵਿੱਚੋਂ ਕੱਢ ਕੇ ਬਰਾਬਰਤਾ ਸਾਂਝੀ ਭਾਈਵਾਲਤਾ ਦਾ ਸੰਦੇਸ਼ ਦਿੱਤਾ।ਇਸ ਮੌਕੇ ਕਮੇਟੀ ਦੇ ਸਕੱਤਰ ਕ੍ਰਿਸ਼ਨ ਸਿੰਘ ਬ੍ਰਾਹਮਣ ਮਾਜਰਾ ਨੇ ਕਿਹਾ ਕੀ ਸਾਨੂੰ ਸੱਭ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਸਾਰੇ ਗੁਰੂਆਂ ਪੀਰਾਂ ਦੇ ਪਵਿੱਤਰ ਪਰਕਾਸ਼ ਦਿਹਾੜੇ ਸਾਨੂੰ ਸੱਭ ਨੂੰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਂਝੀ ਭਾਈਵਾਲਤਾ ਦਾ ਸੰਦੇਸ਼ ਸਮੁੱਚੇ ਦੇਸ਼ ਦੇ ਕੋਨੇ ਕੋਨੇ ਤਕ ਪਹੁੰਚ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਹਰ ਸਿੰਘ ਸਾਨੀਪੁਰ, ਬੁੱਧ ਰਾਮ, ਕੁਲਦੀਪ ਸਿੰਘ, ਬਲਦੇਵ ਸਿੰਘ ਤੋੜਾ, ਮੱਖਣ ਸਿੰਘ ਬਹਿਬਲਪੁਰ, ਜਸਵੀਰ ਕੌਰ ਭੱਟਮਾਜਰਾ, ਹਰਚੰਦ ਸਿੰਘ ਨਾਭਾ, ਸੀਤਾ ਰਾਮ ਲੋਬਾਨਾ, ਨਰਿੰਦਰ ਸਿੰਘ ਘੋੜੇਵਾਲ, ਲਵਕੇਸ਼ ਹਾਜ਼ਰ ਸਨ।



## ਖੇਤ 'ਚ ਬਣੀ ਡਿੱਗੀ 'ਚ ਡੁੱਬਣ ਕਾਰਨ ਕਿਸਾਨ ਤੇ ਦੋ ਪੁੱਤਰਾਂ ਦੀ ਮੌਤ

### ☛ਸਪਰੇਅ ਕਰਨ ਲਈ ਖੇਤ ਗਏ ਸਨ ਪਿਓ-ਪੁੱਤਰ

ਹਨੂੰਮਾਨਗੜ੍ਹ, 5 ਫਰਵਰੀ (ਚ.ਨ.ਸ): ਹਨੂੰਮਾਨਗੜ੍ਹ ਜ਼ਿਲ੍ਹੇ ਦੇ ਥਾਣਾ ਸੰਗਰੀਆ ਤੋਂ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇਥੇ ਪਿੰਡ ਰਸੂਵਾਲਾ ਦੇ ਖੇਤ ਵਿੱਚ ਪਾਣੀ ਵਾਲੀ ਡਿੱਗੀ 'ਚ ਡੁੱਬਣ ਕਾਰਨ ਇਕ ਕਿਸਾਨ ਤੇ ਉਸ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗੁਰਦੀਪ ਸਿੰਘ (40), ਲਖਵਿੰਦਰ ਸਿੰਘ (22) ਅਤੇ ਰਾਜਵਿੰਦਰ ਸਿੰਘ (16) ਵਜੋਂ ਹੋਈ ਹੈ। ਤਿੰਨੋਂ ਪਿਓ-ਪੁੱਤਰ ਆਪਣੇ ਖੇਤ ਵਿੱਚ ਫ਼ਸਲ ਨੂੰ ਸਪਰੇਅ ਕਰਨ ਗਏ ਸਨ। ਜਦੋਂ ਰਾਜਵਿੰਦਰ ਗੁਆਂਢੀ ਦੇ ਖੇਤ ਵਿੱਚ ਡਿੱਗੀ 'ਚੋਂ ਪਾਣੀ ਲਿਆਉਣ ਲਈ ਗਿਆ ਤਾਂ ਪਾਣੀ ਭਰਦੇ ਸਮੇਂ ਤਿਲਕਣ ਕਾਰਨ ਉਹ ਡਿੱਗੀ ਵਿੱਚ ਡਿੱਗ ਗਿਆ। ਚੀਕਾਂ ਸੁਣ ਕੇ ਲਖਵਿੰਦਰ ਉਸ ਨੂੰ ਬਚਾਉਣ ਲਈ ਭੱਜਿਆ ਪਰ ਆਪਣਾ ਸੰਤੁਲਨ ਵੀ ਗੁਆ ਬੈਠਾ ਅਤੇ ਡਿੱਗੀ 'ਚ ਡਿੱਗ ਗਿਆ। ਫਿਰ ਗੁਰਦੀਪ ਨੇ ਆਪਣੇ ਪੁੱਤਰਾਂ ਨੂੰ ਡੁੱਬਦੇ ਵੇਖਿਆ ਤੇ ਬਚਾਉਣ ਲਈ ਡਿੱਗੀ 'ਚ ਛਾਲ ਮਾਰੀ ਪਰ ਤਿੰਨਾਂ ਵਿੱਚੋਂ ਕੋਈ ਵੀ ਬਾਹਰ ਨਹੀਂ ਆ ਸਕਿਆ। ਜਦੋਂ ਤਿੰਨੋਂ ਘਰ ਵਾਪਸ ਨਾ ਆਏ ਤਾਂ ਪਰਿਵਾਰਕ ਮੈਂਬਰਾਂ ਉਨ੍ਹਾਂ ਦੀ ਭਾਲ ਕਰਦੇ ਹੋਏ ਖੇਤ ਪਹੁੰਚਦੇ ਉਥੇ ਡਿੱਗੀ ਨੇੜਿਓਂ ਟੋਪੀ, ਬੈਲਟ, ਕੱਪੜੇ ਅਤੇ ਜੁੱਤੀਆਂ ਦੇਖ ਕੇ ਸ਼ੱਕ ਹੋਇਆ। ਫਿਰ ਜਦੋਂ ਵੇਖਿਆ ਤਾਂ ਹੌਦੀ ਵਿਚ ਤਿੰਨਾਂ ਪਿਓ ਪੁੱਤਰਾਂ ਦੀਆਂ ਲਾਸ਼ਾਂ ਪਈਆਂ ਸਨ। ਲਾਸ਼ਾਂ ਨੂੰ ਰੱਸਿਆਂ ਦੀ ਮਦਦ ਨਾਲ ਬਾਹਰ ਕੱਢਿਆ ਗਿਆ ਤੇ ਪੋਸਟਮਾਰਟਮ ਮਗਰੋਂ ਲਾਸ਼ਾਂ ਪਰਿਵਾਰ ਨੂੰ ਸੌਂਪ ਦਿੱਤੀਆਂ ਗਈਆਂ। ਪਰਿਵਾਰ ਵਿੱਚ ਹੁਣ ਗੁਰਦੀਪ ਸਿੰਘ ਦੀ ਪਤਨੀ ਅਤੇ ਧੀ ਰਹਿ ਗਈਆਂ ਹਨ। ਗੁਰਦੀਪ ਸਿੰਘ ਖੇਤੀ ਕਰਦਾ ਸੀ, ਲਖਵਿੰਦਰ ਬੀਐੱਸਟੀਸੀ ਦਾ ਵਿਦਿਆਰਥੀ ਸੀ ਤੇ ਰਾਜਵਿੰਦਰ 10ਵੀਂ ਜਮਾਤ ਵਿੱਚ ਪੜ੍ਹਦਾ ਸੀ।



## ਵਧੀਕ ਡਿਪਟੀ ਕਮਿਸ਼ਨਰ ਵੱਲੋਂ 'ਸਖੀ ਸ਼ਕਤੀ ਮੇਲੇ' ਦੀਆਂ ਤਿਆਰੀਆਂ ਸਬੰਧੀ ਸਮੀਖਿਆ ਮੀਟਿੰਗ

### ☛ਆਮ ਖਾਸ ਬਾਗ ਵਿਖੇ 10 ਤੋਂ 13 ਤੱਕ ਲੱਗੇਗਾ ਮੇਲਾ



ਸ੍ਰੀ ਫ਼ਤਹਿਗੜ੍ਹ ਸਾਹਿਬ, 5 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮਹਿਲਾ ਸਸ਼ਕਤੀਕਰਨ ਤੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਸਖੀ ਸ਼ਕਤੀ ਮੇਲਾ ਆਮ ਖਾਸ ਬਾਗ ਵਿਖੇ 10 ਤੋਂ 13 ਫਰਵਰੀ ਤੱਕ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਵੱਖ ਵੱਖ ਵਿਭਾਗਾਂ, ਸਵੈ ਸਹਾਇਤਾ ਗਰੁੱਪਾਂ ਤੋਂ ਇਲਾਵਾ ਬਾਹਰੀ ਰਾਜਾਂ ਤੋਂ ਆਉਣ ਵਾਲੇ ਲੋਕਾਂ ਵੱਲੋਂ 80 ਦੇ ਕਰੀਬ ਸਟਾਲ ਲਗਾਏ ਜਾਣਗੇ, ਜੋ ਮੇਲੇ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣਗੇ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਆਤਮ-ਨਿਰਭਰ ਬਣਾਉਣਾ ਹੈ। ਉਨ੍ਹਾਂ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮੇਲੇ ਵਾਲੀ ਥਾਂ 'ਤੇ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਤੇ ਬਿਜਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਸੁਰੱਖਿਆ ਦੇ ਲਿਹਾਜ਼ ਨਾਲ ਪੁਲਿਸ ਵਿਭਾਗ ਵੱਲੋਂ ਉਚਿਤ ਪ੍ਰਬੰਧ ਯਕੀਨੀ ਬਣਾਏ ਜਾਣ । ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ।

## ਰਿਮਟ ਯੂਨੀਵਰਸਿਟੀ ਨੇ ਸਵੈ-ਸਜਾਵਟ ਵਰਕਸ਼ਾਪ ਕਰਵਾਈ

ਮੰਡੀ ਗੋਬਿੰਦਗੜ੍ਹ, 5 ਫਰਵਰੀ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਫੈਸ਼ਨ ਡਿਜ਼ਾਈਨ ਵਿਭਾਗ ਨੇ ਨਿਊ ਇਮੇਜ ਇੰਟਰਨੈਸ਼ਨਲ ਬਿਊਟੀ ਇੰਸਟੀਚਿਊਟ ਰਾਜਪੁਰਾ ਦੇ ਸਹਿਯੋਗ ਨਾਲ ਵਿਸ਼ੇਸ਼ ਸਵੈ-ਸਜਾਵਟ ਵਰਕਸ਼ਾਪ ਕਰਵਾਈ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਵੈ-ਸਜਾਵਟ, ਨਿੱਜੀ ਸਫਾਈ ਤੇ ਪੇਸ਼ੇਵਰ ਸ਼ਖ਼ਸੀਅਤ ਪੇਸ਼ਕਾਰੀ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣਾ ਸੀ। ਨਿਊ ਇਮੇਜ ਸੰਸਥਾ ਦੇ ਮਾਹਿਰਾਂ ਨੇ ਚਮੜੀ ਦੀ ਦੇਖਭਾਲ, ਬੁਨਿਆਦੀ ਮੇਕਅਪ, ਵਾਲਾਂ ਦੀ ਦੇਖਭਾਲ, ਵਾਲਾਂ ਦੀ ਸਟਾਈਲਿੰਗ ਤੇ ਸ਼ਖ਼ਸੀਅਤ ਵਿਕਾਸ ਬਾਰੇ ਜਾਣਕਾਰੀ ਦਿੱਤੀ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਇੰਟਰਐਕਟਿਵ ਸੈਸ਼ਨਾਂ ਤੇ ਵਿਹਾਰਕ ਪ੍ਰਦਰਸ਼ਨਾਂ ਰਾਹੀਂ ਵਿਹਾਰਕ ਸਿਖਲਾਈ ਦਿੱਤੀ। ਫੈਸ਼ਨ ਡਿਜ਼ਾਈਨ ਵਿਭਾਗ ਸਮੇਤ ਵੱਖ-ਵੱਖ ਫੈਕਲਟੀਆਂ ਦੇ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਤੇ ਪ੍ਰਸ਼ਨ-ਉੱਤਰ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਦੱਸਿਆ ਕਿ ਵਰਕਸ਼ਾਪ ਉਨ੍ਹਾਂ ਦੇ ਆਤਮ ਵਿਸ਼ਵਾਸ ਨੂੰ ਵਧਾਉਣ ਤੇ ਆਉਣ ਵਾਲੇ ਸਾਲਾਨਾ ਫੈਸ਼ਨ ਸ਼ੋਅ ਦੀ ਤਿਆਰੀ ਵਿੱਚ ਬਹੁਤ ਮਦਦਗਾਰ ਸੀ। ਇਸ ਪ੍ਰੋਗਰਾਮ ਦੇ ਸਫਲ ਆਯੋਜਨ ਨੇ ਵਿਦਿਆਰਥੀਆਂ ਨੂੰ ਅਕਾਦਮਿਕ ਗਿਆਨ ਦੇ ਨਾਲ-ਨਾਲ ਉਦਯੋਗ-ਅਧਾਰਤ ਵਿਹਾਰਕ ਹੁਨਰ ਪ੍ਰਦਾਨ ਕੀਤੇ। ਫੈਸ਼ਨ ਡਿਜ਼ਾਈਨ ਵਿਭਾਗ ਦੁਆਰਾ ਆਯੋਜਿਤ ਇਹ ਪਹਿਲ ਵਿਦਿਆਰਥੀਆਂ ਦੇ ਸਮੁੱਚੇ ਸ਼ਖ਼ਸੀਅਤ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਸੀ।



## ਸਿਵਲ ਸਰਜਨ ਡਾ. ਕਵਿਤਾ ਸਿੰਘ ਨੇ ਆਯੂਸ਼ਮਾਨ ਅਰੋਗਿਆ ਕੇਂਦਰ ਮੌਜਗੜ੍ਹ ਲਈ ਮੈਡੀਕਲ ਅਫਸਰਾਂ ਨੂੰ ਦਿੱਤਾ ਨਿਯੁਕਤੀ ਪੱਤਰ

ਫਾਜ਼ਿਲਕਾ, 5 ਫਰਵਰੀ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ । ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸੁਵਿਧਾਵਾਂ ਦੇਣ ਦੇ ਮੰਤਵ ਨਾਲ ਰਾਜ ਵਿੱਚ ਆਯੂਸ਼ਮਾਨ ਅਰੋਗਿਆ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਸ ਵਿੱਚ ਵੱਖ ਵੱਖ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਕਲੀਨਿਕਾਂ ਵਿੱਚ ਇੱਕ ਡਾਕਟਰ, ਫਾਰਮੇਸੀ ਅਫ਼ਸਰ, ਕਲੀਨੀਕਲ ਅਸਿਸਟੈਂਟ ਤੇ ਹੋਰ ਸਹਾਇਕ ਸਟਾਫ਼ ਕੰਮ ਕਰ ਰਿਹਾ ਹੈ। ਅੱਜ ਡਾ. ਕਵਿਤਾ ਸਿੰਘ ਸਿਵਲ ਸਰਜਨ ਫਾਜ਼ਿਲਕਾ ਵੱਲੋਂ ਆਯੂਸ਼ਮਾਨ ਅਰੋਗਿਆ ਕੇਂਦਰ ਮੌਜਗੜ੍ਹ ਲਈ ਮੈਡੀਕਲ ਅਫ਼ਸਰ ਨੂੰ ਨਿਯੁਕਤੀ ਪੱਤਰ ਦਿੱਤੇ। ਇਸ ਸਮੇਂ ਡਾ. ਰਿੰਕੂ ਚਾਵਲਾ ਜ਼ਿਲ੍ਹਾ ਟੀਕਾਕਰਣ ਅਫ਼ਸਰ, ਰਾਜੇਸ਼ ਕੁਮਾਰ ਡੀ.ਪੀ.ਐਮ, ਮਾਸ ਮੀਡੀਆ ਵਿੰਗ ਤੋਂ ਵਿਨੋਦ ਖੁਰਾਣਾ, ਦਿਵੇਸ਼ ਕੁਮਾਰ, ਅਕਾਸ਼ ਕੁਮਾਰ ਹਾਜ਼ਰ ਸਨ। ਡਾਕਟਰ ਕਵਿਤਾ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਆਯੂਸ਼ਮਾਨ ਅਰੋਗਿਆ ਕੇਂਦਰ ਲੋਕਾਂ ਲਈ ਵਰਦਾਨ ਸਿੱਧ ਹੋ ਰਹੇ ਹਨ ਤੇ ਲੋਕ ਇਨ੍ਹਾਂ ਕਲੀਨਿਕਾਂ ਵਿੱਚ ਵਿਸ਼ਵਾਸ ਰੱਖ ਕੇ ਇਲਾਜ ਕਰਵਾ ਰਹੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ 26 ਆਯੂਸ਼ਮਾਨ ਆਰੋਗਿਆ ਕੇਂਦਰ ਸਫ਼ਲਤਾ ਪੂਰਵਕ ਚੱਲ ਰਹੇ ਹਨ।ਆਯੂਸ਼ਮਾਨ ਅਰੋਗਿਆ ਕੇਂਦਰ ਵਿੱਚ ਮੌਕੇ 'ਤੇ ਹੀ ਮਰੀਜ਼ਾਂ ਦਾ ਚੈੱਕਅੱਪ ਕਰਕੇ ਲੋੜੀਂਦੀਆਂ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ। ਆਯੂਸ਼ਮਾਨ ਅਰੋਗਿਆ ਕੇਂਦਰ ਵਿਚ 46 ਤਰ੍ਹਾਂ ਦੇ ਲੈਬ ਟੈਸਟ ਤੇ ਲਗਭਗ 100 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਮਰੀਜ਼ਾਂ ਦਾ ਆਨਲਾਈਨ ਰਿਕਾਰਡ ਰੱਖਿਆ ਜਾ ਰਿਹਾ ਹੈ। ਆਯੂਸ਼ਮਾਨ ਅਰੋਗਿਆ ਕੇਂਦਰ ਮੌਜਗੜ੍ਹ ਲਈ ਪ੍ਰਵੀਨ ਰਾਣੀ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ।



## ਬਾਬਾ ਮੋਤੀ ਰਾਮ ਮਹਿਰਾ ਜੀ ਦੇ ਜਨਮ ਦਿਹਾੜੇ 'ਤੇ ਪੰਜੋਖਰਾ ਸਾਹਿਬ ਤੋਂ ਆਉਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਦੀ ਉਲੀਕੀ ਰੂਪ ਰੇਖਾ

ਸ੍ਰੀ ਫਤਹਿਗੜ੍ਹ ਸਾਹਿਬ, 5 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 9 ਫਰਵਰੀ ਨੂੰ ਗੁਰਦੁਆਰਾ ਪੰਜੋਖਰਾ ਸਾਹਿਬ (ਅੰਬਾਲਾ) ਤੋਂ ਗੁਰਦੁਆਰਾ ਯਾਦਗਾਰ ਬਾਬਾ ਮੋਤੀ ਰਾਮ ਮਹਿਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਪੰਹਚ ਰਹੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਲਈ ਸਾਰੇ ਪ੍ਰਬੰਧ ਮੁਕੰਮਲ ਕਰਨ ਉਪਰੰਤ ਚੇਅਰਮੈਨ ਨਿਰਮਲ ਸਿੰਘ ਐਸ ਐਸ ਆਪਣੇ ਟਰੱਸਟੀਆਂ ਨਾਲ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਪਹੁੰਚੇ, ਜਿਥੇ ਗੁਰਦੁਆਰਾ ਪੰਜੋਖਰਾ ਸਾਹਿਬ ਦੇ ਮੈਨੇਜਰ ਅਮਰਿੰਦਰ ਸਿੰਘ, ਸਕੱਤਰ ਕੁਲਦੀਪ ਸਿੰਘ, ਹੈਡ ਗ੍ਰੰਥੀ ਬੂਟਾ ਸਿੰਘ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਚੇਅਰਮੈਨ ਨਿਰਮਲ ਸਿੰਘ ਐਸ ਐਸ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਗੁਰਦੁਆਰਾ ਪੰਜੋਖਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ 9 ਫਰਵਰੀ ਨੂੰ ਸਵੇਰੇ 9 ਵਜੇ ਨਗਰ ਕੀਰਤਨ ਗੁਰਦੁਆਰਾ ਪੰਜੋਖਰਾ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਲਈ ਰਵਾਨਾ ਹੋਵੇਗਾ, ਜਿਥੇ ਰਸਤੇ ਵਿੱਚ ਸਿੱਖ ਸੰਗਤਾਂ, ਪ੍ਰਬੰਧਕ ਕਮੇਟੀਆਂ, ਗੁਰਦੁਆਰਾ ਕਮੇਟੀਆਂ, ਸਮਾਜ ਸੇਵੀਆਂ ਵੱਲੋਂ ਦੁੱਧ, ਚਾਹ ਬਰੈਡ, ਫਲ ਫਰੂਟ ਤੇ ਪ੍ਰਸ਼ਾਦਿਆਂ ਦੇ ਲੰਗਰ ਲਾਏ ਜਾਣਗੇ। ਇਸ ਮੌਕੇ ਗੁਰਦੁਆਰਾ ਪੰਜੋਖਰਾ ਸਾਹਿਬ ਤੇ ਮੈਨੇਜਰ ਅਮਰਿੰਦਰ ਸਿੰਘ ਤੇ ਹੈਡ ਗ੍ਰੰਥੀ ਸਰਦਾਰ ਬੂਟਾ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਲਈ ਉਨ੍ਹਾਂ ਵੱਲੋਂ ਪੂਰੀ ਤਿਆਰੀਆਂ ਕਰ ਲਈਆਂ ਹਨ ਤੇ ਸੰਗਤਾਂ ਨੂੰ ਵੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਸੁਖਦੇਵ ਸਿੰਘ ਰਾਜ, ਬਲਦੇਵ ਸਿੰਘ ਦੁਸਾਂਝ, ਹੈਡ ਗ੍ਰੰਥੀ ਹਰਦੀਪ ਸਿੰਘ, ਮੈਨੇਜਰ ਨਵਜੋਤ ਸਿੰਘ, ਬਲਦੇਵ ਸਿੰਘ ਲੁਹਾਰਾ, ਐਡਵੋਕੇਟ ਸੰਦੀਪ ਕਸ਼ਿਅਪ, ਰਾਜਕੁਮਾਰ ਪਾਤੜਾਂ, ਅਮੀ ਚੰਦ ਮਾਛੀਵਾੜਾ, ਗੁਰਚਰਨ ਸਿੰਘ ਧਨੌਲਾ, ਮਹਿੰਦਰ ਸਿੰਘ ਮੋਰਿੰਡਾ, ਪਰਮਜੀਤ ਸਿੰਘ ਖੰਨਾ, ਮਹਿੰਦਰ ਸਿੰਘ ਖੰਨਾ, ਸੰਦੀਪ ਕੌਰ ਚੰਡੀਗੜ੍ਹ, ਜੋਗਿੰਦਰਪਾਲ ਸਿੰਘ, ਕੁਲਦੀਪ ਸਿੰਘ ਜੇ ਈ. ਰਾਮ ਸਿੰਘ ਨੰਡਿਆਲੀ, ਕਰਮ ਸਿੰਘ, ਮੈਨੇਜਰ ਨਵਜੋਤ ਸਿੰਘ, ਸੁੱਚਾ ਸਿੰਘ, ਤਾਰਾ ਸਿੰਘ, ਬੀਬੀ ਬਲਜਿੰਦਰ ਕੌਰ, ਜਸਪਾਲ ਸਿੰਘ ਕਲੌਦੀ, ਬਨਾਰਸੀ ਦਾਸ, ਦਰਸ਼ਨ ਸਿੰਘ ਪਾਇਲ, ਰਾਏ ਸਿੰਘ, ਬਲਵੀਰ ਸਿੰਘ ਸਾਮਲ ਹਨ।



## ਸਿਹਤ ਵਿਭਾਗ ਨੇ ਵਿਸ਼ਵ ਕੈਂਸਰ ਦਿਵਸ 'ਤੇ ਜਾਗਰੂਕਤਾ ਕੈਂਪ ਲਗਾਇਆ



ਫ਼ਿਰੋਜ਼ਪੁਰ, 5 ਫਰਵਰੀ (ਤਿਵਾੜੀ): ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਸੇਠਾਂ ਵਿਖੇ ਵਿਸ਼ਵ ਕੈਂਸਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਲਗਾਇਆ ਗਿਆ ਤੇ ਸਕੂਲੀ ਵਿਦਿਆਰਥੀਆਂ ਵਿੱਚ ਪ੍ਰਸ਼ਨ-ਉਤਰੀ ਮੁਕਾਬਲਾ ਕਰਵਾਇਆ ਗਿਆ।ਮੈਡੀਕਲ ਅਫ਼ਸਰਾਂ ਵਲੋਂ ਲੜਕੇ ਤੇ ਲੜਕੀਆਂ ਦੇ ਵੱਖ-ਵੱਖ ਗਰੁੱਪਾਂ ਵਿੱਚ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।ਇਸ ਮੌਕੇ ਸਕੂਲ ਹੈਲਥ ਦੇ ਨੋਡਲ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੈਂਸਰ ਦੀ ਬਿਮਾਰੀ ਦੀ ਜਾਂਚ ਜੇਕਰ ਸਮੇਂ ਸਿਰ ਹੋ ਜਾਵੇ ਤਾਂ ਉਸ ਦਾ ਇਲਾਜ ਸਹੀ ਸਮੇਂ ਸਿਰ ਕੀਤਾ ਜਾ ਸਕਦਾ ਹੈ।ਜਿਆਦਾਤਰ ਔਰਤਾਂ ਵਿੱਚ ਕੈਂਸਰ ਦੀ ਬਿਮਾਰੀ ਦੇ ਲੱਛਣਾਂ 'ਚੋਂ ਛਾਤੀ ਵਿੱਚ ਗਿਲਟੀ, ਗੰਢ, ਨਿੱਪਲ ਦਾ ਅੰਦਰ ਧਸਣਾ, ਨਿੱਪਲ ਵਿੱਚੋਂ ਖ਼ੂਨ ਮਿਲਿਆ ਮਵਾਦ ਵਗਣਾ, ਸਰੀਰਕ ਸਬੰਧ ਤੋਂ ਬਾਅਦ ਖ਼ੂਨ ਵਗਣਾ, ਗੁਪਤ ਅੰਗ ਵਿੱਚੋਂ ਪੀਕ ਵਗਣਾ, ਮਾਹਵਾਰੀ ਦੌਰਾਨ ਬੇਹੱਦ ਖ਼ੂਨ ਪੈਣਾ, ਮਾਹਵਾਰੀ ਦੇ ਵਿੱਚ ਵਿਚਲੇ ਖ਼ੂਨ ਪੈਣਾ ਹੁੰਦੇ ਹਨ। ਸਕੂਲ ਹੈਲਥ ਮੈਡੀਕਲ ਅਫ਼ਸਰ ਡਾ. ਮਨਮੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਰਦਾਂ ਤੇ ਔਰਤਾਂ ਵਿੱਚ ਮੂੰਹ, ਮਸੂੜੇ, ਤਲੂਏ ਜਾਂ ਜੀਭ 'ਤੇ ਨਾ ਠੀਕ ਹੋਣ ਵਾਲਾ ਜ਼ਖ਼ਮ, ਜੀਭ 'ਤੇ ਗੰਢ, ਭੋਜਨ ਨਿਗਲਣ ਵਿੱਚ ਮੁਸ਼ਕਲ, ਲਗਾਤਾਰ ਲੰਮੀ ਖਾਂਸੀ, ਬਲਗਮ ਵਿੱਚ ਖ਼ੂਨ, ਭੁੱਖ ਤੇ ਵਜਨ ਘਟਣ ਦੇ ਨਾਲ ਨਾਲ ਖਾਰਸ਼ ਤੇ ਨਾ ਠੀਕ ਹੋਣ ਵਾਲਾ ਪੀਲੀਆ, ਪਖਾਨੇ ਵਿੱਚ ਬਿਨਾਂ ਦਰਦ ਖ਼ੂਨ ਆਉਣਾ, ਬਿਨਾਂ ਵਜ੍ਹਾ ਤਿੰਨ ਮਹੀਨਿਆਂ ਤੋਂ ਵੱਧ ਬੁਖਾਰ, ਪਿਸ਼ਾਬ ਵਿੱਚ ਖ਼ੂਨ, ਪਿਸ਼ਾਬ ਵਿੱਚ ਰੁਕਾਵਟ ਆਦਿ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤ ਮਰੀਜ਼ਾਂ ਦੇ ਇਲਾਜ ਲਈ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਅਧੀਨ 1,50,000/- ਰੁਪਏ ਉਸ ਸਿਹਤ ਸੰਸਥਾ ਨੂੰ ਦਿੱਤੇ ਜਾਂਦੇ ਹਨ, ਜਿਥੇ ਮਰੀਜ਼ ਦਾ ਇਲਾਜ ਚੱਲ ਰਿਹਾ ਹੋਵੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਰਵਿੰਦਰ ਸਿੰਘ,ਪਰਵੀਰ ਸਿੰਘ ਬਹੁਮੰਤਵੀ ਸਿਹਤ ਕਰਮਚਾਰੀ ਤੇ ਅਧਿਆਪਕ ਹਾਜ਼ਰ ਸਨ।

## ਮਹਿਲਾਵਾਂ ਸਰਵਾਈਕਲ ਕੈਂਸਰ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਜਾਂਚ ਜ਼ਰੂਰ ਕਰਵਾਉਣ: ਡਾ. ਆਂਚਲ



ਫਿਰੋਜ਼ਪੁਰ, 5 ਫਰਵਰੀ (ਤਿਵਾੜੀ): ਸਰਵਾਈਕਲ ਕੈਂਸਰ ਇੱਕ ਗੰਭੀਰ ਬਿਮਾਰੀ ਹੈ, ਜੋ ਦੁਨੀਆ ਭਰ ਵਿੱਚ ਲੱਖਾਂ ਮਹਿਲਾਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਤੇ ਦੁਨੀਆ ਵਿੱਚ ਮਹਿਲਾਵਾਂ ਦੀ ਮੌਤ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਕੈਂਸਰ ਰੋਗ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਵਰਲਡ ਕੈਂਸਰ ਦਿਹਾੜੇ ਤੇ ਰੇਲਵੇ ਹਸਪਤਾਲ ਵਿਖੇ ਕਰਵਾਏ ਜਾਗਰੂਕਤਾ ਸਮਾਗਮ ਵਿੱਚ ਇਕੱਠ ਨੂੰ ਸੰਬੋਧਨ ਕਰਦਿਆ ਡਾ. ਆਂਚਲ ਗਾਇਨਾਕੋਲੋਜਿਸਟ ਸਿਵਲ ਹਸਪਤਾਲ ਫਿਰੋਜ਼ਪੁਰ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਬਿਮਾਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਹਰ ਅੱਜ ਦੇ ਦਿਹਾੜੇ ਨੂੰ ਕੈਂਸਰ ਜਾਗਰੂਕਤਾ ਵਜੋਂ ਮਨਾਇਆ ਜਾਂਦਾ ਹੈ। ਗੰਭੀਰ ਬਿਮਾਰੀਆਂ ਅਕਸਰ ਸ਼ੋਰ ਮਚਾ ਕੇ ਨਹੀਂ, ਸਗੋਂ ਖ਼ਾਮੋਸ਼ੀ ਨਾਲ ਆਉਂਦੀਆਂ ਹਨ । ਕੈਂਸਰ ਦੀ ਸ਼ੁਰੂਆਤ ਵੀ ਬਿਲਕੁਲ ਅਜਿਹੀ ਹੁੰਦੀ ਹੈ।ਇਹ ਬਿਮਾਰੀ ਦੀ ਸ਼ੁਰੂਆਤ ਵਿਚ ਕੋਈ ਵੱਡਾ ਲੱਛਣ ਨਜ਼ਰ ਨਹੀਂ ਆਉਂਦਾ ਇਹ ਸਾਡੀ ਦਿਨਚਰਿਆ ਵਿੱਚ ਛੋਟੇ-ਛੋਟੇ ਬਦਲਾਅ ਜਿਵੇਂ ਹਲਕੀ ਬਲੀਡਿੰਗ, ਡਿਸਚਾਰਜ ਵਿੱਚ ਬਦਲਾਅ ਜਾਂ ਹਲਕੇ ਦਰਦ ਦੇ ਰੂਪ ਵਿੱਚ ਦਸਤਕ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਰਵਾਈਕਲ ਕੈਂਸਰ ਇੱਕ ਅਜਿਹੀ ਲੜਾਈ ਹੈ, ਜਿਸ ਨੂੰ ਅਸੀਂ ਅਸਾਨੀ ਨਾਲ ਜਿੱਤ ਸਕਦੇ ਹਾਂ।ਇਹ ਉਨ੍ਹਾਂ ਚੋਣਵੇਂ ਕੈਂਸਰਾਂ ਵਿੱਚੋਂ ਹੈ ਜਿਨ੍ਹਾਂ ਦਾ ਟੀਕਾਕਰਨ ਅਤੇ ਸਕ੍ਰੀਨਿੰਗ ਰਾਹੀਂ ਪੂਰੀ ਤਰ੍ਹਾਂ ਇਲਾਜ ਤੇ ਰੋਕਥਾਮ ਸੰਭਵ ਹੈ। ਪਰ ਸ਼ੁਰੂਆਤੀ ਲੱਛਣਾਂ ਨੂੰ ਦਰਕਿਨਾਰ ਕਰਦਿਆਂ ਮਹਿਲਾਵਾਂ ਉਦੋਂ ਪਹੁੰਚਦੀਆਂ ਹਨ ਜਦੋਂ ਬਿਮਾਰੀ ਵੱਧ ਚੁੱਕੀ ਹੁੰਦੀ ਹੈ ਤੇ ਉਹ ਇਸ ਨੂੰ ਨਜ਼ਰ-ਅੰਦਾਜ਼ ਕਰ ਦਿੰਦੀਆਂ ਹਨ ਜਿਸ ਦੇ ਗੰਭੀਰ ਸਿੱਟੇ ਨਿਕਲਦੇ ਹਨ। ਲੱਛਣਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਡਾ. ਆਂਚਲ ਨੇ ਦੱਸਿਆ ਕਿ ਅਸਾਧਾਰਨ ਬਲੀਡਿੰਗ, ਬੇਵਕਤੀ ਸਪੋਟਿੰਗ, ਮਾਹਵਾਰੀ ਬੰਦ ਹੋਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਬਲੀਡਿੰਗ, ਮਾਹਵਾਰੀ ਵਿੱਚ ਬਦਲਾਅ ਲਗਾਤਾਰ ਪਾਣੀ ਵਰਗਾ ਲੱਛਣ ਆਉਣ 'ਤੇ ਬਿਨਾ ਦੇਰੀ ਡਾਕਟਰ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਡਾ. ਦਿਨੇਸ਼ ਪਾਠਕ, ਡਾ. ਰਿਚਾ ਧਵਨ, ਡਾ. ਜੋਤੀ ਕਾਲੀਆ ਹਾਜ਼ਰ ਸਨ।

## ਅਵਤਾਰ ਸਿੰਘ ਨੇ ਨਾਇਬ ਤਹਿਸੀਲਦਾਰ ਵਜੋਂ ਅਹੁਦਾ ਸੰਭਾਲਿਆ



ਮੰਡੀ ਗੋਬਿੰਦਗੜ੍ਹ, 5 ਫਰਵਰੀ (ਸੂਦ): ਨਵ-ਨਿਯੁਕਤ ਨਾਇਬ ਤਹਿਸੀਲਦਾਰ ਅਵਤਾਰ ਸਿੰਘ ਨੇ ਮੰਡੀ ਗੋਬਿੰਦਗੜ੍ਹ ਵਿੱਚ ਰਸਮੀ ਤੌਰ 'ਤੇ ਆਪਣੀ ਡਿਊਟੀ ਸੰਭਾਲੀ। ਇਸ ਮੌਕੇ ਤਹਿਸੀਲ ਦਫ਼ਤਰ ਦੇ ਕਰਮਚਾਰੀ, ਰਜਿਸਟਰੀ ਕਲਰਕ ਤੇ ਹੋਰ ਸਟਾਫ਼ ਮੈਂਬਰਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਨਾਇਬ ਤਹਿਸੀਲਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਹ ਲੋਕਾਂ ਦੇ ਮਸਲਿਆਂ ਨੂੰ ਪੂਰੀ ਪਾਰਦਰਸ਼ਤਾ ਤੇ ਬਿਨਾਂ ਦੇਰੀ ਦੇ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਉਨ੍ਹਾਂ ਭਰੋਸਾ ਦਿੱਤਾ ਕਿ ਤਹਿਸੀਲ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਸਮੇਂ ਸਿਰ ਅਤੇ ਨਿਰਪੱਖ ਸੇਵਾਵਾਂ ਮਿਲਣਗੀਆਂ। ਇਸ ਮੌਕੇ ਐਡਵੋਕੇਟ ਅੰਕਿਤ ਨਰਿੰਦਰ ਸਿੰਘ, ਰਜਿਸਟਰੀ ਕਲਰਕ ਮਨੀ, ਅਸ਼ੀਸ਼ ਕੁਮਾਰ (ਰੀਡਰ), ਰਣਦੀਪ ਸਿੰਘ ਪਟਵਾਰੀ, ਗਗਨਦੀਪ ਸਿੰਘ ਪਟਵਾਰੀ, ਵਿੱਕੀ ਡੱਲਾ ਤੇ ਮਨਦੀਪ ਸਿੰਘ ਹਾਜ਼ਰ ਸਨ।

## ਸਰਕਾਰ ਨੂੰ ਬਾਰਸ਼ਾਂ ਦੇ ਪੀੜ੍ਹਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਣਾ ਚਾਹੀਦੈ: ਕਾਮਰੇਡ ਟਿੱਬੀ



ਅਮਲੋਹ, 5 ਫਰਵਰੀ (ਜਸਵੰਤ ਸਿੰਘ): ਪਿਛਲੇ ਦਿਨੀਂ ਲਗਾਤਾਰ ਪਈ ਬਾਰਸ਼ ਕਾਰਣ ਹਲਕਾ ਅਮਲੋਹ ਦੇ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ, ਖਾਸ ਕਰਕੇ ਆਲੂਆਂ ਦੀ ਫ਼ਸਲ ਨੂੰ ਭਾਰੀ ਮਾਰ ਝੱਲਣੀ ਪਈ। ਇਹ ਗੱਲ ਕਾਮਰੇਡ ਸੁਖਦੇਵ ਸਿੰਘ ਟਿੱਬੀ ਨੇ ਅੱਜ ਇਥੇ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਪਾਈਪ ਲਗਾ ਕੇ ਲੋਕਾਂ ਦੇ ਖੇਤਾਂ ਵਿੱਚੋਂ ਪਾਣੀ ਕੱਢਿਆ ਪਰੰਤੂ ਸਰਕਾਰ ਵੱਲੋਂ ਪੀੜਤਾਂ ਲਈ ਅਜੇ ਤੱਕ ਕੋਈ ਮੁਆਵਜ਼ਾ ਦੇਣ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਤੁਰੰਤ ਇਸ ਪਾਸੇ ਧਿਆਨ ਦੇਣ ਦੀ ਮੰਗ ਕੀਤੀ। ਇਸ ਮੌਕੇ ਕਾਮਰੇਡ ਸੁਖਦੇਵ ਟਿੱਬੀ, ਕਾਮਰੇਡ ਸੁਖਚੈਨ ਦਨਘੇੜੀ ਤੇ ਸਾਬਕਾ ਸਰਪੰਚ ਨਵਾਬ ਖਾਂ ਸ਼ੇਰ ਪੁਰ ਹਾਜ਼ਰ ਸਨ।

## ਇੱਕ ਕਿਲੋ ਅਫੀਮ ਸਮੇਤ ਨਸ਼ਾ ਤਸਕਰ ਕਾਬੂ

ਮੱਲਾਵਾਲਾ, 5 ਫਰਵਰੀ (ਹਰਪਾਲ ਸਿੰਘ ਖ਼ਾਲਸਾ): ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਮੱਲਾਂਵਾਲਾ ਦੀ ਪੁਲਿਸ ਨੇ ਵੱਡੀ ਸਫਲਤਾ ਹਾਸਲ ਕਰਦੇ ਹੋਏ 1 ਕਿਲੋਗ੍ਰਾਮ ਅਫੀਮ ਸਮੇਤ ਇਕ ਨਸ਼ਾ ਤਸਕਰ ਨੂੰ ਕਾਬੂ ਕੀਤਾ ਹੈ।ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਏ.ਐਸ.ਆਈ. ਲਖਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ, ਜਿਸ ਵਿੱਚ ਏ.ਐਸ.ਆਈ. ਦਰਸ਼ਨ ਸਿੰਘ ਨੰਬਰ 287, ਪੀ.ਐਚ.ਜੀ. ਬਖ਼ਸ਼ੀਸ਼ ਸਿੰਘ ਨੰਬਰ 5926 ਤੇ ਪੀ.ਐਚ.ਜੀ. ਪਰਗਟ ਸਿੰਘ ਨੰਬਰ 6226 ਸ਼ਾਮਲ ਸਨ, ਸਰਕਾਰੀ ਗੱਡੀ ਨੰਬਰ PB-65-BH-0663 ਵਿੱਚ ਲੈਪਟਾਪ-ਪ੍ਰਿੰਟਰ ਗਸ਼ਤ ਦੌਰਾਨ ਇਲਾਕੇ ਵਿੱਚ ਮੌਜੂਦ ਸੀ। ਗਸ਼ਤ ਦੌਰਾਨ ਜਦ ਪੁਲਿਸ ਪਾਰਟੀ ਪਿੰਡ ਅਲੀਵਾਲਾ ਦੇ ਬੱਸ ਅੱਡੇ ਕੋਲ ਫਿਰੋਜ਼ਪੁਰ ਰੋਡ 'ਤੇ ਪਹੁੰਚੀ ਤਾਂ ਉੱਥੇ ਬੱਸ ਅੱਡੇ ਅੰਦਰ ਬੈਠੇ ਇਕ ਸਰਦਾਰ ਵਿਅਕਤੀ ਨੇ ਪੁਲਿਸ ਗੱਡੀ ਨੂੰ ਦੇਖ ਕੇ ਆਪਣੇ ਹੱਥ ਵਿੱਚ ਫੜਿਆ ਕਾਲੇ ਰੰਗ ਦਾ ਮੋਮੀ ਲਿਫਾਫਾ ਬੱਸ ਅੱਡੇ ਦੀ ਬੈਠਕ ਹੇਠਾਂ ਸੁੱਟ ਦਿੱਤਾ ਅਤੇ ਮੌਕੇ ਤੋਂ ਖਿਸਕਣ ਦੀ ਕੋਸ਼ਿਸ਼ ਕਰਨ ਲੱਗਾ।ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਉਸ ਵਿਅਕਤੀ ਨੂੰ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਆਪਣਾ ਨਾਮ ਗੁਰਬਚਨ ਸਿੰਘ ਉਰਫ਼ ਬਚਨ ਪੁੱਤਰ ਹਰੀ ਸਿੰਘ, ਵਾਸੀ ਪਿੰਡ ਅਟਾਰੀ, ਥਾਣਾ ਆਰਿਫਕੇ ਦੱਸਿਆ। ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਸੁੱਟਿਆ ਹੋਇਆ ਮੋਮੀ ਲਿਫਾਫਾ ਬਰਾਮਦ ਕੀਤਾ ਗਿਆ, ਜਿਸ ਦੀ ਜਾਂਚ ਕਰਨ 'ਤੇ ਅੰਦਰੋਂ ਚਿੱਟੇ ਰੰਗ ਦੇ ਲਿਫਾਫੇ ਵਿੱਚ ਅਫੀਮ ਮਿਲੀ।ਡਰੱਗ ਕਿੱਟ ਨਾਲ ਜਾਂਚ ਕਰਨ ਉਪਰੰਤ ਅਫੀਮ ਹੋਣ ਦੀ ਪੁਸ਼ਟੀ ਹੋਈ ਅਤੇ ਕੰਪਿਊਟਰ ਕਾਂਟੇ ਨਾਲ ਤੋਲ ਕਰਨ 'ਤੇ ਸਮੇਤ ਲਿਫਾਫੇ ਵਜ਼ਨ 1 ਕਿਲੋਗ੍ਰਾਮ ਨਿਕਲਿਆ। ਬਰਾਮਦ ਅਫੀਮ ਨੂੰ ਕਾਨੂੰਨੀ ਕਾਰਵਾਈ ਅਧੀਨ ਸੀਲ ਕਰਕੇ ਪੁਲਿਸ ਕਬਜ਼ੇ ਵਿੱਚ ਲਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਨਸ਼ਿਆਂ ਖ਼ਿਲਾਫ਼ ਪੁਲਿਸ ਦੀ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਸਾਰੀ ਕਾਰਵਾਈ ਦੀ ਵੀਡੀਓ ਧਾਰਾ 105 BNSS ਤਹਿਤ 5-Sakshya ਰਾਹੀਂ ਤਿਆਰ ਕੀਤੀ ਗਈ ਹੈ। ਮੁਲਜ਼ਮ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 18/61/85 ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਸ੍ਰੀ ਸ਼ੀਤਲਾ ਮਾਤਾ ਮੰਦਰ ਕਮੇਟੀ ਨੇ ਬੱਚਿਆਂ ਨੂੰ ਗਰਮ ਕੱਪੜੇ ਵੰਡੇ



ਅਮਲੋਹ, 5 ਫਰਵਰੀ (ਜਸਵੰਤ ਸਿੰਘ): ਸ੍ਰੀ ਸ਼ੀਤਲਾ ਮਾਤਾ ਮੰਦਿਰ ਕਮੇਟੀ ਟਰੱਸਟ ਤੇ ਮਹਿਲਾ ਸੇਵਾ ਸਮਿਤੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਅਮਲੋਹ ਵਿੱਚ ਬੱਚਿਆਂ ਨੂੰ ਸਰਦੀ ਦੇ ਸੂਟ, ਜੀਨਾਂ ਆਦਿ ਦਿਤੇ ਗਏ। ਸ੍ਰੀ ਸ਼ੀਤਲਾ ਮਾਤਾ ਮੰਦਿਰ ਕਮੇਟੀ ਦੇ ਚੇਅਰਮੈਨ ਸੁਸ਼ੀਲ ਬੰਸਲ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਸਤਿਕਾਰ ਕਰਨ।ਉਨ੍ਹਾਂ ਦੱਸਿਆ ਕਿ ਇਸ ਕਾਰਜ ਵਿਚ ਮੰਜ਼ਿਲ ਮਹਿਰਾ ਤੇ ਹਰੀਸ਼ ਮਹਿਰਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਕਿਹਾ ਕਿ ਇਹ ਕਾਰਜ ਮਾਸਟਰ ਰਾਜੀਵ ਕਰਕਰਾ ਦੀ ਪ੍ਰੇਰਨਾ ਸਦਕਾ ਹੋਇਆ, ਜਿਸ ਲਈ ਉਨ੍ਹਾਂ ਧੰਨਵਾਦ ਵੀ ਕੀਤਾ। ਕਮੇਟੀ ਦੇ ਵਾਈਸ ਚੇਅਰਮੈਨ ਇੰਦਰ ਮੋਹਨ ਸੂਦ ਨੇ ਕਿਹਾ ਕਿ ਸਕੂਲ ਵਿੱਚ ਆ ਕੇ ਉਨ੍ਹਾਂ ਨੂੰ ਆਪਣਾ ਬਚਪਨ ਯਾਦ ਆ ਗਿਆ, ਜਦੋਂ ਉਨ੍ਹਾਂ ਬੱਚਿਆਂ ਨਾਲ ਰਾਸ਼ਟਰੀ ਗੀਤ ਗਾਇਆ। ਸਕੂਲ ਅਧਿਆਪਕਾ ਕਮਲਜੀਤ ਕੌਰ ਨੇ ਮੰਦਰ ਕਮੇਟੀ ਦਾ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੀ ਅਪੀਲ ਕੀਤੀ। ਉਨ੍ਹਾਂ ਮੰਦਿਰ ਕਮੇਟੀ ਨੂੰ ਵੀ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਇੰਦਰ ਮੋਹਨ ਸੂਦ, ਦੀਪਕ ਮੜਕਨ, ਪੰਡਿਤ ਦੀਪਕ ਸ਼ਰਮਾ, ਵਿਸ਼ਾਲ ਖੁੱਲਰ ਜੌਲੀ, ਪਿੰਕੀ ਅਰੋੜਾ, ਪੂਜਾ ਪੁਰੀ ਤੇ ਜੋਤੀ ਕੱਕੜ ਹਾਜ਼ਰ ਸਨ।

# 7-ਰੋਜ਼ਾ 'ਯੁਵਾ ਆਪਦਾ ਮਿੱਤਰ' ਸਿਖਲਾਈ ਕੈਂਪ ਸਫਲਤਾਪੂਰਵਕ ਸੰਪੰਨ



ਲੁਧਿਆਣਾ, 5 ਫਰਵਰੀ (ਵਿਸ਼ਾਲ ਸ਼ਰਮਾ): ਲੁਧਿਆਣਾ ਵਿਖੇ ਚੱਲ ਰਿਹਾ 7-ਰੋਜ਼ਾ 'ਯੁਵਾ ਆਪਦਾ ਮਿੱਤਰ' ਸਿਖਲਾਈ ਕੈਂਪ ਵੀਰਵਾਰ ਨੂੰ ਸਫਲਤਾਪੂਰਵਕ ਸੰਪੰਨ ਹੋ ਗਿਆ। ਇਸ ਸਮਾਪਤੀ ਸਮਾਰੋਹ ਦੌਰਾਨ 230 ਵਲੰਟੀਅਰਾਂ ਜਿਨ੍ਹਾਂ ਵਿੱਚ ਰਾਸ਼ਟਰੀ ਸੇਵਾ ਯੋਜਨਾ (ਐਨ.ਐਸ.ਐਸ) ਦੇ 218 ਵਲੰਟੀਅਰ ਅਤੇ ਨਹਿਰੂ ਯੁਵਾ ਕੇਂਦਰ ਸੰਗਠਨ (ਐਨ.ਵਾਈ.ਕੇ.ਐਸ) ਦੇ 12 ਵਲੰਟੀਅਰ ਨੂੰ 'ਫਸਟ ਰਿਸਪੌਂਡਰ' ਵਜੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਫੈਲੋਸ਼ਿਪ ਅਫ਼ਸਰ ਅੰਬਰ ਬੰਦੋਪਾਧਿਆਏ ਨੇ ਇਸ ਸਮਾਪਤੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਵਲੰਟੀਅਰਾਂ ਨੂੰ ਦੇਸ਼ ਦੀ ਸੇਵਾ ਲਈ ਤਤਪਰ ਰਹਿਣ ਲਈ ਪ੍ਰੇਰਿਤ ਕੀਤਾ। ਸਮਾਰੋਹ ਦੌਰਾਨ ਵਲੰਟੀਅਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਸ ਨੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ। ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ (ਐਮ.ਜੀ.ਸੀ.ਪੀ.ਏ) ਪ੍ਰੋ. ਡਾ. ਜੋਗ ਸਿੰਘ ਭਾਟੀਆ ਨੇ ਮੁੱਖ ਮਹਿਮਾਨ ਨੂੰ ਸਤਿਕਾਰ ਵਜੋਂ ਟੋਕਨ ਆਫ਼ ਲਵ ਭੇਂਟ ਕੀਤਾ ਅਤੇ ਸਮੂਹ ਵਲੰਟੀਅਰਾਂ ਨੂੰ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਇੰਸਟ੍ਰਕਟਰ ਟੀਮ ਹਰਕੀਰਤ ਸਿੰਘ ਅਰੋੜਾ (ਟ੍ਰੇਨਿੰਗ ਕੋਆਰਡੀਨੇਟਰ), ਮਨਜੋਤ ਕੌਰ, ਸੁਖਚੈਨ ਸਿੰਘ, ਕੋਮਲ, ਦੀਨਾਕਸ਼ੀ, ਪੂਜਾ, ਦਵਿੰਦਰ ਕੌਰ, ਜੌਹਨਸਨ, ਮਨਦੀਪ ਕੁਮਾਰ, ਰਣਜੀਤ ਸਿੰਘ ਭਾਟੀਆ ਅਤੇ ਸਲੋਨੀ ਸ਼ਰਮਾ ਵੀ ਹਾਜ਼ਰ ਸੀ।

# ਮੁੱਖ ਸੇਵਾ ਕੇਂਦਰ ਵਿੱਚ ਭਰਤੀ ਲਈ ਨੌਕਰੀ ਮੇਲਾ 9 ਨੂੰ

ਲੁਧਿਆਣਾ, 5 ਫਰਵਰੀ (ਵਿਸ਼ਾਲ ਸ਼ਰਮਾ): ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਬਿਹਤਰ ਅਵਸਰ ਪ੍ਰਦਾਨ ਕਰਨ ਅਤੇ ਸਰਕਾਰੀ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਸੇਵਾ ਕੇਂਦਰਾਂ ਦੇ ਕੰਮਕਾਜ ਨੂੰ ਵਧੇਰੇ ਚੁਸਤ-ਦਰੁਸਤ ਬਣਾਉਣ ਲਈ ਇੱਕ ਅਹਿਮ ਪਹਿਲਕਦਮੀ ਕੀਤੀ ਗਈ ਹੈ। ਸੇਵਾ ਕੇਂਦਰਾਂ ਦੇ ਪੰਜਾਬ ਪ੍ਰੋਜੈਕਟ ਹੈੱਡ ਸ੍ਰੀ ਪ੍ਰਭਜੋਤ ਸਿੰਘ ਨੇ ਦੱਸਿਆ ਹੈ ਕਿ ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ 9 ਫਰਵਰੀ ਨੂੰ ਸੂਬਾ ਪੱਧਰੀ ਨੌਕਰੀ ਮੇਲਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 9 ਫਰਵਰੀ ਦਿਨ ਸੋਮਵਾਰ ਨੂੰ ਪੂਰੇ ਪੰਜਾਬ ਦੇ ਡੀ.ਸੀ. ਦਫਤਰਾਂ 'ਚ ਸਥਿਤ ਮੁੱਖ ਸੇਵਾ ਕੇਂਦਰਾਂ ਵਿਚ ਕੇ.ਵਾਈ.ਸੀ. ਓਪਰੇਟਰਾਂ ਦੀ ਭਰਤੀ ਕਰਨ ਲਈ ਨੌਕਰੀ ਮੇਲਾ ਸਵੇਰੇ 9:30 ਵਜੇ ਤੋਂ ਸ਼ਾਮ 3:30 ਵਜੇ ਤੱਕ ਲਗਾਇਆ ਜਾ ਰਿਹਾ ਹੈ।

# 2026 ਦੇ ਕ੍ਰਿਕਟ ਸੀਜ਼ਨ ਲਈ ਏਵਨ ਸਾਈਕਲਜ਼ ਦੀ ਮੁੰਬਈ ਇੰਡੀਅਨਜ਼ ਨਾਲ ਸਾਂਝੇਦਾਰੀ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ): ਏਵਨ ਸਾਈਕਲਜ਼ ਨੇ ਟੀ20 ਲੀਗ 2026 ਲਈ ਮੁੰਬਈ ਇੰਡੀਅਨਜ਼ ਨਾਲ ਫਰੈਂਚਾਇਜ਼ੀ ਦੇ ਅਧਿਕਾਰਤ ਸਾਈਕਲਿੰਗ ਸਾਥੀ ਵਜੋਂ ਆਪਣੀ ਸਾਂਝੇਦਾਰੀ ਦਾ ਐਲਾਨ ਕੀਤਾ ਹੈ। ਏਵਨ ਸਾਈਕਲਜ਼ ਐਮਟੀਬੀ ਰੇਂਜ ਵਿੱਚ ਇੱਕ ਵਿਸ਼ੇਸ਼ ਐਡੀਸ਼ਨ ਸਹਿ-ਬ੍ਰਾਂਡ ਵਾਲੀ ਸਾਈਕਲ ਪਲਟਨ ਲਾਂਚ ਕਰ ਰਿਹਾ ਹੈ। ਇਹ ਸਾਈਕਲ ਸਾਰੇ ਪ੍ਰਚੂਨ ਚੈਨਲਾਂ ਦੇ ਨਾਲ-ਨਾਲ ਆਨਲਾਈਨ ਵੀ ਖਰੀਦ ਲਈ ਉਪਲਬਧ ਹੋਵੇਗਾ। ਸਾਂਝੇਦਾਰੀ 'ਤੇ ਬੋਲਦੇ ਹੋਏ ਓਂਕਾਰ ਸਿੰਘ ਪਾਹਵਾ, ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ, ਏਵਨ ਸਾਈਕਲਜ਼, ਨੇ ਕਿਹਾ ਮੁੰਬਈ ਇੰਡੀਅਨਸ ਨਾਲ ਸਾਡੀ ਭਾਈਵਾਲੀ ਸਾਨੂੰ ਲੱਖਾਂ ਕ੍ਰਿਕਟ ਸੰਸਕਾ ਨਾਲ ਜੋੜੇਗੀ। ਰਿਸ਼ੀ ਪਾਹਵਾ, ਪ੍ਰਬੰਧ ਨਿਰਦੇਸ਼ਕ, ਏਵਨ ਸਾਈਕਲਜ਼, ਨੇ ਕਿਹਾ ਕਿ ਇਹ ਭਾਈਵਾਲੀ ਸਾਨੂੰ ਮੁੰਬਈ ਇੰਡੀਅਨਜ਼ ਦੀ ਊਰਜਾ ਅਤੇ ਦੇਸ਼ ਭਰ ਵਿੱਚ ਕ੍ਰਿਕਟ ਪ੍ਰਸ਼ੰਸਕਾਂ ਦੇ ਜਨੂੰਨ ਨਾਲ ਜੁੜਨ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਪ੍ਰਦਾਨ ਕਰਦੀ ਹੈ। ਮਨਦੀਪ ਸਿੰਘ ਪਾਹਵਾ, ਸੰਯੁਕਤ ਪ੍ਰਬੰਧ ਨਿਰਦੇਸ਼ਕ, ਏਵਨ ਸਾਈਕਲਜ਼, ਨੇ ਕਿਹਾ ਕਿ ਮੁੰਬਈ ਇੰਡੀਅਨਜ਼ ਨਾਲ ਹੱਥ ਮਿਲਾਉਣ ਨਾਲ ਸਾਨੂੰ ਦੇਸ਼ ਭਰ ਵਿੱਚ ਆਪਣੀ ਪਹੁੰਚ ਨੂੰ ਮਜ਼ਬੂਤ ਕਰਨ ਦੀ ਆਗਿਆ ਮਿਲਦੀ ਹੈ। ਭਾਈਵਾਲੀ 'ਤੇ ਟਿੱਪਣੀ ਕਰਦੇ ਹੋਏ, ਮੁੰਬਈ ਇੰਡੀਅਨਜ਼ ਦੇ ਇੱਕ ਅਧਿਕਾਰੀ ਨੇ ਕਿਹਾ: ਅਸੀਂ ਇਸ ਸੀਜ਼ਨ ਵਿੱਚ ਭਾਈਵਾਲੀ ਦਾ ਸਵਾਗਤ ਕਰਦੇ ਹਾਂ ਤੇ ਬੇਹੱਦ ਖੁਸ਼ ਹਾਂ। ਬ੍ਰਾਂਡ ਨੇ ਆਪਣੇ ਪੋਰਟਫੋਲੀਓ ਨੂੰ ਮਜ਼ਬੂਤ ਕੀਤਾ ਹੈ ਅਤੇ ਫਿਟਨੈਸ ਉਪਕਰਣਾਂ - ਏਵਨ ਫਿਟਨੈਸ ਵਿੱਚ ਕਾਰੋਬਾਰ ਸਥਾਪਤ ਕੀਤੇ ਹਨ ਅਤੇ ਈ-ਸਕੂਟਰਾਂ ਅਤੇ ਈ-ਰਿਕਸ਼ਾ ਨਾਲ ਈ-ਮੋਬਿਲਿਟੀ ਵਿੱਚ ਆਪਣੀ ਦੇਸ਼ ਵਿਆਪੀ ਮੌਜੂਦਗੀ ਸਥਾਪਤ ਕੀਤੀ ਹੈ।

# ਰਾਹੁਲ ਗਾਂਧੀ ਦੀ ਬਿਆਨਬਾਜ਼ੀ ਲੋਕਤੰਤਰ ਦਾ ਅਪਮਾਨ: ਗੋਸ਼ਾ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ): ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਗੁਰਦੀਪ ਸਿੰਘ ਗੋਸ਼ਾ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਗੱਦਾਰ ਕਹਿ ਕੇ ਰਾਹੁਲ ਗਾਂਧੀ ਨੇ ਨਾ ਸਿਰਫ ਇੱਕ ਸਿੱਖ ਆਗੂ ਦਾ ਅਪਮਾਨ ਕੀਤਾ ਹੈ, ਸਗੋਂ ਪੂਰੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਭਾਵਨਾ ਨੂੰ ਠੇਸ ਪਹੁੰਚਾਈ ਹੈ।ਗੋਸ਼ਾ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਇਹ ਬਿਆਨਬਾਜ਼ੀ ਉਨ੍ਹਾਂ ਦੀ ਖਾਨਦਾਨੀ ਅਤੇ ਵੰਡ ਪੈਦਾ ਕਰਨ ਵਾਲੀ ਸੋਚ ਨੂੰ ਬੇਨਕਾਬ ਕਰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਹੁਲ ਗਾਂਧੀ ਲਗਾਤਾਰ ਸੰਸਦ ਦੀ ਮਰਿਆਦਾ ਨੂੰ ਠੇਸ ਪਹੁੰਚਾ ਰਹੇ ਹਨ ਅਤੇ ਉਨ੍ਹਾਂ ਦੀ ਗੈਰ-ਜ਼ਿੰਮੇਵਾਰਾਨਾ ਰਾਜਨੀਤੀ ਕਾਰਨ ਦੇਸ਼ ਦੀ ਸੰਸਦੀ ਪ੍ਰਣਾਲੀ ਪ੍ਰਭਾਵਿਤ ਹੋ ਰਹੀ ਹੈ। ਉਹਨਾਂ ਕਿਹਾ ਕਿ ਸੰਸਦ ਦੀ ਕਾਰਵਾਈ ਵਿੱਚ ਰੁਕਾਵਟ ਆਉਣ ਕਾਰਨ ਦੇਸ਼ ਦੇ ਕਰਦਾਤਿਆਂ ਦੇ ਕਰੋੜਾਂ ਰੁਪਏ ਹਰ ਰੋਜ਼ ਬਰਬਾਦ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਦ ਚਲਾਉਣ 'ਤੇ ਹਰ ਰੋਜ਼ ਲੱਗਭੱਗ ਕਰੋੜਾਂ ਰੁਪਏ ਖਰਚ ਹੁੰਦੇ ਹਨ ਅਤੇ ਵਿਰੋਧੀ ਧਿਰ ਦੇ ਨੇਤਾ ਵੱਲੋਂ ਰੁਕਾਵਟ ਪੈਦਾ ਕਰਨਾ ਲੋਕਤੰਤਰ ਨਾਲ ਖਿਲਵਾੜ ਹੈ।

ਗੋਸ਼ਾ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਦਿਸ਼ਾਹੀਣ ਅਤੇ ਅਹੰਕਾਰਪੂਰਨ ਨੇਤਾ ਗਿਰੀ ਕਾਰਨ ਕਾਂਗਰਸ ਪਾਰਟੀ ਲਗਾਤਾਰ ਕਮਜ਼ੋਰ ਹੋ ਰਹੀ ਹੈ ਅਤੇ ਪਾਰਟੀ ਦੇ ਸੀਨੀਅਰ ਅਤੇ ਪ੍ਰਭਾਵਸ਼ਾਲੀ ਨੇਤਾ ਕਾਂਗਰਸ ਛੱਡਣ ਲਈ ਮਜਬੂਰ ਹੋ ਰਹੇ ਹਨ। ਇਸੇ ਕਰਕੇ ਰਵਨੀਤ ਬਿੱਟੂ ਨੇ ਕਾਂਗਰਸ ਛੱਡੀ ਸੀ। ਉਨ੍ਹਾਂ ਮੰਗ ਕੀਤੀ ਕਿ ਸੰਸਦ ਦੀ ਕਾਰਵਾਈ ਵਿੱਚ ਭਾਗ ਲੈਣ ਤੋਂ ਪਹਿਲਾਂ ਰਾਹੁਲ ਗਾਂਧੀ ਦਾ ਡੋਪ ਟੈਸਟ ਕਰਵਾਇਆ ਜਾਵੇ ਤਾਂ ਜੋ ਸੱਚਾਈ ਦੇਸ਼ ਦੇ ਸਾਹਮਣੇ ਆ ਸਕੇ।

# ਜਗਦੇਵ ਖ਼ਾਨ ਦੇ ਨਵੇਂ ਗੀਤ 'ਮੇਰਾ ਬਾਪੂ' ਦੀ ਸ਼ੂਟਿੰਗ ਮੁਕੰਮਲ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ): ਮੁੱਢ ਕਦੀਮੋਂ ਹੀ ਧੀਆਂ ਨੂੰ ਸਮਾਜਿਕ ਜਾਗ੍ਰਿਤੀ ਦੀ ਅਣਹੋਂਦ ਤੇ ਅਨਪੜ੍ਹਤਾ ਕਾਰਣ ਆਪਣੀ ਸਮਾਜਿਕ ਆਜ਼ਾਦੀ ਤੇ ਅਧਿਕਾਰਾਂ ਤੋਂ ਵਾਂਝੇ ਰਹਿਣ ਲਈ ਮਜ਼ਬੂਰ ਹੋਣਾ ਪਿਆ ਹੈ, ਪਰ ਮੌਜੂਦਾ ਸਮੇਂ ਵਿੱਚ ਬੇਸ਼ੱਕ ਪੰਜਾਬ ਦੀਆਂ ਵੱਡੀ ਗਿਣਤੀ ਵਿੱਚ ਧੀਆਂ ਨੇ ਵੱਖ ਵੱਖ ਖੇਤਰਾਂ ਵਿੱਚ ਵੱਡੀਆਂ ਪੁਲਾਂਘਾ ਪੁੱਟ ਕੇ ਸਮਾਜ ਨੂੰ ਆਪਣੀ ਹੋਂਦ ਦੀ ਪਹਿਚਾਣ ਕਰਵਾ ਦਿੱਤੀ ਹੈ, ਪਰ ਇਸਦੇ ਬਾਵਜੂਦ ਅਜੇ ਵੀ ਕਈ ਲੋਕ ਧੀਆਂ ਤੇ ਪੁੱਤਰਾਂ ਵਿੱਚ ਫ਼ਰਕ ਮਹਿਸੂਸ ਕਰਵਾ ਕੇ ਧੀਆਂ ਦਾ ਮਨੋਬਲ ਕਮਜ਼ੋਰ ਕਰ ਰਹੇ ਹਨ, ਜਿਸ ਦੇ ਖ਼ਾਤਮੇ ਲਈ ਸਮਾਜ ਦੇ ਹਰੇਕ ਵਰਗ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਪੰਜਾਬੀ ਲੋਕ ਗਾਇਕ ਜਗਦੇਵ ਖਾਨ ਨੇ ਪਿੰਡ ਖੇੜੀ ਵਿਖੇ ਬੂਟਾ ਖਾਨ ਦੇ ਘਰ ਆਪਣੇ ਨਵੇਂ ਸਿੰਗਲ ਟ੍ਰੈਕ 'ਮੇਰਾ ਬਾਪੂ' ਦੀ ਸ਼ੂਟਿੰਗ ਦੌਰਾਨ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਹਰ ਇੱਕ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਜਿਸ ਘਰ ਧੀ ਹੈ ਉਸ ਘਰ ਹੀ ਖ਼ੁਦਾ ਦਾ ਵਾਸ ਹੈ।ਆਪਣੇ ਪਿਤਾ ਪ੍ਰਤੀ ਇੱਕ ਧੀ ਦੀ ਸੋਚ ਨੂੰ ਉਜਾਗਰ ਕਰਦੇ ਇਸ ਗੀਤ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦਾਵਲੀ ਵਿੱਚ ਉੱਘੇ ਪੰਜਾਬੀ ਗੀਤਕਾਰ ਅਲਬੇਲ ਬਰਾੜ ਨੇ ਪ੍ਰੋਇਆ ਹੈ ਜਦਕਿ ਇਸ ਨੂੰ ਆਪਣੀਆਂ ਮਨਮੋਹਕ ਸੰਗੀਤਕ ਧੁਨਾਂ ਨਾਲ ਕੀਰਤੀ ਮਿਊਜ਼ਿਕ ਸਟੂਡੀਓ ਨੇ ਸ਼ਿੰਗਾਰਿਆ ਹੈ। ਇਸ ਗੀਤ ਦਾ ਬੇਹੱਦ ਭਾਵੁਕ ਜਿਹਾ ਵੀਡੀਓ ਅਵਤਾਰ ਵਰਮਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਬੇਬੀ ਏਂਜ਼ਲ ਤੇ ਬੇਬੀ ਹਰਲੀਨ ਖਾਨ ਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ, ਜਦਕਿ ਬਾਕੀ ਅਦਾਕਾਰਾਂ ਵਿੱਚ ਰਵਿੰਦਰ ਕੌਰ, ਗੁਰਪ੍ਰੀਤ ਸਿੰਘ, ਹੁਸਨਾਂ ਬੇਗਮ, ਰਜ਼ੀਆ ਖੇੜੀ, ਸਹਿਜ ਅਲਿਫ, ਸ਼ਹਿਰੀਨ, ਜ਼ਰੀਨ ਖੇੜੀ ਵੀ ਨਜ਼ਰ ਆਉਣਗੇ।ਉਹਨਾਂ ਦੱਸਿਆ ਕਿ ਇਹ ਗੀਤ ਬਹੁਤ ਜਲਦ ਹੀ ਜ਼ੀਆ ਪ੍ਰੋਡਕਸ਼ਨ ਵੱਲੋਂ ਵਰਲਡ ਦੁਨੀਆਂ ਭਰ ਵਿੱਚ ਰਿਲੀਜ਼ ਕਰ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਗਰੇਵਾਲ, ਸਿਮਰਾਨ ਖਾਨ, ਨਾਵੇਦ ਖੇੜੀ, ਰਮਜ਼ਾਨ ਖਾਨ, ਸ਼ਰੀਫ ਮੁਹੰਮਦ, ਸਲੀਮ ਮੁਹੰਮਦ, ਹਰਜਿੰਦਰ ਸਿੰਘ ਖੇੜੀ, ਅਸਗਰ ਅਲੀ, ਸਦੀਕ ਖੇੜੀ ਆਦਿ ਸਮੇਤ ਕਈ ਸ਼ਖ਼ਸ਼ੀਅਤਾਂ ਮੌਜੂਦ ਸਨ।

# ਪੰਜਾਬ ਦੀ ਖਸਤਾਹਾਲ ਸਿਹਤ ਪ੍ਰਣਾਲੀ ਵਿੱਚ ਢਾਂਚਾਗਤ ਸੁਧਾਰਾਂ ਦੀ ਲੋੜ : ਦੀਵਾਨ



ਲੁਧਿਆਣਾ, 5 ਫ਼ਰਵਰੀ (ਰਵਿੰਦਰ ਸਿੰਘ ਨਿੱਝਰ) : ਸੂਬੇ ਦੀ ਆਪ ਸਰਕਾਰ ਵੱਲੋਂ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲਿਨਿਕਾਂ ਵਿੱਚ ਤਬਦੀਲ ਕਰਨ ਦੇ ਫ਼ੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ, ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਉਹ ਜ਼ਮੀਨੀ ਪੱਧਰ 'ਤੇ ਨਾਕਾਮ ਰਹੀ ਖੋਖਲੀ ਦਿਖਾਵਟ ਨਾਲ ਲੋਕਾਂ ਨੂੰ ਧੋਖਾ ਦੇ ਰਹੀ ਹੈ। ਉਹਨਾਂ ਕਿਹਾ ਕਿ ਪਹਿਲਾਂ ਤੋਂ ਮੌਜੂਦ 881 ਆਮ ਆਦਮੀ ਕਲਿਨਿਕਾਂ ਵਿੱਚੋਂ ਜ਼ਿਆਦਾਤਰ ਬਦਹਾਲ ਹਾਲਤ ਵਿੱਚ ਹਨ ਅਤੇ ਬਹੁਤਿਆਂ ਵਿੱਚ ਬੁਨਿਆਦੀ ਢਾਂਚੇ ਦੀ ਵੀ ਘਾਟ ਹੈ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਮਜ਼ਬੂਤ ਕਰਨ ਦੀ ਥਾਂ 'ਤੇ ਸਰਕਾਰ ਡਿਸਪੈਂਸਰੀਆਂ ਨੂੰ ਨਵੇਂ ਸਾਈਨਬੋਰਡ ਲਗਾ ਕੇ ਮੁੜ ਤੋਂ ਰੰਗਾਈ ਕਰਨ ਵਿੱਚ ਲੱਗੀ ਹੋਈ ਹੈ, ਜਦਕਿ ਮਰੀਜ਼ ਅਜੇ ਵੀ ਪਰੇਸ਼ਾਨ ਹੋ ਰਹੇ ਹਨ। ਉਹਨਾਂ ਇਹ ਵੀ ਦੋਸ਼ ਲਗਾਇਆ ਕਿ ਪਿੰਡਾਂ ਦੀਆਂ ਸਰਕਾਰੀ ਡਿਸਪੈਂਸਰੀਆਂ ਨੂੰ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਵਿਭਾਗ ਦੇ ਦਾਇਰੇ ਤੋਂ ਬਾਹਰ ਕਰਕੇ ਆਪ ਸਰਕਾਰ ਜਾਣਬੁੱਝ ਕੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੀ ਹੈ, ਜਿਹੜਾ ਕਿ ਸੰਵਿਧਾਨ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਇਹ ਸਿਹਤ ਸੁਧਾਰ ਨਹੀਂ ਬਲਕਿ ਪੰਜਾਬ ਦੇ ਲੋਕਤੰਤਰਕ ਢਾਂਚੇ ਲਈ ਖ਼ਤਰਨਾਕ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਗੁਣਵੱਤਾਪੂਰਨ ਸਿਹਤ ਢਾਂਚਾ ਅਤੇ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਆਪ ਸਰਕਾਰ ਦੀ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਇਹ ਸਿਰਫ਼ ਖੋਖਲਾ ਪ੍ਰਚਾਰ ਜੋ ਕਿ ਲੋਕਾਂ ਦਾ ਧਿਆਨ ਸਰਕਾਰ ਦੀ ਲਗਾਤਾਰ ਅਣਦੇਖੀ ਅਤੇ ਡਗਮਗਾਉਂਦੀ ਸਿਹਤ ਪ੍ਰਣਾਲੀ ਤੋਂ ਹਟਾਉਣ ਲਈ ਕੀਤਾ ਜਾ ਰਿਹਾ ਹੈ। ਉਹਨਾਂ ਆਪ ਸਰਕਾਰ ਤੋਂ ਮੰਗ ਕੀਤੀ ਕਿ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਤਬਦੀਲ ਕਰਨ ਦੀ ਥਾਂ ਮੌਜੂਦਾ ਸਿਹਤ ਢਾਂਚੇ ਨੂੰ ਅਪਗ੍ਰੇਡ ਕਰਨ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਸਬਰ ਹੁਣ ਖ਼ਤਮ ਹੋ ਚੁੱਕਾ ਹੈ ਅਤੇ ਉਹ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਤੋਂ ਆਪ ਨੂੰ ਸੱਤਾ ਤੋਂ ਬਾਹਰ ਕਰਨ ਲਈ ਦ੍ਰਿੜ ਸੰਕਲਪ ਕਰੀ ਬੈਠੇ ਹਨ।

# ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਚਰਨ ਸਿੰਘ ਰਸੀਆ ਯਾਦ ਨੂੰ ਸਮਰਪਿਤ ਸਮਾਗਮ ਕਰਵਾਇਆ



ਲੁਧਿਆਣਾ, 5 ਫਰਵਰੀ (ਕਰਨੈਲ ਸਿੰਘ ਐੱਮ.ਏ.): ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਚਰਨ ਸਿੰਘ ਰਸੀਆ ਕੇਵਲ ਗੁਰੂ ਘਰ ਦੇ ਕੀਰਤਨੀਏ ਹੀ ਨਹੀਂ ਸਨ ਬਲ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਬਖਸ਼ੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਗੁਰੂ ਘਰ ਦੇ ਇੱਕ ਸੱਚੇ ਸੇਵਕ ਵੀ ਸਨ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਦਵਿੰਦਰ ਸਿੰਘ ਖਾਲਸਾ ਸੋਹਾਣੇ ਵਾਲਿਆਂ ਨੇ ਬੀਤੀ ਰਾਤ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੇਨਸ਼ਨ ਵਿਖੇ ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਚਰਨ ਸਿੰਘ ਰਸੀਆ ਜੀ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਪਹਿਲੇ ਬਰਸੀ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ, ਪ੍ਰਮੁੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸ਼ੀਅਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਇਸ ਦੌਰਾਨ ਸਮਾਗਮ ਅੰਦਰ ਪੁੱਜੇ ਸੰਤ ਬਾਬਾ ਲੱਖਾ ਸਿੰਘ ਨਾਨਕਸਰ ਕਲੇਰਾ, ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ, ਬਾਬਾ ਅਨਹਦਰਾਜ ਸਿੰਘ ਨਾਨਕਸਰ ਸਮਰਾਲਾ ਚੌਂਕ ਲੁਧਿਆਣਾ, ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਅਤੇ ਪ੍ਰਸਿੱਧ ਕੀਰਤਨੀਏ ਭਾਈ ਚਮਨਜੀਤ ਸਿੰਘ ਲਾਲ ਦਿੱਲੀ ਵਾਲਿਆਂ ਨੇ ਵੀ ਭਾਈ ਗੁਰਚਰਨ ਸਿੰਘ ਰਸੀਆ ਦੀਆਂ ਵਡਮੁੱਲੀਆਂ ਸੇਵਾਵਾਂ ਤੇ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਨੂੰ ਯਾਦ ਕਰਦਿਆਂ ਹੋਇਆਂ ਕਿਹਾ ਕਿ ਇਨਸਾਨੀ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਵਾਲੇ, ਸ਼ਬਦ ਗੁਰੂ ਦੇ ਜੱਸ ਰਾਹੀ ਸੰਗਤਾਂ ਨੂੰ ਪ੍ਰਭੂ ਭਗਤੀ ਨਾਲ ਜੋੜਨ ਵਾਲੇ ਅਤੇ ਆਪਣੀ ਉਸਾਰੂ ਸੋਚ ਨੂੰ ਮੁਨੱਖੀ ਕਲਿਆਣ ਦੇ ਕਾਰਜਾਂ ਵਿੱਚ ਲਗਾਉਣ ਵਾਲੇ ਭਾਈ ਗੁਰਚਰਨ ਸਿੰਘ ਰਸੀਆ ਪੰਥ ਤੇ ਸਮਾਜ ਦੀ ਇੱਕ ਅਜ਼ੀਮ ਸ਼ਖ਼ਸ਼ੀਅਤ ਸਨ। ਜਿਨ੍ਹਾਂ ਦੀਆਂ ਨਿੱਘੀਆਂ ਤੇ ਪਿਆਰੀਆਂ ਯਾਦਾਂ ਹਮੇਸ਼ਾਂ ਸਾਡੇ ਅੰਗ- ਸੰਗ ਵੱਸਦੀਆਂ ਰਹਿਣਗੀਆਂ, ਖਾਸ ਕਰਕੇ ਮੌਜੂਦਾ ਸਮੇਂ ਵਿੱਚ ਉਨ੍ਹਾਂ ਦੇ ਹੋਣਹਾਰ ਸਪੁੱਤਰਾਂ ਸ੍ਰ: ਜਗਜੀਤ ਸਿੰਘ, ਵਾਹਿਗੁਰੂਪਾਲ ਸਿੰਘ ਅਤੇ ਸਮੁੱਚੇ ਰਸੀਆ ਪਰਿਵਾਰ ਵੱਲੋਂ ਕੀਤੇ ਜਾ ਰਹੇ ਧਾਰਮਿਕ ਤੇ ਸਮਾਜਿਕ ਕਾਰਜ ਸੰਗਤਾਂ ਦੇ ਲਈ ਪ੍ਰੇਰਨਾ ਦਾ ਸਰੋਤ ਹਨ। ਇਸ ਤੋਂ ਪਹਿਲਾਂ ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਚਰਨ ਸਿੰਘ ਰਸੀਆ ਜੀ ਦੀ ਯਾਦ ਨੂੰ ਸਮਰਪਿਤ ਪਹਿਲੇ ਬਰਸੀ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਖਾਲਸਾ ਸੁਹਾਣੇ ਵਾਲੇ, ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਚਮਨਜੀਤ ਸਿੰਘ ਲਾਲ ਦਿੱਲੀ ਵਾਲੇ, ਭਾਈ ਗੁਰਪ੍ਰੀਤ ਸਿੰਘ ਸ਼ਿਮਲੇ ਵਾਲੇ, ਭਾਈ ਮਹਾਂਗੁਰਜੋਤ ਸਿੰਘ ਅਤੇ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਜੀ ਦੇ ਕੀਰਤਨੀ ਜੱਥੇ ਦੀਆਂ ਬੀਬੀਆਂ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਇਆ, ਉੱਥੇ ਨਾਲ ਹੀ ਪ੍ਰਸਿੱਧ ਕਥਾ ਵਾਚਕ ਬਾਬਾ ਬੰਤਾ ਸਿੰਘ ਨੇ ਗੁਰਬਾਣੀ ਦੀ ਕਥਾ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਦੇ ਨਾਲ ਕੀਤੀ । ਇਸ ਮੌਕੇ ਬਰਸੀ ਸਮਾਗਮ ਅੰਦਰ ਸੰਤ ਬਾਬਾ ਸੁਖਦੇਵ ਸਿੰਘ ਭੁੱਚੋ ਮੰਡੀ ਵਾਲੇ, ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ, ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ ਕਲੇਰਾਂ, ਬਾਬਾ ਹਰਚਰਨ ਸਿੰਘ ਖਾਲਸਾ ਰਾਮਪੁਰ ਵਾਲਿਆਂ ਵੱਲੋਂ ਵੀ ਆਪਣੇ ਸੇਵਕਾਂ ਰਾਹੀ ਰਸੀਆ ਪਰਿਵਾਰ ਨੂੰ ਆਪਣੀਆਂ ਨਿੱਘੀਆਂ ਅਸੀਸਾਂ ਭੇਜੀਆਂ ਗਈਆਂ । ਬਰਸੀ ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਸਮਾਗਮ ਅੰਦਰ ਪੁੱਜੀਆਂ ਸਮੂਹ ਸ਼ਖ਼ਸ਼ੀਅਤਾਂ ਅਤੇ ਸੰਗਤਾਂ ਦਾ ਰਸੀਆ ਪਰਿਵਾਰ ਵੱਲੋਂ ਧੰਨਵਾਦ ਪ੍ਰਗਟ ਕੀਤਾ। ਸਮਾਗਮ ਦੌਰਾਨ ਸਟੇਜ਼ ਸਕੱਤਰ ਦੀ ਸੇਵਾ ਗਿਆਨੀ ਗੁਰਮੀਤ ਸਿੰਘ ਜਲੰਧਰ ਵਾਲਿਆਂ ਨੇ ਬੜੀ ਬਾਖੂਬੀ ਨਾਲ ਨਿਭਾਈ । ਇਸ ਮੌਕੇ ਬਰਸੀ ਸਮਾਗਮ ਦੇ ਮੁੱਖ ਪ੍ਰਬੰਧਕ ਜਗਜੀਤ ਸਿੰਘ ਤੇ ਵਾਹਿਗੁਰੂਪਾਲ ਸਿੰਘ (ਸਪੁੱਤਰ ਗੁਰਚਰਨ ਸਿੰਘ ਰਸੀਆ), ਜਸਮਨ ਸਿੰਘ, ਗੁਰੂ ਫ਼ਤਿਹ ਸਿੰਘ, ਹਰਜਸ ਸਿੰਘ(ਪੋਤਰੇ), ਬੀਬੀ ਜੋਗਿੰਦਰ ਕੌਰ ਰਸੀਆ, ਮਨਪ੍ਰੀਤ ਸਿੰਘ ਯੂ.ਐਸ.ਏ, ਗੁਰਪ੍ਰੀਤ ਸਿੰਘ ਮੱਕੜ, ਭੁਪਿੰਦਰ ਸਿੰਘ ਮਨੀ ਜਿਊਲਰਜ਼, ਹਰਚਰਨ ਸਿੰਘ ਗੋਹਲਵੜੀਆਂ (ਸਾਬਕਾ ਮੇਅਰ ਲੁਧਿਆਣਾ), ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ, ਗੁਰਦੀਪ ਸਿੰਘ ਡੀਮਾਰਟੇ, ਭੁਪਿੰਦਰ ਸਿੰਘ ਮੱਕੜ, ਰਣਜੀਤ ਸਿੰਘ ਖਾਲਸਾ ਮੀਡੀਆ ਸਲਾਹਕਾਰ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰ ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਭੁਪਿੰਦਰ ਸਿੰਘ ਅਰੋੜਾ, ਅਵਤਾਰ ਸਿੰਘ ਬੀ.ਕੇ, ਹਰਮੀਤ ਸਿੰਘ ਡੰਗ, ਅਵਤਾਰ ਸਿੰਘ ਮਿੱਡਾ, ਗੁਰਪ੍ਰੀਤ ਸਿੰਘ ਪ੍ਰਿੰਸ, ਸੁਖਪ੍ਰੀਤ ਸਿੰਘ ਮਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਦੀ ਹੋਈ ਮੀਟਿੰਗ



ਲੁਧਿਆਣਾ, 5 ਫਰਵਰੀ (ਵਿਸ਼ਾਲ ਸ਼ਰਮਾ): ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਲੁਧਿਆਣਾ ਦੇ ਇੰਚਾਰਜ ਡਾ. ਗੁਰਨਾਮ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ, (ਇਨਪੁੱਟਸ) ਨੇ ਦਫਤਰ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਦੇ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ, ਸਾਰੇ ਬਲਾਕ ਖੇਤੀਬਾੜੀ ਅਫਸਰ, ਖੇਤੀਬਾੜੀ ਵਿਕਾਸ ਅਫਸਰ ਅਤੇ ਖੇਤੀਬਾੜੀ ਵਿਸਥਾਰ ਅਫਸਰ ਮੌਜੂਦ ਸਨ।

ਸੰਯੁਕਤ ਡਾਇਰੈਕਟਰ ਖੇਤੀਬਾੜੀ, (ਇਨਪੁੱਟਸ) ਡਾ. ਗੁਰਨਾਮ ਸਿੰਘ ਨੇ ਮੀਟਿੰਗ ਦੌਰਾਨ ਫੀਲਡ ਸਟਾਫ਼ ਨੂੰ ਸੋਇਲ ਹੈਲਥ ਕਾਰਡਾਂ ਦੀ ਪ੍ਰਗਤੀ, ਖੇਤੀਬਾੜੀ ਇੰਨਪੁਟਸ ਦੀ ਗੁਣਵੱਤਾ, ਸਬਸਿਡੀ ਵਾਲੀ ਮਸ਼ੀਨਰੀ ਦੀ ਬਕਾਇਆ ਈ.ਪੀ.ਵੀ, ਜਿਪਸਮ ਦੀ ਪੋਰਟਲ 'ਤੇ ਵੇਰੀਫਿਕੇਸ਼ਨ, ਕ੍ਰਿਸ਼ੀ ਮੈਪਰ ਐਪ ਤੇ ਫ਼ਸਲ ਡਾਟਾ ਅਪਡੇਸ਼ਨ ਦੀ ਪ੍ਰਗਤੀ, ਮਾਈਨਰ ਇਰੀਗੇਸ਼ਨ ਸਰਵੇਖਣਾਂ ਆਦਿ ਸਬੰਧੀ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ ਅਤੇ ਸਮੂਹ ਸਟਾਫ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕਿਸਾਨਾਂ ਤੱਕ ਇਹ ਸਾਰੀਆਂ ਸਕੀਮਾਂ ਦੇ ਲਾਭ ਪੁਹੰਚਾਉਣ ਲਈ ਸਖ਼ਤ ਹਦਾਇਤ ਕੀਤੀ ਗਈ। ਉਨ੍ਹਾਂ ਵੱਲੋਂ ਸਮੂਹ ਸਟਾਫ ਨੂੰ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਗਿਆ ਕਿ ਕਿਸੇ ਵੀ ਵਿਭਾਗ ਦੇ ਕੰਮ ਵਿੱਚ ਕਿਸੇ ਅਧਿਕਾਰੀ ਅਤੇ ਕਰਮਚਾਰੀ ਵਲੋਂ ਕੁਤਾਹੀ ਵਰਤੀ ਗਈ ਤਾਂ ਉਸ ਅਧਿਕਾਰੀ ਅਤੇ ਕਰਮਚਾਰੀ 'ਤੇ ਸਖ਼ਤ ਕਾਰਵਾਈ ਕੀਤੀ ਜਾਏਗੀ। ਅੰਤ ਵਿੱਚ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਸੰਯੁਕਤ ਡਾਇਰੈਕਟਰ ਖੇਤੀਬਾੜੀ, (ਇਨਪੁੱਟਸ) ਡਾ. ਗੁਰਨਾਮ ਸਿੰਘ ਭਰੋਸਾ ਦਿਵਾਇਆ ਕਿ ਵਿਭਾਗ ਵੱਲੋਂ ਪ੍ਰਭਾਵਸ਼ਾਲੀ ਅਤੇ ਕੁਸ਼ਲ ਤਰੀਕੇ ਨਾਲ ਕੰਮ ਕੀਤਾ ਜਾਵੇਗਾ ਤਾਂ ਜੋ ਖੇਤੀਬਾੜੀ ਇਨਪੁੱਟਸ ਦੀ ਸੰਯਮਿਤ ਵਰਤੋਂ ਅਤੇ ਕਿਸਾਨਾਂ ਨੂੰ ਉੱਚਿਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣ।

# ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵਿਖੇ ਇੰਟਰ ਕਾਲਜ ਖੇਡ ਮੇਲਾ ਕਰਵਾਇਆ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ) : ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ, ਲੁਧਿਆਣਾ ਵਿਖੇ ਦੋ ਰੋਜ਼ਾ ਇੰਟਰ ਕਾਲਜ ਖੇਡ ਮੇਲਾ ਕਰਵਾਇਆ ਗਿਆ। ਖੇਡ ਮੇਲੇ ਵਿੱਚ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਤੇ ਹਸਪਤਾਲ, ਲੁਧਿ:, ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ, ਮੰਡੀ ਗੋਬਿੰਦਗੜ੍ਹ, ਸਰਦਾਰ ਕਰਤਾਰ ਸਿੰਘ ਸਰਾਭਾ ਡੈਂਟਲ ਕਾਲਜ ਤੇ ਹਸਪਤਾਲ, ਸਰਾਭਾ (ਲੁਧਿ:) ਅਤੇ ਕ੍ਰਿਸ਼ਚੀਅਨ ਡੈਂਟਲ ਕਾਲਜ ਤੇ ਹਸਪਤਾਲ, ਲੁਧਿਆਣਾ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਉਦਘਾਟਨੀ ਸਮਾਰੋਹ ਵਿੱਚ ਵਿਦਿਆਰਥੀਆਂ ਦੁਆਰਾ ਕੀਤੀ ਗਈ ਭੰਗੜੇ ਦੀ ਪੇਸ਼ਕਾਰੀ ਨੇ ਖੂਬ ਰੰਗ ਬੰਨਿਆ। ਇਸ ਖੇਡ ਮੇਲੇ ਵਿੱਚ ਕ੍ਰਿਕੇਟ, ਵੋਲੀਬਾਲ, ਥ੍ਰੋਅ ਬਾਲ, ਬੈਡਮਿੰਟਨ, ਐਥਲੇਟਿਕਸ, ਖੋ-ਖੋ, ਟੇਬਲ ਟੈਨਿਸ, ਕੈਰਮ ਅਤੇ ਚੈੱਸ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਬੀ.ਜੇ.ਐਸ ਡੈਂਟਲ ਕਾਲਜ ਦੀ ਪ੍ਰਿੰਸੀਪਲ ਡਾ. ਨਮਿਤਾ ਸਿੰਘ ਨੇ ਹਿੱਸਾ ਲੈ ਰਹੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਖੇਡ ਮੇਲੇ ਦੇ ਪਹਿਲੇ ਦਿਨ 100 ਮੀਟਰ ਕੁੜੀਆਂ ਦੀ ਦੌੜ ਵਿੱਚ ਅਕਸ਼ੀ ਨੇ ਅਤੇ ਮੁੰਡਿਆਂ ਦੀ ਦੌੜ ਵਿੱਚ ਰਾਜਵੀਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਖੇਡ ਕਮੇਟੀ ਦੇ ਇੰਚਾਰਜ ਡਾ. ਬਲਜੀਤ ਸਿੰਘ ਹੋਰਾ ਤੇ ਡਾ. ਇਸ਼ਪਾਲ ਸਿੰਘ ਅਤੇ ਹੋਰ ਸੀਨੀਅਰ ਡਾਕਟਰ ਵੀ ਉੱਚੇਚੇ ਤੌਰ 'ਤੇ ਸ਼ਾਮਲ ਸਨ।

# ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ 'ਚ ਪਾਸ ਵਿਦਿਆਰਥੀਆਂ ਨੂੰ ਇਨਾਮ ਦਿੱਤੇ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ) : ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਥਰੀਕੇ ਵਿਖੇ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਚੰਗੇ ਨੰ ਪ੍ਰਾਪਤ ਕਰਨ ਅਤੇ ਪਾਸ ਹੋਏ ਵਿਦਿਆਰਥੀਆਂ ਨੂੰ ਅੱਜ ਇਨਾਮਾਂ ਅਤੇ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ।ਚੰਗੀਆਂ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਲੁਧਿਆਣਾ ਜ਼ੋਨ ਮੁਖੀ ਜਸਵੰਤ ਜ਼ੀਰਖ ਅਤੇ ਇਕਾਈ ਮੁਖੀ ਬਲਵਿੰਦਰ ਸਿੰਘ ਨੇ ਇਹ ਵੰਡ ਕਰਦਿਆਂ ਇਸ ਪ੍ਰੀਖਿਆ ਦੀ ਮਹੱਤਤਾ ਬਾਰੇ ਬਿਆਨ ਕਰਦਿਆਂ, ਨਵਾਂ ਤੇ ਸੁਚੱਜਾ ਸਮਾਜ ਸਿਰਜਣ ਲਈ ਵਿਦਿਆਰਥੀਆਂ ਵਿੱਚ ਅੰਧਵਿਸ਼ਵਾਸੀ ਵਿਚਾਰਾਂ ਦੇ ਖ਼ਾਤਮੇ ਲਈ ਵਿਗਿਆਨਿਕ ਚੇਤਨਾ ਫੈਲਾਉਣ ਨੂੰ ਜ਼ਰੂਰੀ ਕਰਾਰ ਦਿੱਤਾ।ਇਸ ਵਾਰ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਗਦਰ ਪਾਰਟੀ ਦੀ ਮਹਾਨ ਨਾਇਕਾ ਗਦਰੀ ਗੁਲਾਬ ਕੌਰ ਨੂੰ ਸਮਰਪਿਤ ਕੀਤੀ ਗਈ ਸੀ, ਜ਼ਿਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ ਹਕੂਮਤ ਖ਼ਿਲਾਫ਼ ਲੜਦਿਆਂ ਕੁਰਬਾਨੀ ਦਿੱਤੀ।ਜਸਵੰਤ ਜ਼ੀਰਖ ਨੇ ਇਸ ਮੌਕੇ ਗਦਰੀ ਬਾਬਿਆਂ ਵੱਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਅਤੇ ਵੱਖ ਵੱਖ ਵਿਗਿਆਨੀਆਂ ਵੱਲੋਂ ਆਪਣੀਆਂ ਖੋਜਾਂ ਰਾਹੀਂ ਸਮਾਜ ਨੂੰ ਦਿੱਤੀ ਨਵੀਂ ਰੌਸ਼ਨੀ ਬਾਰੇ ਜਾਣਕਾਰੀ ਸਾਂਝੀ ਕੀਤੀ। ਤਰਕਸ਼ੀਲ ਸੋਸਾਇਟੀ ਵੱਲੋਂ ਸਕੂਲ ਦੇ ਸਟਾਫ ਸਮੇਤ ਪ੍ਰਿੰਸੀਪਲ ਜਸਵਿੰਦਰ ਸਿੰਘ ਸਿੱਧੂ ਅਤੇ ਅਧਿਆਪਕਾ ਪ੍ਰਮਜੀਤ ਕੌਰ ਨੂੰ ਇਸ ਪ੍ਰੀਖਿਆ ਵਿੱਚ ਦਿੱਤੇ ਸਹਿਯੋਗ ਲਈ ਸਨਮਾਨਿਤ ਕੀਤਾ।

# ਭਾਜਪਾ ਪੰਜਾਬੀਆਂ ਤੋਂ ਮੁਫ਼ਤ ਵਿੱਚ ਵੋਟਾਂ ਭਾਲਦੀ ਹੈ: ਟਕਸਾਲੀ ਕਾਂਗਰਸੀ



ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ): ਅੱਜ ਇੱਥੇ ਸ਼ਿਮਲਾਪੁਰੀ ਵਿਖੇ ਟਕਸਾਲੀ ਕਾਂਗਰਸੀਆਂ ਦੀ ਇੱਕ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਸੀਨੀਅਰ ਕਾਂਗਰਸੀ ਆਗੂ ਡਾਕਟਰ ਓਂਕਾਰ ਚੰਦ ਸ਼ਰਮਾ, ਬਲਬੀਰ ਸਿੰਘ ਕਲਸੀ, ਰਜਿੰਦਰ ਸਿੰਘ ਬੇਦੀ, ਬਹਾਦਰ ਸਿੰਘ ਅਤੇ ਰਾਮ ਸਿੰਘ ਸ਼ਾਮਿਲ ਹੋਏ । ਮੀਟਿੰਗ ਉਪਰੰਤ ਸ਼ਰਮਾ ਕਲਸੀ, ਬੇਦੀ, ਬਹਾਦਰ ਅਤੇ ਰਾਮ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਵਿੱਚ ਪੰਜਾਬ ਲਈ ਕੱਖ ਵੀ ਨਹੀਂ ਦਿੱਤਾ ਗਿਆ । ਉਹਨਾਂ ਕਿਹਾ ਕਿ ਭਾਜਪਾ ਕੇਂਦਰ ਵਿੱਚ ਜਦੋਂ ਦੀ ਸੱਤਾ ਵਿੱਚ ਆਈ ਹੈ ਇਸ ਨੇ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਉਹਨਾਂ ਕਿਹਾ ਕਿ ਜੇਕਰ ਭਾਜਪਾ ਦੀ ਕੇਂਦਰ ਸਰਕਾਰ ਨੇ ਪੰਜਾਬ ਨੂੰ ਦੇਣਾ ਕੁਝ ਨਹੀਂ ਤਾਂ ਫਿਰ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਸੁਪਨੇ ਲੈਣਾ ਹਾਸੋਹੀਣੀ ਗੱਲ ਹੈ। ਉਹਨਾਂ ਕਿਹਾ ਕਿ ਭਾਜਪਾ ਦੇ ਇਹ ਸੁਪਨੇ ਮੰਗੇਰੀ ਲਾਲ ਦੇ ਸੁਪਨਿਆਂ ਵਰਗੇ ਹਨ ਅਤੇ ਕਦੇ ਵੀ ਸਾਕਾਰ ਨਹੀਂ ਹੋਣਗੇ ਕਿਉਂਕਿ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਜਪਾ ਤੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ ਅਤੇ ਇਸ ਨੇ ਹੁਣ ਤੱਕ ਸਿਰਫ ਫੋਕੇ ਲਾਰਿਆਂ ਅਤੇ ਝੂਠੇ ਵਾਅਦਿਆਂ ਨਾਲ ਪੰਜਾਬੀਆਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਭਾਜਪਾ ਕੰਧ ਤੇ ਲਿਖਿਆ ਪੜ੍ਹ ਲਵੇ ਕਿ ਪੰਜਾਬ ਵਿੱਚੋਂ ਭਾਜਪਾ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਰੱਦ ਹੋਣਗੀਆਂ।

# ਵਿਧਾਇਕ ਸਿੱਧੂ ਨੇ ਸ਼ਰਧਾਲੂਆਂ ਦੀ ਭਰੀ ਬੱਸ ਨੂੰ ਹਰੀ ਝੰਡੀ ਦੇ ਧਾਰਮਿਕ ਸਥਾਨਾਂ ਲਈ ਕੀਤਾ ਰਵਾਨਾ




ਲੁਧਿਆਣਾ, 5 ਫਰਵਰੀ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਲਈ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਦੁਰਗਿਆਣਾ ਮੰਦਿਰ, ਵਾਹਗਾ ਬਾਰਡਰ ਅਤੇ ਜਲਿਆਂਵਾਲਾ ਬਾਗ ਨੂੰ ਜਾਣ ਵਾਲੀ ਮੁਫ਼ਤ ਬੱਸ ਸੇਵਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਸਰੇ ਪੜਾਅ ਤਹਿਤ, ਪੰਜਾਬ ਸਰਕਾਰ ਨੇ ਵੱਖ-ਵੱਖ ਧਾਰਮਿਕ ਸਥਾਨਾਂ ਦੀ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਦਿਦਾਰੇ ਕਰਵਾਏ ਜਾਣਗੇ। ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੋਣ ਕਰਕੇ ਸੈਂਕੜਿਆਂ ਸਾਲਾਂ ਤੋਂ ਇਸ ਸੂਬੇ ਨੂੰ ਧਾਰਮਿਕ ਆਸਥਾ ਵਾਲਾ ਸੂਬਾ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਅਕਸਰ ਬਜ਼ੁਰਗਾਂ ਤੋਂ ਸੁਣਦੇ ਹਾਂ ਕਿ ਜੇਕਰ ਕਿਸੇ ਨੂੰ ਧਾਰਮਿਕ ਅਸਥਾਨ ਦੀ ਯਾਤਰਾ ਕਰਵਾ ਦਿੱਤੀ ਜਾਵੇ ਤਾਂ ਸਵਾ ਮਣ ਸੋਨੇ ਦੇ ਬਰਾਬਰ ਪੁੰਨ ਲੱਗਦਾ ਹੈ। ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਲਈ ਇਹ ਸੇਵਾ ਸ਼ੁਰੂ ਕਰਕੇ ਆਪਣੀ ਉੱਚੀ-ਸੁੱਚੀ ਤੇ ਨੇਕ ਨੀਤੀ ਦਾ ਸਬੂਤ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਸਥਾਨਾਂ ਦੀ ਯਾਤਰਾ ਦੌਰਾਨ ਰਿਹਾਇਸ਼ ਤੇ ਭੋਜਨ ਦਾ ਸਾਰਾ ਖਰਚ, ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਇਸ ਯੋਜਨਾ ਤਹਿਤ ਪੰਜਾਬ ਸਰਕਾਰ ਨੇ ਸ਼ਰਧਾਲੂਆਂ ਦੀ ਸੁਖਾਵੀਂ ਯਾਤਰਾ ਲਈ ਵਿਆਪਕ ਪ੍ਰਬੰਧ ਕੀਤੇ ਹਨ, ਜਿਸ ਵਿੱਚ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਜਿਸਟਰ ਕੀਤਾ ਗਿਆ, ਰਜਿਸਟ੍ਰੇਸ਼ਨ ਲਈ ਵੋਟਰ ਆਈ.ਡੀ. ਕਾਰਡ ਵੀ ਲਾਜ਼ਮੀ ਕੀਤਾ ਗਿਆ ਹੈ। ਵਿਧਾਇਕ ਸਿੱਧੂ ਨੇ ਦੱਸਿਆ ਕਿ ਸ਼ਰਧਾਲੂਆਂ ਨੂੰ ਏ.ਸੀ ਬੱਸਾਂ, ਠਹਿਰਨ ਲਈ ਚੰਗੇ ਹੋਟਲ ਅਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਰੇਕ ਬੱਸ ਵਿੱਚ ਯਾਤਰੀਆਂ ਦੇ ਸਹਿਯੋਗ ਲਈ ਇੱਕ ਸਹਾਇਕ ਹੋਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਸਿਹਤ ਸਮੱਸਿਆ ਦੀ ਸੂਰਤ ਵਿੱਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਮੈਡੀਕਲ ਟੀਮ ਦਾ ਵੀ ਪ੍ਰਬੰਧ ਕੀਤਾ ਗਿਆ ਹੈ।ਇਸ ਮੌਕੇ ਸ਼ਰਧਾਲੂਆਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਪੰਜਾਬ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਬੱਚਿਆਂ ਦੇ ਰੁਝੇਵਿਆਂ ਤੇ ਹੋਰ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਉਹ ਧਾਰਮਿਕ ਯਾਤਰਾ ਕਰਨ ਤੋਂ ਅਸਮਰੱਥ ਸਨ, ਪਰ ਸੂਬਾ ਸਰਕਾਰ ਨੇ ਉਨ੍ਹਾਂ ਦੀ ਇਹ ਰੀਝ ਵੀ ਪੂਰੀ ਕਰ ਦਿੱਤੀ ਹੈ।

# ਦਿਮਾਗ਼ ਅਤੇ ਰੀੜ੍ਹ ਦੀ ਸਰਜਰੀ ਵਿੱਚ ਤਰੱਕੀ, ਜਲਦੀ ਹੱਲ ਅਤੇ ਸੁਰੱਖਿਅਤ ਇਲਾਜ ਵਿਕਲਪ



ਲੁਧਿਆਣਾ, 5 ਫਰਵਰੀ (ਵਿਸ਼ਾਲ ਸ਼ਰਮਾ) : ਪ੍ਰਸਿੱਧ ਨਿਊਰੋਸਰਜਨ ਤੇ ਰੀੜ੍ਹ ਦੀ ਹੱਡੀ ਦੇ ਮਾਹਿਰ ਡਾ. ਅਸ਼ਵਨੀ ਕੁਮਾਰ ਚੌਧਰੀ ਅਤੇ ਡਾ. ਸ਼ਿਵੇਂਦਰ ਸੋਬਤੀ ਨੇ ਅੱਜ ਲੁਧਿਆਣਾ ਵਿੱਚ ਦਿਮਾਗ ਅਤੇ ਰੀੜ੍ਹ ਨਾਲ ਜੁੜੀਆਂ ਬਿਮਾਰੀਆਂ ਦੇ ਵਧਦੇ ਮਾਮਲਿਆਂ ਤੇ ਆਧੁਨਿਕ ਮੈਡੀਕਲ ਤਕਨੀਕਾਂ ਨਾਲ ਇਲਾਜ ਵਿੱਚ ਆ ਰਹੇ ਬਦਲਾਅ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮਾਹਰ ਚਰਚਾ ਵਿੱਚ ਲੱਛਣਾਂ ਦੀ ਸ਼ੁਰੂਆਤੀ ਪਛਾਣ, ਨਵੇਂ ਇਲਾਜ ਵਿਕਲਪ ਅਤੇ ਰਵਾਇਤੀ ਖੁੱਲ੍ਹੀ ਸਰਜਰੀ ਤੋਂ ਮਿਨੀਮਲੀ ਇਨਵੇਸਿਵ (ਘੱਟ ਕੱਟ ਵਾਲੀਆਂ) ਤਕਨੀਕਾਂ ਵੱਲ ਹੋ ਰਹੇ ਬਦਲਾਅ 'ਤੇ ਖ਼ਾਸ ਧਿਆਨ ਦਿੱਤਾ ਗਿਆ। ਮੈਡੀਕਲ ਸੈਸ਼ਨ ਦੀ ਸ਼ੁਰੂਆਤ ਕਰਦੇ ਹੋਏ ਮਾਹਰਾਂ ਨੇ ਦਿਮਾਗ ਅਤੇ ਰੀੜ੍ਹ ਨਾਲ ਜੁੜੀਆਂ ਬਿਮਾਰੀਆਂ ਦੇ ਸ਼ੁਰੂਆਤੀ ਚੇਤਾਵਨੀ ਲੱਛਣਾਂ, ਜਿਵੇਂ ਲਗਾਤਾਰ ਪਿੱਠ ਦਰਦ, ਕਮਜ਼ੋਰੀ, ਸੁੰਨਪਨ, ਸੰਤੁਲਨ ਵਿੱਚ ਗੜਬੜ, ਲੰਮੇ ਸਮੇਂ ਤੋਂ ਸਿਰਦਰਦ ਅਤੇ ਬੋਲਣ ਜਾਂ ਵੇਖਣ ਵਿੱਚ ਤਬਦੀਲੀ ਨੂੰ ਪਛਾਨਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਡਾਕਟਰ ਨਾਲ ਸਲਾਹ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਅੱਜ ਮਰੀਜ਼ਾਂ ਲਈ ਕਨਜ਼ਰਵੇਟਿਵ ਇਲਾਜ, ਮਿਨੀਮਲੀ ਇਨਵੇਸਿਵ ਸਪਾਈਨ ਸਰਜਰੀ ਅਤੇ ਆਧੁਨਿਕ ਦਿਮਾਗ ਸਰਜਰੀ ਤਕਨੀਕਾਂ ਉਪਲੱਬਧ ਹਨ। ਹਰ ਮਰੀਜ਼ ਦਾ ਇਲਾਜ ਉਸ ਦੀ ਸਿਹਤ, ਉਮਰ ਤੇ ਬਿਮਾਰੀ ਦੀ ਗੰਭੀਰਤਾ ਦੇ ਅਨੁਸਾਰ ਤੈਅ ਕੀਤਾ ਜਾਂਦਾ ਹੈ।ਰੀੜ੍ਹ ਦੀ ਹੱਡੀ ਦੀ ਸਰਜਰੀ ਵਿੱਚ ਹੋਈ ਤਰੱਕੀ ਬਾਰੇ ਬੋਲਦਿਆਂ ਡਾਕਟਰਾਂ ਨੇ ਕਿਹਾ ਕਿ ਹੁਣ ਖੁੱਲ੍ਹੀ ਸਰਜਰੀ ਦੀ ਥਾਂ ਘੱਟ ਕੱਟ ਵਾਲੀਆਂ ਤਕਨੀਕਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਨਾਲ ਘੱਟ ਖ਼ੂਨ ਵਹਿਣਾ, ਘੱਟ ਦਰਦ, ਤੇਜ਼ੀ ਨਾਲ ਠੀਕ ਹੋਣਾ ਅਤੇ ਘੱਟ ਸਮੇਂ ਲਈ ਹਸਪਤਾਲ ਵਿੱਚ ਰਹਿਣਾ ਸੰਭਵ ਹੁੰਦਾ ਹੈ। ਨਾਲ ਹੀ ਅਧੁਨਿਕ ਇਮੇਜਿੰਗ ਅਤੇ ਨੇਵੀਗੇਸ਼ਨ ਤਕਨੀਕਾਂ ਨਾਲ ਸਰਜਰੀ ਹੋਰ ਸੁਰੱਖਿਅਤ ਤੇ ਸਹੀ ਬਣ ਗਈ ਹੈ।

ਦਿਮਾਗ ਦੀ ਸਰਜਰੀ ਵਿੱਚ ਹੋਈ ਨਵੀਂ ਤਰੱਕੀ ਬਾਰੇ ਮਾਹਰਾਂ ਨੇ ਦੱਸਿਆ ਕਿ ਨੇਵੀਗੇਸ਼ਨ-ਗਾਈਡਡ ਤੇ ਐਂਡੋਸਕੋਪਿਕ ਤਕਨੀਕਾਂ ਨਾਲ ਸਰਜਨ ਦਿਮਾਗ ਦੇ ਮਹੱਤਵਪੂਰਨ ਹਿੱਸਿਆਂ ਨੂੰ ਬਿਨਾਂ ਨੁਕਸਾਨ ਪਹੁੰਚਾਏ ਹੋਰ ਸਹੀ ਓਪਰੇਸ਼ਨ ਕਰ ਸਕਦੇ ਹਨ, ਜਿਸ ਨਾਲ ਮਰੀਜ਼ਾਂ ਦੀ ਰਿਕਵਰੀ ਤੇਜ਼ ਅਤੇ ਨਤੀਜੇ ਜ਼ਿਆਦਾ ਬਿਹਤਰ ਹੁੰਦੇ ਹਨ। ਪ੍ਰੋਗਰਾਮ ਦੇ ਅਖੀਰ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਡਾਕਟਰਾਂ ਨੇ ਕਿਹਾ ਕਿ ਮਰੀਜ਼ਾਂ ਲਈ ਸਹੀ ਜਾਣਕਾਰੀ ਅਤੇ ਮਾਹਰ ਡਾਕਟਰਾਂ ਦੀ ਸਲਾਹ ਲੈਣਾ ਬਹੁਤ ਜ਼ਰੂਰੀ ਹੈ। ਹਰ ਮਰੀਜ਼ ਨੂੰ ਸਰਜਰੀ ਦੀ ਲੋੜ ਨਹੀਂ ਹੁੰਦੀ, ਇਸ ਲਈ ਸਹੀ ਜਾਂਚ ਅਤੇ ਮੁਲਾਂਕਣ ਸਭ ਤੋਂ ਮਹੱਤਵਪੂਰਨ ਹੈ।

# ਬਿਜਲੀ ਸੋਧ ਬਿੱਲ ਅਤੇ ਚਾਰ ਲੇਬਰ ਕੋਡਾਂ ਖ਼ਿਲਾਫ਼ ਬਿਜਲੀ ਕਾਮਿਆਂ ਦੀ ਹੜਤਾਲ 12 ਨੂੰ

ਲੁਧਿਆਣਾ, 5 ਫਰਵਰੀ (ਰਵਿੰਦਰ ਸਿੰਘ ਨਿੱਝਰ): ਕੇਂਦਰ ਦੀ ਮੋਦੀ ਸਰਕਾਰ ਦੀਆਂ ਪੂੰਜੀਪਤੀਆਂ ਦੇ ਹਿੱਤ ਸੁਰੱਖਿਅਤ ਰੱਖਣ ਵਾਲੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ 10 ਕੇਂਦਰੀ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਦੇ ਦੇਸ਼ ਵਿਆਪੀ ਸੱਦੇ ਅਤੇ ਸਯੁੰਕਤ ਕਿਸਾਨ ਮੋਰਚੇ ਦੀ ਡਟਵੀਂ ਹਮਾਇਤ ਪ੍ਰਾਪਤ 12 ਫਰਵਰੀ ਦੀ ਇਕ ਰੋਜ਼ਾ ਦੇਸ਼ ਵਿਆਪੀ ਹੜਤਾਲ ਵਿੱਚ ਪਾਵਰਕਾਮ ਅਤੇ ਟ੍ਰਾਂਸਕੋ ਦੇ ਬਿਜਲੀ ਕਾਮੇ ਵੱਧ ਚੜ੍ਹ ਕੇ ਹਿੱਸਾ ਲੈ ਕੇ ਪਾਵਰ ਸੈਕਟਰ ਦਾ ਭੋਗ ਪਾਉਣ ਵਾਲੇ ਬਿਜਲੀ ਸੋਧ ਬਿੱਲ 2025 ਅਤੇ ਦੇਸ਼ ਵਿੱਚ ਧੱਕੇ ਨਾਲ ਚਾਰ ਲੇਬਰ ਕੋਡ ਲਾਗੂ ਕਰਨ ਸਮੇਤ ਲੋਕ ਵਿਰੋਧੀ ਨੀਤੀਆਂ ਦਾ ਜ਼ਬਰਦਸਤ ਵਿਰੋਧ ਕਰਨਗੇ। ਇਸੇ ਤਰ੍ਹਾਂ ਪਾਵਰਕਾਮ ਦੀਆਂ ਪੈਨਸ਼ਨਰਜ਼ ਜਥੇਬੰਦੀਆਂ ਦੇ ਵਰਕਰ ਕਾਲੇ ਬਿੱਲੇ ਲਗਾ ਕੇ ਪ੍ਰਦਰਸ਼ਨ ਕਰਨਗੇ । ਇਸ ਸਬੰਧੀ ਫੈਸਲਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਸਾਂਝੇ ਥੜ੍ਹੇ ਵਿੱਚ ਸ਼ਾਮਲ ਜਥੇਬੰਦੀਆਂ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ , ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ , ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ ) ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਸਹਿਮਤੀ ਨਾਲ ਲਿਆ । ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਦੇਸ਼ ਦੇ ਸਮੁੱਚੇ ਪਾਵਰ ਸੈਕਟਰ ਨੂੰ ਤਬਾਹ ਕਰਕੇ ਕਰਾਸ ਸਬਸਿਡੀਆਂ ਨੂੰ ਵੀ ਹੜੱਪ ਜਾਵੇਗਾ। ਜਿਸ ਨਾਲ ਬਿਜਲੀ ਆਮ ਖਪਤਕਾਰਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ ।

ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਪਾਵਰ ਸੈਕਟਰ ਨੂੰ ਪੂੰਜੀਪਤੀਆਂ ਦੇ ਹੱਥਾਂ ਵਿੱਚ ਦੇਣ ਦੀਆਂ ਨੀਤੀਆਂ ਨਾਲ ਠੇਕਾ ਪ੍ਰਣਾਲੀ ਨੂੰ ਹੱਲਾ ਸ਼ੇਰੀ ਮਿਲੇਗੀ ਅਤੇ ਪੱਕੇ ਰੁਜ਼ਗਾਰ ਦਾ ਖਾਤਮਾ ਹੋ ਜਾਵੇਗਾ। ਮੁਲਾਜ਼ਮ ਆਗੂਆਂ ਨੇ ਮਿਹਨਤਕਸ਼ ਜਮਾਤ ਦਾ ਪੱਖ ਪੂਰਨ ਵਾਲੇ 29 ਕਿਰਤ ਕਾਨੂੰਨ ਖਤਮ ਕਰਕੇ ਦੇਸ਼ ਵਿੱਚ ਧੱਕੇ ਨਾਲ ਲਾਗੂ ਕੀਤੇ ਚਾਰ ਲੇਬਰ ਕੋਡਾਂ ਦੀ ਵੀ ਜੋਰਦਾਰ ਨਿੰਦਾ ਕੀਤੀ ।ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਕਿਹਾ ਕਿ ਜੇਕਰ ਬਿਜਲੀ ਸੋਧ ਬਿੱਲ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਦਿਨ ਨੂੰ ਕਾਲਾ ਦਿਨ ਮੰਨ ਕੇ ਜਬਰਦਸਤ ਵਿਰੋਧ ਕੀਤਾ ਜਾਵੇਗਾ । ਉਹਨਾਂ ਇਹ ਵੀ ਕਿਹਾ ਕਿ ਜੇਕਰ ਮੰਗਾ ਸਾਰੀ ਉਹਨਾਂ ਦੀਆਂ ਸਾਰੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਂਦੇ ਦਿਨਾਂ ਵਿੱਚ ਸੰਘਰਸ਼ ਹੋਰ ਤੇਜ਼ ਹੋਵੇਗਾ।

# ਮਿਲਖਾ ਸਿੰਘ ਪਰਿਵਾਰ ਦੀ ਤੀਜੀ ਪੀੜ੍ਹੀ ਓਲੰਪਿਕ ਤਮਗ਼ੇ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਕਰ ਰਹੀ ਹੈ ਕਿਹੜੀਆਂ ਕੋਸ਼ਿਸ਼ਾਂ ?

**ਸੌਰਭ ਦੁੱਗਲ**

1960 ਦੀਆਂ ਰੋਮ ਓਲੰਪਿਕ ਦਾ ਅਧੂਰਾ ਅਧਿਆਏ ਮਿਲਖਾ ਸਿੰਘ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਵਿੱਚੋ ਲੰਘਿਆ ਹੈ-ਦੌੜ ਦੇ ਟਰੈਕ ਤੋਂ ਲੈ ਕੇ ਗੋਲਫ ਕੋਰਸ ਤੱਕ, ਦਿਲ ਟੁੱਟਣ ਤੋਂ ਲੈ ਕੇ ਉਮੀਦ ਤੱਕ। ਇਹ ਉਮੀਦ ਹੁਣ ਪਰਿਵਾਰ ਦੇ ਸਭ ਤੋਂ ਛੋਟੇ ਮੈਂਬਰ, 15 ਸਾਲਾ ਹਰਜੈ ਮਿਲਖਾ ਸਿੰਘ ਅੱਗੇ ਲਿਜਾ ਰਹੇ ਹਨ। ਹਰਜੈ ਨੇ 2025 ਦਾ ਅੰਤ ਜੂਨੀਅਰ ਅੰਡਰ-18 ਵਰਗ ਵਿੱਚ ਭਾਰਤ ਦੇ ਨੰਬਰ ਇੱਕ ਖਿਡਾਰੀ ਵਜੋਂ ਕੀਤਾ ਹੈ। 'ਫਲਾਇੰਗ ਸਿੱਖ' ਮਿਲਖਾ ਸਿੰਘ ਰੋਮ ਵਿੱਚ 400 ਮੀਟਰ ਦੇ ਫਾਈਨਲ ਵਿੱਚ ਬਹੁਤ ਹੀ ਮਾਮੂਲੀ ਫਰਕ ਨਾਲ ਓਲੰਪਿਕ ਤਗਮੇ ਤੋਂ ਖੁੰਝ ਗਏ ਸਨ। ਉਹ ਦਰਦ ਉਨ੍ਹਾਂ ਨੇ ਕਦੇ ਨਹੀ ਭੁਲਾਇਆ। ਉਨ੍ਹਾਂ ਦੇ ਬੇਟੇ ਜੀਵ ਮਿਲਖਾ ਸਿੰਘ ਨੇ ਯਾਦ ਕਰਦਿਆਂ ਦੱਸਿਆ, "ਜਦੋਂ ਮੈਂ ਵੱਡਾ ਹੋ ਰਿਹਾ ਸੀ, ਤਾਂ ਮੇਰੇ ਪਿਤਾ ਨਾਲ 1960 ਦੀਆਂ ਰੋਮ ਓਲੰਪਿਕ ਵਿੱਚ ਬਹੁਤ ਮਾਮੂਲੀ ਫਰਕ ਨਾਲ ਤਗਮਾ ਗੁਆਉਣ ਬਾਰੇ ਹਮੇਸ਼ਾ ਗੱਲ ਹੁੰਦੀ ਸੀ। ਭਾਵੇਂ ਉਨ੍ਹਾਂ ਨੇ ਭਾਰਤੀ ਖੇਡ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਮ ਦਰਜ ਕਰਵਾਇਆ, ਪਰ ਓਲੰਪਿਕ ਤਗਮੇ ਦੇ ਹੱਥੋਂ ਨਿਕਲ ਜਾਣ ਦਾ ਦਰਦ ਹਮੇਸ਼ਾ ਉਨ੍ਹਾਂ ਦੇ ਨਾਲ ਰਿਹਾ।"

ਓਲੰਪਿਕ ਦੀਆਂ ਉਹ ਕਹਾਣੀਆਂ ਜੀਵ ਲਈ ਬਹੁਤ ਨਿੱਜੀ ਬਣ ਗਈਆਂ, ਜਿਨ੍ਹਾਂ ਨੇ ਖੇਡ, ਕੁਰਬਾਨੀ ਅਤੇ ਕਿਸਮਤ ਬਾਰੇ ਉਨ੍ਹਾਂ ਦੀ ਸਮਝ ਦੀ ਘਾੜਤ ਨੂੰ ਘੜਿਆ। ਉਹ ਭਾਰਤ ਦੇ ਸਭ ਤੋਂ ਸਫਲ ਪੇਸ਼ੇਵਰ ਗੋਲਫਰ ਬਣੇ, ਜਿਨ੍ਹਾਂ ਨੇ 2008-09 ਦੇ ਆਪਣੇ ਸਿਖਰਲੇ ਸਾਲਾਂ ਦੌਰਾਨ ਏਸ਼ੀਅਨ ਟੂਰ 'ਤੇ ਦਬਦਬਾ ਬਣਾਇਆ ਅਤੇ 2009 ਵਿੱਚ 28ਵੇਂ ਸਥਾਨ ਉੱਤੇ ਰਹਿੰਦਿਆਂ ਆਪਣੇ ਗੌਲਫ਼ ਜੀਵਨ ਦੀ ਸਰਵੋਤਮ ਵਿਸ਼ਵ ਰੈਂਕਿੰਗ ਹਾਸਲ ਕੀਤੀ। 54 ਸਾਲਾ ਜੀਵ ਯੂਰਪੀਅਨ, ਏਸ਼ੀਅਨ ਅਤੇ ਜਾਪਾਨ ਟੂਰ ਦਾ ਜੇਤੂ ਰਹੇ ਹਨ, ਅਤੇ ਇੱਕ ਸਮੇਂ ਉਹ ਸਭ ਤੋਂ ਉੱਚੀ ਰੈਂਕਿੰਗ ਵਾਲੇ ਭਾਰਤੀ ਗੋਲਫਰ ਸੀ। ਲੇਕਿਨ ਬਦਕਿਸਮਤੀ ਨਾਲ ਜੀਵ ਦੇ ਸੁਨਹਿਰੇ ਸਾਲਾਂ ਦੌਰਾਨ ਗੋਲਫ਼ ਓਲੰਪਿਕ ਖੇਡਾਂ ਦਾ ਹਿੱਸਾ ਨਹੀ ਸੀ। ਜੀਵ ਨੇ ਕਿਹਾ, "ਜੇਕਰ 2008 ਵਿੱਚ ਗੋਲਫ ਓਲੰਪਿਕ ਦਾ ਹਿੱਸਾ ਹੁੰਦਾ, ਜਦੋਂ ਮੈਂ ਦੁਨੀਆ ਦੇ ਚੋਟੀ ਦੇ ਖਿਡਾਰੀਆਂ ਵਿੱਚ ਸ਼ਾਮਲ ਸੀ, ਤਾਂ ਮੈਂ ਯਕੀਨੀ ਤੌਰ 'ਤੇ ਤਗਮੇ ਦੀ ਦੌੜ ਵਿੱਚ ਹੁੰਦਾ। ਬਦਕਿਸਮਤੀ ਨਾਲ, ਉਸ ਸਮੇ ਓਲੰਪਿਕ ਵਿੱਚ ਗੋਲਫ ਸ਼ਾਮਲ ਨਹੀ ਸੀ।" ਜਦੋਂ 2016 ਵਿੱਚ ਰੀਓ ਓਲੰਪਿਕ ਵਿੱਚ ਗੋਲਫ ਨੂੰ ਓਲੰਪਿਕ ਵਿੱਚ ਸ਼ਾਮਲ ਕੀਤਾ ਗਿਆ ਸੀ, ਤਦ ਤੱਕ ਜੀਵ ਆਪਣੇ ਸਿਖਰਲੇ ਦੌਰ ਤੋਂ ਅੱਗੇ ਨਿਕਲ ਚੁੱਕ ਸੀ। ਉਹ ਉਸ ਓਲੰਪਿਕ ਮੌਕੇ ਨੂੰ, ਜਿਸਦੀ ਉਨ੍ਹਾਂ ਨੇ ਲੰਬੇ ਸਮੇਂ ਤੋਂ ਕਲਪਨਾ ਕੀਤੀ ਸੀ, ਹੱਥੋਂ ਨਿਕਲਦਾ ਦੇਖ ਰਹੇ ਸੀ। 2026 ਦੀ ਸ਼ੁਰੂਆਤ ਵਿੱਚ, ਉਸ ਅਧੂਰੇ ਓਲੰਪਿਕ ਸੁਪਨੇ ਨੂੰ ਇੱਕ ਨਵੀ ਉਮੀਦ ਜੀਵ ਦੇ ਮੁੱਛ-ਫੁੱਟ ਪੁੱਤਰ, ਹਰਜੈ ਮਿਲਖਾ ਸਿੰਘ ਦੇ ਰੂਪ ਵਿੱਚ ਮਿਲੀ ਹੈ। ਪਿਛਲੇ ਸਾਲ, ਹਰਜੈ ਨੇ ਭਾਰਤ ਦੇ ਸਭ ਤੋਂ ਹੋਣਹਾਰ ਨੌਜਵਾਨ ਗੋਲਫਰਾਂ ਵਿੱਚੋਂ ਇੱਕ ਵਜੋਂ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ। ਜੀਵ ਲਈ, ਇਹ ਸਿਰਫ਼ ਇੱਕ ਮਾਣਮੱਤੇ ਪਿਤਾ ਵਜੋਂ ਆਪਣੇ ਪੁੱਤਰ ਨੂੰ ਸਫਲ ਹੁੰਦੇ ਦੇਖਣਾ ਹੀ ਨਹੀ ਹੈ; ਇਹ ਉਸ ਸਫ਼ਰ ਦਾ ਅਗਲਾ ਪੜਾਅ ਹੈ ਜੋ ਪੀੜ੍ਹੀਆਂ ਪਹਿਲਾਂ ਸ਼ੁਰੂ ਹੋਇਆ ਸੀ। ਜੀਵ ਨੇ ਕਿਹਾ, "ਮੈਨੂੰ ਇੱਕ ਪਿਤਾ ਵਜੋ ਬਹੁਤ ਮਾਣ ਹੋਵੇਗਾ ਜੇਕਰ ਮੇਰਾ ਪੁੱਤਰ ਮੇਰੇ ਪਿਤਾ ਦੇ ਓਲੰਪਿਕ ਪੋਡੀਅਮ ਦੇ ਸੁਪਨੇ ਨੂੰ ਪੂਰਾ ਕਰ ਸਕਿਆ।"

## ਕੋਲੰਬੋ: ਜਿੱਥੇ ਇਤਿਹਾਸ ਦਾ ਚੱਕਰ ਪੂਰਾ ਹੋਇਆ

ਪਿਛਲੇ ਮਹੀਨੇ, ਜੀਵ ਨੇ ਸ਼੍ਰੀਲੰਕਾ ਦੇ ਰਾਇਲ ਕੋਲੰਬੋ ਗੋਲਫ ਕੋਰਸ ਵਿਖੇ ਇੰਡੀਅਨ ਗੋਲਫ ਪ੍ਰੀਮੀਅਰ ਲੀਗ (ਆਈਜੀਪੀਐੱਲ) ਇਨਵੀਟੇਸ਼ਨਲ ਜਿੱਤ ਕੇ 13 ਸਾਲਾਂ ਦਾ ਖਿਤਾਬੀ ਸੋਕਾ ਚੁੱਕਿਆ। ਇਸ ਜਿੱਤ ਦੀ ਡੂੰਘੀ ਭਾਵੁਕ ਅਹਿਮੀਅਤ ਸੀ। ਜੀਵ ਨੇ ਕਿਹਾ, "ਇਹ ਉਹ ਕੋਲੰਬੋ ਹੈ ਜਿੱਥੇ ਮੇਰੇ ਪਿਤਾ ਅਤੇ ਮਾਤਾ ਮਿਲੇ ਸਨ ਅਤੇ ਉਨ੍ਹਾਂ ਦਾ ਪਿਆਰ ਪਰਵਾਨ ਚੜ੍ਹਿਆ ਸੀ। ਇਸ ਲਈ, ਇਸ ਜਿੱਤ ਦੇ ਸਥਾਨ ਨੇ ਇਸ ਨੂੰ ਹੋਰ ਵੀ ਖਾਸ ਅਤੇ ਭਾਵੁਕ ਬਣਾ ਦਿੱਤਾ। ਜਦੋਂ 2021 ਵਿੱਚ ਕੋਵਿਡ ਦੌਰਾਨ ਮੇਰੇ ਮਾਤਾ-ਪਿਤਾ ਦੋਵਾਂ ਦੀ ਮੌਤ ਹੋ ਗਈ ਸੀ, ਉਸ ਤੋਂ ਬਾਅਦ ਮੇਰੇ ਲਈ ਖੇਡ 'ਤੇ ਧਿਆਨ ਕੇਂਦਰਿਤ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਸੀ ਅਤੇ ਮੈਂ ਭਾਵੁਕ ਤੌਰ 'ਤੇ ਟੁੱਟ ਗਿਆ ਸੀ। ਮਾਪਿਆਂ ਦੀ ਮੌਤ ਤੋਂ ਬਾਅਦ ਮਿਲੀ ਇਹ ਪਹਿਲੀ ਜਿੱਤ ਉਨ੍ਹਾਂ ਲਈ ਖਾਸ ਹੈ। ਉਹ ਦੱਸਦੇ ਹਨ, "ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਮੇਰੀ ਪਹਿਲੀ ਜਿੱਤ ਹੈ। ਇਸ ਲਈ, ਇਹ ਜਿੱਤ ਮੇਰੇ ਲਈ ਖਾਸ ਹੈ। ਮੈਂ ਟਰਾਫੀ ਨੂੰ ਸਾਡੀ ਚੰਡੀਗੜ੍ਹ ਵਾਲੀ ਰਿਹਾਇਸ਼ 'ਤੇ ਉਨ੍ਹਾਂ ਦੀਆਂ ਤਸਵੀਰਾਂ ਦੇ ਸਾਹਮਣੇ ਰੱਖਿਆ ਹੈ।" ਇਸ ਪਲ ਨੂੰ ਹੋਰ ਵੀ ਯਾਦਗਾਰ ਬਣਾਉਣ ਵਾਲੀ ਗੱਲ ਇਹ ਸੀ ਕਿ ਹਰਜੈ ਨੇ ਇਸ ਟੂਰਨਾਮੈਂਟ ਵਿੱਚ ਆਪਣੇ ਪਿਤਾ ਦੇ ਨਾਲ ਹਿੱਸਾ ਲਿਆ ਅਤੇ 18ਵੇਂ ਸਥਾਨ 'ਤੇ ਰਹੇ। ਜੀਵ ਨੇ ਕਿਹਾ, "ਹਰਜੈ ਦੇ ਨਾਲ ਖੇਡਣਾ ਮੇਰੇ ਲਈ ਵੀ ਖਾਸ ਸੀ ਅਤੇ ਮੇਰੀ ਜਿੱਤ ਨੇ ਉਸਨੂੰ ਇਹ ਅਹਿਸਾਸ ਕਰਵਾਇਆ ਕਿ ਉਸਨੇ ਅਜੇ ਬਹੁਤ ਲੰਬਾ ਸਫ਼ਰ ਤੈਅ ਕਰਨਾ ਹੈ। ਮੈਂ ਚਾਹੁੰਦਾ ਹਾਂ ਕਿ ਉਹ ਆਉਣ ਵਾਲੇ ਸਾਲਾਂ ਵਿੱਚ ਮੇਰੇ ਤੋਂ ਵੀ ਅੱਗੇ ਨਿਕਲ ਜਾਵੇ।"

## ਚੈਂਪੀਅਨ ਬਣਨ ਦਾ ਸੁਫ਼ਨਾ ਤੇ ਮਿਲਖਾ ਪਰਿਵਾਰ ਦੀ ਤੀਜੀ ਪੀੜ੍ਹੀ

ਹਰਜੈ ਨੇ ਦੱਸਿਆ, "ਮੇਰੀ ਗੋਲਫ਼ ਨਾਲ ਜਾਣ-ਪਛਾਣ ਮੇਰੀ ਦਾਦੀ ਨੇ ਕਰਵਾਈ ਸੀ, ਜੋ ਮੈਨੂੰ ਪੰਜ ਸਾਲ ਦੀ ਉਮਰ ਵਿੱਚ ਚੰਡੀਗੜ੍ਹ ਗੋਲਫ ਕੋਰਸ ਲੈ ਕੇ ਗਏ ਸੀ। ਕਿਸੇ ਵੀ ਹੋਰ ਬੱਚੇ ਵਾਂਗ, ਮੇਰਾ ਰੁਝਾਨ ਕਈ ਵੱਖ-ਵੱਖ ਖੇਡਾਂ ਵੱਲ ਸੀ। ਲੇਕਿਨ ਆਪਣੇ ਪਿਤਾ ਨੂੰ ਲਗਾਤਾਰ ਗੋਲਫ਼ ਖੇਡਦੇ ਦੇਖ ਕੇ, ਅਖੀਰ ਮੈਨੂੰ ਗੋਲਫ ਹੀ ਮੇਰਾ ਅਸਲੀ ਸ਼ੌਕ ਲੱਗਿਆ।" ਆਪਣੇ ਪਰਿਵਾਰ ਦੀ ਖੇਡ ਵਿਰਾਸਤ ਦਾ ਭਾਰ ਹਰਜੈ ਨੂੰ ਹੌਲੀ-ਹੌਲੀ ਸਮਝ ਆਉਣਾ ਸ਼ੁਰੂ ਹੋਇਆ। ਹਰਜੈ ਕਹਿੰਦੇ ਹਨ, "ਜਦੋਂ ਮੈਂ ਛੋਟਾ ਸੀ, ਤਾਂ ਮੈਂ ਆਪਣੇ ਪਰਿਵਾਰ ਦੀ ਖੇਡ ਵਿਰਾਸਤ ਦੀ ਗੰਭੀਰਤਾ ਨੂੰ ਪੂਰੀ ਤਰ੍ਹਾਂ ਨਹੀ ਸਮਝਦਾ ਸੀ। ਲਗਭਗ ਤਿੰਨ ਸਾਲ ਪਹਿਲਾਂ ਮੈਨੂੰ ਆਪਣੇ ਦਾਦਾ ਮਿਲਖਾ ਸਿੰਘ ਅਤੇ ਆਪਣੇ ਪਿਤਾ ਜੀਵ ਮਿਲਖਾ ਸਿੰਘ ਦੀਆਂ ਖੇਡ ਪ੍ਰਾਪਤੀਆਂ ਦੀ ਮਹੱਤਤਾ ਦਾ ਅਹਿਸਾਸ ਹੋਣ ਲੱਗਾ। ਮੈ ਇਸ ਪਰਿਵਾਰਕ ਖੇਡ ਵਿਰਾਸਤ ਵਿੱਚ ਹੋਰ ਯੋਗਦਾਨ ਪਾਉਣਾ ਚਾਹੁੰਦਾ ਹਾਂ। ਓਲੰਪਿਕ ਯਕੀਨੀ ਤੌਰ 'ਤੇ ਮੇਰੇ ਦਿਮਾਗ ਵਿੱਚ ਹੈ-ਮੈਂ ਉੱਥੇ ਖੇਡਣਾ ਚਾਹੁੰਦਾ ਹਾਂ ਅਤੇ ਵਧੀਆ ਖੇਡ ਦਿਖਾਉਣੀ ਚਾਹੁੰਦਾ ਹਾਂ।" ਹਰਜੈ ਦ੍ਰੋਣਾਚਾਰੀਆ ਐਵਾਰਡੀ ਜੈਸੀ ਗਰੇਵਾਲ ਦੀ ਦੇਖ-ਰੇਖ ਹੇਠ ਸਿਖਲਾਈ ਲੈਂਦੇ ਹਨ। ਉਨ੍ਹਾਂ ਦੇ ਪ੍ਰੇਰਣਾ ਸਰੋਤ ਵਿਸ਼ਵ ਦੇ ਅਵੱਲ ਦਰਜੇ ਦੇ ਖਿਡਾਰੀ ਸਕੋਟੀ ਸ਼ੈਫਲਰ ਹਨ। ਜੀਵ ਨੇ ਆਪਣੇ ਪੁੱਤਰ ਦੇ ਵਿਕਾਸ ਲਈ ਬੜਾ ਸੋਚਿਆ-ਸਮਝਿਆ ਤਰੀਕਾ ਅਪਣਾਇਆ ਹੈ। ਜੀਵ ਨੇ ਸਮਝਾਇਆ, "ਹਰਜੈ ਵਧੀਆ ਕਰ ਰਿਹਾ ਹੈ ਅਤੇ ਬਹੁਤ ਮਿਹਨਤੀ ਹੈ। ਉਸਦੀ ਤਰੱਕੀ ਉਸੇ ਯੋਜਨਾ ਦੇ ਅਨੁਸਾਰ ਹੋ ਰਹੀ ਹੈ ਜੋ ਮੈਂ ਉਸਦੇ ਲਈ ਸੋਚੀ ਸੀ। ਉਸਦੇ ਆਪਣੇ ਕੋਚ ਹਨ ਜੋ ਉਸਨੂੰ ਸਿਖਲਾਈ ਦੇ ਰਹੇ ਹਨ, ਅਤੇ ਮੈਂ ਉਸਦੀ ਕੋਚਿੰਗ ਪ੍ਰਕਿਰਿਆ ਵਿੱਚ ਦਖਲ ਨਹੀ ਦੇ ਰਿਹਾ ਹਾਂ। ਹਾਲਾਂਕਿ, ਜਿਵੇਂ-ਜਿਵੇਂ ਉਹ ਵੱਡਾ ਹੋਵੇਗਾ, ਉਹ ਹੌਲੀ-ਹੌਲੀ ਮਾਨਸਿਕ ਮਜ਼ਬੂਤੀ ਅਤੇ ਦਿਮਾਗੀ ਖੇਡ ਲਈ ਮੇਰੀ ਅਗਵਾਈ ਹੇਠ ਆਵੇਗਾ।" "ਪੇਸ਼ੇਵਰ ਜੀਵਨ ਦੇ ਉਤਰਾਅ-ਚੜ੍ਹਾਅ ਦੇਖ ਚੁੱਕੇ ਇੱਕ ਪੇਸ਼ੇਵਰ ਗੌਲਫਰ ਵਜੋਂ, ਮੇਰਾ ਮੰਨਣਾ ਹੈ ਕਿ ਮੈਂ ਗੌਲਫ਼ ਦੇ ਮੈਦਾਨ ਵਿੱਚ, ਟੂਰਨਾਮੈਂਟਾਂ ਦੌਰਾਨ ਅਤੇ ਵੱਡੇ ਮੁਕਾਬਲਿਆਂ ਦੀ ਤਿਆਰੀ ਦੌਰਾਨ ਦਬਾਅ ਨੂੰ ਸੰਭਾਲਣ ਵਿੱਚ ਉਸਦੀ ਬਿਹਤਰ ਅਗਵਾਈ ਕਰ ਸਕਦਾ ਹਾਂ।" ਭਵਿੱਖ ਦੀ ਰੂਪ ਰੇਖਾ ਸਪੱਸ਼ਟ ਹੈ। ਜੀਵ ਨੇ ਅੱਗੇ ਕਿਹਾ, "ਹੁਣ ਹਰਜੈ ਲਈ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਅਤੇ ਜੂਨੀਅਰ ਸ਼੍ਰੇਣੀ ਵਿੱਚ ਸਰਵੋਤਮ ਖਿਡਾਰੀਆਂ ਦੇ ਵਿਰੁੱਧ ਆਪਣੇ ਆਪ ਨੂੰ ਪਰਖਣ ਦਾ ਸਹੀ ਸਮਾਂ ਹੈ। ਮੈਂ ਚਾਹੁੰਦਾ ਹਾਂ ਕਿ ਉਹ ਇਸ ਸਾਲ ਪੀਜੀਏ ਜੂਨੀਅਰ ਈਵੈਂਟਸ ਅਤੇ ਜੂਨੀਅਰ ਬ੍ਰਿਟਿਸ਼ ਓਪਨ ਵਿੱਚ ਖੇਡੇ।"



"ਹਰਜੈ ਵਧੀਆ ਕਰ ਰਿਹਾ ਹੈ ਅਤੇ ਬਹੁਤ ਮਿਹਨਤੀ ਹੈ। ਉਸਦੀ ਤਰੱਕੀ ਉਸੇ ਯੋਜਨਾ ਦੇ ਅਨੁਸਾਰ ਹੋ ਰਹੀ ਹੈ ਜੋ ਮੈਂ ਉਸਦੇ ਲਈ ਸੋਚੀ ਸੀ। ...। ਹਾਲਾਂਕਿ, ਜਿਵੇਂ-ਜਿਵੇਂ ਉਹ ਵੱਡਾ ਹੋਵੇਗਾ, ਉਹ ਹੌਲੀ-ਹੌਲੀ ਮਾਨਸਿਕ ਮਜ਼ਬੂਤੀ ਅਤੇ ਦਿਮਾਗੀ ਖੇਡ ਲਈ ਮੇਰੀ ਅਗਵਾਈ ਹੇਠ ਆਵੇਗਾ।

ਜੀਵ ਮਿਲਖਾ ਸਿੰਘ

## 'ਭਾਗ ਮਿਲਖਾ ਭਾਗ' ਤੋਂ ਪ੍ਰੇਰਨਾ

ਮਿਲਖਾ ਸਿੰਘ 'ਤੇ ਬਣੀ ਫਿਲਮ, 'ਭਾਗ ਮਿਲਖਾ ਭਾਗ' ਨੇ ਨੌਜਵਾਨ ਪੀੜ੍ਹੀ ਨੂੰ ਇਸ ਮਹਾਨ ਅਥਲੀਟ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਬਹੁਤ ਘੱਟ ਖਿਡਾਰੀਆਂ ਨੂੰ ਅਜਿਹੀ ਮਾਨਤਾ ਮਿਲੀ ਹੈ, ਜੋ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਤੋਂ ਲੈ ਕੇ ਅੱਜ ਤੱਕ ਦੀਆਂ ਪੀੜ੍ਹੀਆਂ ਤੱਕ ਫੈਲੀ ਹੋਈ ਹੈ। ਹਰਜੈ ਦੀ ਮਾਂ ਕੁਦਰਤ ਨੇ ਕਿਹਾ, "ਅੱਜ ਵੀ ਹਰਜੈ 'ਭਾਗ ਮਿਲਖਾ ਭਾਗ' ਦੇਖਦਾ ਹੈ। ਸੰਘਰਸ਼, ਮੁਸ਼ਕਲਾਂ 'ਤੇ ਕਾਬੂ ਪਾਉਣ ਅਤੇ ਮਹਾਨਤਾ ਹਾਸਲ ਕਰਨ ਦੀ ਕਹਾਣੀ-ਜਿਸ ਨੇ ਮਿਲਖਾ ਸਿੰਘ ਨੂੰ ਭਾਰਤੀ ਖੇਡਾਂ ਦੀਆਂ ਮਹਾਨ ਹਸਤੀਆਂ ਵਿੱਚੋਂ ਇੱਕ ਬਣਾਇਆ-ਹਰਜੈ ਸਮੇਤ ਨੌਜਵਾਨ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਕਈ ਵਾਰ ਮੈਂ ਉਸਨੂੰ ਫਿਲਮ ਦੇ ਕੁਝ ਹਿੱਸੇ ਦੇਖਦੇ ਹੋਏ ਦੇਖਿਆ ਹੈ, ਅਤੇ ਇਹ ਉਸਨੂੰ ਆਪਣੀ ਖੇਡ ਯਾਤਰਾ ਵਿੱਚ ਵਧੀਆ ਕਰਨ ਲਈ ਪ੍ਰੇਰਿਤ ਕਰਦੀ ਹੈ।" ਹਰਜੈ ਨੇ ਇਸ ਸਾਲ ਆਪਣੀ 10ਵੀ ਜਮਾਤ ਦੀ ਬੋਰਡ ਦੀ ਪ੍ਰੀਖਿਆ ਦੇਣੀ ਹੈ। ਇੱਕ ਨੌਜਵਾਨ ਖਿਡਾਰੀ ਦੇ ਰਾਹ ਵਿੱਚ ਕੁਰਬਾਨੀਆਂ ਦੀ ਲੋੜ ਹੁੰਦੀ ਹੈ, ਅਤੇ ਸਿੱਖਿਆ ਇੱਕ ਅਜਿਹਾ ਖੇਤਰ ਰਿਹਾ ਹੈ ਜਿਸ ਵਿੱਚ ਤਾਲਮੇਲ ਬਿਠਾਉਣ ਦੀ ਲੋੜ ਹੁੰਦੀ ਹੈ। ਕੁਦਰਤ ਨੇ ਕਿਹਾ, "ਗੋਲਫ ਪ੍ਰਤੀ ਆਪਣੀ ਵਚਨਬੱਧਤਾ ਕਾਰਨ, ਉਹ ਨਿਯਮਤ ਤੌਰ 'ਤੇ ਸਕੂਲ ਨਹੀ ਜਾ ਸਕਿਆ। ਅਸੀ ਸਕੂਲ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸ ਨੂੰ ਸਹਿਯੋਗ ਦਿੱਤਾ ਅਤੇ ਖੇਡ ਪ੍ਰਤੀ ਉਸ ਦੇ ਜਜ਼ਬੇ ਦੀ ਹਮਾਇਤ ਕੀਤੀ।" ਇੱਕ ਪੜ੍ਹੇ-ਲਿਖੇ ਪਰਿਵਾਰ ਤੋਂ ਹੋਣ ਦੇ ਨਾਤੇ, ਕੁਦਰਤ, ਉੱਠਣ ਵਾਲੇ ਸਵਾਲਾਂ ਨੂੰ ਸਮਝਦੇ ਹਨ। ਉਹ ਕਹਿੰਦੇ ਹਨ, "ਮੇਰੇ ਪੇਕੇ ਪਰਿਵਾਰ ਦੇ ਲੋਕ ਅਕਸਰ ਪੁੱਛਦੇ ਹਨ ਕਿ ਖੇਡ ਤਾਂ ਠੀਕ ਹੈ, ਪਰ ਉਸਦੀ ਬੋਰਡ ਦੀ ਤਿਆਰੀ ਕਿਵੇਂ ਚੱਲ ਰਹੀ ਹੈ। ਹਰਜੈ ਦਾ ਧਿਆਨ ਸਪੱਸ਼ਟ ਤੌਰ 'ਤੇ ਗੋਲਫ



'ਤੇ ਹੈ, ਅਤੇ ਮੈਂ ਉਸ 'ਤੇ ਪੜ੍ਹਾਈ ਦਾ ਕੋਈ ਦਬਾਅ ਨਹੀ ਪਾ ਰਹੀ।" ਕੁਦਰਤ ਦੇ ਪਿਤਾ ਹਰਿਆਣਾ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਵਜੋਂ ਸੇਵਾ ਨਿਭਾ ਚੁੱਕੇ ਹਨ, ਅਤੇ ਉਹ ਆਈਏਐਸ ਅਤੇ ਆਈਪੀਐਸ ਅਫਸਰਾਂ ਦੇ ਪਰਿਵਾਰ ਨਾਲ ਸਬੰਧ ਰੱਖਦੇ ਹਨ। ਰੋਮ ਓਲੰਪਿਕ ਵਿੱਚ ਮਿਲਖਾ ਸਿੰਘ ਦੇ ਦਿਲ ਟੁੱਟਣ ਦੇ ਪੈਂਹਠ ਸਾਲਾਂ ਬਾਅਦ, ਉਨ੍ਹਾਂ ਦਾ ਪੋਤਾ ਉਹ ਕੋਸ਼ਿਸ਼ ਕਰਨ ਲਈ ਤਿਆਰ ਹੈ ਜਿਸ ਤੋਂ ਪਰਿਵਾਰ ਦਾ ਪਹਿਲਾ 'ਮਿਲਖਾ' ਖੁੰਝ ਗਿਆ ਸੀ-ਇੱਕ ਓਲੰਪਿਕ ਤਗਮਾ। ਖੇਡ ਭਾਵੇਂ ਐਥਲੈਟਿਕਸ ਤੋਂ ਬਦਲ ਕੇ ਗੋਲਫ਼ ਹੋ ਗਈ ਹੈ, ਪਰ ਸੁਪਨਾ ਉਹੀ ਹੈ।

ਚੰਡੀਗੜ੍ਹ ਵਿੱਚ ਮਿਲਖਾ ਸਿੰਘ ਦੀ ਰਿਹਾਇਸ਼ ਵਿੱਚ ਕਦਮ ਰੱਖੋ ਅਤੇ ਕੰਧਾਂ ਬੋਲਣ ਲੱਗਦੀਆਂ ਹਨ। ਪਹਿਲੀ ਕੰਧ 'ਫਲਾਇੰਗ ਸਿੱਖ' ਦੀਆਂ ਤੇਜ਼ ਦੌੜਦੀਆਂ ਤਸਵੀਰਾਂ ਨਾਲ ਤੁਹਾਡਾ ਸਵਾਗਤ ਕਰਦੀ ਹੈ, ਨਾਲ ਹੀ ਉਹ ਬੈਜ ਹਨ ਜੋ ਉਨ੍ਹਾਂ ਕਈ ਟਰੈਕਾਂ ਦੀ ਯਾਦ ਦਿਵਾਉਂਦੇ ਹਨ ਜਿਨ੍ਹਾਂ 'ਤੇ ਉਹ ਕਦੇ ਭਾਰਤ ਲਈ ਦੌੜੇ ਸਨ। ਨੇੜੇ ਹੀ, ਇੱਕ ਹੋਰ ਕੰਧ ਇੱਕ ਵੱਖਰੀ ਕਹਾਣੀ ਦੱਸਦੀ ਹੈ-ਜੀਵ ਮਿਲਖਾ ਸਿੰਘ ਦੀ ਗੋਲਫ ਵਿੱਚ ਸ਼ਾਨਦਾਰ ਯਾਤਰਾ ਦੀ, ਜਿੱਤੇ ਹੋਏ ਮੈਦਾਨਾਂ ਅਤੇ ਹਾਸਲ ਕੀਤੇ ਝੰਡਿਆਂ ਦੀ। ਤੀਜੀ ਕੰਧ ਖਾਮੋਸ਼ੀ ਵਿੱਚ ਇੰਤਜ਼ਾਰ ਕਰ ਰਹੀ ਹੈ, ਜੋ ਅਜੇ ਸਾਹਮਣੇ ਆਉਣ ਵਾਲੇ ਭਵਿੱਖ ਲਈ ਰਾਖਵੀ ਹੈ। ਕੁਦਰਤ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਪੁੱਤਰ ਹਰਜੈ ਦੇ ਉੱਤਮਤਾ ਹਾਸਲ ਕਰਨ ਦੇ ਜਜ਼ਬੇ ਵਿੱਚ ਅਨੁਸ਼ਾਸਨ ਨਾਲ ਕਦੇ ਸਮਝੌਤਾ ਨਾ ਹੋਵੇ। ਉਨ੍ਹਾਂ ਨੇ ਕਿਹਾ, "ਹਰਜੈ ਨੇ ਅਜੇ ਬਹੁਤ ਲੰਬਾ ਸਫ਼ਰ ਤੈਅ ਕਰਨਾ ਹੈ। ਉਸਨੇ ਹੁਣੇ ਹੀ ਆਪਣੀ ਯਾਤਰਾ ਸ਼ੁਰੂ ਕੀਤੀ ਹੈ, ਇਸ ਲਈ ਉਸਨੂੰ ਇੱਕ ਅਜਿਹੀ ਕੰਧ ਲਈ ਇੰਤਜ਼ਾਰ ਕਰਨਾ ਪਏਗਾ ਜੋ ਉਸਦੀਆਂ ਜਿੱਤਾਂ ਨੂੰ ਦਰਸਾਉਂਦੀ ਹੋਵੇ।" ਹਰਜੈ ਲਈ, ਇਹ ਯਾਤਰਾ ਸਿਰਫ਼ ਨਿੱਜੀ ਸਫ਼ਲਤਾ ਬਾਰੇ ਨਹੀ ਹੈ। ਇਹ ਉਸ ਕਹਾਣੀ ਨੂੰ ਪੂਰਾ ਕਰਨ ਬਾਰੇ ਹੈ ਜੋ 1960 ਵਿੱਚ ਰੋਮ ਦੇ ਇੱਕ ਟਰੈਕ ਤੋਂ ਸ਼ੁਰੂ ਹੋਈ ਸੀ। ਜੀਵ ਦੇ ਵਿਸ਼ਵ ਪੱਧਰੀ ਗੋਲਫ ਜੀਵਨ ਰਾਹੀ ਜਾਰੀ ਰਹੀ, ਅਤੇ ਹੁਣ ਪੁੱਤਰ ਦੇ ਨੌਜਵਾਨ ਮੋਢਿਆਂ 'ਤੇ ਟਿਕੀ ਹੋਈ ਹੈ। ਤਿੰਨ ਪੀੜ੍ਹੀਆਂ, ਓਲੰਪਿਕ ਇੱਕ ਅਧੂਰਾ ਸੁਪਨਾ, ਅਤੇ ਇੱਕ 15 ਸਾਲਾ ਨੌਜਵਾਨ ਜੋ ਪਹਿਲਾਂ ਹੀ ਆਪਣੇ ਅੱਗੇ ਆਉਣ ਵਾਲੇ ਭਾਰ ਨੂੰ ਸਮਝਦਾ ਹੈ।


**ਬੈਂਕ ਆਫ ਮਹਾਰਾਸ਼ਟਰਾ / Bank of Maharashtra**
भारत सरकार का उद्यम
एक परिवार एक बैंक

ਜ਼ੋਨਲ ਦਫ਼ਤਰ : ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ 141001, ਟੈਲੀ : 0161-2495472
E-Mail: recovery_ldh@mahabank.co.in, legal_ldh@mahabank.co.in
Head Office: 'LOKMANGAL', 1501, Shivaji Nagar, PUNE – 411 005

**ਸੰਕੇਤਕ ਕਬਜ਼ਾ ਸੂਚਨਾ**

ਜਿਥੇ ਕਿ, ਬੈਂਕ ਆਫ਼ ਮਹਾਰਾਸ਼ਟਰਾ ਦੇ ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖਰੀ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਦੀ ਉਪ-ਧਾਰਾ (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਕਰਜ਼ਦਾਰ (†)/ਜ਼ਾਮਨ (†) ਨੂੰ ਸੱਦਾਂ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (†) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (†)/ਜ਼ਾਮਨ (†) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਕਰਜ਼ਦਾਰਾਂ ਕੋਲ ਦਰਸਾਏ ਅਨੁਸਾਰ ਸਬੰਧਤ ਦਿਨਾਂ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (†)/ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਇਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ **ਬੈਂਕ ਆਫ਼ ਮਹਾਰਾਸ਼ਟਰਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਅਤੇ ਕਰਜ਼ਦਾਰ (†) / ਜ਼ਾਮਨ (†) ਦਾ ਨਾਮ | ਚੱਲ/ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ/ ਕਬਜ਼ੇ ਦੀ ਕਿਸਮ ਅਤੇ ਮਿਤੀ | ਬਕਾਇਆ ਰਕਮ ਜਮ੍ਹਾਂ ਵਿਆਜ ਅਤੇ ਹੋਰ ਖਰਚੇ |
|---|---|---|---|
| ਸ਼ਾਖਾ ਦਫ਼ਤਰ : ਪਟਿਆਲਾ<br>**ਕਰਜ਼ਦਾਰ/†: ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਨਾਨਕ ਸਿੰਘ, ਪਤਾ** : ਮਕਾਨ ਨੰ. 12, ਗਲੀ ਨੰ. 07 ਨਿਊ ਪ੍ਰੋਫੈਸਰ ਕਲੋਨੀ ਜਲਾਲਪੁਰ, ਪਟਿਆਲਾ ਪੰਜਾਬ 147002, **ਸਹਿ ਕਰਜ਼ਦਾਰ : ਸ੍ਰੀ ਗੁਰਪ੍ਰੀਤ ਸਿੰਘ** ਪੁੱਤਰ ਸ੍ਰੀ ਕੁਲਵੰਤ ਸਿੰਘ, **ਪਤਾ** : ਮਕਾਨ ਨੰ. 12, ਗਲੀ ਨੰ. 17, ਨਿਊ ਪ੍ਰੋਫੈਸਰ ਕਲੋਨੀ, ਜਲਾਲਪੁਰ, ਪਟਿਆਲਾ ਪੰਜਾਬ 147002 | ਖੇਵਟ ਨੰਬਰ 121/119, ਖਤੌਣੀ ਨੰਬਰ 179, ਖਸਰਾ ਨੰਬਰ 8//18/6-6, 8//22/1-13, 8//23/7-11, 9//3/2/7-0, 9//4/1/2-12, 9//4/3/1-0, 9//7/1/10-3, 9//7/3/0-9, 11//10/2/0-13, 11//11/1/1-14, 68/0-6 ਕਿੱਤੇ 11 ਵਿੱਚ ਸ਼ਾਮਲ 0-5 ਮਰਲੇ (146.66 ਵਰਗ ਗਜ਼) ਦੇ ਪਲਾਟ 'ਤੇ ਬਣੇ ਰਿਹਾਇਸ਼ੀ ਮਕਾਨ ਨੰਬਰ 12 ਦਾ ਬਰਾਬਰ ਗਿਰਵੀਨਾਮਾ। ਕੁੱਲ ਜ਼ਮੀਨ 29 ਕਨਾਲ 7 ਮਰਲੇ ਅਤੇ ਖਤੌਣੀ ਨੰਬਰ 180, ਖਸਰਾ ਨੰਬਰ 10//6/8-0, 10//7/1/3-8, 10//15/1/2-9 ਕਿਤੇ 3 ਜ਼ਮੀਨ 13 ਕਨਾਲ 7 ਮਰਲੇ, ਕੁੱਲ ਕਿੱਟੇ 14 ਅਤੇ ਕੁੱਲ 43 ਕਨਾਲ 4 ਮਰਲੇ ਜ਼ਮੀਨ, ਗਲੀ ਨੰਬਰ 07, ਨਿਊ ਪ੍ਰੋਫੈਸਰ ਕਲੋਨੀ, ਜਲਾਲਪੁਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ, ਪੰਜਾਬ ਵਿਖੇ ਸਥਿਤ ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਨਾਨਕ ਸਿੰਘ ਦੀ ਮਲਕੀਅਤ ਹੈ, ਵਿਕਰੀ ਡੀਡ ਦਸਤਾਵੇਜ਼ ਨੰ. 2022-23/11/1/435 ਮਿਤੀ 07/04/2022 ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਪੂਰਬ: ਮਕਾਨ ਨੰਬਰ 11, ਪ੍ਰਸ਼ਾਸਨ 60'00", ਪੱਛਮ: ਮਕਾਨ ਨੰਬਰ 13 ਪ੍ਰਸ਼ਾਸਨ 60'00", ਉੱਤਰ: ਸੜਕ 22 ਫੁੱਟ ਪ੍ਰਸ਼ਾਸਨ 22'00", ਦੱਖਣ: ਖਾਲੀ ਜ਼ਮੀਨ ਪ੍ਰਸ਼ਾਸਨ 22'00", **CERSAI ਸੰਪਤੀ ਆਈਡੀ** 200062789394 | 10.11.2025/ ਸੰਕੇਤਕ 31.01.2026 | **Rs. 17,16,766/-** ਇਸ ਤੋਂ ਇਲਾਵਾ, ਉਸ 'ਤੇ ਲਾਗੂ ਨਾ ਕੀਤਾ ਗਿਆ ਵਿਆਜ, ਖਰਚੇ ਅਤੇ ਹੋਰ ਖਰਚੇ 10-11-2025 ਤੋਂ |

ਮਿਤੀ : 31.01.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ



**ਪੰਜਾਬ ਨੈਸ਼ਨਲ ਬੈਂਕ** (pnb)
ਅਸੇਟ ਰਿਕਵਰੀ ਮੈਨੇਜਮੈਂਟ ਸ਼ਾਖਾ (ਏਆਰਐਮਬੀ)
ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੇਨਿਊ, ਨੇੜੇ ਪਾਸਪੋਰਟ ਦਫ਼ਤਰ ਅੰਮ੍ਰਿਤਸਰ 143001

**ਈ-ਨਿਲਾਮੀ ਵਿਕਰੀ ਸੂਚਨਾ**

**ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 17.03.2026 ਨੂੰ**
**ਸਰਫਾਇਸੀ ਐਕਟ 2002 ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ**

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦਾਂ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਬੰਦੀ ਰੱਖੀ ਗਈ ਹੈ, ਜਿਸਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ/† ਅਤੇ ਜ਼ਾਮਨਾਂ ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।
ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।

**ਵਿਕਰੀ 17.03.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ : ਸ੍ਰੀ ਅਨਵਰ ਅਲੀ (ਮੁੱਖ ਪ੍ਰਬੰਧਕ) (ਮੋ.) 97976-16733, ਸ੍ਰੀਮਤੀ ਜਯੋਤੀ (ਮੁੱਖ ਪ੍ਰਬੰਧਕ) (ਮੋ.) 70421-98890

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰਾਂ/ਜ਼ਾਮਨਾਂ ਦਾ ਨਾਮ ਅਤੇ ਪਤੇ, ਖਾਤਾ | ਗਿਰਵੀ ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ / ਅ) ਬਕਾਇਆ ਰਕਮ ਦੀ ਮਿਤੀ / ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ / ਸ) ਕਬਜ਼ੇ ਦਾ ਸਰੂਪ : ਸੰਕੇਤਕ/ਭੌਤਿਕ/ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|
| ਏਆਰਐਮਬੀ, ਅੰਮ੍ਰਿਤਸਰ<br>**PROPERTY ID : PUNB818500062**<br>(i) ਮੈਸਰਜ਼ ਸਨ ਇੰਡਸਟਰੀਜ਼, ਸਿਲਵਰ ਅਸਟੇਟ ਵੇਰਕਾ ਬਾਈਪਾਸ, ਅੰਮ੍ਰਿਤਸਰ (ਕਰਜ਼ਦਾਰ) (ii) ਮੈਸਰਜ਼ ਕਿਰਨ ਇੰਡਸਟਰੀਜ਼, ਸਿਲਵਰ ਅਸਟੇਟ ਵੇਰਕਾ ਬਾਈਪਾਸ, ਅੰਮ੍ਰਿਤਸਰ (ਕਾਰਪੋਰੇਟ ਜ਼ਾਮਨ) (iii) ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਹਰਚਰਨ ਦਾਸ, ਸਿਲਵਰ ਅਸਟੇਟ ਵੇਰਕਾ ਬਾਈਪਾਸ, ਅੰਮ੍ਰਿਤਸਰ (ਭਾਈਵਾਲ/ਜ਼ਾਮਨ), ਦੂਜਾ ਪਤਾ: ਮਕਾਨ ਨੰ. 24, ਆਈਡੀਅਲ ਲੇਨ ਕੋਰਟ ਰੋਡ, ਅੰਮ੍ਰਿਤਸਰ (ਪਾਰਟਨਰ/ਜ਼ਾਮਨ) (iv) ਸ੍ਰੀ ਸਚਿਨ ਕੁਮਾਰ ਪੁੱਤਰ ਸ੍ਰੀ ਰਾਜੇਸ਼ ਕੁਮਾਰ, ਸਿਲਵਰ ਅਸਟੇਟ ਵੇਰਕਾ ਬਾਈਪਾਸ, ਅੰਮ੍ਰਿਤਸਰ (ਭਾਈਵਾਲ/ਜ਼ਾਮਨ) ਦੂਜਾ ਪਤਾ: ਮਕਾਨ ਨੰ. 24, ਆਈਡੀਅਲ ਲੇਨ ਕੋਰਟ ਰੋਡ, ਅੰਮ੍ਰਿਤਸਰ (ਭਾਈਵਾਲ/ਜ਼ਾਮਨ) | 2689 ਵਰਗ ਗਜ਼ ਦੀ ਜਾਇਦਾਦ ਖਸਰਾ ਨੰਬਰ 24//1/2 ਮਿੰਨ, 10 ਮਿੰਨ, ਖੇਵਟ ਖਤੌਨੀ ਨੰਬਰ 595/1410, ਜਮ੍ਹਾਂਬੰਦੀ ਸਾਲ 2007-08 ਅਤੇ ਖਸਰਾ ਨੰ. 23/5 ਮਿੰਨ, 24/1/2 ਮਿੰਨ, 10 ਮਿੰਨ 23//5 ਮਿੰਨ, ਖੇਵਟ ਖਤੌਨੀ ਨੰ. 567/1343 ਜਮਾਂਬੰਦੀ ਸਾਲ 2002-03, ਇਲਾਕਾ ਰਕਸ਼ੀਕਰਗੜ੍ਹ ਅਬਾਦੀ, ਸਿਲਵਰ ਅਸਟੇਟ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਟਾਈਟਲ ਡੀਡ ਨੰ: 7247 ਮਿਤੀ 23-08-2010 ਅਤੇ 1643 ਮਿਤੀ 14-05-2009, ਸ੍ਰੀ ਸਚਿਨ ਕੁਮਾਰ ਦੇ ਨਾਮ 'ਤੇ ਅਤੇ 175 ਮਿਤੀ 05-04-2006, ਮੈਸਰਜ਼ ਸਨ ਇੰਡਸਟਰੀਜ਼ ਦੇ ਨਾਮ 'ਤੇ, ਹੱਦਬਸਤ ਨੰ 282 ਸਾਲ 2017-2018 ਲਈ ਜਮ੍ਹਾਂਬੰਦੀ ਅਨੁਸਾਰ ਅਤੇ ਖਸਰਾ ਨੰਬਰ 94/14/1, 17/1, 27/20, 94/7, 15 ਮਿੰਨ, ਖੇਵਟ ਖਤੌਨੀ ਨੰ: 460/976, 470/1005, 1006 17/1, 14/1, 93/19/1, (0-9) ਮਿੰਨ, 93/19/2 (0-5) ਮਿੰਨ, ਖੇਵਟ ਖਤੌਨੀ ਨੰ. 444/930, 446/936, ਜਮਾਂਬੰਦੀ ਸਾਲ 1998-1999, ਖਸਰਾ ਨੰ. 93/20/1 ਮਿੰਟ, ਖਤ ਖਤੌਨੀ ਨੰ. 539/1113 ਅਤੇ ਖਸਰਾ ਨੰ. 96/11 ਮਿੰਨ, ਪੰਡੋਰੀ ਵੜੀਆਚ, ਸਿਲਵਰ ਅਸਟੇਟ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ, ਟਾਈਟਲ ਡੀਡ ਨੰਬਰ 2152 ਮਿਤੀ 19-05-2004, 12352 ਮਿਤੀ 28-01-2005, 870 ਮਿਤੀ 27-04-2005 ਅਤੇ 732 ਮਿਤੀ 18-04-2006, ਮੈਸਰਜ਼ ਕਿਰਨ ਇੰਡਸਟਰੀਜ਼ ਦੇ ਨਾਮ 'ਤੇ ਸਾਲ 2015-2016 ਲਈ ਜਮ੍ਹਾਂਬੰਦੀ ਅਨੁਸਾਰ ਹਦਬਸਤ ਨੰਬਰ 283। | 16-04-2021<br>ਰ. 3,24,41,414/- ਮਿਤੀ 01-07-2016 ਨੂੰ + ਵਿਆਜ ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>16-10-2021<br>ਸੰਕੇਤਕ ਕਬਜ਼ਾ | ਰ. 5,13,75,000/-<br>ਰ. 51,37,500/-<br>ਰ. 2,00,000/- |

ਸਰਫਾਇਸੀ ਐਕਟ 2002 ਦੇ ਨਿਯਮ 8 (6) ਦੇ ਅਧੀਨ 30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ

**ਨਿਯਮ ਅਤੇ ਸ਼ਰਤਾਂ** : 1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਸੰਪੱਤੀ/ਆਂ ਉਪਰ ਕੋਈ ਵੀ ਦੇਣਦਾਰੀ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਕਰਜ਼ਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਸੰਪੱਤੀ/ਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 17.03.2026 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। **ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://eprocure.gov.in/epublish/app ਅਤੇ www.pnbindia.in** ਦਾ ਹਵਾਲਾ ਲਓ। 8. ਰਾਖਵੀਂ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 05.02.2026 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ (ਪੰਜਾਬ ਨੈਸ਼ਨਲ ਬੈਂਕ)



ਧੰਨ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ / PUNJAB & SIND BANK** (A GOVT. OF INDIA UNDERTAKING)
ਜ਼ੋਨ.ਦ. : ਮਾਡਲ ਟਾਊਨ ਜਲੰਧਰ ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ ਜ਼ੋਨ.ਦ. : ਮਾਡਲ ਟਾਊਨ ਜਲੰਧਰ

**ਮੰਗ ਸੂਚਨਾ**

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ, 2002) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (†) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੇ ਅਸਾਸੇ ਬਣ ਚੁੱਕੇ ਹਨ। ਕਰਜ਼ਦਾਰ (†)/ਜ਼ਾਮਨ (†) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਰਜਿਸਟਰਡ ਡਾਕ/ਸਪੀਡ ਪੋਸਟ ਦੁਆਰਾ ਭੇਜੀ ਗਈ ਸੀ। ਹਾਲਾਂਕਿ ਸੂਚਨਾਵਾਂ ਅਣਸੇਪੀਆਂ ਹੀ ਪਰਤ ਆਈਆਂ ਅਤੇ ਹੋਰ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (†)/ਜ਼ਾਮਨ (†) ਸੂਚਨਾ ਦੀ ਤਾਮੀਲ ਨੂੰ ਟਾਲ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (†)/ਜ਼ਾਮਨ (†) ਗਿਰਵੀਕਾਰ ਅਤੇ ਸ਼ਾਖਾ ਦਾ ਦਾ ਨਾਮ | ਸੁਰੱਖਿਆ ਅਸਾਸਿਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਧਾਰਾ 13 (2) ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਐਸਐਮਈਸੀ ਜਲੰਧਰ<br>1. **ਸ੍ਰੀ ਲਖਨ ਕੰਬੋਜ** ਸਪੁੱਤਰ ਸ੍ਰੀ ਰਾਜ ਪਾਲ ਮਾਸ਼ਾ ਮਕਾਨ ਨੰ. 100ਏ, ਨਿਊ ਗੋਬਿੰਦ ਨਗਰ, ਗੁੱਜਾ ਪੀਰ ਰੋਡ, ਜਲੰਧਰ। 2. **ਸ੍ਰੀਮਤੀ ਸ਼ਿਵਾਲੀ ਕੰਬੋਜ** ਸਪੁੱਤਰੀ ਸ੍ਰੀ ਅਨੁਰਾਜ ਕੰਬੋਜ, ਮਕਾਨ ਨੰ. 100ਏ, ਨਿਊ ਗੋਬਿੰਦ ਨਗਰ, ਗੁੱਜਾ ਪੀਰ ਰੋਡ, ਜਲੰਧਰ | ਹੌਂਡਾ ਸਿਟੀ ਐਮਐਮਸੀ ਆਰਬੀਏ ਵੀ ਐਮਟੀ (ਆਈ-ਵੀਟੇਕ) ਆਰਸੀ ਨੰਬਰ ਪੀਬੀ08ਐਕਜ਼ੈ3100, ਇੰਜਣ ਨੰਬਰ **L15ZD2027359** ਅਤੇ ਚਾਸੀ ਨੰਬਰ **MAKGN253AR4203564** | 29-01-2026 | 30-01-2026 | **Rs.10,54,515.94** (ਰੁਪਏ ਦਸ ਲੱਖ ਚੁਰੰਜਾ ਹਜ਼ਾਰ ਪੰਜ ਸੌ ਪੰਦਰਾਂ ਅਤੇ ਚੁਰਾਨਵੇਂ ਪੈਸੇ ਕੇਵਲ) 31.12.2025 ਤੱਕ ਵਿਆਜ, ਪੂਰਨ ਭੁਗਤਾਨ ਦੀ ਮਿਤੀ ਤੱਕ ਲਾਗਤ ਅਤੇ ਹੋਰ ਆਮ ਬੈਂਕ ਫੀਸਾਂ ਸਮੇਤ |

ਉਕਤ ਕਰਜ਼ਦਾਰ (†)/ਜ਼ਾਮਨ (†) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫ਼ਲ ਰਹਿਣ 'ਤੇ ਅਸੀਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (4) ਦੇ ਅਧੀਨ ਸਾਰੇ ਜਾਂ ਕਿਸੇ ਵੀ ਅਧਿਕਾਰਾਂ ਦੀ ਵਰਤੋਂ ਕਰਾਂਗੇ।
ਇਸ ਤੋਂ ਇਲਾਵਾ ਕਰਜ਼ਦਾਰ (†)/ਜ਼ਾਮਨ (†) ਨੂੰ ਇਥੇ ਇਸ ਰਾਹੀਂ ਬਿਨਾਂ ਸਾਡੀ ਅਗਾਊਂ ਪ੍ਰਵਾਨਗੀ ਤੋਂ ਕਿਸੇ ਵੀ ਰੂਪ ਵਿਚ, ਜੋ ਵੀ ਹੋਵੇ, ਉਕਤ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦੀ ਵੀ ਸੌਦੇਬਾਜ਼ੀ ਕਰਨ ਤੋਂ ਰੋਕਿਆ ਜਾਂਦਾ ਹੈ। ਇਹ ਸਬੰਧਤ ਕਾਨੂੰਨ ਅਤੇ/ਜਾਂ ਕਿਸੇ ਵੀ ਹੋਰ ਲਾਗੂ ਕਾਨੂੰਨ ਦੇ ਅਧੀਨ ਸਾਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਦੇ ਉਲੰਘਣ ਤੋਂ ਬਿਨਾਂ ਹੈ। ਤੁਹਾਡਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਸਰਫਾਇਸੀ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਧਾਰਾ 13 (13) ਦੇ ਸਬੰਧ ਵਿਚ ਕਰਜ਼ਦਾਰ/ਜ਼ਾਮਨ ਸੁਰੱਖਿਅਤ ਕਰਜ਼ਦਾਤਾ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਨਿਮਨ ਸੂਚੀ ਬੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੇਗਾ। ਇਹ ਅੱਗੇ ਤੁਹਾਡੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਦਰਸਾਏ ਕਾਨੂੰਨ ਦੇ ਤਹਿਤ ਵਿਵਸਥਿਤ ਅਨੁਸਾਰ ਵਿਧਾਨਕ ਰੋਕ/ਮਨਾਹੀ ਦੀ ਕੋਈ ਵੀ ਉਲੰਘਣਾ ਇੱਕ ਅਪਰਾਧ ਹੈ ਅਤੇ ਜੇਕਰ ਕਿਸੇ ਵੀ ਕਾਰਨ ਕਰਕੇ ਸੁਰੱਖਿਅਤ ਸੰਪੱਤੀਆਂ ਨੂੰ ਵਪਾਰ ਦੇ ਸਧਾਰਨ ਢੰਗ ਵਿਚ ਵੇਚਿਆ ਜਾਂ ਲੀਜ਼ 'ਤੇ ਦਿੱਤਾ ਜਾਂਦਾ ਹੈ ਤਾਂ ਵਿਕਰੀ ਆਮਦਨ ਜਾਂ ਵਸੂਲ ਹੋਈ ਆਮਦਨ ਸੁਰੱਖਿਅਤ ਕਰਜ਼ਦਾਤਾ ਕੋਲ ਜਮ੍ਹਾਂ ਕਰਵਾਈ ਜਾਵੇਗੀ। ਇਸ ਸਬੰਧ ਵਿਚ ਤੁਹਾਨੂੰ ਅਜਿਹੀ ਵਸੂਲੀ/ਆਮਦਨ ਚੂੰ ਕਵੇਂ ਖਾਤਿਆਂ ਵਿਚ ਜਮ੍ਹਾਂ ਕਰਨੀ ਹੋਵੇਗੀ। ਇਹ ਸੂਚਨਾ ਬਿਨਾਂ ਕਿਸੇ ਭੇਦਭਾਵ ਤੋਂ ਜਿਵੇਂ ਦਾ ਵੀ ਕੇਸ ਹੋਵੇ ਬੈਂਕ ਵੱਲੋਂ ਡੀਆਰਟੀ/ਅਦਾਲਤ ਦੇ ਸਾਹਮਣੇ ਕਾਨੂੰਨੀ ਕਾਰਵਾਈ ਲਈ ਜਾਰੀ ਕੀਤੀ ਗਈ ਹੈ।

ਮਿਤੀ : 06.02.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ



**ਸਟੇਟ ਬੈਂਕ ਆਫ ਇੰਡੀਆ**
ਸਟਰੈਸਡ ਅਸਾਸੇ ਵਸੂਲੀ ਸ਼ਾਖਾ,
ਜ਼ਮੀਨੀ ਤਲ, ਬਿਜ਼ਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

**ਈ-ਨਿਲਾਮੀ ਵਿਕਰੀ ਸੂਚਨਾ**
25.02.2026
11.00 ਵਜੇ ਤੋਂ 16.00 ਵਜੇ

**25.02.2026 ਨੂੰ 11.00 ਵਜੇ ਤੋਂ 16.00 ਵਜੇ ਤੱਕ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ**
**ਬਿਆਨਾ ਰਕਮ ਅਤੇ ਦਸਤਾਵੇਜ਼ਾਂ ਲਈ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ**
**ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵੈਲੇਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਸਟੇਟ ਬੈਂਕ ਆਫ ਇੰਡੀਆ** (ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ **ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਬੈਂਕ ਬਕਾਏ + ਵਿਆਜ (ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ 25.02.2026 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ।** "ਸਾਰੇ ਵਿਧਾਨਕ/ਗੈਰ-ਵਿਧਾਨਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਕਿਸੇ ਵੱਲ ਵੀ ਬਕਾਇਆ ਫੀਸਾਂ ਆਦਿ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਇਕੱਲੇ ਦੀ ਜ਼ਿੰਮੇਵਾਰੀ ਹੋਵੇਗੀ, ਸਫ਼ਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੇ ਭੁਗਤਾਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾਂ ਰਕਮ ਦੀ ਜ਼ਬਤੀ ਹੋਵੇਗਾ।
**ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) https:sbi.co.in/ (b) https://baanknet.com ਵਿਚ ਨਿਮਨ ਦਰਸਾਏ/ਹਵਾਲੇ ਅਧੀਨ ਹਨ।**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਕਰਜ਼ਦਾਰ (†)/ ਜ਼ਾਮਨ (†) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|
| 1. ਮੈਸ. ਜਿੰਦਲ ਅਰਹਤ ਸੈਂਟਰ ਇੰਦਰਾ ਮਾਰਕੀਟ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ 151103. ਪ੍ਰੋਪ ਸ੍ਰੀ ਪ੍ਰੇਮ ਕੁਮਾਰ ਪੁੱਤਰ ਸ਼ ਹਰਬੰਸ ਲਾਲ, ਬਾਬਾ ਰਾਮ ਸਰੂਪ ਵਾਲ ਗਲੀ, ਫੈਕਟਰੀ ਰੋਡ ਰਾਮਪੁਰਾਫੂਲ, ਤਹਿਸੀਲ ਫੂਲ, ਜ਼ਿਲਾ ਬਠਿੰਡਾ 151103 | ਰੁ. 23,13,748/- (ਰੁ. ਤੇਈ ਲੱਖ ਤੇਰਾਂ ਹਜ਼ਾਰ ਸੱਤ ਸੌ ਅਠਤਾਲੀ ਕੇਵਲ) 07.02.2018 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ | ਜਾਇਦਾਦ ਆਈਡੀ :- **SBIN**0527100106 ਬਾਬਾ ਰਾਮ ਸਰੂਪ ਵਾਲੀ ਗਲੀ, ਫੈਕਟਰੀ ਰੋਡ, ਰਾਮਪੁਰਾਫੂਲ ਬਠਿੰਡਾ ਵਿੱਚ ਤਿੰਨ ਮੰਜ਼ਿਲਾ ਰਿਹਾਇਸ਼ੀ ਘਰ ਡੀਡ ਨੰਬਰ 1154 ਮਿਤੀ 12.08.2015 ਅਨੁਸਾਰ ਸ੍ਰੀ ਪ੍ਰੇਮ ਕੁਮਾਰ ਪੁੱਤਰ ਸ੍ਰੀ ਹਰਬੰਸ ਲਾਲ ਦੇ ਨਾਮ 'ਤੇ 108.33 ਵਰਗ ਗਜ਼, ਬਾਬਾ ਰਾਮ ਸਰੂਪ ਵਾਲੀ ਗਲੀ, ਰੇਲਵੇ ਫਾਟਕ ਦੇ ਨੇੜੇ, ਫੈਕਟਰੀ ਰੋਡ ਰਾਮਪੁਰਾਫੂਲ, ਬਠਿੰਡਾ ਵਿਖੇ ਸਥਿਤ ਹੈ। (ਭੌਤਿਕ ਕਬਜ਼ੇ ਦੀ ਮਿਤੀ: 22.11.2018) | ਰੁ. 9,97,000/-<br>ਰੁ. 99,700/-<br>ਰੁ. 20,000/- | 17.02.2026 11.00 ਵਜੇ ਤੋਂ 14.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾ. ਨੰ.: 9779075339 ਹਰਦੀਪ ਕੌਰ (ਸੀਸੀਓ) ਮੋਬਾ. ਨੰ.: 80545-98007 |
| 2. ਸ੍ਰੀ ਅਮਰ ਨਾਥ ਅਤੇ ਸ. ਲਛਮਣ ਦਾਸ ਪੁੱਤਰ ਸ. ਜਗਨ ਨਾਥ (ਐਚ/ਐਲ) ਮੈਸ. ਨਿਊ ਲਕਸ਼ਮੀ ਟੈਂਟ ਅਤੇ ਕੈਟਰਰ (ਸੀਸੀ ਤੇ ਟੀਐਲ) 1) ਸ਼. ਅਮਰ ਨਾਥ ਪੁੱਤਰ ਸ. ਜਗਨ ਨਾਥ, ਹਾਊਸ ਨੰ. 89/169. ਸ਼ੇਰ ਜੰਗ ਕੋਹਲ ਵਾਲੀ ਗਲੀ। ਗੁਰੂ ਨਾਨਕ ਪੁਰਾ ਰਾਮਪੁਰਾ, ਤਹਿਸੀਲ - ਫੂਲ, ਜ਼ਿਲਾ ਬਠਿੰਡਾ, 2) ਸ. ਲੱਛਮਣ ਦਾਸ ਪੁੱਤਰ ਸ. ਜਗਨ ਨਾਥ, ਹਾਊਸ ਨੰ. ਤਾਘੀ ਵਾਲੀ ਗਲੀ, ਗੁਰੂ ਨਾਨਕ ਪੁਰਾ ਮਹੱਲਾ ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲਾ ਬਠਿੰਡਾ, ਜ਼ਾਮਨਾਂ: ਸ. ਮਨੀਸ਼ ਕੁਮਾਰ ਗਰਗ ਪੁੱਤਰ ਸ. ਅਮਰ ਨਾਥ ਹਾਊਸ ਨੰ. 89/169, ਸ਼ੇਰ ਜੰਗ ਕੋਰਲੀ ਵਾਲੀ ਗਲੀ, ਗੁਰੂ ਨਾਨਕ ਪੁਰਾ ਰਾਮਪੁਰਾ ਫੂਲ, ਤਹਿਸੀਲ -ਫੂਲ, ਜ਼ਿਲਾ ਬਠਿੰਡਾ।, 2. ਮੈਸਰਜ਼ ਨਿਊ ਲਕਸ਼ਮੀ ਟੈਂਟ ਐਂਡ ਕੇਟਰਰ (ਸੀ ਸੀ. ਐਂਡ ਟੀ.ਐਲ) ਗੁਰੂ ਨਾਨਕ ਪੁਰਾ ਮੁਹੱਲਾ, ਰਾਮਪੁਰਾ ਫੂਲ, ਬਠਿੰਡਾ। ਪ੍ਰੋਪਰਾਈਟਰ: ਸ੍ਰੀ ਮਨੀਸ਼ ਕੁਮਾਰ ਗਰਗ ਪੁੱਤਰ ਸ. ਅਮਰ ਨਾਥ ਮਕਾਨ ਨੰ. 89/169. ਸ਼ੇਰ ਜੰਗ ਕੋਹਲੀ ਵਾਲੀ ਗਲੀ, ਗੁਰੂ ਨਾਨਕ ਪੁਰਾ ਰਾਮਪੁਰਾਫੂਲ, ਤਹਿਸੀਲ -ਫੂਲ, ਜ਼ਿਲਾ ਬਠਿੰਡਾ। ਜ਼ਾਮਨ: ਸ੍ਰੀ ਅਮਰ ਨਾਥ ਪੁੱਤਰ ਸ਼. ਜਗਨ ਨਾਥ, ਹਾਊਸ ਨੰ. 89-169, ਸ਼ੇਰ ਜੰਗ ਕੋਹਲੀ ਵਾਲੀ ਗਲੀ, ਗੁਰੂ ਨਾਨਕ ਪੁਰਾ ਮੁਹੱਲਾ ਰਾਮਪੁਰਾਫੂਲ, ਤਹਿਸੀਲ-ਫੂਲ, ਜ਼ਿਲ੍ਹਾ ਬਠਿੰਡਾ। ਸ਼. ਲਛਮਣ ਦਾਸ ਪੁੱਤਰ ਸ੍ਰੀ ਜਗਨ ਨਾਥ, ਮਕਾਨ ਨੰ, ਤੱਘੀ ਵਾਲੀ ਗਲੀ, ਗੁਰੂ ਨਾਨਕ ਪੁਰਾ ਮੁਹੱਲਾ ਰਾਮਪੁਰਾਫੂਲ, ਤਹਿਸੀਲ ਫੂਲ, ਜ਼ਿਲਾ ਬਠਿੰਡਾ। | ਰੁ. 34,58,024/- (ਰੁ. ਚੌਂਤੀ ਲੱਖ ਅਠਵੰਜਾ ਹਜ਼ਾਰ ਚੌਵੀਂ ਕੇਵਲ) 07.02.2018 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ | ਜਾਇਦਾਦ ਆਈਡੀ: **SBIN**0527100121: ਵਿਕਰੀ ਡੀਡ ਨੰਬਰ 6815 ਮਿਤੀ 11.03.2005 ਦੇ ਅਨੁਸਾਰ, ਟਾਂਗੀ ਵਾਲੀ ਗਲੀ, ਗੁਰੂ ਨਾਨਕ ਪੁਰਾ ਮੁਹੱਲਾ ਐਮ ਸੀ. ਰਾਮਪੁਰਾ ਫੂਲ ਦੇ ਅੰਦਰ, ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਵਿਖੇ ਸਥਿਤ, 247 ਵਰਗ ਗਜ਼ ਦੀ ਜਾਇਦਾਦ ਦੇ ਘਰ/ਜ਼ਮੀਨ ਦਾ ਬਰਾਬਰ ਗਿਰਵੀਨਾਮਾ। ਸ੍ਰੀ ਲਛਮਣ ਦਾਸ ਪੁੱਤਰ ਸ੍ਰੀ ਜਗਨ ਨਾਥ ਅਤੇ ਸ੍ਰੀ ਅਮਰ ਨਾਥ ਪੁੱਤਰ ਸ੍ਰੀ ਜਗਨ ਨਾਥ ਦੇ ਨਾਮ 'ਤੇ। ਜਾਇਦਾਦ ਮੈਸਰਜ਼ ਨਿਊ ਲਕਸ਼ਮੀ ਟੈਂਟ ਐਂਡ ਕੈਟਰਰ ਦੇ ਖਾਤੇ ਵਿੱਚ ਕਰਾਸ-ਕੋਲੇਟਰਲਾਈਜ਼ਡ ਹੈ। (ਭੌਤਿਕ ਕਬਜ਼ੇ ਦੀ ਮਿਤੀ: 28.08.2019) ਜਾਇਦਾਦ ਮੈਸਰਜ਼ ਨਿਊ ਲਕਸ਼ਮੀ ਟੈਂਟ ਅਤੇ ਕੇਟਰਰ ਦੇ ਖਾਤੇ ਵਿੱਚ ਕਰਾਸ-ਕੋਰਟੇਰਲਾਈਜ਼ਡ ਹੈ। | ਰੁ. 23,91,000/-<br>ਰੁ. 2,39,100/-<br>ਰੁ. 20,000/- | 17.02.2026 11.00 ਵਜੇ ਤੋਂ 14.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾ. ਨੰ.: 9779075339 ਹਰਦੀਪ ਕੌਰ (ਸੀਸੀਓ) ਮੋਬਾ. ਨੰ.: 80545-98007 |
| 3. ਕਰਜ਼ਦਾਰ: 1) ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਜੈਕਬ ਪਾਲ, ਵਾਸੀ ਗਲੀ ਨੰ. 3, ਸ਼ਾਹਬਾਜ਼ ਨਗਰ, ਕੇਂਦਰੀ ਵਿਦਿਆਲਿਆ ਦੇ ਸਾਹਮਣੇ, ਫਰੀਦਕੋਟ-151203, 2) ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਜੈਕਬ ਪਾਲ, ਵਾਸੀ ਗਲੀ ਨੰ. 3, ਸ਼ਾਹਬਾਜ਼ ਨਗਰ, ਕੇਂਦਰੀ ਵਿਦਿਆਲਿਆ ਦੇ ਸਾਹਮਣੇ, ਫਰੀਦਕੋਟ-151203, ਜ਼ਾਮਨ: ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਜੈਕਬ ਪਾਲ ਵਾਸੀ ਗਲੀ ਨੰ. 2, ਬਾਜ਼ੀਗਰ ਬਸਤੀ, ਕੇਂਦਰੀ ਵਿਦਿਆਲਿਆ ਦੇ ਸਾਹਮਣੇ, ਫਰੀਦਕੋਟ-151203 | ਰੁ. 21,27,676.00 (ਰੁ. ਇੱਕੀ ਲੱਖ ਸਤਾਈ ਹਜ਼ਾਰ ਛੇ ਸੌ ਛਿਹੱਤਰ ਕੇਵਲ) 12.02.2020 ਨੂੰ + ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ | ਜਾਇਦਾਦ ਆਈਡੀ: **SBIN**0527100323: ਸ਼ਾਹਬਾਜ਼ ਨਗਰ, ਬਾਜ਼ੀਗਰ ਬਸਤੀ ਦੇ ਪਿੱਛੇ, ਫਰੀਦਕੋਟ ਵਿਖੇ ਸਥਿਤ 150 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ ਜੋ ਕਿ ਟ੍ਰਾਂਸਫਰ ਡੀਡ ਨੰਬਰ 164 ਮਿਤੀ 19.04.2017 ਅਨੁਸਾਰ ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਜੈਕਬ ਪਾਲ ਦੇ ਨਾਮ 'ਤੇ ਦਰਜ ਹੈ। (ਭੌਤਿਕ ਕਬਜ਼ੇ ਦੀ ਮਿਤੀ: 17.11.2025) | ਰੁ. 24,83,000/-<br>ਰੁ. 2,48,300/-<br>ਰੁ. 20,000/- | 17.02.2026 11.00 ਵਜੇ ਤੋਂ 14.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾ. ਨੰ.: 9779075339 ਹਰਦੀਪ ਕੌਰ (ਸੀਸੀਓ) ਮੋਬਾ. ਨੰ.: 80545-98007 |
| 4. ਮੈਸਰਜ਼ ਸਾਧੂ ਰਾਮ ਤਰਸੇਮ ਲਾਲ, ਗਊਸ਼ਾਲਾ ਮਾਰਕੀਟ, ਰਾਮਪੁਰਾ ਫੂਲ-151103, ਪ੍ਰੋਪਰਾਈਟਰ: ਸ੍ਰੀ ਹਰਪਿੰਦਰ ਕੁਮਾਰ ਪੁੱਤਰ ਸ੍ਰੀ ਤਰਸੇਮ ਲਾਲ, ਵਾਸੀ #1, ਗਾਂਧੀ ਨਗਰ, ਗਲੀ ਨੰਬਰ 3, ਰਾਮਪੁਰਾ ਫੂਲ-151103 | ਰੁ. 60,80,822.00 (ਰੁ. ਸੱਠ ਲੱਖ ਅੱਸੀ ਹਜ਼ਾਰ ਅੱਠ ਸੌ ਬਾਈ ਕੇਵਲ) 31.08.2021 ਨੂੰ + ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ | ਜਾਇਦਾਦ ਆਈਡੀ:- **SBIN**0527100311: ਮਾਲਕੀ ਡੀਡ ਨੰਬਰ 2031 ਮਿਤੀ 29.09.17 ਅਨੁਸਾਰ ਸ੍ਰੀ ਹਰਪਿੰਦਰ ਕੁਮਾਰ ਪੁੱਤਰ ਸ੍ਰੀ ਤਰਸੇਮ ਲਾਲ ਦੇ ਨਾਮ 'ਤੇ 45.22 ਵਰਗ ਗਜ਼ ਦੀ ਅਚੱਲ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਪਾਲਿਕਾ ਸਟਰੀਟ ਐਕਸਿਸ ਬੈਂਕ ਦੇ ਸਾਹਮਣੇ, ਬੈਂਕ ਬਾਜ਼ਾਰ, ਰਾਮਪੁਰਾ ਫੂਲ ਵਿੱਚ ਦੋ ਵਪਾਰਕ ਦੁਕਾਨਾਂ। (ਭੌਤਿਕ ਕਬਜ਼ੇ ਦੀ ਮਿਤੀ: 05.12.2025) | ਰੁ. 9,80,000/-<br>ਰੁ. 98,000/-<br>ਰੁ. 20,000/- | 17.02.2026 11.00 ਵਜੇ ਤੋਂ 14.00 ਵਜੇ ਤੱਕ | ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾ. ਨੰ.: 9779075339 ਹਰਦੀਪ ਕੌਰ (ਸੀਸੀਓ) ਮੋਬਾ. ਨੰ.: 80545-98007 |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਦੇ ਤਹਿਤ ਉਪਰੋਕਤ ਕਰਜ਼ਦਾਰ(†) ਅਤੇ ਜ਼ਾਮਨ(†) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।
ਸਰਫਾਇਸੀ ਐਕਟ, 2002 ਦੀਆਂ ਵਿਵਸਥਾਵਾਂ ਦੇ ਸੰਬੰਧ ਵਿਚ , ਹੁਣ ਇਹ ਪ੍ਰਸਤਾਵਿਤ ਕੀਤਾ ਜਾਂਦਾ ਹੈ ਕਿ **https://baanknet.com** ਰਾਹੀਂ ਆਯੋਜਿਤ ਹੋਣ ਵਾਲੀ ਜਨਤਕ ਈ-ਨਿਲਾਮੀ ਦੁਆਰਾ ਬੈਂਕ ਦੇ ਕਬਜ਼ੇ ਵਿਚਲੇ ਅਚੱਲ ਅਸਾਸਿਆਂ ਦੀ ਵਿਕਰੀ ਕੀਤੀ ਜਾਵੇ।
ਵਿਕਰੀ ਦੀਆਂ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਦੇ ਲਈ, ਕਿਰਪਾ ਕਰਕੇ ਵੈਬਸਾਈਟ : **https://baanknet.com** ਵੇਖੋ

ਮਿਤੀ: 05.02.2026 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

# ਵਧੀਕ ਡਿਪਟੀ ਕਮਿਸ਼ਨਰ ਨੇ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਸਬੰਧੀ ਕੀਤੀ ਸਮੀਖਿਆ ਮੀਟਿੰਗ



ਫ਼ਤਹਿਗੜ੍ਹ ਸਾਹਿਬ, 5 ਫਰਵਰੀ: (ਹਰਪ੍ਰੀਤ ਕੌਰ ਟਿਵਾਣਾ) ਮਹਿਲਾ ਸਸ਼ਕਤੀਕਰਨ ਅਤੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਸਖੀ ਸ਼ਕਤੀ ਮੇਲਾ ਆਮ ਖਾਸ ਬਾਗ ਵਿਖੇ 10 ਤੋਂ 13 ਫਰਵਰੀ ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਵੱਖ ਵੱਖ ਵਿਭਾਗਾਂ, ਸਵੈ ਸਹਾਇਤਾ ਗਰੁੱਪਾਂ ਤੋਂ ਇਲਾਵਾ ਬਾਹਰੀ ਰਾਜਾਂ ਤੋਂ ਆਉਣ ਵਾਲੇ ਲੋਕਾਂ ਵੱਲੋਂ 80 ਦੇ ਕਰੀਬ ਸਟਾਲ ਲਗਾਏ ਜਾਣਗੇ, ਜੋ ਮੇਲੇ ਦੀ ਦਿੱਖ ਨੂੰ ਹੋਰ ਖੂਬਸੂਰਤ ਬਣਾਉਣਗੇ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਆਤਮ-ਨਿਰਭਰ ਬਣਾਉਣਾ ਹੈ। ਉਨ੍ਹਾਂ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮੇਲੇ ਵਾਲੀ ਥਾਂ ਤੇ ਸਾਫ਼-ਸਫਾਈ, ਪੀਣ ਵਾਲੇ ਪਾਣੀ ਅਤੇ ਬਿਜਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਸੁਰੱਖਿਆ ਦੇ ਲਿਹਾਜ਼ ਨਾਲ ਪੁਲਿਸ ਵਿਭਾਗ ਵੱਲੋਂ ਉਚਿਤ ਪ੍ਰਬੰਧ ਯਕੀਨੀ ਬਣਾਏ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਮਨੋਵਿਗਿਆਨਕ ਸਿਹਤ ਅਤੇ ਸਮੂਹਿਕ ਕੁਸ਼ਲਤਾ ਸੰਬੰਧੀ ਪ੍ਰੋਗਰਾਮ ਆਯੋਜਿਤ



ਫਤਿਹਗੜ੍ਹ ਸਾਹਿਬ, 5 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਵਿਦਿਆਰਥੀ ਸੇਵਾ ਕੇਂਦਰ ਵੱਲੋਂ 28 ਜਨਵਰੀ ਤੋਂ 2 ਫ਼ਰਵਰੀ ਤੱਕ ਵੱਖ-ਵੱਖ ਦਿਨਾਂ ‘ਚ ਮਨੋਵਿਗਿਆਨਕ ਸਿਹਤ ਅਤੇ ਸਮੂਹਿਕ ਕੁਸ਼ਲਤਾ ਨਾਲ ਸੰਬੰਧਿਤ ਕਈ ਜਾਗਰੂਕਤਾ ਕਾਰਜਕ੍ਰਮ ਆਯੋਜਿਤ ਕੀਤੇ ਗਏ। ਇਹ ਸਾਰੀ ਲੜੀ ਮਨ ਦੀ ਸਿਹਤ, ਤਣਾਅ ਦਾ ਸੰਚਾਲਨ, ਜਜ਼ਬਾਤੀ ਮਜ਼ਬੂਤੀ, ਸਿਹਤਮੰਦ ਜੀਵਨ-ਚੱਲਣ, ਤਕਨਾਲੋਜੀ ਦੇ ਸੰਤੁਲਿਤ ਉਪਯੋਗ, ਨੈਤਿਕ ਜ਼ਿੰਮੇਵਾਰੀ, ਸੰਚਾਰ-ਸਮਰੱਥਾ ਅਤੇ ਸੁਚੱਜੇ ਪੇਸ਼ਾਵਰ ਵਰਤਾਵ ਵਰਗੇ ਅਜੋਕੇ ਯੁਗ ਦੇ ਮਹੱਤਵਪੂਰਨ ਵਿਸ਼ਿਆਂ ‘ਤੇ ਕੇਂਦ੍ਰਿਤ ਸੀ।ਉੱਚ-ਸਿੱਖਿਆ ਦੇ ਮਾਹੌਲ ਵਿਚ ਜਜ਼ਬਾਤੀ ਸੰਤੁਲਨ ਅਤੇ ਮੁੱਲ-ਆਧਾਰਿਤ ਸਿੱਖਿਆ ਦੀ ਮਹੱਤਤਾ ਉਤੇ ਰੌਸ਼ਨੀ ਪਾਂਦਿਆਂ, ਪ੍ਰੋ. (ਡਾ.) ਪਰਿਤ ਪਾਲ ਸਿੰਘ, ਵਾਈਸ-ਚਾਂਸਲਰ, ਅਤੇਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਨੇ ਵਿਦਿਆਰਥੀ ਸੇਵਾ ਕੇਂਦਰ ਦੀ ਇਸ ਮਹੱਤਵਪੂਰਨ ਪਹਿਲ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਦੇ ਸਮੂਹਿਕ, ਜ਼ਿੰਮੇਵਾਰ ਅਤੇ ਸੰਤੁਲਿਤ ਵਿਕਾਸ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦੁਹਰਾਈ।ਵਿਦਿਆਰਥੀ ਸੇਵਾ ਕੇਂਦਰ ਦੀ ਨਿਰਦੇਸ਼ਕ ਡਾ. ਹਰਨੀਤ ਬਿਲਿੰਗ ਨੇ ਕਹਿਆ ਕਿ ਮਨ ਦੀ ਸਿਹਤ, ਭਾਵਨਾਤਮਕ ਲਚੀਲਾਪਣ ਅਤੇ ਨੈਤਿਕ ਸਚੇਤਤਾ ਅਜੋਕੇ ਯੁਗ ਦੀ ਬੁਨਿਆਦੀ ਜੀਵਨ-ਕਲਾ ਹੈ। ਉਨ੍ਹਾਂ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਯੂਨੀਵਰਸਿਟੀਆਂ ਨੂੰ ਸਿਰਫ਼ ਪਾਠਕ੍ਰਮ ਅਧਿਆਪਨ ਤੱਕ ਨਾ ਰਹਿ ਕੇ ਵਿਦਿਆਰਥੀਆਂ ਨੂੰ ਮਨੋਵਿਗਿਆਨਕ, ਸਮਾਜਿਕ ਅਤੇ ਪੇਸ਼ਾਵਰ ਤੌਰ ‘ਤੇ ਮਜ਼ਬੂਤ ਬਣਾਉਣ ਵਾਲਾ ਸਹਾਈ ਮਾਹੌਲ ਤਿਆਰ ਕਰਨਾ ਚਾਹੀਦਾ ਹੈ।ਇਸ ਲੜੀ ਤਹਿਤ ਤਣਾਅ ਪ੍ਰਬੰਧਨ ਅਤੇ ਭਾਵਨਾਤਮਕ ਲਚਕੀਲੇਪਣ ਵਿਸ਼ੇ ਉੱਤੇ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਦੀ ਮੁੱਖ ਵਕਤਾ ਮਾਣਯੋਗ ਵਿਦਵਾਨਾ ਪ੍ਰੋ. ਜਸਵੀਰ ਕੌਰ ਚਾਹਲ ਸਨ। ਉਨ੍ਹਾਂ ਅਜੋਕੇ ਅਕਾਦਮਿਕ ਮਾਹੌਲ ਵਿਚ ਵੱਧ ਰਹੇ ਤਣਾਅ ਦੇ ਕਾਰਨਾਂ ਅਤੇ ਉਸ ਤੋਂ ਨਿਪਟਣ ਲਈ ਲਾਭਦਾਇਕ ਤਰੀਕਿਆਂ ਉੱਤੇ ਚਰਚਾ ਕੀਤੀ।ਇਸ ਪ੍ਰੋਗਰਾਮ ਦੀ ਸੰਯੋਜਕ ਡਾ. ਗਗਨਦੀਪ ਟਿਵਾਨਾ ਨੇ ਮੁੱਖ ਵਕਤਾ ਦਾ ਤਾਰੁੱਫ ਕਰਵਾਇਆ ਅਤੇ ਸਮਾਗਮ ਦੇ ਪ੍ਰਮੁੱਖ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ।ਮਨ ਦੀ ਸਿਹਤ ਪ੍ਰਤੀ ਜਾਗਰੂਕਤਾ ਨੂੰ ਹੋਰ ਮਜ਼ਬੂਤ ਬਣਾਉਂਦਿਆਂ, ਵਿਦਿਆਰਥੀ ਸੇਵਾ ਕੇਂਦਰ ਵੱਲੋਂ ਮਨੋਵਿਗਿਆਨਕ ਸਿਹਤ: ਮੁੱਦੇ ਅਤੇ ਚੁਣੌਤੀਆਂ ਵਿਸ਼ੇ ‘ਤੇ ਇੱਕ ਦਿਨਾ ਵਰਕਸ਼ਾਪ ਵੀ ਆਯੋਜਿਤ ਕੀਤੀ ਗਈ। ਇਸ ਦੇ ਉਦਘਾਟਨ ਸਮੇਂ ਡਾ. ਹਰਨੀਤ ਬਿਲਿੰਗ ਨੇ ਕਿਹਾ ਕਿ ਖੁਸ਼ੀ, ਸਨੇਹੀ ਰਿਸ਼ਤੇ ਅਤੇ ਸੁਚੱਜਾ ਬੌਧਿਕ ਸੰਤੁਲਨ ਮਨ ਦੀ ਸਿਹਤ ਦੀ ਮਜ਼ਬੂਤ ਨੀਂਹ ਹਨ।ਵਰਕਸ਼ਾਪ ਦੇ ਪਹਿਲੇ ਤਕਨੀਕੀ ਸੈਸ਼ਨ ਵਿਚ ਡਾ. ਬਿੰਦਰ ਸਿੰਘ ਨੇ ਵਿਦਿਆਰਥੀਆਂ ਵਿਚ ਪਾਏ ਜਾਣ ਵਾਲੇ ਤਣਾਅ, ਡਰ ਅਤੇ ਚਿੰਤਾ ਵਰਗੀਆਂ ਚੁਣੌਤੀਆਂ ਉੱਤੇ ਚਰਚਾ ਕੀਤੀ ਅਤੇ ਉਨ੍ਹਾਂ ਤੋਂ ਨਿਪਟਣ ਲਈ ਜੀਵਨ-ਅਨੁਕੂਲ ਤਰੀਕੇ ਪ੍ਰਸਤੁਤ ਕੀਤੇ।ਦੂਸਰੇ ਸੈਸ਼ਨ ਵਿਚ ਡਾ. ਹਰਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਵਿਭਾਗ ਪੰਜਾਬੀ, ਨੇ ਸਹੀ ਸੰਚਾਰ-ਸਮਰੱਥਾ ਅਤੇ ਪੇਸ਼ਾਵਰ ਸ਼ਿਸ਼ਟਾਚਾਰ ਦੀ ਮਹੱਤਤਾ ਸਪਸ਼ਟ ਕੀਤੀ ਅਤੇ ਦੱਸਿਆ ਕਿ ਇਹ ਗੁਣ ਵਿਦਿਆਰਥੀਆਂ ਵਿਚ ਅਤਮ-ਵਿਸ਼ਵਾਸ ਅਤੇ ਸੁਚੱਜੇ ਰਿਸ਼ਤੇ ਬਣਾਉਣ ਵਿਚ ਕਿਵੇਂ ਮਦਦਗਾਰ ਹੁੰਦੇ ਹਨ।

# ਮੁੱਖ ਮੰਤਰੀ ਸਿਹਤ ਯੋਜਨਾ ਦਾ ਮਿਲੇਗਾ ਹਰ ਪਰਿਵਾਰ ਨੂੰ ਫਾਇਦਾ :ਜੋਬਨ ਰੰਧਾਵਾ



ਫਤਿਹਗੜ੍ਹ ਚੂੜੀਆਂ 5 ਫਰਵਰੀ (ਰਾਜਨ ਸ਼ਰਮਾ) :ਸੂਬੇ ਅੰਦਰਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਸਮੂਹ ਲੋਕਾਂ ਨੂੰ ਵਧੀਆ ਤੇ ਮਿਆਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਉਪਰਾਲੇ ਕਰ ਰਹੀ ਹੈ। ਮੁਫ਼ਤ ਬਿਜਲੀ, ਸਿੱਖਿਆ ਖੇਤਰ ਵਿਚ ਕੀਤੇ ਜਾ ਰਹੇ ਵੱਡੇ ਉਪਰਾਲੇ ਤੋਂ ਇਲਾਵਾ ਹੁਣ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਇਸ ਦੀਆਂ ਪ੍ਰਤੱਖ ਉਦਾਹਰਨਾਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜੋਬਨ ਰੰਧਾਵਾ ਪਲੈਨਿੰਗ ਬੋਰਡ ਚੇਅਰਮੈਨ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਕੀਤਾ। ਪਲੈਨਿੰਗ ਬੋਰਡ ਚੇਅਰਮੈਨ ਜੋਬਨ ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਲੋਕਾਂ ਲਈ ਕੀਤਾ ਗਿਆ ਇਕ ਸ਼ਲਾਘਾਯੋਗ ਉਪਰਾਲਾ ਹੈ। ਜਿਸਦਾ ਫਾਇਦਾ ਪੰਜਾਬ ਦੇ ਹਰੇਕ ਪਰਿਵਾਰ ਨੂੰ ਅਤੇ ਕਈ ਗਰੀਬ ਪਰਿਵਾਰ ਦੇ ਲੋਕ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ। ਉਹਨਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਕੋਈ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾ ਸਕੇਗਾ। ਉਹਨਾਂ ਦੱਸਿਆ ਕਿ ਲੋਕਾਂ ਦੇ ਇਲਾਜ ਨੂੰ ਉਹਨਾਂ ਦੇ ਸਹਿਰ ਅੰਦਰ ਹੀ ਸੁਖਾਲਾ ਬਣਾਉਣ ਲਈ ਸੂਬੇ ਅੰਦਰ 900 ਤੋਂ ਵੱਧ ਹਸਪਤਾਲਾਂ ਨੂੰ ਨਕਦੀ ਰਹਿਤ ਇਲਾਜ ਲਈ ਸੂਚੀਬੱਧ ਕੀਤਾ ਗਿਆ ਹੈ। ਉਹਨਾਂ ਪੰਜਾਬ ਸਰਕਾਰ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ ਅਤੇ ਲੋਕਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭਲੈਣ ਲਈ ਅਪੀਲ ਕੀਤੀ ਗਈ। ਆਖਿਰ ਵਿੱਚ ਉਹਨ$ਾਂ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਜੀ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਹੀ ਲੀਡਰਸ਼ਿਪ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਵਧੀਕ ਡਿਪਟੀ ਕਮਿਸ਼ਨਰ ਵਲੋਂ ਪੰਜਾਬ ਸਖੀ ਸ਼ਕਤੀ ਮੇਲੇ ਦੀ ਸ਼ੁਰੂਆਤ



ਨਵਾਂਸ਼ਹਿਰ, 5 ਫਰਵਰੀ: ਸੁਖਦੇਵ ਸਿੰਘ ਉੜਾਪੜ ਸਥਾਨ ਆਈ.ਟੀ.ਆਈ ਦੀ ਗਰਾਊਂਡ ਵਿਖੇ ਲਗੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲੇ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ’ਤੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੇ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਕਰਵਾਏ ਜਾ ਰਹੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਅੱਜ ਤੋਂ ਸ਼ੁਰੂ ਹੋ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਸ਼ਮਾ ਰੋਸ਼ਨ ਕਰਕੇ ਮੇਲੇ ਦੀ ਸ਼ੁਰੂਆਤ ਕੀਤੀ। ਉਨ੍ਹਾਂ ਇਸ ਮੌਕੇ ‘ਤੇ ਘਰੇਲੂ ਸਜਾਵਟੀ ਸਮਾਨ, ਹੈਂਡੀਕਾਰਫਟ ਅਤੇ ਆਰਗੇਨਿਕ ਉਤਪਾਦਨ, ਘਰੇਲੂ ਮਸਾਲੇ ਅਤੇ ਆਚਾਰ, ਝੂਲੇ, ਸੱਭਿਆਚਾਰਕ ਪ੍ਰੋਗਰਾਮ ਅਤੇ ਫੂਡ ਸਟਾਲ ਦਾ ਦੌਰਾ ਕੀਤਾ ਅਤੇ ਸਵੈ ਸਹਾਇਤਾ ਸਮੂਹ ਦੇ ਮੈਂਬਰਾਂ ਨਾਲ ਗੱਲਬਾਤ ਵੀ ਕੀਤੀ।ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਸਵੈ ਸਹਾਇਤਾ ਸਮੂਹ ਅਤੇ ਸਬੰਧਤ ਵਿਭਾਗ ਵੱਲੋਂ 50 ਤੋਂ ਵੱਧ ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਸਵੈ ਸਹਾਇਤਾ ਸਮੂਹ ਵੱਲੋਂ ਬਣਾਏ ਗਏ ਉਤਪਾਦਨਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ ਤਾਂ ਕਿ ਉਨ੍ਹਾਂ ਦੇ ਉਤਪਾਦਨਾਂ ਦੀ ਬਿਹਤਰ ਮਾਰਕਟਿੰਗ ਹੋ ਸਕੇ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਆਪਣੇ ਉਤਪਾਦਨ ਵੇਚਣ ਲਈ ਬਿਹਤਰ ਮੰਚ ਪ੍ਰਾਪਤ ਹੋ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਵੱਧ ਤੋਂ ਵੱਧ ਆ ਕੇ ਸਵੈ ਸਹਾਇਤਾ ਸਮੂਹ ਵੱਲੋਂ ਬਣਾਏ ਗਏ ਉਤਪਾਦਨਾਂ ਨੂੰ ਖਰੀਦ ਕਰਕੇ ਬੜਾਵਾ ਦੇਣ ਤਾਂ ਕਿ ਮਹਿਲਾ ਸ਼ਕਤੀਕਰਣ ਨੂੰ ਮਜ਼ਬੂਤੀ ਮਿਲ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲਗਾਏ ਗਏ ਮੇਲੇ ਵਿੱਚ ਵੱਖ-ਵੱਖ ਸਕੂਲੀ ਵਿਦਿਆਰਥੀ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਖਰੀਦਦਾਰੀ ਦੇ ਨਾਲ-ਨਾਲ ਮੇਲਾ ਦਾ ਭਰਪੂਰ ਅਨੰਦ ਲੈ ਸਕਣ। ਮੇਲੇ ਦੌਰਾਨ ਬੱਚਿਆਂ ਦੇ ਝੂਲੇ, ਘਰੇਲੂ ਸਜਾਵਟੀ ਸਮਾਨ ਦੇ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਮੇਲੇ ਵਿੱਚ ਬਲਾਕ ਪ੍ਰਧਾਨ ਵੂਮੈਨ ਵਿੰਗ ਗੁਰਪ੍ਰੀਤ ਕੌਰ,ਜ਼ਿਲ੍ਹਾ ਸਿੱਖਿਆ ਅਫ਼ਸਰ ਅਨੀਤਾ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਮੁਢਲੀ ਸਟੇਜ ’ਤੇ ਪਤਾ ਲੱਗਣ ਤੇ ਕੈਂਸਰ ਦਾ ਇਲਾਜ ਸੰਭਵ : ਡਾ ਅਰਵਿੰਦ ਪਾਲ ਸਿੰਘ



ਫਤਿਹਗੜ੍ਹ ਸਾਹਿਬ :- 5 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) :- ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ ਹਿਤਿੰਦਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਅਰਵਿੰਦ ਪਾਲ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋ ਵਿਸ਼ਵ ਕੈਂਸਰ ਦਿਵਸ ਦੇ ਮੌਕੇ ਤੇ ਜਾਗਰੂਕਤਾ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਨੇ ਕਿਹਾ ਮੁਢਲੀ ਸਟੇਜ ਅਤੇ ਸਮੇਂ ਸਿਰ ਪਤਾ ਲੱਗਣ ਤੇ ਕੈਂਸਰ ਦਾ ਇਲਾਜ ਸੌਖਾ ਤੇ ਸੰਭਵ ਹੈ। ਉਹਨਾਂ ਦੱਸਿਆ ਕਿ ਵਿਸ਼ਵ ਸਿਹਤ ਸੰਸਥਾ ਅਨੁਸਾਰ ਕੈਂਸਰ ਦੁਨੀਆਂ ਦੀ ਅਜਿਹੀ ਦੂਜੀ ਬਿਮਾਰੀ ਹੈ ਜਿਸ ਕਾਰਨ ਸਭ ਤੋਂ ਵੱਧ ਲੋਕ ਮਰ ਰਹੇ ਹਨ, ਇਸ ਲਈ ਜਾਗਰੂਕ ਹੋਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਤਹਿਤ 1.50 ਲੱਖ ਰੁਪਏ ਦੇ ਇਲਾਜ ਦੀ ਸੁਵਿਧਾ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਜ਼ਿਲਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਨੇ ਦੱਸਿਆ ਕਿ ਛਾਤੀ ਵਿੱਚ ਗਿਲਟੀ, ਲਗਾਤਾਰ ਖੰਗ, ਆਵਾਜ਼ ਵਿੱਚ ਭਾਰੀਪਣ, ਮਹਾਵਾਰੀ ਦੌਰਾਨ ਖੂਨ ਦਾ ਜਿਆਦਾ ਪੈਣਾ ਜਾਂ ਮਹਾਂਵਾਰੀ ਤੋਂ ਬਿਨਾਂ ਖੂਨ ਦਾ ਪੈਣਾ, ਨਾ ਠੀਕ ਹੋਣ ਵਾਲਾ ਮੂੰਹ ਦਾ ਅਲਸਰ ਆਦਿ ਕੈਂਸਰ ਦੇ ਮੁੱਖ ਲੱਛਣ ਹਨ। ਉਹਨਾਂ ਦੱਸਿਆ ਕਿ ਛਾਤੀ, ਕੋਲਨ, ਪਰੋਸਟੇਟ ,ਪੇਟ ,ਜਿਗਰ, ਚਮੜੀ, ਮੂੰਹ ,ਗਰਦਨ, ਗਲੇ, ਬੱਚੇਦਾਨੀ, ਸਰਵਾਈਕਲ ,ਗੁਰਦੇ, ਯੋਨੀ, ਦਿਮਾਗ, ਥਾਈਰਾਈਡ ,ਬਲੱਡ, ਅੱਖਾਂ ਅਤੇ ਗੀਡ ਦੀ ਹੱਡੀ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦਾ ਕੈਂਸਰ ਹੋ ਸਕਦਾ ਹੈ। ਜਿਲਾ ਡੈਂਟਲ ਸਿਹਤ ਅਫਸਰ ਡਾ ਪਰੁਲ ਗੁਪਤਾ ਨੇ ਦੱਸਿਆ ਕਿ ਕੈਂਸਰ ਸਿਗਰਟ, ਪਾਨ, ਤੰਬਾਕੂ ,ਖੈਣੀ ,ਗੁਟਕਾ, ਸ਼ਰਾਬ ਆਦਿ ਦੀ ਵਰਤੋਂ ਕਰਕੇ, ਜਿਆਦਾ ਕੀਟ ਨਾਸ਼ਕ ਸਪਰੇਅ ਕਰਨ ਨਾਲ, ਮੋਟਾਪਾ ਤੇ ਮਿਲਾਵਟ ਵਾਲੀਆਂ ਚੀਜ਼ਾਂ ਦੇ ਖਾਣ ਪੀਣ ਨਾਲ ਹੋ ਸਕਦਾ ਹੈ। ਇਸ ਲਈ ਜਾਗਰੂਕ ਹੋ ਕੇ, ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆ ਕੇ ਅਤੇ ਸਮੇਂ ਸਮੇਂ ਤੇ ਆਪਣੀ ਡਾਕਟਰੀ ਜਾਂਚ ਕਰਵਾ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ , ਜਸਵਿੰਦਰ ਕੌਰ, ਗੁਰਦੀਪ ਸਿੰਘ, ਡੀਪੀਐਮ ਡਾ ਕਸੀਤਿਜ ਸੀਮਾ, ਜ਼ਿਲਾ ਫਾਰਮੇਸੀ ਅਫਸਰ ਸੰਦੀਪ ਸਿੰਘ , ਜਸਵੰਤ ਸਿੰਘ , ਗਗਨ ਥੰਮਣ , ਧਰਮ ਸਿੰਘ ਆਦਿ ਹਾਜਰ ਸਨ।

# ਖਾਲਸਾ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ



ਅੰਮ੍ਰਿਤਸਰ, 5 ਫਰਵਰੀ (ਬਬਲੂ ਮਹਾਜਨ )—ਖਾਲਸਾ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ’ਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਅਤੇ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਲੈਕਚਰਾਰ ਭਾਈ ਨਛੱਤਰ ਸਿੰਘ ਭਾਂਬੜੀ, ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ, ਖਾਲਸਾ ਕਾਲਜ ਆਫ ਲਾਅ ਅਸਿਸਟੈਂਟ ਪ੍ਰੋਫੈਸਰ ਡਾ. ਸੁਖਮਨਪ੍ਰੀਤ ਕੌਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਡਾ. ਮਹਿਲ ਸਿੰਘ ਨੇ ਗੁਰੂ ਸਾਹਿਬਾਨ ਦੀ ਬਾਣੀ, ਜੀਵਨ ਅਤੇ ਸਿੱਖਿਆਵਾਂ ਸਬੰਧੀ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਵਿੱਦਿਅਕ ਸੰਸਥਾਵਾਂ ਦਾ ਧਰਮ ਬਣਦਾ ਹੈ, ਕਿ ਉਹ ਵਿਦਿਆਰਥੀਆਂ ਨੂੰ ਨੈਤਿਕਤਾ ਦਾ ਧਾਰਨੀ ਬਣਾਉਂਦੇ ਹੋਏ ਨਿੱਜੀ ਵੈਰ-ਵਿਰੋਧ ਅਤੇ ਈਰਖਾ ਦਾ ਖਾਤਮਾ ਕਰਨ। ਇਸ ਮੌਕੇ ਭਾਈ ਨਛੱਤਰ ਸਿੰਘ ਭਾਂਬੜੀ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਜਨ-ਸਮੂਹ ਦਾ ਧਰਮ ਇਕ ਹੈ ਤੇ ਇਹੀ ਸਭ ਮਸਲਿਆਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਜੇਕਰ ਆਪਣਾ ਧਰਮ ਸਹੀ ਢੰਗ ਨਾਲ ਨਿਭਾਉਂਦਾ ਹੈ ਤਾਂ ਹੀ ਸਮਾਜ ਨੂੰ ਸਹੀ ਸੇਧ ਮਿਲ ਸਕਦੀ ਹੈ।ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਖੁਸ਼ਵਿੰਦਰ ਕੁਮਾਰ ਨੇ ਸਮੂਹ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਨ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦਿਆਂ ਹੋਇਆ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਮਿਲਣ ਵਾਲੀ ਪ੍ਰੇਰਨਾ ਅਤੇ ਸਿੱਖਿਆ ਨੂੰ ਆਪਣੇ ਜੀਵਨ ’ਚ ਅਮਲੀ ਰੂਪ ਧਾਰਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਗੋਗੋਆਣੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਿਆਖਿਆ ਕਰਦਿਆ ਅੰਤਰੀਵ ਸ਼ਾਂਤੀ ਦੀ ਪ੍ਰਾਪਤੀ ਲਈ ਯਤਨ ਕਰਨ ਲਈ ਪ੍ਰੇਰਿਆ। ਜਦਕਿ ਡਾ. ਸੁਖਮਨਪ੍ਰੀਤ ਕੌਰ ਨੇ ਕਿਹਾ ਕਿ ਜੀਵਨ ਦਾ ਅਸਲ ਉਦੇਸ਼ ਉਸ ਪ੍ਰਮਾਤਮਾ ਨਾਲ ਮਨ ਤੋਂ ਜੁੜਨਾ ਹੈ ਅਤੇ ਮਨੁੱਖ ਦੁਆਰਾ ਕੀਤਾ ਉਹੀ ਕਾਰਜ ਸਫਲ ਹੈ, ਜਿਸ ’ਚ ਗੁਰੂ ਦੀ ਉਸਤਤ ਕੀਤੀ ਜਾਵੇ। ਇਸ ਦੌਰਾਨ ਡਾ. ਮਹਿਲ ਸਿੰਘ ਨੇ ਡਾ. ਖੁਸ਼ਵਿੰਦਰ ਕੁਮਾਰ, ਡਾ. ਨਿਰਮਲਜੀਤ ਕੌਰ ਨਾਲ ਮਿਲ ਕੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।

# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649ਵਾਂ ਪ੍ਰਕਾਸ਼ ਪੁਰਬ ਮਨਾਇਆ



ਗੜ੍ਹਦੀਵਾਲਾ, 5 ਫਰਵਰੀ( ਗੌਰਵ)- ਗੁਰਦੁਆਰਾ ਸੇਵਾ ਸੋਸਾਇਟੀ (ਰਜਿ:) ਨਿਊ ਕਲੋਨੀ ਚੌਹਾਲ ਹੁਸ਼ਿਆਰਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ649ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਜਿਸ ਵਿੱਚ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਸਜਾਏ ਗਏ। ਜਿਸ ਵਿੱਚ ਰਾਗੀ ਜਥਿਆਂ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਲੰਬੜਦਾਰ ਪਰਮਜੀਤ ਸਿੰਘ ਪਿੰਡ ਬਾਹਲਾ ਨੂੰ ਹਾਜ਼ਰੀ ਲਗਵਾਉਣ ਦਾ ਸੁਭਾਗ ਪ੍ਰਾਪਤ ਹੋਇਆ। ਲੰਬੜਦਾਰ ਪਰਮਜੀਤ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ। ਉਪਰੰਤ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸਰਦਾਰ ਪਰਮਜੀਤ ਸਿੰਘ ਲੰਬੜਦਾਰ ਪਿੰਡ ਬਾਹਲਾ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਸੋਹਣ ਸਿੰਘ ਬਲਦੇਵ ਸਿੰਘ, ਸੰਤੋਖ ਸਿੰਘ, ਜੀਵਨ ਸਿੰਘ, ਪ੍ਰਧਾਨ ਸ. ਮਨਪ੍ਰੀਤ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਰਾਜਧਾਨੀ ਵਿੱਚ ਲਾਪਤਾ ਵਿਅਕਤੀਆਂ ਦੇ ਮਾਮਲਿਆਂ ’ਤੇ ਸਿਟ ਦੀ ਮੰਗ



ਨਵੀਂ ਦਿੱਲੀ, 5 ਫਰਵਰੀ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸੰਸਦ ਮੈਂਬਰ ਸੰਦੀਪ ਪਾਠਕ ਅਤੇ ਸੰਸਦ ਮੈਂਬਰ ਹਰੀਸ ਬੀਰਣ ਨਾਲ ਮਿਲ ਕੇ ਰਾਸ਼ਟਰੀ ਰਾਜਧਾਨੀ ਵਿੱਚ ਲਾਪਤਾ ਵਿਅਕਤੀਆਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧੇ ਦਾ ਗੰਭੀਰ ਮੁੱਦਾ ਸੰਸਦ ਵਿੱਚ ਉਠਾਇਆ।ਡਾ. ਸਾਹਨੀ ਨੇ ਕਿਹਾ ਕਿ ਇਸ ਸਾਲ ਦੇ ਪਹਿਲੇ 15 ਦਿਨਾਂ ਵਿੱਚ ਹੀ ਦਿੱਲੀ ਤੋਂ 807 ਲੋਕ ਲਾਪਤਾ ਹੋਏ ਹਨ, ਜੋ ਕਿ ਔਸਤਨ 54 ਲੋਕ ਪ੍ਰਤੀ ਦਿਨ ਹਨ। ਉਨ੍ਹਾਂ ਅੱਗੇ ਕਿਹਾ ਕਿ ਹੋਰ ਵੀ ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ 509 ਔਰਤਾਂ ਹਨ ਅਤੇ 191 ਬੱਚੇ ਹਨ। ਐਨਸੀਆਰਬੀ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਕੋਈ ਹਾਲੀਆ ਰੁਝਾਨ ਨਹੀਂ ਹੈ। 2025 ਵਿੱਚ, ਦਿੱਲੀ ਵਿੱਚ 23,000 ਤੋਂ ਵੱਧ ਲਾਪਤਾ ਵਿਅਕਤੀਆਂ ਦੇ ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 60 ਪ੍ਰਤੀਸ਼ਤ ਤੋਂ ਵੱਧ ਔਰਤਾਂ ਅਤੇ ਕੁੜੀਆਂ ਸਨ। 2024 ਵਿੱਚ, ਲਗਭਗ 25,000 ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ।ਡਾ. ਸਾਹਨੀ ਨੇ ਇੱਕ ਵਿਸ਼ੇਸ਼ ਜਾਂਚ ਟੀਮ ) ਦੇ ਗਠਨ, ਮਨੁੱਖੀ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਇੱਕ ਵਿਆਪਕ ਮਹਿਲਾ ਸੁਰੱਖਿਆ ਰਣਨੀਤੀ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਮੌਜੂਦਾ ਨਿਗਰਾਨੀ ਅਤੇ ਪੁਲਿਸਿੰਗ ਵਿਧੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ। ਦਿੱਲੀ ਵਿੱਚ ਲਗਭਗ 2.8 ਲੱਖ ਸਰਕਾਰੀ ਸੀਸੀਟੀਵੀ ਕੈਮਰੇ ਹਨ, ਜੋ ਕਿ ਨਿਊਯਾਰਕ ਜਾਂ ਲੰਡਨ ਵਰਗੇ ਸ਼ਹਿਰਾਂ ਨਾਲੋਂ ਵੱਧ ਹਨ। ਹਜ਼ਾਰਾਂ ਲਾਪਤਾ ਵਿਅਕਤੀਆਂ ਦਾ ਪਤਾ ਲਗਾਉਣ ਵਿੱਚ ਅਸਫਲਤਾ ਗੰਭੀਰ ਪ੍ਰਣਾਲੀਗਤ ਖਾਮੀਆਂ ਵੱਲ ਇਸ਼ਾਰਾ ਕਰਦੀ ਹੈ।ਡਾ. ਸਾਹਨੀ ਨੇ ਇਹ ਵੀ ਕਿਹਾ ਕਿ ਲਾਪਤਾ ਹੋਣ ਦੇ ਮਾਮਲਿਆਂ ਦਾ ਪੈਟਰਨ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਸ਼ਾਮਲ ਕਰਨਾ, ਸੰਗਠਿਤ ਮਨੁੱਖੀ ਤਸਕਰੀ ਦੇ ਸ਼ੱਕ ਨੂੰ ਹੋਰ ਮਜ਼ਬੂਤ ਕਰਦਾ ਹੈ।

# ਚੁੰਨੀ ਕਲਾਂ ਵਿੱਚ ਮੁਫ਼ਤ ਆਯੁਰਵੈਦਿਕ ਤੇ ਹੋਮਿਓਪੈਥਿਕ ਮੈਡੀਕਲ ਕੈਂਪ



ਫਤਿਹਗੜ੍ਹ ਸਾਹਿਬ, 5 ਫ਼ਰਵਰੀ (ਹਰਪ੍ਰੀਤ ਕੌਰ ਟਿਵਾਣਾ) ਡਾਇਰੈਕਟਰ ਆਯੁਰਵੇਦਾ ,ਪੰਜਾਬ ਡਾ. ਰਮਨ ਖੰਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸਾਹਿਬ ਬਾਰੀਆਂ, ਚੁੰਨੀ ਕਲਾਂ ਵਿਖੇ ਮੁਫ਼ਤ ਆਯੁਰਵੈਦਿਕ ਅਤੇ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ, ਡਾ.ਮੰਜੂ ਨੇ ਦੱਸਿਆ ਕਿ ਇਸ ਕੈਂਪ ਦਾ ਉਦੇਸ਼ ਇਲਾਕੇ ਦੇ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਅਤੇ ਬਿਮਾਰੀਆਂ ਪ੍ਰਤੀ ਜਾਗਰੂਕਤਾ ਫੈਲਾਉਣਾ ਸੀ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਆਯੁਰਵੈਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਪੂਰੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਇਸ ਕੈਂਪ ਵਿੱਚ ਕੁੱਲ 739 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ, ਜਿਨ੍ਹਾਂ ਵਿੱਚੋਂ 397 ਮਰੀਜ਼ਾਂ ਨੂੰ ਆਯੁਰਵੈਦਿਕ ਅਤੇ 342 ਮਰੀਜ਼ਾਂ ਨੂੰ ਹੋਮਿਓਪੈਥਿਕ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ। ਇਲਾਕੇ ਦੇ ਲੋਕਾਂ ਅਤੇ ਸੰਗਤ ਵੱਲੋਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।ਕੈਂਪ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਮੁਫ਼ਤ ਸਿਹਤ ਕੈਂਪ ਲਗਾਏ ਜਾਣਗੇ ਤਾਂ ਜੋ ਜ਼ਰੂਰਤਮੰਦ ਲੋਕਾਂ ਤੱਕ ਬਿਹਤਰ ਸਿਹਤ ਸਹੂਲਤਾਂ ਪਹੁੰਚਾਈਆਂ ਜਾ ਸਕਣ।ਇਸ ਕੈਂਪ ਵਿੱਚ ਡਾ. ਸਕਿੰਦਰ, ਆਯੁਰਵੈਦਿਕ ਮੈਡੀਕਲ ਅਫ਼ਸਰ,ਡਾਕਟਰ ਉਮਾ ਬੇਦੀ ਆਯੁਰਵੈਦਿਕ ਮੈਡੀਕਲ ਅਫ਼ਸਰ,ਡਾਕਟਰ ਦਲਜੀਤ ਸਿੰਘ, ਐਚਐਮਓ ,ਡਾਕਟਰ ਮਨਵਿੰਦਰ ਕੌਰ ,ਐਚਐਮਓ, ਨੇ ਮਰੀਜ਼ਾਂ ਦਾ ਚੈੱਕ ਅਪ ਕੀਤਾ। ਇਸ ਦੌਰਾਨ ਸ੍ਰੀ ਬਲਜਿੰਦਰ ਸਿੰਘ ਉਪ ਵੈਦ, ਸ੍ਰੀ ਅਵਤਾਰ ਸਿੰਘ ,ਉਪ ਵੈਦ ,ਸ੍ਰੀ ਨੀਲ ਕਮਲ ਹੋਮਿਓਪੈਥਿਕ ਡਿਸਪੈਂਸਰ ,ਸ੍ਰੀਮਤੀ ਪਰਮਜੀਤ ਕੌਰ ਹੋਮਿਓਪੈਥਿਕ ਡਿਸਪੈਂਸਰ ਵੱਲੋਂ ਦਵਾਈਆਂ ਦੀ ਵੰਡ ਕੀਤੀ ਗਈ।

# ਲਖਬੀਰ ਸਿੰਘ ਕੋਟਲਾ ਦਾ ਪਾਰਟੀ ਆਗੂਆਂ ਨੇ ਕੀਤਾ ਸਨਮਾਨ



ਫਤਿਹਗੜ੍ਹ ਸਾਹਿਬ, 5 ਫਰਵਰੀ (ਨਰਿੰਦਰ ਸਿੰਘ) ਅਕਾਲੀ ਦਲ ਵਾਰਿਸ਼ ਪੰਜਾਬ ਵੱਲੋਂ ਪਾਰਟੀ ਨੂੰ ਮਜਬੂਤ ਕਰਨ ਲਈ ਐਲਾਨੇ ਗਏ ਜਿਲਾ ਪ੍ਰਧਾਨਾਂ ਦੀ ਘੜੀ ਤਹਿਤ ਲਖਬੀਰ ਸਿੰਘ ਕੋਟਲਾ ਨੂੰ ਜ਼ਿਲਾ ਫਤਿਹਗੜ੍ਹ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜਿਨਾਂ ਦੀ ਨਿਜੁਕਤੀ ਦਾ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਕਾਲੀ ਦਲ ਵਾਰਿਸ ਜਥੇਬੰਦੀ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ।,ਇਸ ਮੌਕੇ ਤੇ ਜਿਲਾ ਬਾਰ ਐਸੋਸੀਏਸ਼ਨ ਫਤਿਹਗੜ੍ਹ ਸਾਹਿਬ ਦੇ ਸਾਬਕਾ ਪ੍ਰਧਾਨ ਐਡਵੋਕੇਟ ਬਰਿੰਦਰ ਸਿੰਘ ਢਿੱਲੋਂ, ਪਾਰਟੀ ਦੇ ਸੀਨੀਅਰ ਆਗੂ ਨਵਦੀਪ ਸਿੰਘ ਤਾਨ, ਲਖਵੀਰ ਸਿੰਘ ਫੌਜੀ, ਲਖਵੀਰ ਸਿੰਘ ਸਰਹੰਦ ਸ਼ਹਿਰ, ਦਲਵੀਰ ਸਿੰਘ ਬਲਾੜਾ, ਲਖਵਿੰਦਰ ਸਿੰਘ ਡੇਰਾ ਮੀਰ ਮੀਰਾ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਜਿਲਾ ਬਾਰ ਐਸੋਸੀਏਸ਼ਨ ਫਤਿਹਗੜ੍ਹ ਸਾਹਿਬ ਦੇ ਸਾਬਕਾ ਪ੍ਰਧਾਨ ਐਡਵੋਕੇਟ ਬਰਿੰਦਰ ਸਿੰਘ ਢਿੱਲੋਂ, ਪਾਰਟੀ ਦੇ ਸੀਨੀਅਰ ਆਗੂ ਨਵਦੀਪ ਸਿੰਘ ਤਾਨ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਲਈ ਸ਼ੁਰੂ ਤੋਂ ਹੀ ਮਿਹਨਤ ਕਰਨ ਵਾਲੇ ਅਕਾਲੀ ਆਗੂ ਲਖਬੀਰ ਸਿੰਘ ਕੋਟਲਾ ਨੂੰ ਜਿਲ੍ਹੇ ਦਾ ਪ੍ਰਧਾਨ ਬਣਾ ਕੇ ਪਾਰਟੀ ਵਰਕਰਾਂ ਨੂੰ ਵੱਡਾ ਮਾਨ ਬਖਸ਼ਿਆ ਗਿਆ ਹੈ ਉਹਨਾਂ ਕਿਹਾ ਕਿ ਲਖਬੀਰ ਸਿੰਘ ਕੋਟਲਾ ਦੀ ਅਗਵਾਈ ਵਿੱਚ ਅਕਾਲੀ ਦਲ ਬਾਰਿਸ਼ ਪੰਜਾਬ ਜਥੇਬੰਦੀ ਜ਼ਿਲਾ ਫਤਹਿਗੜ੍ਹ ਸਾਹਿਬ ਵਿੱਚ ਮਜਬੂਤ ਧਿਰ ਵਜੋਂ ਉਭਰ ਕੇ ਸਾਹਮਣੇ ਆਵੇਗੀ।ਆਗੂਆਂ ਨੇ ਕਿਹਾ ਕਿ ਲਖਬੀਰ ਸਿੰਘ ਕੋਟਲਾ ਦੀ ਅਗਵਾਈ ਵਿੱਚ ਅਕਾਲੀ ਦਲ ਵਾਰਸ ਪੰਜਾਬ ਬੰਦੀ ਨੂੰ ਮਜਬੂਤ ਕਰਨ ਲਈ ਜਿੱਥੇ ਹਰੇਕ ਵਰਕਰ ਵੱਲੋਂ ਸਹਿਯੋਗ ਦਿੱਤਾ ਜਾਵੇਗਾ ਉੱਥੇ ਹੀ ਹੋਰ ਨਵੇਂ ਵਰਕਰਾਂ ਨੂੰ ਪਾਰਟੀ ਨਾਲ ਜੋੜ ਕੇ ਜਥੇਬੰਦੀ ਵਿੱਚ ਵਾਧਾ ਵੀ ਕੀਤਾ ਜਾਵੇਗਾ।

# ਸਿਲਵਰ ਓਕਸ ਸਕੂਲ ਸੇਵੇਵਾਲਾ ਵਿਚ ਬਾਰਵੀਂ ਜਮਾਤ ਦਾ ਯਾਦੋਂ ਕਾ ਸਫਰ ਵਿਦਾਇਗੀ ਸਮਾਰੋਹ

ਜੈਤੋ 5 ਫਰਵਰੀ (ਸੰਜੀਵ ਗੋਇਲ ਸੰਜੂ) ਸਿਲਵਰ ਓਕਸ ਸਕੂਲ ਸੇਵੇਵਾਲਾ ਵਿੱਚ 4 ਫਰਵਰੀ 2026 ਨੂੰ 11ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ 12ਵੀਂ ਜਮਾਤ ਦੇ ਸੀਨੀਅਰ ਵਿਦਿਆਰਥੀਆਂ ਨੂੰ ਇੱਕ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ। ਵਿਦਾਇਗੀ ਪਾਰਟੀ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਦੀ ਅਗਵਾਈ ਵਿੱਚ ਕਰਵਾਈ ਗਈ। ਇਸ ਮੌਕੇ ਤੇ ਗਿਆਨ ਮੰਥਨ ਐਜੂਕੇਸ਼ਨ ਸਰਵਿਸਿਜ ਦੇ ਡਾਇਰੈਕਟਰ ਸ਼੍ਰੀਮਤੀ ਬਰਨਿੰਦਰ ਪੌਲ ਸੇਖੋ ਪਹੁੰਚੇ।ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੀਨੀਅਰ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਬੋਰਡ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ ਦੇਣਾ ਅਤੇ ਸਕੂਲ ਵਿੱਚ ਬਿਤਾਏ ਪਲਾਂ ਨੂੰ ਯਾਦ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 11 ਵਜੇ ਹੋਈ। ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ 12ਵੀਂ ਜਮਾਤ ਦੇ ਵਿਦਿਆਰਥੀਆਂ ਦਾ ਫੁੱਲਾਂ ਨਾਲ ਨਿੱਘਾ ਸਵਾਗਤ ਕੀਤਾ। ਇਸ ਤੋਂ ਬਾਅਦ, ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਕਈ ਸਭਿਆਚਾਰਕ ਗੀਤਾਂ ਉੱਤੇ ਡਾਂਸ ਪੇਸ਼ ਕੀਤਾ ਗਿਆ। ਜਿਨ੍ਹਾਂ ਨੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਈ ਦਿਲਚਸਪ ਖੇਡਾਂ ਅਤੇ ਮਾਡਲਿੰਗ ਪ੍ਰਤੀਯੋਗਤਾ ਵੀ ਕਰਵਾਈ ਗਈ। ਜੱਜਾਂ ਦੀ ਭੂਮਿਕਾ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਅਤੇ ਗਿਆਨ ਮੰਥਨ ਐਜੂਕੇਸ਼ਨ ਸਰਵਿਸਿਜ ਦੇ ਡਾਇਰੈਕਟਰ ਬਰਨਿੰਦਰ ਪੌਲ ਸੇਖੋ ਨੇ ਨਿਭਾਈ। ਇਸ ਪ੍ਰਤੀਯੋਗਤਾ ਵਿੱਚ, ਹਿਤੈਨ ਨੂੰ ‘ਮਿਸਟਰ ਫੇਅਰਵੈਲ 2026’ ਅਤੇ ਹਿਤਾਕਸ਼ੀ ਨੂੰ ‘ਮਿਸ ਫੇਅਰਵੈਲ2026’ ਦੇ ਖਿਤਾਬ ਨਾਲ ਨਿਵਾਜਿਆ ਗਿਆ। ਸਕੂਲ ਦੇ ਪ੍ਰਿੰਸੀਪਲ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਉੱਚੀ ਉਡਾਣ ਭਰਨ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਬੋਰਡ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਾਵਪੂਰਨ ਨਿੱਘੀ ਵਿਦਾਇਗੀ ਦਿੰਦਿਆਂ ਕਿਹਾ ਕਿ ਸਾਰੇ ਬੱਚੇ ਮੇਰੇ ਆਪਣੇ ਹਨ ਅਤੇ ਇਹ ਸੰਸਥਾ ਦਾ ਅਨਿੱਖੜਵਾਂ ਅੰਗ ਹਨ।

# ਸਰਨਾ ਭਰਾਵਾਂ ਰਾਹੀਂ ਸੁਖਬੀਰ ਬਾਦਲ ਕਾਂਗਰਸ ਨਾਲ ਗਠਜੋੜ ਲਈ ਪੱਬਾਂ ਭਾਰ: ਕਾਲਕਾ, ਕਾਹਲੋਂ




ਨਵੀਂ ਦਿੱਲੀ, 5 ਫਰਵਰੀ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸਰਨਾ ਭਰਾਵਾਂ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਂਗਰਸ ਪਾਰਟੀ ਨਾਲ ਗਠਜੋੜ ਕਰਨਾ ਚਾਹੁੰਦੇ ਹਨ ਤੇ ਇਸੇ ਵਾਸਤੇ ਹਰਵਿੰਦਰ ਸਿੰਘ ਸਰਨਾ ਦੀ ਬੀਤੀ ਸ਼ਾਮ ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਹੋਈ ਹੈ। ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਹਰਵਿੰਦਰ ਸਿੰਘ ਸਰਨਾ ਬੀਤੀ ਸ਼ਾਮ ਬੁੱਕੇ ਲੈ ਕੇ ਰਾਹੁਲ ਗਾਂਧੀ ਕੋਲ ਪਹੁੰਚੇ ਅਤੇ ਗਠਜੋੜ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਜਿਹੜੀ ਪਾਰਟੀ ਨੇ 1984 ਵਿਚ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜੇ ਅਤੇ ਕਤਲੇਆਮ ਕੀਤਾ, ਅਕਾਲੀ ਦਲ ਬਾਦਲ ਅੱਜ ਉਸ ਪਾਰਟੀ ਨਾਲ ਗਠਜੋੜ ਕਰਨ ਵਾਸਤੇ ਪੱਬਾਂ ਭਾਰ ਹੈ ਜੋ ਕਿ ਬਹੁਤ ਸ਼ਰਮ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਅਸੀਂ ਹੁਣੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਬਾਰੇ ਲਿਖਤੀ ਸ਼ਿਕਾਇਤ ਵੀ ਭੇਜ ਰਹੇ ਹਾਂ।ਉਹਨਾਂ ਕਿਹਾ ਕਿ ਸਾਰੀ ਸਿੱਖ ਸੰਗਤ ਜਾਣਦੀ ਹੈ ਕਿ ਸਰਨਾ ਭਰਾਵਾਂ ਦੇ ਦਿੱਲੀ ਗੁਰਦੁਆਰਾ ਕਮੇਟੀ ਦੇ ਕਾਰਜਕਾਲ ਦੌਰਾਨ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਜਾਂਦਾ ਰਿਹਾ। ਉਹਨਾਂ ਕਿਹਾ ਕਿ ਅਸੀਂ ਕਦੇ ਵੀ ਸਿੱਖ ਕੌਮ ਨੂੰ ਇਸ ਤਰੀਕੇ ਕਲੰਕਿਤ ਕਰਨ ਦੀ ਆਗਿਆ ਨਹੀਂ ਦੇਵਾਂਗੇ ਅਤੇ ਅਸੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਮੰਗ ਕਰਾਂਗੇ ਕਿ ਹਰਵਿੰਦਰ ਸਿੰਘ ਸਰਨਾ ਤੇ ਪਰਮਜੀਤ ਸਿੰਘ ਸਰਨਾ ਦੇ ਖਿਲਾਫ ਕਾਰਵਾਈ ਵੀ ਕੀਤੀ ਜਾਵੇ ਅਤੇ ਜਵਾਬਤਲਬੀ ਕੀਤੀ ਜਾਵੇ ਕਿ ਇਹ ਘਿਨੌਣਾ ਪਾ ਉਹਨਾਂ ਨੇ ਕਿਉਂ ਕੀਤਾ।ਉਹਨਾਂ ਨੇ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਵੀ ਸਵਾਲ ਕੀਤਾ ਕਿ ਕੀ ਹਰਵਿੰਦਰ ਸਿੰਘ ਸਰਨਾ ਉਹਨਾਂ ਨੂੰ ਪੁੱਛ ਕੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਗਏ ਸਨ? ਜੇਕਰ ਪੁੱਛ ਕੇ ਨਹੀਂ ਗਏ ਤਾਂ ਉਹਨਾਂ ਨੂੰ ਪਾਰਟੀ ਵਿਚੋਂ ਬਾਹਰ ਕੱਢਿਆ ਜਾਵੇ ਅਤੇ ਜੇਕਰ ਪੁੱਛ ਕੇ ਗਏ ਸਨ ਤਾਂ ਸਪਸ਼ਟ ਹੈ ਕਿ ਸਰਦਾਰ ਬਾਦਲ ਖੁਦ ਕਾਂਗਰਸ ਨਾਲ ਗਠਜੋੜ ਚਾਹੁੰਦੇ ਹਨ।ਇਸ ਮੌਕੇ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਇਹ ਵੀ ਆਖਿਆ ਕਿ ਸਰਨਾ ਭਰਾ ਅਤੇ ਮਨਜੀਤ ਸਿੰਘ ਜੀ.ਕੇ. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੌਮ ਦੀਆਂ ਜਾਇਦਾਦਾਂ ਵੇਚਣ ਦੀਆਂ ਝੂਠੀਆਂ ਅਫਵਾਹਾਂ ਤਾਂ ਫੈਲਾਉਂਦੇ ਰਹਿੰਦੇ ਹਨ ਪਰ ਉਹ ਹੁਣ ਦੋਵਾਂ ਆਗੂਆਂ ਨੂੰ ਪੁੱਛਣਾ ਚਾਹੁੰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਦੀ ਜ਼ਮੀਨ ਵੇਚ ਦਿੱਤੀ ਗਈ ਹੈ, ਇਸ ਬਾਰੇ ਉਹਨਾਂ ਆਪਣੀ ਚੁੱਪੀ ਕਿਉਂ ਨਹੀਂ ਤੋੜੀ। ਉਹਨਾਂ ਕਿਹਾ ਕਿ ਕਰੋੜਾਂ ਰੁਪਏ ਦੀ ਬੇਸ਼ਕੀਮਤੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ ਗਈ ਹੈ ਪਰ ਸਰਨਾ ਤੇ ਜੀ.ਕੇ. ਦੋਵੇਂ ਚੁੱਪ ਹਨ ਜਦੋਂ ਕਿ ਮਾਮਲਾ ਉਜਾਗਰ ਹੋਏ ਨੂੰ ਤਿੰਨ ਦਿਨ ਬੀਤ ਗਏ ਹਨ। ਉਹਨਾਂ ਕਿਹਾ ਕਿ ਇਸ ਤੋਂ ਉਹਨਾਂ ਦਾ ਦੋਗਲਾ ਚੇਹਰਾ ਇਕ ਵਾਰ ਫਿਰ ਨੰਗਾ ਹੋ ਗਿਆ ਹੈ। ਉਹਨਾਂ ਕਿਹਾ ਕਿ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਤੁਸੀਂ ਝੂਠ ਬੋਲ ਕੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਤਾਂ ਬਦਨਾਮ ਕਰਦੇ ਹੋ ਪਰ ਪੰਥ ਤੇ ਦਿੱਲੀ ਦੀ ਸੰਗਤ ਤੁਹਾਡੇ ਕੋਲੋਂ ਜਵਾਬ ਚਾਹੁੰਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਬੇਸ਼ਕੀਮਤੀ ਜ਼ਮੀਨ ਵੇਚਣ ਦੇ ਮਾਮਲੇ ’ਤੇ ਤੁਸੀਂ ਕਿਉਂ ਚੁੱਪ ਹੋ ?ਕੀ ਇਕ ਮੈਨੇਜਰ ਨੂੰ ਸਸਪੈਂਡ ਕਰ ਦੇਣਾ ਕਾਫੀ ਹੈ ?ਉਹਨਾਂ ਕਿਹਾ ਕਿ ਗੁਰੂ ਘਰਾਂ ਦੀ ਜ਼ਮੀਨ ਸ਼ਹਾਦਤਾਂ ਨਾਲ, ਮੋਰਚਿਆਂ ਨਾਲ ਹੀ ਬਣੀਆਂ ਹਨ। ਉਹਨਾਂ ਨੇ ਪੰਜਾਬ ਸਰਕਾਰ ਨੂੰ ਅਪੀਲਕੀਤੀ ਕਿ ਵਿਜੀਲੈਂਸ ਤੋਂ ਇਸ ਗੱਲ ਦੀ ਜਾਂਚ ਕਰਵਾਈ ਜਾਵੇ ਕਿ ਗੁਰੂ ਘਰ ਦੀ ਇਹ ਜ਼ਮੀਨ ਕਿਵੇਂ ਵੇਚੀ ਗਈ ਤੇ ਕੌਣ ਕੌਣ ਸਾਜ਼ਿਸ਼ ਵਿਚ ਸ਼ਾਮਲ ਸੀ, ਉਹਨਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਡੀ ਜੀ ਪੀ ਦਫਤਰ ਪੁੱਜ ਕੇ ਗ੍ਰਿਫ਼ਤਾਰੀ ਦੀ ਕੀਤੀ ਪੇਸ਼ਕਸ਼

## ਆਪ ਸਰਕਾਰ ਉਹਨਾਂ ਦੇ ਅਕਾਊਂਟੈਂਟਾਂ ’ਤੇ ਛਾਪੇ ਮਾਰ ਕੇ ਉਹਨਾਂ ਨੂੰ ਝੂਠੇ ਕੇਸ ਵਿਚ ਫਸਾਉਣ ਲਈ ਪੱਬਾਂ ਭਾਰ

ਚੰਡੀਗੜ੍ਹ, 5 ਫਰਵਰੀ (ਅੰਮ੍ਰਿਤਪਾਲ ਸਿੰਘ) ਕੇਜਰੀਵਾਲ ਨੂੰ ਚੇਤਾਵਨੀ ਦਿੱਤੀ ਕਿ ਅਕਾਲੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ ਵਾਸਤੇ ਪੁਲਿਸ ਦੀ ਦੁਰਵਰਤੋਂ ਨਾ ਕਰੇ ਨਹੀਂ ਤਾਂ ਸਾਰੀ ਪਾਰਟੀ ਸੜਕਾਂ ’ਤੇ ਉਤਰੇਗੀ ਸੁਖਬੀਰ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਪੂਰੀ ਕੋਰ ਕਮੇਟੀ ਨੇ ਡੀਜੀਪੀ ਗੌਰਵ ਯਾਦਵ ਦੇ ਦਫ਼ਤਰ ਵਿੱਚ ਅਦਾਲਤ ਵਿੱਚ ਗ੍ਰਿਫ਼ਤਾਰੀ ਦੀ ਪੇਸ਼ਕਸ਼ ਕੀਤੀ।ਪਾਰਟੀ ਵਰਕਰਾਂ ਨੇ ਪੁਲਿਸ ਹੈਡਕੁਆਰਟਰ ਦਾ ਕੀਤਾ ਘਿਰਾਓਚੰਡੀਗੜ੍ਹ, 5 ਫਰਵਰੀ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਇਥੇ ਪੁਲਿਸ ਹੈਡਕੁਆਰਟਰ ਵਿਚ ਡੀ ਜੀ ਪੀ ਗੌਰਵ ਯਾਦਵ ਦੇ ਦਫਤਰ ਪੁੱਜ ਕੇ ਗ੍ਰਿਫ਼ਤਾਰੀ ਦੇਣ ਦੀ ਪੇਸ਼ਕਸ਼ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹੁਕਮਾਂ ’ਤੇ ਸੂਬਾ ਪੁਲਿਸ ਉਹਨਾਂ ਦੇ ਚਾਰਟਡ ਅਕਾਊਂਟੈਂਟਾਂ ਜਾਂ ਹੋਰ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ।ਪਾਰਟੀ ਦੀ ਕੋਰ ਕਮੇਟੀ ਦੇ ਸਾਰੇ ਮੈਂਬਰਾਂ ਦੇ ਨਾਲ ਡੀ ਜੀ ਪੀ ਨਾਲ ਮੀਟਿੰਗ ਕਰਨ, ਜਿਸ ਦੌਰਾਨ ਪਾਰਟੀ ਵਰਕਰਾਂ ਨੇ ਪੁਲਿਸ ਹੈਡਕੁਆਰਟਰ ਦਾ ਘਿਰਾਓ ਵੀ ਕੀਤਾ, ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਆਪ ਸਰਕਾਰ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਲਾਪਤਾ ਹੋਣ ਦੇ ਕੇਸ ਵਿਚ ਫਸਾਉਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਸਰੂਪਾਂ ਦੇ ਕੇਸ ਦੀ ਜਾਂਚ ਕਰਨ ਦੀ ਥਾਂ ਸਰਕਾਰ ਵੱਲੋਂ ਚੁਣੀ ਗਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਅਸ਼ਵਨੀ ਐਂਡ ਐਸੋਸੀਏਟਸ ਸਮੇਤ ਉਹਨਾਂ ਦੇ ਚਾਰਟਡ ਅਕਾਊਂਟੈਂਟਾਂ ਦੇ ਦਫਤਰਾਂ ’ਤੇ ਅਤੇ ਬਠਿੰਡਾ ਵਿਚ ਉਹਨਾਂ ਦੇ ਸਾਬਕਾ ਅਕਾਊਂਟੈਂਟਾਂ ਦੇ ਦਫਤਰਾਂ ’ਤੇ ਛਾਪੇਮਾਰੀ ਕਰ ਰਹੀ ਹੈ।ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੇਰੀਆਂ ਬੈਲੰਸ ਸ਼ੀਟਾਂ ਗੈਰ ਕਾਨੂੰਨੀ ਤੌਰ ’ਤੇ ਜ਼ਬਤ ਕੀਤੀਆਂ ਜਾ ਰਹੀਆਂ ਹਨ ਅਤੇ ਮੇਰੇ ਮੁਲਾਜ਼ਮ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ’ਤੇ ਮੈਨੂੰ ਝੂਠੇ ਕੇਸ ਵਿਚ ਫਸਾਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਕਾਰਵਾਈਆਂ ਦਾ 328 ਸਰੂਪਾਂ ਦਾ ਕੇਸ ਜਾਂ ਸ਼੍ਰੋਮਣੀ ਕਮੇਟੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ।


ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ


# ਸਿਹਤ ਲਈ ਬਹੁਤ ਫ਼ਾਇਦੇਮੰਦ ਨੇ ਕਾਲੇ ਅੰਗੂਰ

ਕਾਲੇ ਅੰਗੂਰ ਦੇ ਕਈ ਫਾਇਦੇ ਹਨ। ਇਨ੍ਹਾਂ ਵਿੱਚੋਂ ਇੱਕ ਹੈ ਸ਼ੂਗਰ ਲੈਵਲ ਨੂੰ ਕੰਟਰੋਲ ਕਰਨਾ। ਕਾਲੇ ਅੰਗੂਰ ਦਾ ਸੇਵਨ ਸ਼ੂਗਰ ਦੇ ਰੋਗੀਆਂ ਲਈ ਬਹੁਤ ਫਾਇਦੇਮੰਦ ਸਾਬਤ ਹੁੰਦਾ ਹੈ। ਜੇਕਰ ਡਾਇਬਟੀਜ਼ ਦਾ ਮਰੀਜ਼ ਸੰਤੁਲਿਤ ਮਾਤਰਾ 'ਚ ਕਾਲੇ ਅੰਗੂਰ ਦਾ ਰੋਜ਼ਾਨਾ ਸੇਵਨ ਕਰਦਾ ਹੈ ਤਾਂ ਸ਼ੂਗਰ ਲੈਵਲ ਕੰਟਰੋਲ ਵਿਚ ਰਹਿੰਦਾ ਹੈ। ਕਾਲੇ ਅੰਗੂਰ ਵਿੱਚ ਗਲੂਕੋਜ਼, ਮੈਗਨੀਸ਼ੀਅਮ, ਸਿਟਰਿਕ ਐਸਿਡ, ਵਿਟਾਮਿਨ ਸੀ, ਵਿਟਾਮਿਨ ਈ, ਊਰਜਾ, ਕਾਰਬੋਹਾਈਡਰੇਟ, ਪ੍ਰੋਟੀਨ, ਚਰਬੀ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਵਰਗੇ ਤੱਤ ਹੁੰਦੇ ਹਨ। ਕਾਲੇ ਅੰਗੂਰ ਦਿਲ ਦੇ ਰੋਗੀਆਂ ਲਈ ਇੱਕ ਤਰ੍ਹਾਂ ਦਾ ਰਾਮਬਾਣ ਇਲਾਜ ਹੈ। ਕਾਲੇ ਅੰਗੂਰ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ 'ਚ ਵਿਟਾਮਿਨ-ਸੀ ਦਾ ਚੰਗਾ ਸਰੋਤ ਮਿਲ ਜਾਂਦਾ ਹੈ, ਜੋ ਸਾਡੇ ਸਰੀਰ ਨੂੰ ਬਾਹਰੀ ਅਤੇ ਅੰਦਰੂਨੀ ਲਾਭ ਦਿੰਦਾ ਹੈ। ਇਸ ਨਾਲ ਹੀ ਕਈ ਬੀਮਾਰੀਆਂ ਨਾਲ ਲੜਨ 'ਚ ਵੀ ਮਦਦ ਮਿਲਦੀ ਹੈ।



1- ਅੱਜ ਕੱਲ੍ਹ ਬਹੁਤ ਸਾਰੇ ਲੋਕ ਮਾਈਗ੍ਰੇਨ ਵਰਗੀ ਬੀਮਾਰੀ ਤੋਂ ਪੀੜਤ ਹਨ। ਇਸ ਨਾਲ ਸਿਰ ਦਰਦ ਬਹੁਤ ਜ਼ਿਆਦਾ ਹੁੰਦਾ ਹੈ। ਕਾਲੇ ਅੰਗੂਰ ਖਾਣ ਨਾਲ ਮਾਈਗ੍ਰੇਨ ਨੂੰ ਕੰਟਰੋਲ 'ਚ ਕੀਤਾ ਜਾਂਦਾ ਹੈ।

2- ਅੰਗੂਰ ਖਾਣ ਨਾਲ ਤੁਹਾਡੀ ਸਕਿਨ ਗਲੋਇੰਗ ਅਤੇ ਖੂਬਸੂਰਤ ਹੁੰਦੀ ਹੈ। ਕਾਲੇ ਅੰਗੂਰ 'ਚ ਵਿਟਾਮਿਨ-ਸੀ ਪਾਇਆ ਜਾਂਦਾ ਹੈ। ਇਹ ਸਕਿਨ ਦੇ ਸੈੱਲਾਂ 'ਚ ਜਾਨ ਭਰ ਦਿੰਦਾ ਹੈ, ਜਿਸ ਨਾਲ ਸਕਿਨ ਗਲੋਇੰਗ ਲੱਗਦੀ ਹੈ।

3- ਕਾਲੇ ਅੰਗੂਰਾਂ 'ਚ ਐਂਟੀਆਕਸੀਡੈਂਟ ਗੁਣ ਪਾਏ ਜਾਂਦੇ ਹਨ। ਇਹ ਸਰੀਰ ਦੇ ਅੰਦਰ ਆਕਸੀਡੇਸ਼ਨ ਹੋਣ ਦੀ ਪ੍ਰਕਿਰਿਆ ਨੂੰ ਘੱਟ ਕਰਦੇ ਹਨ। ਅਜਿਹਾ ਹੋਣ ਨਾਲ ਕੈਂਸਰ ਵਰਗੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

4- ਕਾਲੇ ਅੰਗੂਰ ਖਾਣ ਨਾਲ ਸਰੀਰ 'ਚ ਖ਼ੂਨ ਦੇ ਨਵੇਂ ਅਣੂ ਬਣਨ ਦੀ ਪ੍ਰਕਿਰਿਆ ਵੱਧ ਜਾਂਦੀ ਹੈ। ਇਸ ਦੀ ਵਰਤੋਂ ਕਰਨ ਨਾਲ ਸਰੀਰ 'ਚ ਖ਼ੂਨ ਦੀ ਕਮੀ ਪੂਰੀ ਹੁੰਦੀ ਹੁੰਦੀ ਹੈ।

5-ਕਾਲੇ ਅੰਗੂਰਾਂ ਦੇ ਅੰਦਰ ਸਾਇਟੋਕੈਮੀਕਲਜ਼ ਪਾਇਆ ਜਾਂਦਾ ਹੈ। ਇਹ ਦਿਲ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਕਲੈਸਟਰੋਲ ਦੇ ਪੱਧਰ ਨੂੰ ਕੰਟਰੋਲ ਕਰਕੇ ਰੱਖਦਾ ਹੈ।

6-ਜੇਕਰ ਤੁਸੀ ਆਪਣੇ ਚਿਹਰੇ ਦੀਆਂ ਝੁਰੜੀਆਂ ਅਤੇ ਦਾਗ ਧੱਬਿਆਂ ਤੋਂ ਪ੍ਰੇਸ਼ਾਨ ਹੋ ਤਾਂ ਰੋਜ਼ਾਨਾਂ ਕਾਲੇ ਅੰਗੂਰ ਜ਼ਰੂਰ ਖਾਓ। ਇਸ ਨਾਲ ਤੁਹਾਨੂੰ ਦਾਗ ਧੱਬੇ ਅਤੇ ਝੁਰੜੀਆਂ ਤੋਂ ਛੁਟਕਾਰਾ ਮਿਲ ਸਕਦਾ ਹੈ।

# ਪ੍ਰਧਾਨ ਮੰਤਰੀ ਨੇ ਪੰਜਾਬ ਨੂੰ ਵਿਸ਼ਵ ਪੱਧਰੀ ਵਿੱਦਿਅਕ, ਸਿਹਤ ਸੰਭਾਲ ਸੰਸਥਾਵਾਂ ਅਤੇ ਹਵਾਈ ਅੱਡੇ ਦੀ ਸਮਰੱਥਾ ਵਧਾ ਕੇ ਸ਼ਕਤੀ ਕੀਤੀ ਪ੍ਰਦਾਨ : ਸਤਨਾਮ ਸਿੰਘ ਸੰਧੂ

ਨਵੀਂ ਦਿੱਲੀ, 5 ਫਰਵਰੀ (ਅੰਮ੍ਰਿਤਪਾਲ ਸਿੰਘ) : ਰਾਸ਼ਟਰਪਤੀ ਦਰੋਪਦੀ ਦਾ ਵਰਣਨ ਕਰਦੇ ਹੋਏ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਇਤਿਹਾਸਕ ਅਤੇ ਵਿਕਸਤ ਭਾਰਤ ਲਈ ਰਣਨੀਤਕ ਬਲੂਪ੍ਰਿੰਟ ਦੱਸਦੇ ਹੋਏ ਕਿਹਾ ਕਿ ਇਹ ਸਿਰਫ਼ ਇੱਕ ਦ੍ਰਿਸ਼ਟੀਕੋਣ ਨਹੀਂ ਹੈ, ਸਗੋਂ ਨੀਤੀ, ਪ੍ਰਦਰਸ਼ਨ ਅਤੇ ਤੇਜ਼ੀ ਨਾਲ ਲਾਗੂ ਕਰਨ ਲਈ ਇੱਕ ਰੋਡਮੈਪ ਹੈ। ਉਨ੍ਹਾਂ ਨੇ ਇਸਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ 11 ਸਾਲਾਂ ਵਿੱਚ ਕੇਂਦਰ ਸਰਕਾਰ ਦੁਆਰਾ ਸਮਾਜ ਦੇ ਹਰ ਵਰਗ ਲਈ ਵਿਕਾਸ ਅਤੇ ਮੌਕਿਆਂ ਨੂੰ ਤਰਜੀਹ ਦੇਣ ਲਈ ਇੱਕ ਇਤਿਹਾਸਕ ਪਹਿਲਕਦਮੀ ਦੱਸਿਆ। ਮੌਜੂਦਾ ਬਜਟ ਸੈਸ਼ਨ ਦੌਰਾਨ ਸੰਸਦ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਚਰਚਾ ਵਿੱਚ ਹਿੱਸਾ ਲੈਂਦੇ ਹੋਏ, ਸੰਧੂ ਨੇ ਇਸ ਇਤਿਹਾਸਕ ਭਾਸ਼ਣ ਦੀ ਕਾਪੀ ਨੂੰ ਸਤਿਕਾਰ ਨਾਲ ਝੁਕਦੇ ਹੋਏ ਕਿਹਾ ਕਿ ਰਾਸ਼ਟਰਪਤੀ ਦੇ ਭਾਸ਼ਣ ਦੇ ਪੰਨਾ 15 'ਤੇ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ, ਭੈ ਕਾਹੂ ਕੋ ਦੇਤ ਨਹਿ, ਨਾ ਭੈ ਮੰਨਤ ਆਂ (ਦੂਜਿਆਂ ਨੂੰ ਨਾ ਡਰਾਓ) ਦਾ ਹਵਾਲਾ ਦਰਸਾਉਂਦਾ ਹੈ ਕਿ ਮੌਜੂਦਾ ਕੇਂਦਰ ਸਰਕਾਰ, ਗੁਰੂਆਂ ਤੋਂ ਪ੍ਰੇਰਿਤ, ਉਨ੍ਹਾਂ ਦੇ ਸਿਧਾਂਤਾਂ ਦੀ ਪਾਲਣਾ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਵੀ ਇਨ੍ਹਾਂ ਸ਼ਬਦਾਂ ਨੂੰ ਕਈ ਵਾਰ ਦੁਹਰਾਇਆ ਹੈ। ਇਹ ਸਿਰਫ਼ ਇੱਕ ਅਧਿਆਤਮਿਕ ਸੰਦੇਸ਼ ਨਹੀਂ ਹੈ, ਸਗੋਂ ਅੱਜ ਦੇ ਭਾਰਤ ਲਈ ਇੱਕ ਰਾਸ਼ਟਰੀ ਸੁਰੱਖਿਆ ਸਿਧਾਂਤ ਹੈ। ਇਸ ਸਿਧਾਂਤ ਨੇ ਭਾਰਤ ਨੂੰ ਦੁਨੀਆ ਭਰ ਵਿੱਚ ਕੂਟਨੀਤਕ ਅਤੇ ਆਰਥਿਕ ਸਫਲਤਾਵਾਂ ਵੱਲ ਲੈ ਜਾਇਆ ਹੈ। ਹਾਲ ਹੀ ਵਿੱਚ, ਭਾਰਤ ਨੇ ਯੂਰਪੀਅਨ ਯੂਨੀਅਨ ਨਾਲ ਇੱਕ ਇਤਿਹਾਸਕ ਮੁਕਤ ਵਪਾਰ ਸਮਝੌਤਾ ਅਤੇ ਇੱਕ ਹੋਰ ਸੰਯੁਕਤ ਰਾਜ ਅਮਰੀਕਾ ਨਾਲ ਕੀਤਾ ਹੈ, ਜੋ ਦਰਸਾਉਂਦਾ ਹੈ ਕਿ ਭਾਰਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਮਾਰਗ 'ਤੇ ਅੱਗੇ ਵਧ ਰਿਹਾ ਹੈ।



ਸੰਸਦ ਕੰਪਲੈਕਸ ਦੀਆਂ ਪੌੜੀਆਂ 'ਤੇ ਵਾਪਰੀ ਸ਼ਰਮਨਾਕ ਘਟਨਾ ਦੀ ਸਖ਼ਤ ਨਿੰਦਾ ਕਰਦੇ ਹੋਏ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਜਿੱਥੇ ਪ੍ਰਧਾਨ ਮੰਤਰੀ ਮੋਦੀ ਸਿੱਖ ਭਾਈਚਾਰੇ ਦਾ ਡੂੰਘਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਕਈ ਕਾਰਵਾਈਆਂ ਕਰ ਰਹੇ ਹਨ, ਉੱਥੇ ਹੀ ਵਿਰੋਧੀ ਧਿਰ ਦੇ ਨੇਤਾ ਨੇ ਇੱਕ ਸਿੱਖ ਮੰਤਰੀ ਨੂੰ ਗੱਦਾਰ ਕਹਿ ਕੇ ਉਸਦਾ ਅਪਮਾਨ ਕੀਤਾ ਹੈ। ਇਸ ਘਟਨਾ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਠੇਸ ਪਹੁੰਚਾਈ ਹੈ। ਸਿੱਖ ਭਾਈਚਾਰਾ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਆਪਣੀ ਵਿਲੱਖਣ ਪਛਾਣ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਦੁਨੀਆ ਵਿੱਚ ਸਖ਼ਤ ਮਿਹਨਤ ਕਰ ਰਿਹਾ ਹੈ। ਇਸ ਦੌਰਾਨ, ਇੱਕ ਵਿਰੋਧੀ ਧਿਰ ਦੇ ਨੇਤਾ ਨੇ ਇੱਕ ਸਿੱਖ ਆਗੂ ਦਾ ਮਜ਼ਾਕ ਉਡਾਇਆ, ਜੋ ਕਿ ਬਹੁਤ ਨਿੰਦਣਯੋਗ ਹੈ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ, ਕੇਂਦਰ ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ ਸਿੱਖ ਗੁਰੂਆਂ ਦੇ ਸਨਮਾਨ ਲਈ ਕਈ ਇਤਿਹਾਸਕ ਪਹਿਲਕਦਮੀਆਂ ਕੀਤੀਆਂ ਹਨ। ਇਹਨਾਂ ਵਿੱਚੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਮੌਜੂਦਗੀ ਨੇ ਦਰਸਾਇਆ। ਇਹਨਾਂ ਵਿੱਚ ਕਾਲੀ ਸੂਚੀ ਵਿੱਚੋਂ 312 ਸਿੱਖਾਂ ਨੂੰ ਹਟਾਉਣਾ, ਵਿਦੇਸ਼ਾਂ ਵਿੱਚ ਗੁਰੂ ਨਾਨਕ ਚੇਅਰਾਂ ਦੀ ਸਥਾਪਨਾ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਪਟਨਾ ਸਾਹਿਬ ਦੇ ਵਿਕਾਸ ਲਈ 100 ਕਰੋੜ ਦੀ ਵੰਡ ਸ਼ਾਮਲ ਹੈ। ਇਸ ਤੋਂ ਇਲਾਵਾ, ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਪਛਾਣਦੇ ਹੋਏ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ, 2,700 ਕਰੋੜ ਦੀ ਲਾਗਤ ਨਾਲ ਹੇਮਕੁੰਟ ਸਾਹਿਬ ਰੋਪਵੇਅ ਦਾ ਨਿਰਮਾਣ, ਲੰਗਰ (ਸਕਾਰਫ਼) 'ਤੇ ਜੀਐਸਟੀ ਹਟਾਉਣਾ, ਅਤੇ ਸਾਹਿਬਜ਼ਾਦਿਆਂ (ਪਵਿੱਤਰ ਬੱਚਿਆਂ) ਦੀ ਸ਼ਹਾਦਤ ਦੀ ਯਾਦ ਵਿੱਚ ਵੀਰ ਬਾਲ ਦਿਵਸ (ਵੀਰ ਬਾਲ ਦਿਵਸ) ਦਾ ਐਲਾਨ, ਸਿੱਖ ਭਾਈਚਾਰੇ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅੰਮ੍ਰਿਤਸਰ ਵਿੱਚ ਆਈਆਈਐਮ, ਬਠਿੰਡਾ ਵਿੱਚ ਏਮਜ਼ ਅਤੇ ਮੋਹਾਲੀ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਵਰਗੀਆਂ ਵਿਸ਼ਵ ਪੱਧਰੀ ਸੰਸਥਾਵਾਂ ਨੇ ਸਿੱਖਿਆ ਅਤੇ ਸਿਹਤ ਸੰਭਾਲ ਦੇ ਖੇਤਰਾਂ ਵਿੱਚ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ??ਕੀਤਾ ਹੈ। ਪੰਜਾਬ ਵਿੱਚ ਹਵਾਈ ਅੱਡੇ ਦੀ ਸਮਰੱਥਾ ਵਧਾਉਣ ਦੇ ਨਤੀਜੇ ਵਜੋਂ ਰਾਜ ਵਿੱਚ ਹੁਣ ਚਾਰ ਘਰੇਲੂ ਅਤੇ ਦੋ ਅੰਤਰਰਾਸ਼ਟਰੀ ਹਵਾਈ ਅੱਡੇ ਹਨ। ਪ੍ਰਧਾਨ ਮੰਤਰੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਮ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਰੱਖ ਕੇ ਪੰਜਾਬ ਦਾ ਮਾਣ ਵਧਾਇਆ ਹੈ।

# ਵਾਤਾਵਰਨ ਨੂੰ ਦੇਸ਼ ਭਰ ਦੇ ਸਕੂਲਾਂ ਵਿੱਚ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ : ਸੰਤ ਸੀਚੇਵਾਲ

ਚੰਡੀਗੜ੍ਹ, 5 ਫਰਵਰੀ (ਚ.ਨ.ਸ.) : ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਸਦ ਦੇ ਉੱਚ ਸਦਨ ਵਿੱਚ ਦੇਸ਼ ਦੇ ਸਾਰੇ ਸਕੂਲਾਂ ਵਿੱਚ ਵਾਤਾਵਰਣ ਨੂੰ ਬਾਕੀ ਵਿਸ਼ਿਆਂ ਵਾਂਗ ਲਾਜ਼ਮੀ ਵਿਸ਼ਾ ਬਣਾਉਣ ਦੀ ਪੁਰਜ਼ੋਰ ਮੰਗ ਕੀਤੀ। ਉਹਨਾਂ ਕਿਹਾ ਕਿ ਜਦੋਂ ਵਾਤਾਵਰਣ ਦੀ ਸਾਂਭ ਸੰਭਾਲ ਦਾ ਰਾਹ ਸਾਡੇ ਪ੍ਰਾਇਮਰੀ ਸਕੂਲਾਂ ਵਿੱਚੋਂ ਦੀ ਹੋ ਕੇ ਲੰਘੇਗਾ ਤਾਂ ਦੇਸ਼ ਭਰ ਦੇ ਵਾਤਾਵਰਣ ਪ੍ਰੇਮੀ ਸਮਾਜ ਦੀ ਵੱਡੀ ਤਾਕਤ ਬਣਕੇ ਉਭਰਨਗੇ।

ਸੰਤ ਸੀਚੇਵਾਲ ਨੇ ਕਿਹਾ ਕਿ ਧਰਤੀ ਤੇ ਕੁਦਰਤ ਨਾਲ ਮਨੁੱਖ ਦੀ ਸਾਂਝ ਸਦੀਆਂ ਪੁਰਾਣੀ ਹੈ ਅਤੇ ਸਾਰੇ ਧਰਮ ਕੁਦਰਤ ਨਾਲ ਸਾਂਝ ਬਣਾਈ ਰੱਖਣ ਦਾ ਸੁਨੇਹਾ ਦਿੰਦੇ ਹਨ। ਉਹਨਾਂ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਵਾ, ਪਾਣੀ ਅਤੇ ਧਰਤੀ ਮਨੁੱਖੀ ਜੀਵਨ ਦਾ ਆਧਾਰ ਹਨ, ਪਰ ਅੱਜ ਮਨੁੱਖ ਦੇ ਲਾਲਚ ਕਾਰਨ ਇਹ ਕੁਦਰਤ ਦੇ ਤਿੰਨੇ ਅਨਮੋਲ ਤੋਹਫ਼ੇ ਗੰਭੀਰ ਖ਼ਤਰੇ ਵਿੱਚ ਹਨ। ਸੰਤ ਸੀਚੇਵਾਲ ਨੇ ਚਿੰਤਾ ਪ੍ਰਗਟਾਈ ਕਿ ਆਲਮੀ ਤਪਸ਼ ਵਿੱਚ ਵਾਧੇ ਕਾਰਨ ਭਿਆਨਕ ਹੜ੍ਹ, ਭਾਰੀ ਸੋਕੇ, ਸਮੁੰਦਰੀ



ਸੁਨਾਮੀ ਆਉਣ ਦੇ ਖਤਰੇ ਵਧੇ ਹਨ। ਮੌਸਮ ਦੇ ਆਸਵੇਂਪਨ ਦਾ ਸਿੱਧਾ ਅਸਰ ਮਨੁੱਖ, ਪਸ਼ੂ-ਪੰਛੀਆਂ, ਜਲਚਰ ਜੀਵਾਂ ਅਤੇ ਬਨਸਪਤੀ 'ਤੇ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਹਾਲਾਤ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਗਈ ਛੇੜਛਾੜ ਦਾ ਨਤੀਜਾ ਹਨ।

ਸੰਤ ਸੀਚੇਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਭਵਿੱਖ ਦੇਣਾ ਹਾਂ ਤਾਂ ਵਾਤਾਵਰਣ ਸੁਰੱਖਿਆ ਦੀ ਸੋਚ ਪ੍ਰਾਇਮਰੀ ਪੱਧਰ ਦੇ ਸਕੂਲਾਂ ਤੋਂ ਹੀ ਵਿਕਸਤ ਕਰਨੀ ਹੋਵੇਗੀ। ਜਿੱਥੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਕੁਦਰਤ ਨਾਲ ਪਿਆਰ ਕਰਨਾ, ਉਸਦੀ ਕਦਰ ਕਰਨੀ ਤੇ ਉਸਦੀ ਸੰਭਾਲ ਕਰਨੀ ਸਿਖਾਈ ਜਾਵੇ ਤਾਂ ਇਹੀ ਬੱਚੇ ਭਵਿੱਖ ਵਿੱਚ ਸਮਾਜ ਦੀ ਸਭ ਤੋਂ ਵੱਡੀ ਤਾਕਤ ਬਣ ਕੇ ਉਭਰਨਗੇ। ਸੰਤ ਸੀਚੇਵਾਲ ਨੇ ਕਿਹਾ ਕਿ ਥਿੰਕ ਗਲੋਬਲੀ, ਐਕਟ ਲੋਕਲੀ ਦਾ ਸਿਧਾਂਤ ਓਦੋਂ ਹੀ ਸਫਲ ਹੋ ਸਕਦਾ ਹੈ ਜਦੋਂ ਵਾਤਾਵਰਣ ਦੀ ਸਿੱਖਿਆ ਕਿਤਾਬਾਂ ਤੱਕ ਸੀਮਿਤ ਨਾ ਰਹੇ, ਸਗੋਂ ਜ਼ਮੀਨੀ ਪੱਧਰ 'ਤੇ ਲਾਗੂ ਕੀਤੀ ਜਾਵੇ। ਪਾਠਕ੍ਰਮ ਵਿੱਚ ਰੁੱਖ ਲਗਾਉਣਾ, ਪੌਦਿਆਂ ਦੀ ਸੰਭਾਲ, ਪਾਣੀ ਬਚਾਉਣਾ, ਕਚਰੇ ਦਾ ਸਹੀ ਪ੍ਰਬੰਧ ਅਤੇ ਕੁਦਰਤ ਨਾਲ ਸਾਂਝੀ ਜ਼ਿੰਦਗੀ ਜੀਉਣ ਦੀ ਪ੍ਰਯੋਗਾਤਮਕ ਸਿੱਖਿਆ ਨੂੰ ਸ਼ਾਮਲ ਕੀਤੀ ਜਾਵੇ।

ਅਖੀਰ ਵਿੱਚ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਦੇਸ਼ ਦੇ ਸਾਰੇ ਸਕੂਲਾਂ ਵਿੱਚ ਵਾਤਾਵਰਣ ਵਿਸ਼ੇ ਨੂੰ ਲਾਜ਼ਮੀ ਕਰਾਰ ਦੇ ਕੇ ਇੱਕ ਅਜਿਹਾ ਜਾਗਰੂਕ ਸਮਾਜ ਤਿਆਰ ਕੀਤਾ ਜਾਵੇ, ਜੋ ਧਰਤੀ ਮਾਂ ਦੀ ਸਾਂਭ ਸੰਭਾਲ ਕਰ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਭਵਿੱਖ ਯਕੀਨੀ ਬਣਾ ਸਕੇ।

# ਜਾਪਾਨ ਵਿੱਚ ਭਾਰੀ ਬਰ਼ਫਬਾਰੀ ਕਾਰਨ 35 ਲੋਕਾਂ ਦੀ ਮੌਤ, 250 ਤੋਂ ਵੱਧ ਜ਼ਖਮੀ



ਟੋਕੀਓ, 5 ਫਰਵਰੀ (ਚ.ਨ.ਸ.) : ਜਾਪਾਨ ਵਿੱਚ 20 ਜਨਵਰੀ ਤੋਂ ਲਗਾਤਾਰ ਹੋ ਰਹੀ ਭਾਰੀ ਬਰਫ਼ਬਾਰੀ ਨੇ ਤਬਾਹੀ ਮਚਾ ਦਿੱਤੀ ਹੈ।

ਹੁਣ ਤੱਕ ਦੇ ਅੰਕੜਿਆਂ ਅਨੁਸਾਰ, ਇਸ ਕੁਦਰਤੀ ਆਫ਼ਤ ਕਾਰਨ 35 ਲੋਕਾਂ ਦੀ ਜਾਨ ਚਲੀ ਗਈ ਹੈ ਜਦਕਿ 250 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਨੀਗਾਟਾ, ਅਕੀਤਾ, ਯਾਮਾਗਾਟਾ, ਹੋਕਾਈਡੋ ਅਤੇ ਅਓਮੋਰੀ ਸ਼ਾਮਲ ਹਨ।

ਨੀਗਾਟਾ ਪ੍ਰੀਫੈਕਚਰ ਵਿੱਚ ਸਭ ਤੋਂ ਵੱਧ 12 ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਖੇਤਰਾਂ ਵਿੱਚ ਸੜਕਾਂ ਬੰਦ ਹੋਣ, ਬਿਜਲੀ ਦੀ ਅਪੂਰਤੀ ਵਿੱਚ ਰੁਕਾਵਟ ਅਤੇ ਆਵਾਜਾਈ ਵਿੱਚ ਰੁਕਾਵਟਾਂ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਥਾਨਕ ਪ੍ਰਸ਼ਾਸਨ ਅਤੇ ਰਾਹਤ ਟੀਮਾਂ ਨੇ ਤੁਰੰਤ ਕਾਰਵਾਈ ਕਰਦਿਆਂ ਬਰਫ਼ ਹਟਾਉਣ ਅਤੇ ਜ਼ਖਮੀਆਂ ਦੀ ਸਹਾਇਤਾ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

ਲੋਕਾਂ ਨੂੰ ਘਰਾਂ ਵਿੱਚ ਰਹਿਣ ਦੀ ਸਲਾਹ ਦਿੱਤੀ ਗਈ ਹੈ ਅਤੇ ਐਮਰਜੈਂਸੀ ਸੇਵਾਵਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ।

ਮੌਸਮ ਵਿਭਾਗ ਨੇ ਅਗਲੇ ਕੁਝ ਦਿਨਾਂ ਵਿੱਚ ਹੋਰ ਬਰਫ਼ਬਾਰੀ ਦੀ ਚੇਤਾਵਨੀ ਜਾਰੀ ਕੀਤੀ ਹੈ, ਜਿਸ ਕਾਰਨ ਸੁਰੱਖਿਆ ਪ੍ਰਬੰਧ ਹੋਰ ਵੀ ਕੜੇ ਕੀਤੇ ਜਾ ਰਹੇ ਹਨ।

# ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ! ਯੂ.ਐਸ. ਨੇ 200 ਤੋਂ ਵੱਧ ਭਾਰਤੀ ਫਾਰਮੇਸੀ ਵੈੱਬਸਾਈਟਾਂ ਕੀਤੀਆਂ ਜ਼ਬਤ

ਵਾਸ਼ਿੰਗਟਨ, 5 ਫਰਵਰੀ (ਚ.ਨ.ਸ.) : ਅਮਰੀਕੀ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਨੇ ਇੱਕ ਭਾਰਤ-ਆਧਾਰਿਤ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਖ਼ਿਲਾਫ਼ ਕਾਰਵਾਈ ਕਰਦਿਆਂ 200 ਤੋਂ ਵੱਧ ਵੈੱਬਸਾਈਟ ਡੋਮੇਨ ਜ਼ਬਤ ਕੀਤੇ ਹਨ, ਜੋ ਅਮਰੀਕਾ ਵਿੱਚ ਗੈਰ-ਕਾਨੂੰਨੀ ਆਨਲਾਈਨ ਫਾਰਮੇਸੀਆਂ ਚਲਾ ਰਹੇ ਸਨ। ਇਸ ਆਪਰੇਸ਼ਨ ਦੌਰਾਨ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਨੈੱਟਵਰਕ ਘੱਟੋ-ਘੱਟ 6 ਮੌਤਾਂ ਅਤੇ 4 ਓਵਰਡੋਜ਼ ਦੇ ਮਾਮਲਿਆਂ ਲਈ ਜ਼ਿੰਮੇਵਾਰ ਹੈ। ਇਹ ਵੈੱਬਸਾਈਟਾਂ ਅਮਰੀਕਾ-ਆਧਾਰਿਤ ਅਤੇ FDA-ਪ੍ਰਵਾਨਿਤ ਹੋਣ ਦਾ ਝੂਠਾ ਦਾਅਵਾ ਕਰਦੀਆਂ ਸਨ ਤੇ ਬਿਨਾਂ ਕਿਸੇ ਵੈਲਿਡ ਡਾਕਟਰੀ ਕੰਪੋਜ਼ੀਸ਼ਨ ਦੇ ਨਕਲੀ ਅਤੇ ਖ਼ਤਰਨਾਕ ਗੋਲੀਆਂ, ਜਿਨ੍ਹਾਂ ਵਿੱਚ ਫੈਂਟਾਨਿਲ ਜਾਂ ਮੈਥਾਮਫੇਟਾਮਾਈਨ ਹੋ ਸਕਦੀ ਹੈ, ਗਾਹਕਾਂ ਨੂੰ ਭੇਜ ਰਹੀਆਂ ਸਨ। 451 ਇਨ੍ਹਾਂ ਅਪਰਾਧਿਕ ਨੈੱਟਵਰਕਾਂ ਨੂੰ ਨੱਥ ਪਾਉਣ ਲਈ ਭਾਰਤ ਸਰਕਾਰ ਦੇ ਕਾਨੂੰਨ ਲਾਗੂ ਕਰਨ ਵਾਲੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਜਾਂਚ ਦੌਰਾਨ ਹਜ਼ਾਰਾਂ ਗਾਹਕਾਂ ਦੀ ਪਛਾਣ ਕੀਤੀ ਗਈ ਹੈ ਅਤੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਜਨਤਾ ਨੂੰ 20,000 ਤੋਂ ਵੱਧ ਪੱਤਰ ਭੇਜੇ ਗਏ ਹਨ। 451 ਅਨੁਸਾਰ ਇਹ ਫਾਰਮੇਸੀਆਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਅਤੇ ਇਹ ਕਾਰਵਾਈ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਕੀਤੀ ਗਈ ਹੈ। ਇਹ ਕਾਰਵਾਈ 27 ਜਨਵਰੀ 2026 ਤੋਂ ਸ਼ੁਰੂ ਹੋਈਆਂ ਵੱਖ-ਵੱਖ ਮੁਹਿੰਮਾਂ ਦਾ ਹਿੱਸਾ ਹੈ।



# ਟਰੰਪ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਨੂੰ ਸੁਣਾਈ ਉਮਰ ਕੈਦ

ਫਲੋਰਿਡਾ, 5 ਫਰਵਰੀ (ਚ.ਨ.ਸ.) : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। 2024 ਵਿੱਚ ਅਮਰੀਕਾ ਵਿੱਚ ਚੋਣਾਂ ਹੋਣ ਤੋਂ ਦੋ ਮਹੀਨੇ ਪਹਿਲਾਂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਜਾਨੋਂ ਮਾਰਨ ਲਈ ਫਲੋਰਿਡਾ ਦੇ ਗੋਲਫ ਕਲੱਬ ਵਿੱਚ ਸੈਮੀ ਆਟੋਮੈਟਿਕ ਰਾਈਫਲ ਲੈ ਕੇ ਝਾੜੀਆਂ ਵਿੱਚ ਲੁਕਣ ਵਾਲੇ ਰਾਇਨ ਰੁੱਥ ਨੂੰ ਇਹ ਸਜ਼ਾ ਸੁਣਾਈ ਗਈ ਹੈ। 59 ਸਾਲਾ ਰੁੱਥ ਨੂੰ ਪਿਛਲੇ ਸਾਲ ਸਤੰਬਰ ਵਿੱਚ ਪੰਜ ਮੁਜਰਮਾਨਾਂ ਮਾਮਲਿਆਂ ਵਿੱਚ ਜਿਊਰੀ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਸੀ। ਅਮਰੀਕਾ ਦੀ ਡਿਸਟ੍ਰਿਕਟ ਜੱਜ ਐਲੀਨ ਕੈਨਨ ਵੱਲੋਂ ਫੋਰਟ ਪੀਅਰਸ, ਫਲੋਰਿਡਾ ਦੀ ਅਦਾਲਤ ਵਿੱਚ ਇਹ ਸਜ਼ਾ ਸੁਣਾਈ ਗਈ।

# ਹੁਣ ਸਪੇਸ ਅਤੇ ਚੰਨ 'ਤੇ ਪੈਦਾ ਹੋਣਗੇ ਬੱਚੇ ! ਵਿਗਿਆਨੀ ਤੇਜ਼ੀ ਨਾਲ ਕਰ ਰਹੇ ਨੇ ਪ੍ਰਯੋਗ

ਵਾਸ਼ਿੰਗਟਨ, 5 ਫਰਵਰੀ (ਚ.ਨ.ਸ.): ਆਉਣ ਵਾਲੇ ਦਹਾਕਿਆਂ 'ਚ ਮਨੁੱਖੀ ਜੋੜੇ ਪੁਲਾੜ ਅਤੇ ਚੰਦਰਮਾ 'ਤੇ ਵੀ ਬੱਚੇ ਪੈਦਾ ਕਰਨਗੇ। ਇਸ ਦਿਸ਼ਾ 'ਚ ਵਿਗਿਆਨੀ ਨਵੇਂ ਪ੍ਰਯੋਗਾਂ 'ਤੇ ਤੇਜ਼ੀ ਨਾਲ ਕੰਮ ਕਰ ਰਹੇ ਹਨ। ਇਕ ਨਵੇਂ ਖੋਜ-ਪੱਤਰ 'ਚ ਕਿਹਾ ਗਿਆ ਹੈ ਕਿ ਪੁਲਾੜ 'ਚ ਮਨੁੱਖੀ ਪ੍ਰਜਣਨ ਹੁਣ ਸਿਰਫ਼ ਸਿਧਾਂਤਕ ਗੱਲ ਨਹੀਂ ਰਹੇਗੀ, ਸਗੋਂ ਛੇਤੀ ਹੀ ਅਸਲ ਪ੍ਰਯੋਗ 'ਚ ਬਦਲਣ ਵਾਲੀ ਹੈ। ਖਾਸ ਕਰ ਕੇ ਮੰਗਲ ਲਈ ਲੰਬੀਆਂ ਪੁਲਾੜ ਮੁਹਿੰਮਾਂ ਦੌਰਾਨ। ਇਹ ਖੋਜ-ਪੱਤਰ ਵਿਗਿਆਨ ਮੈਗਜ਼ੀਨ 'ਰੀਪ੍ਰੋਡਕਟਿਵ ਬਾਇਓਮੈਡੀਸਨ' 'ਚ ਪ੍ਰਕਾਸ਼ਿਤ ਹੋਇਆ ਹੈ। ਨਾਸਾ ਦੇ ਵਿਗਿਆਨੀ ਅਤੇ ਇਸ ਖੋਜ-ਪੱਤਰ ਦੇ ਸੀਨੀਅਰ ਲੇਖਕ ਡਾ. ਫੇਥੀ ਕਾਰੋਈਆ ਅਨੁਸਾਰ ਪੁਲਾੜ 'ਚ ਇਨਸਾਨਾਂ ਦੀ ਮੌਜੂਦਗੀ ਵਧ ਰਹੀ ਹੈ। ਪੁਲਾੜ ਹੁਣ ਤੇਜ਼ੀ ਨਾਲ ਨਵਾਂ ਕਾਰਜ ਸਥਾਨ ਬਣਨ ਜਾ ਰਿਹਾ ਹੈ। ਇਸ ਲਈ ਉੱਥੇ ਕੰਮ ਕਰਨ ਵਾਲੇ ਲੋਕਾਂ ਦੇ ਪ੍ਰਜਨਨ ਸਿਹਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਇਸ ਲਈ ਧਰਤੀ ਤੋਂ ਇਲਾਵਾ ਵੀ ਮਨੁੱਖੀ ਵਿਕਾਸ ਬਾਰੇ ਕੰਮ ਕੀਤਾ ਜਾ ਰਿਹਾ ਹੈ।



# ਨੌਜਵਾਨ ਦੇ ਪੇਟ 'ਚੋਂ ਨਿਕਲਿਆ ਪਹਿਲੀ ਵਿਸ਼ਵ ਜੰਗ ਦਾ ਜ਼ਿੰਦਾ ਬੰਬ, ਹਸਪਤਾਲ 'ਚ ਪਈਆਂ ਭਾਜੜਾਂ

ਪੈਰਿਸ, 5 ਫਰਵਰੀ (ਚ.ਨ.ਸ.) : ਫਰਾਂਸ ਦੇ ਟੂਲੂਜ਼ ਸ਼ਹਿਰ ਤੋਂ ਇੱਕ ਬੇਹੱਦ ਚੌਂਕਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਨੌਜਵਾਨ ਨੂੰ ਤੇਜ਼ ਪੇਟ ਦਰਦ ਦੀ ਸ਼ਿਕਾਇਤ ਤੋਂ ਬਾਅਦ ਹਸਪਤਾਲ ਭਰਤੀ ਕਰਵਾਇਆ ਗਿਆ। ਇਲਾਜ ਦੌਰਾਨ ਡਾਕਟਰਾਂ ਨੂੰ ਨੌਜਵਾਨ ਦੇ ਗੁਦਾ ਵਿੱਚ ਪਹਿਲੀ ਵਿਸ਼ਵ ਜੰਗ ਦੇ ਸਮੇਂ ਦਾ ਅੱਠ ਇੰਚ ਲੰਬਾ ਤੋਪ ਦਾ ਗੋਲਾ ਮਿਲਿਆ। ਇਸ ਘਟਨਾ ਤੋਂ ਬਾਅਦ ਹਸਪਤਾਲ ਵਿੱਚ ਹਫੜਾ-ਦਫੜੀ ਮਚ ਗਈ। ਡਾਕਟਰਾਂ ਨੂੰ ਅਹਿਸਾਸ ਹੋਇਆ ਕਿ ਨੌਜਵਾਨ ਦੇ ਸਰੀਰ ਦੇ ਅੰਦਰ ਮੌਜੂਦ ਉਹ ਗੋਲਾ ਇੱਕ @ਜ਼ਿੰਦਾ ਬੰਬ@ ਹੋ ਸਕਦਾ ਹੈ, ਜੋ ਕਿਸੇ ਵੀ ਸਮੇਂ ਫਟ ਸਕਦਾ ਹੈ। ਸੁਰੱਖਿਆ ਦੇ ਮੱਦੇਨਜ਼ਰ ਤੁਰੰਤ ਹਸਪਤਾਲ ਦੇ ਇੱਕ ਹਿੱਸੇ ਨੂੰ ਖਾਲੀ ਕਰਵਾਇਆ ਗਿਆ ਅਤੇ ਬੰਬ ਨਿਰੋਧਕ ਮਾਹਿਰਾਂ ਨੂੰ ਬੁਲਾਇਆ ਗਿਆ। ਸਰਜਰੀ ਦੌਰਾਨ ਮਿਲਿਆ ਜ਼ਿੰਦਾ ਬੰਬ @ਨਿਊਯਾਰਕ ਪੋਸਟ@ ਦੀ ਰਿਪੋਰਟ ਅਨੁਸਾਰ, ਇਸ ਅਣਪਛਾਤੇ ਫਰਾਂਸੀਸੀ ਮਰੀਜ਼ ਨੂੰ ਪਿਛਲੇ ਸ਼ਨੀਵਾਰ (31 ਜਨਵਰੀ) ਟੂਲੂਜ਼ ਸ਼ਹਿਰ ਦੇ ਹਸਪਤਾਲ ਵਿੱਚ ਐਮਰਜੈਂਸੀ ਵਿੱਚ ਭਰਤੀ ਕੀਤਾ ਗਿਆ ਸੀ। ਐਮਰਜੈਂਸੀ ਸਰਜਰੀ ਦੌਰਾਨ ਡਾਕਟਰਾਂ ਨੂੰ ਉਸ ਦੇ ਅੰਦਰ ਇੱਕ ਗੋਲਾ ਮਿਲਿਆ, ਜਿਸ ਦੇ ਫਟਣ ਦੇ ਡਰੋਂ ਅਲਰਟ ਜਾਰੀ ਕਰ ਦਿੱਤਾ ਗਿਆ। ਹਾਲਾਂਕਿ, ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਪਿੱਤਲ ਅਤੇ ਤਾਂਬੇ ਦਾ ਬਣਿਆ ਉਹ ਪ੍ਰਾਚੀਨ ਗੋਲਾ ਉਸ ਵਿਅਕਤੀ ਦੇ ਸਰੀਰ ਵਿੱਚ ਕਿਵੇਂ ਪਹੁੰਚਿਆ।

## ਵਰ੍ਹੇਗੰਢ ਮੁਬਾਰਕ



ਗੁਰਮੀਤ ਸਿੰਘ ਅਤੇ ਕੋਮਲਪ੍ਰੀਤ ਕੌਰ ਨੂੰ ਵਿਆਹ ਦੀਆ ਮੁਬਾਰਕਾਂ



ਰਾਜ ਸਿੱਧੂ ਤੇ ਕਿਰਨਜੀਤ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ









# ਮਾਝਾ-ਦੁਆਬਾ

ਆਸ ਪਾਸ



## ਪੰਜਾਬ ਤੇ ਸਿੱਖਾਂ ਨਾਲ ਨ਼ਫਰਤ ਕਰਦੇ ਨੇ ਮੋਦੀ : ਸਾਂਸਦ ਔਜਲਾ

ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ) : ਸਾਂਸਦ ਗੁਰਜੀਤ ਸਿੰਘ ਔਜਲਾ ਨੇ ਅੱਜ ਪ੍ਰੈਸ ਕਾਨਫਰੰਸ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਪੰਜਾਬ ਵਿਰੋਧੀ ਸੋਚ ਰੱਖਣ ਦੇ ਗੰਭੀਰ ਇਲਜ਼ਾਮ ਲਗਾਏ। ਉਨ੍ਹਾਂ ਕਿਹਾ ਕਿ ਭਾਜਪਾ ਅੱਜ ਰਾਹੁਲ ਗਾਂਧੀ 'ਤੇ ਉਂਗਲਾਂ ਚੁੱਕ ਰਹੀ ਹੈ, ਜਦਕਿ ਅਸਲੀ ਗੱਦਾਰੀ ਤਾਂ ਭਾਜਪਾ ਨੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਕੀਤੀ, ਜਿਨ੍ਹਾਂ ਦਾ ਅੰਤਿਮ ਸੰਸਕਾਰ ਵੀ ਮਰਯਾਦਾਪੂਰਨ ਢੰਗ ਨਾਲ ਨਹੀਂ ਕੀਤਾ ਗਿਆ। ਇਹ ਸਾਰੇ ਸਿੱਖ ਸਮਾਜ ਅਤੇ ਪੰਜਾਬ ਦੀ ਸਿੱਧੀ ਬੇਇੱਜ਼ਤੀ ਸੀ।ਔਜਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੋ ਵਾਰ ਪੰਜਾਬ ਆਏ ਪਰ ਦੋਵੇਂ ਵਾਰ ਸੂਬੇ ਨੂੰ ਖਾਲੀ ਹੱਥ ਛੱਡ ਗਏ। ਪੰਜਾਬ ਦੀ ਰਿਵਾਇਤ ਹੈ ਕਿ ਮਹਿਮਾਨ ਕਦੇ ਖਾਲੀ ਹੱਥ ਨਹੀਂ ਆਉਂਦਾ, ਪਰ ਮੋਦੀ ਜੀ ਪੰਜਾਬ ਲਈ ਇੱਕ ਵੀ ਵੱਡੀ ਯੋਜਨਾ ਦਾ ਐਲਾਨ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਡੇਰਾ ਬੱਲਾਂ ਵਿੱਚ ਆਏ ਪ੍ਰਧਾਨ ਮੰਤਰੀ ਉੱਥੇ ਕਿਸੇ ਯੂਨੀਵਰਸਿਟੀ ਜਾਂ ਕਾਲਜ ਦੀ ਘੋਸ਼ਣਾ ਕਰ ਸਕਦੇ ਸਨ, ਜਿਸ ਨਾਲ ਗਰੀਬ ਘਰਾਂ ਦੇ ਬੱਚਿਆਂ ਨੂੰ ਸਿੱਖਿਆ ਮਿਲਦੀ, ਪਰ ਪੰਜਾਬ ਨੂੰ ਫਿਰ ਨਿਰਾਸ਼ਾ ਹੀ ਮਿਲੀ।ਰਵਨੀਤ ਬਿੱਟੂ ਦੇ ਬਿਆਨ ਨੂੰ ਬਣਾਇਆ ਜਾ ਰਿਹਾ ਸਿਆਸੀ ਮਸਲਾਰਵਨੀਤ ਸਿੰਘ ਬਿੱਟੂ ਦੇ ਮਾਮਲੇ 'ਤੇ ਔਜਲਾ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਜਜ਼ਬਾਤੀ ਤੌਰ 'ਤੇ ਉਨ੍ਹਾਂ ਨੂੰ ਗੱਦਾਰ ਦੋਸਤ ਕਿਹਾ ਸੀ, ਜਿਸਨੂੰ ਭਾਜਪਾ ਜਾਣਬੁੱਝ ਕੇ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ। ਬਿੱਟੂ ਖੁਦ ਕਹਿੰਦੇ ਰਹੇ ਹਨ ਕਿ ਉਨ੍ਹਾਂ ਦੀ ਪਗੜੀ ਅਤੇ ਸਿਆਸੀ ਪਹਚਾਨ ਰਾਹੁਲ ਗਾਂਧੀ ਦੀ ਦੇਣ ਹੈ। ਕਾਂਗਰਸ ਨੇ ਉਨ੍ਹਾਂ ਦੇ ਪਰਿਵਾਰ ਨੂੰ ਸਦਾ ਮਾਣ-ਸਨਮਾਨ ਦਿੱਤਾ—ਦਾਦਾ ਮੁੱਖ ਮੰਤਰੀ ਰਹੇ, ਤਾਇਆ ਮੰਤਰੀ ਬਣੇ, ਬੂਆ ਨੂੰ ਵੀ ਪੂਰਾ ਆਦਰ ਮਿਲਿਆ ਅਤੇ ਬਿੱਟੂ ਨੂੰ ਤਿੰਨ ਵਾਰ ਲੋਕ ਸਭਾ ਟਿਕਟ ਦਿੱਤੀ ਗਈ। ਪਰਿਵਾਰ ਵਰਗਾ ਰਿਸ਼ਤਾ ਛੱਡ ਕੇ ਜਾਣ 'ਤੇ ਨਾਰਾਜ਼ਗੀ ਆਉਣੀ ਸੁਭਾਵਿਕ ਹੈ।

## ਖ਼ਾਲਸਾ ਕਾਲਜ ਵੈਟਰਨਰੀ ਵਿਖੇ 'ਨਵੀਨਤਾ ਅਤੇ ਪੇਸ਼ਾਵਰ ਉੱਤਮਤਾ ਦਾ ਇਤਿਹਾਸਕ ਸਾਲ' ਵਿਸ਼ੇ 'ਤੇ ਸੈਮੀਨਾਰ



ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ/ਬਬਲੂ ਮਹਾਜਨ):ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ 'ਨਵੀਨਤਾ ਅਤੇ ਪੇਸ਼ਾਵਰ ਉੱਤਮਤਾ ਦਾ ਇਤਿਹਾਸਕ ਸਾਲ-2025' ਸਬੰਧੀ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੀ ਅਗਵਾਈ ਹੇਠ ਕਰਵਾਏ ਗਏ ਪ੍ਰੋਗਰਾਮ ਮੌਕੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਕਾਲਜ ਦੀਆਂ ਉਪਲਬੱਧੀਆਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।ਇਸ ਮੌਕੇ ਡਾ. ਵਰਮਾ ਨੇ ਕਿਹਾ ਕਿ ਸਾਲ-2025 ਸਾਲ ਲਈ ਇਕ ਇਤਿਹਾਸਕ ਸਾਲ ਵਜੋਂ ਦਰਜ ਕੀਤਾ ਗਿਆ, ਜੋ ਵੈਟਰਨਰੀ ਕਲੀਨਿਕਲ ਸੇਵਾਵਾਂ, ਅੰਤਰਰਾਸ਼ਟਰੀ ਸਹਿਯੋਗ ਅਤੇ ਵਿਦਿਆਰਥੀ ਉਪਲਬਧੀਆਂ ਦੇ ਖੇਤਰ 'ਚ ਮਹੱਤਵਪੂਰਨ ਪ੍ਰਗਤੀ ਨਾਲ ਭਰਪੂਰ ਰਿਹਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਕਾਲਜ ਦਾ ਵੈਟਰਨਰੀ ਕਲੀਨਿਕਲ ਕੰਪਲੈਕਸ ਮਾਝਾ ਖੇਤਰ ਲਈ ਇਕ ਜੀਵਨ ਰੇਖਾ ਵਜੋਂ ਉਭਰਿਆ, ਜਿੱਥੇ ਓ. ਪੀ. ਡੀ. ਅਤੇ ਐਮਰਜੈਂਸੀ ਵਿਭਾਗਾਂ ਰਾਹੀਂ 18,000 ਤੋਂ ਵਧੇਰੇ ਬੀਮਾਰ ਪਸ਼ੂਆਂ ਦਾ ਇਲਾਜ ਕੀਤਾ ਗਿਆ ਅਤੇ 11,009 ਡਾਇਗਨੋਸਟਿਕ ਸੈਂਪਲ ਪ੍ਰੋਸੈਸ ਕੀਤੇ ਗਏ।ਇਸ ਮੌਕੇ ਉਨ੍ਹਾਂ ਕਿਹਾ ਕਿ ਪਸ਼ੂ ਸਿਹਤ ਸੇਵਾਵਾਂ ਨੂੰ ਆਧੁਨਿਕ ਬਣਾਉਣ ਲਈ ਪਾਲਤੂ ਪਸ਼ੂਆਂ ਲਈ ਡੈਂਟਲ ਯੂਨਿਟ ਦੀ ਸ਼ੁਰੂਆਤ ਅਤੇ ਵੈਟਰਨਰੀ ਕਲੀਨਿਕਲ ਡਾਇਗਨੋਸਟਿਕਸ ਦਾ ਵੱਖਰਾ ਵਿਭਾਗ ਸਥਾਪਿਤ ਕੀਤਾ ਗਿਆ। ਇਸਦੇ ਨਾਲ ਹੀ ਦੁੱਧਾਰੂ ਪਸ਼ੂਆਂ ਅਤੇ ਘੋੜਿਆਂ ਲਈ ਉੱਚ-ਤਕਨੀਕੀ ਅਲਟਰਾਸਾਊਂਡ ਮਸ਼ੀਨ ਅਤੇ ਹਸਪਤਾਲ ਦੇ ਵਿਹੜੇ 'ਚ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕਾਲਜ ਨੇ ਪੀ. ਯ. ਐੱਮ., ਨੀਂਦਰਲੈਂਡ ਦੇ ਸਹਿਯੋਗ ਨਾਲ ਦੁਧਾਰੂ ਪਸ਼ੂਆਂ ਦੀ ਸਿਹਤ ਸਬੰਧੀ ਅੰਤਰਰਾਸ਼ਟਰੀ ਟ੍ਰੇਨਿੰਗ ਅਤੇ ਵਰਕਸ਼ਾਪ ਕਰਵਾਈ, ਜਿਸ 'ਚ 400 ਤੋਂ ਵਧੇਰੇ ਵੈਟਰਨਰੀ ਡਾਕਟਰਾਂ ਨੇ ਭਾਗ ਲਿਆ। ਇਸ ਦੌਰਾਨ ਕਿਸਾਨਾਂ ਨੂੰ ਸਿੱਖਿਆ ਅਤੇ ਸਿਖਲਾਈ ਦੇਣ ਲਈ ਖੇਤਾਂ ਦੇ ਦੌਰੇ ਵੀ ਕਰਵਾਏ ਗਏ।ਉਨ੍ਹਾਂ ਕਾਲਜ ਦੁਆਰਾ ਕਰਵਾਈਆਂ ਜਾਂਦੀਆਂ ਵੱਖ-ਵੱਖ ਸਰਗਰਮੀਆਂ ਸਬੰਧੀ ਕਿਹਾ ਕਿ ਟਿਕਾਊ ਖੇਤੀਬਾੜੀ ਦੇ ਭਵਿੱਖ 'ਤੇ ਵਿਚਾਰ ਕਰਨ ਲਈ 'ਭਾਰਤ 'ਚ ਜੈਵਿਕ ਪਸ਼ੂ ਪਾਲਣ' ਵਿਸ਼ੇ 'ਤੇ ਰਾਸ਼ਟਰੀ ਵਰਕਸ਼ਾਪ ਤੋਂ ਇਲਾਵਾ, ਨਵੇਂ ਵੈਟਰਨਰੀ ਡਾਕਟਰਾਂ ਲਈ ਸਾਇਲੇਜ ਤਿਆਰੀ, ਪਸ਼ੂਆਂ 'ਚ ਖੂਨ ਚੜ੍ਹਾਉਣ ਦੀ ਪ੍ਰਕਿਰਿਆ, ਸਾਫ਼ ਦੁੱਧ ਉਤਪਾਦਨ ਅਤੇ ਪ੍ਰਬੰਧਨ ਤਰੀਕਿਆਂ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਵਰਕਸ਼ਾਪਾਂ ਅਤੇ 21ਵੀਂ ਪਸ਼ੂ ਪਾਲਣ ਜਨਗਣਨਾ ਸਮੀਖਿਆ ਮੀਟਿੰਗ ਦੀ ਮੇਜ਼ਬਾਨੀ, ਹੜ੍ਹ ਤੋਂ ਪ੍ਰਭਾਵਿਤ ਪਸ਼ੂ ਪਾਲਕਾਂ ਦੀ ਸਹਾਇਤਾ ਲਈ ਸਰਹੱਦੀ ਇਲਾਕਿਆਂ 'ਚ ਐਨੀਮਲ ਵੈਲਫੇਅਰ ਕੈਂਪ, ਸਥਾਨਕ ਕਿਸਾਨਾਂ ਨੂੰ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ 'ਚ ਐੱਫ਼. ਐੱਲ. ਸੀ.-ਐੱਫ਼. ਐੱਮ. ਡੀ., ਐੱਚ. ਐੱਸ. ਮੋਬਾਇਲ ਐਪਲੀਕੇਸ਼ਨ ਲਾਂਚ ਕਰਨਾ, ਪਸ਼ੂਆਂ ਲਈ ਵਿਸ਼ੇਸ਼ ਐਂਟੀਸੈਪਟਿਕ ਅਤੇ ਹੀਲਿੰਗ ਮਲਹਮ ਤਿਆਰ ਕਰਨਾ, ਵਿਦਿਆਰਥੀਆਂ ਨੂੰ ਰਵਾਇਤੀ ਅਨੁਸਾਰ ਵਾਈਟ ਕੋਟ ਅਤੇ ਸਹੁੰ ਚੁੱਕ ਸਮਾਰੋਹ ਰਾਹੀਂ ਨਵੇਂ ਅਤੇ ਪਾਸ ਆਊਟ ਹੋ ਰਹੇ ਪੇਸ਼ਾਵਰਾਂ ਵਜੋਂ ਸਨਮਾਨਿਤ ਕਰਨਾ, ਵਿਸ਼ਵ ਰੇਬੀਜ਼ ਦਿਵਸ, ਵਿਸ਼ਵ ਵੈਟਰਨਰੀ ਦਿਵਸ ਮਨਾਉਣਾ, ਜਾਗਰੂਕਤਾ ਰੈਲੀ ਕੱਢਣਾ, ਰਾਸ਼ਟਰੀ ਪੱਧਰ 'ਤੇ ਕਾਲਜ ਦਾ ਪ੍ਰਦਰਸ਼ਨ ਆਦਿ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

## ਸਤੀਸ਼ ਸੋਨੀ ਦਾ ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਪੁੱਜਣ 'ਤੇ ਨਿੱਘਾ ਸੁਆਗਤ



ਅੰਮ੍ਰਿਤਸਰ, 5 ਫਰਵਰੀ (ਬਬਲੂ ਮਹਾਜਨ) : ਦੇਸ਼ ਦੀ ਸਮੁੰਦਰੀ ਸੁਰੱਖਿਆ ਲਈ ਦਹਾਕਿਆਂ ਤੱਕ ਅਹਿਮ ਸੇਵਾ ਨਿਭਾਉਣ ਵਾਲੇ ਰਿਟਾਇਰਡ ਭਾਰਤੀ ਨੇਵੀ ਅਧਿਕਾਰੀ ਵਾਇਸ ਐਡਮਿਰਲ ਸ਼੍ਰੀ ਸਤੀਸ਼ ਸੋਨੀ ਦੇ ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਪੁੱਜਣ 'ਤੇ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਬੜੇ ਹੀ ਸਨਮਾਨ ਨਾਲ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਡਾ.ਨਿੱਜਰ ਨੇ ਸ਼੍ਰੀ ਸਤੀਸ਼ ਸੋਨੀ ਨਾਲ ਚੀਫ਼ ਖ਼ਾਲਸਾ ਦੀਵਾਨ ਦੇ ਇਤਿਹਾਸਕ ਪਿਛੋਕੜ, ਦੀਵਾਨ ਵੱਲੋਂ ਧਾਰਮਿਕ, ਵਿੱਦਿਅਕ, ਸਮਾਜਿਕ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਵੱਡਮੁੱਲੀਆਂ ਸੇਵਾਵਾਂ ਅਤੇ ਸ਼ਾਨਦਾਰ ਪ੍ਰਾਪਤੀਆਂ ਬਾਰੇ ਵਿਸਥਾਰਪੂਰਵਕ ਸਾਂਝ ਪਾਈ। ਮੁਲਾਕਾਤ ਦੌਰਾਨ ਡਾ.ਨਿੱਜਰ ਨੇ ਕਿਹਾ ਕਿ ਭਾਰਤੀ ਨੇਵੀ ਦੇ ਗੌਰਵ ਰਹੇ ਵਾਇਸ ਐਡਮਿਰਲ ਸ਼੍ਰੀ ਸਤੀਸ਼ ਸੋਨੀ ਫੌਜੀ ਅਨੁਸਾਸ਼ਨ ਅਤੇ ਰਾਸ਼ਟਰੀ ਸੇਵਾ ਦੀ ਮਿਸਾਲ ਹਨ। ਉਹਨਾਂ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਸੰਸਥਾ ਦੇ ਵਿਦਿਆਰਥੀ ਵੀ ਉੱਚ ਅਹੁਦਿਆਂ ਤੇ ਬਿਰਾਜਮਾਨ ਰਹਿੰਦਿਆਂ ਦੇਸ਼ ਦੀ ਰੱਖਿਆ, ਪ੍ਰਸ਼ਾਸਨ ਅਤੇ ਸਮਾਜ ਸੇਵਾ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਕੇ ਸੰਸਥਾ ਦਾ ਨਾਮ ਰੋਸ਼ਨ ਕਰ ਰਹੇ ਹਨ। ਵਾਇਸ ਐਡਮਿਰਲ ਸ਼੍ਰੀ ਸਤੀਸ਼ ਸੋਨੀ ਨੇ ਭਾਰਤੀ ਨੇਵੀ ਵਿਚ ਸੇਵਾ ਦੌਰਾਨ ਪ੍ਰਾਪਤ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਸਮਾਜਿਕ ਭਲਾਈ ਲਈ ਦੀਵਾਨ ਵਰਗੀਆਂ ਸੰਸਥਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਹਨਾਂ ਨੇ ਦੀਵਾਨ ਵੱਲੋਂ ਵਿੱਦਿਅਕ ਸੰਸਥਾਵਾਂ ਰਾਹੀਂ ਨਵੀਂ ਪਨੀਰੀ ਵਿਚ ਅਨੁਸ਼ਾਸਨ ਅਤੇ ਹੋਰ ਨੈਤਿਕ ਗੁਣਾਂ ਦੁਆਰਾ ਮਜ਼ਬੂਤ ਚਰਿੱਤਰ ਨਿਰਮਾਣ ਕਰਕੇ ਦੇਸ਼ ਦਾ ਉਜਵਲ ਭਵਿੱਖ ਬਣਾਉਣ ਹਿੱਤ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੀ ਸਤੀਸ਼ ਸੋਨੀ ਨੇ ਮੁੱਖ ਦਫ਼ਤਰ ਦਾ ਦੌਰਾ ਕਰਦਿਆਂ ਵੱਖ—ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਦੀਵਾਨ ਦੀਆਂ ਭਵਿੱਖੀ ਵਿਕਾਸ ਯੋਜਨਾਵਾਂ ਅਤੇ ਪ੍ਰੋਜੈਕਟਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਸ਼੍ਰੀ ਸਤੀਸ਼ ਸੋਨੀ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸ੍ਰ.ਆਦਰਸ਼ਪਿੰਦਰ ਸਿੰਘ ਮਾਨ, ਸ੍ਰ.ਤਰਲੋਚਨ ਸਿੰਘ, ਸ੍ਰ.ਗੁਰਭੇਜ ਸਿੰਘ ਆਦਿ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਜ਼ਮੀਨ ਦਾ ਮਾਮਲਾ ਸ਼੍ਰੋਮਣੀ ਕਮੇਟੀ ਦਾ ਵਫਦ ਇੰਤਕਾਲ ਰੱਦ ਕਰਨ ਅਤੇ ਪਰਚਾ ਦਰਜ ਕਰਵਾਉਣ ਲਈ ਡੀ.ਸੀ. ਤੇ ਐਸ.ਐਸ.ਪੀ. ਨੂੰ ਮਿਲਿਆ



ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੀ ਜ਼ਮੀਨ ਦੇ ਮਾਮਲੇ ਵਿੱਚ ਮੋਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਇੰਤਕਾਲ ਰੱਦ ਕਰਨ, ਇਸ ਜ਼ਮੀਨ ਦੀ ਅੱਗੇ ਕਿਸੇ ਤਰ੍ਹਾਂ ਦੀ ਵਿਕਰੀ 'ਤੇ ਰੋਕ ਲਗਾਉਣ ਲਈ ਦਰਖ਼ਾਸਤ ਦੇਣ ਦੇ ਨਾਲ-ਨਾਲ ਮੋਹਾਲੀ ਦੇ ਐਸਐਸਪੀ ਤੋਂ ਇਸ ਧੋਖਾਧੜੀ ਦੇ ਦੋਸ਼ੀਆਂ ਖਿਲਾਫ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਅੱਜ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਮੋਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਜ਼ਮੀਨ ਧੋਖੇ ਨਾਲ ਵੇਚਣ ਦੇ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਵਫ਼ਦ ਵਿੱਚਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਕਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਮੈਨੇਜਰ ਸ. ਰਜਿੰਦਰ ਸਿੰਘ ਰੂਬੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲਿਖਤੀ ਤੌਰ 'ਤੇ ਕੀਤੀ ਮੰਗ ਵਿੱਚ ਦੱਸਿਆ ਗਿਆ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਗ਼ਲਤ ਤਰੀਕੇ ਨਾਲ ਜਾਹਲਸਾਜੀਕਰਦਿਆਂ ਗੁਰਦੁਆਰਾ ਸਾਹਿਬ ਦੀ ਅਮਾਨਤ ਵਿਚ ਖਿਆਨਤ ਕੀਤੀ ਹੈ। ਇਸ ਨੇ ਜ਼ਾਹਲੀ ਦਸਤਾਵੇਜ਼ਾਂ ਰਾਹੀਂ ਜ਼ਮੀਨ ਵੇਚ ਕੇ ਪੈਸੇ ਹੜੱਪਣ ਦਾ ਵੱਡਾ ਗੁਨਾਹ ਕੀਤਾ ਹੈ। ਇਹ ਜਾਇਦਾਦ ਗੁਰਦੁਆਰਾ ਸਾਹਿਬ ਦੀਅਮਾਨਤ ਹੈ, ਜਿਸ ਦਾ ਇੰਤਕਾਲ ਰੱਦਕਰਦਿਆਂ ਇਸ ਦੀ ਅੱਗੇ ਵਿਕਰੀ 'ਤੇ ਰੋਕ ਲਗਾਈ ਜਾਵੇ। ਸ. ਮੰਨਣ ਨੇ ਦੱਸਿਆ ਕਿ ਇਸ ਦੇ ਨਾਲ-ਨਾਲ ਮੋਹਾਲੀ ਦੇ ਐਸਐਸਪੀ ਨੂੰ ਮਿਲ ਕੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਅਤੇ ਇਸ ਧੋਖਾਧੜੀਵਿੱਚ ਸ਼ਾਮਲ ਹੋਰਦੋਸ਼ੀਆਂ ਖਿਲਾਫ ਤੁਰੰਤ ਪਰਚਾ ਦਰਜ ਕਰਨ ਦੀ ਵੀ ਲਿਖਤੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਕਿਸੇ ਤਰ੍ਹਾਂ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਇਨ੍ਹਾਂ ਵਿਰੁੱਧ ਕਾਰਵਾਈ ਵਿੱਚ ਕੋਈ ਢਿੱਲ ਨਹੀਂ ਕੀਤੀ ਜਾਵੇਗੀ।

## ਭਗਤ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦਾ ਆ਼ਗਾਜ਼ ਅੱਜ ਸੂਬਾ ਪੱਧਰੀ ਸਮਾਗਮ ਨਾਲ :ਧਾਲੀਵਾਲ



ਅਜਨਾਲਾ, 5 ਫਰਵਰੀ (ਸੁਖਦੇਵ ਸਿੰਘ ਖ਼ਾਲਸਾ) : ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ , ਵਿਧਾਇਕ ਤੇ ਸਾਬਕਾ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਬ ਸਾਂਝੀਵਾਲਤਾ ਅਤੇ ਮਾਨਵਤਾ ਦੀ ਭਲਾਈ ਦੇ ਮਹਾਨ ਸੰਤ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਾਲ ਭਰ ਪੰਜਾਬ ਦੇ ਵੱਖ ਵੱਖ ਪਿੰਡਾਂ , ਸ਼ਹਿਰਾਂ ਤੇ ਜਿਲ੍ਹਾ ਪੱਧਰ 'ਤੇ ਸ਼ਰਧਾ ਨਾਲ ਪੰਜਾਬ ਸਰਕਾਰ ਵਲੋਂ ਸਜਾਏ ਜਾਣ ਵਾਲੇ ਸਮਾਗਮਾਂ ਦਾ ਅਰੰਭ 6 ਫਰਵਰੀ ਨੂੰ ਸ੍ਰੀ ਗੁਰੁ ਰਵੀਦਾਸ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਗੰਗਾ (ਅੰਮ੍ਰਿਤ ਕੁੰਡ) ਸੱਚਖੰਡ ਤਪ ਅਸਥਾਨ ਅਤੇ ਮੀਨਾਰ-ਏ-ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਜਾਏ ਜਾਣ ਵਾਲੇ ਰਾਜ ਪੱਧਰੀ ਪ੍ਰਕਾਸ਼ ਉਤਸਵ ਸਮਾਰੋਹ ਨਾਲ ਹੋਵੇਗਾ। ਜਿਸ ਵਿੱਚ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਹਾਜ਼ਰੀ ਭਰ ਕੇ ਸੂਬੇ ਦੀ ਸੁੱਖ ਸ਼ਾਂਤੀ , ਖੁਸ਼ਹਾਲੀ ਅਤੇ ਚੜਦੀ ਕਲਾ ਲਈ ਅਰਦਾਸ ਕਰਨਗੇ। ਸ. ਧਾਲੀਵਾਲ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਵਿੱਤਰ ਇਤਿਹਾਸਕ ਅਸਥਾਨ ਸ੍ਰੀ ਗੁਰੁ ਰਵੀਦਾਸ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਗੰਗਾ (ਅੰਮ੍ਰਿਤ ਕੁੰਡ) ਸੱਚਖੰਡ ਤਪ ਅਸਥਾਨ ਅਤੇ ਮੀਨਾਰ-ਏ-ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਉਪਰੰਤ ਗੱਲਬਾਤ ਦੌਰਾਨ ਕੀਤਾ। ਸ. ਧਾਲੀਵਾਲ ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦਾ ਜੀਵਨ ਮਨੁੱਖਤਾ , ਬਰਾਬਰੀ ਤੇ ਸਮਾਜਿਕ ਅਟੁੱਟਵੀਂ ਸ਼ਾਂਝ ਦਾ ਸੰਦੇਸ਼ ਦਿੰਦਾ ਹੈ ਅਤੇ ਇਹ ਪਵਿੱਤਰ ਤਪ ਅਸਥਾਨ ਵਿਖੇ ਨਤਮਸਤਕ ਹੋ ਕੇ ਸਵਰਗ ਜਿਹਾ ਸਕੂਨ ਪ੍ਰਾਪਤ ਹੋਇਆ ਹੈ। ਅਤੇ ਇਸ ਅਸਥਾਨ ਤੇ ਕੱਲ 6 ਫਰਵਰੀ ਨੂੰ ਸਜਾਏ ਜਾਣ ਵਾਲੇ ਰਾਜ ਪੱਧਰੀ ਪ੍ਰਕਾਸ਼ ਉਤਸਵ ਸਮਾਰੋਹ ਨੂੰ ਸਫਲ , ਗੌਰਵਮਈ, ਤੇ ਸ਼ਾਂਤੀਪੂਰਵਕ ਢੰਗ ਨਾਲ ਮਨਾਉਣ ਲਈ ਪੰਜਾਬ ਸਰਕਾਰ ਨੇ ਆਪਣੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ , ਤਾਂ ਜੋ ਸ਼ਰਧਾਲੂਆਂ ਨੂੰ ਕੋਈ ਵੀ ਅਸੁਵਿਧਾ ਨਾ ਹੋਵੇ। ਸ. ਧਾਲੀਵਾਲ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਗੁਰੁ ਰਵੀਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਮਨਾਏ ਜਾਣ ਸੰਬੰਧੀ ਉਲੀਕੇ ਗਏ ਪ੍ਰੋਗਰਾਮਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਭਗਵੰਤ ਮਾਨ ਸਰਕਾਰ ਵਲੋਂ ਡੇਰਾ ਸੱਚਖੰਡ ਬੱਲਾਂ ਵਿੱਚ ਗੁਰੂ ਰਵਦਾਸ ਬਾਣੀ ਅਧਿਐਨ ਸੈਂਟਰ ਬਣਾਇਆ ਜਾ ਰਿਹਾ ਹੈ। ਜਿਸ ਦੇ ਮਨੋਰਥ ਲਈ ਬਕਾਇਦਾ ਸਾਢੇ10 ਕਰੋੜ ਰੁਪਏ ਦੀ ਲਾਗਤ ਨਾਲ ਗੁਰੂ ਰਵੀਦਾਸ ਬਾਣੀ ਅਧਐਨ ਸੈਂਟਰ ਦੇ ਨਾਂਅ ਤੇ ਖਰੀਦੀ ਗਈ ਜਮੀਨ ਦੀ ਰਜਿਸਟਰੀ ਕਰਵਾ ਦਿੱਤੀ ਹੈ। ਉਨ੍ਹਾਂ ਨੇ ਇਹ ਵੀ ਜਾਣਕਾਰੀ ਸਾਂਝੀ ਕੀਤੀ ਕਿ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੁ ਰਵੀਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੱਲ 6 ਫਰਵਰੀ ਨੂੰ ਰਾਜ ਪੱਧਰੀ ਸਮਾਗਮ ਨਾਲ ਆਗਾਜ਼ ਹੋਣ ਪਿੱਛੋਂ 27 ਫਰਵਰੀ ਤੋਂ ਅਗਲੇ ਸਾਲ ਫਰਵਰੀ ਮਹੀਨੇ ਤੱਕ ਸਮਰਪਿਤ ਸਮਾਗਮ ਕਰਵਾਏ ਜਾਣਗੇ। ਇਸੇ ਪੜਾਅ 'ਚ ਨਵੰਬਰ 2026 'ਚ ਖੁਰਾਲਗੜ੍ਹ ਸਾਹਿਬ ਵਿਖੇ ਧਾਰਮਿਕ ਸ਼ਖੀਅਤਾਂ ਦੀ ਸ਼ਮੂਲੀਅਤ ਨਾਲ ਮਹਾਨ ਕੀਰਤਨ ਦਰਬਾਰ ਅਤੇ ਬੇਗਮ ਪੁਰਾ ਸਮਾਗਮ ਸਜਾਇਆ ਜਾਵੇਗਾ। ਜਦੋਂਕਿ ਗੁਰੁ ਰਵੀਦਾਸ ਜੀ ਦੇ ਜੀਵਨ , ਸਿੱਖਿਆ, ਯਾਤਰਾਵਾਂ ਸੰਬੰਧੀ ਪੰਜਾਬ ਭਰ 'ਚ ਪਿੰਡ, ਪਿੰਡ , ਕਸਬਿਆਂ ਤੇ ਸ਼ਹਿਰਾਂ 'ਚ ਸਮਾਗਮ ਸਜਾਏ ਜਾਣ ਲਈ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਜਾ ਰਹੀ ਹੈ

## ਹਲਕਾ ਵਿਧਾਇਕ ਦੇ ਘਰ ਅੱਗੇ ਧਰਨਾ ਦੇ ਕੇ ਦਿੱਤਾ ਮੰਗ ਪੱਤਰ

ਜੀਰਾ, 5 ਫਰਵਰੀ (ਦੀਪਕ ਭਾਰਗੋ) :ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ ਅੱਜ ਹਲਕਾ ਵਿਧਾਇਕ ਨਰੇਸ਼ ਕਟਾਰੀਆ ਦੇ ਘਰ ਅੱਗੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੈਂਕੜੇ ਕਿਸਾਨਾਂ ਮਜਦੂਰਾਂ ਬੀਬੀਆਂ ਵੱਲੋਂ ਧਰਨਾ ਦਿੱਤਾ ਗਿਆ ਤੇ ਮੰਗ ਪੱਤਰ ਸੌਂਪਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ,ਅਮਨਦੀਪ ਸਿੰਘ ਕੱਚਰਭੰਨ, ਕ੍ਰਾਂਤੀਕਾਰੀ ਪ੍ਰਧਾਨ ਜੁਗਰਾਜ ਸਿੰਘ ਫੇਰੋਕੇ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ 14 ਮਹੀਨੇ ਚੱਲੇ ਸ਼ੰਭੂ ਖਨੌਰੀ ਤੇ ਕਿਸਾਨੀ ਮੰਗਾਂ ਬਾਰਡਰਾਂ ਮੋਰਚੇ ਵਿੱਚ ਮੀਟਿੰਗ ਦੇ ਬਹਾਨੇ ਕਿਸਾਨ ਆਗੂਆਂ ਨੂੰ ਜਬਰੀ ਗ੍ਰਿਫਤਾਰ ਕਰਕੇ ਜੋ ਲੋਕਾਂ ਦੇ ਖੂਨ ਪਸੀਨੇ ਨਾਲ ਬਣਾਏ ਸਮਾਨ ਦੀ ਭੰਨਤੋੜ ਕੀਤੀ ਹੈ ਉਸ ਦੀ ਭਰਪਾਈ ਵੀ ਅਜੇ ਤੱਕ ਨਹੀਂ ਕੀਤੀ ਤੇ ਵਾਰ ਵਾਰ ਮੀਟਿੰਗਾਂ ਦੇ ਕੇ ਪੰਜਾਬ ਸਰਕਾਰ ਵੱਲੋਂ ਭੱਜਣਾ ਬਹੁਤ ਹੀ ਨਿੰਦਨਯੋਗ ਵਰਤਾਰਾ ਹ।

## ਖ਼ਾਲਸਾ ਕਾਲਜ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ



ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ) :ਖਾਲਸਾ ਕਾਲਜ ਦੀ ਈਲੈਕਟੋਰਲ ਲਿਟਰੇਸੀ ਕਲੱਬ ਵੱਲੋਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਉਕਤ ਪ੍ਰੋਗਰਾਮ ਮੌਕੇ ਈਲੈਕਟੋਰਲ ਲਿਟਰੇਸੀ ਕਲੱਬ ਦੇ ਮੈਂਬਰਾਂ ਸਮੇਤ ਕਰੀਬ 100 ਵਿਦਿਆਰਥੀਆ ਨੇ ਹਿੱਸਾ ਲਿਆ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਨੌਜਵਾਨ ਦੇਸ਼ ਦੀਆਂ ਲੋਕਤਾਂਤਰਿਕ ਅਤੇ ਧਰਮ ਨਿਰਪੱਖ ਪ੍ਰੰਪਰਾਵਾਂ ਨੂੰ ਬਣਾਈ ਰੱਖਣ 'ਚ ਅਹਿਮ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਵੋਟ ਦੇ ਹੱਕ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ ਸਬੰਧੀ ਪ੍ਰੇਰਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਵੋਟ ਪਾਉਣ ਸਮੇਂ ਜਾਤ, ਧਰਮ ਅਤੇ ਖੇਤਰ ਅਧਾਰਿਤ ਭਾਵਨਾਵਾਂ ਨੂੰ ਨਜਰਅੰਦਾਜ ਕਰਦੇ ਹੋਏ ਸਮਝਦਾਰੀ ਤੋਂ ਕੰਮ ਲੈਂਦਿਆਂ ਆਪਣੇ ਹੱਕ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਦੀ ਅਜਿਹੀ ਸੋਚ ਭਾਰਤੀ ਲੋਕਤੰਤਰ ਨੂੰ ਹੋਰ ਜਿੰਮੇਵਾਰ, ਸਥਿਰ ਅਤੇ ਭਾਗਿਆਦਾਰੀ ਬਣਾਵੇਗੀ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਉਕਤ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਆਪਣੇ ਦੇਸ਼ ਦੀਆਂ ਲੋਕਤਾਂਤਰਿਕ ਅਤੇ ਧਰਮ ਨਿਰਪੱਖ ਪ੍ਰੰਪਰਾਵਾਂ ਨੂੰ ਧਿਆਨ 'ਚ ਰੱਖਦੇ ਹੋਏ ਆਪਣੀ ਵੋਟ ਦਾ ਇਸਤੇਮਾਲ ਕਰਨਗੇ। ਉਹ ਕਦੇ ਵੀ ਜਾਤ ਅਤੇ ਧਰਮ ਨੂੰ ਸਾਹਮਣੇ ਰੱਖ ਕੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਨਹੀਂ ਕਰਨਗੇ। ਇਸ ਮੌਕੇ ਡਾ: ਤਮਿੰਦਰ ਸਿੰਘ, ਡਾ. ਸੁਖਜੀਤ ਸਿੰਘ, ਡਾ: ਹਰਬਿਲਾਸ ਸਿੰਘ ਰੰਧਾਵਾ, ਡਾ. ਜਸਵਿੰਦਰ ਸਿੰਘ ਆਦਿ ਹਾਜਰ ਸਨ।

## ਖ਼ਾਲਸਾ ਕਾਲਜ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ 'ਬੈਟਸੀ' 'ਚ ਸ਼ਾਨਦਾਰ ਪ੍ਰਦਰਸ਼ਨ



ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ ):ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਐਸ. ਐਸ. ਐਸ. ਐਸ. ਕਾਲਜ ਆਫ਼ ਕਾਮਰਸ ਫਾਰ ਵੂਮੈਨ ਵੱਲੋਂ ਆਯੋਜਿਤ 5ਵੀਂ 'ਬਿਜ਼ਨਸ ਐਂਡ ਅਕਾਊਂਟਿੰਗ ਟੈਲੇਂਟ ਸਰਚ ਪ੍ਰੀਖਿਆ' (ਬੈਟਸੀ) 'ਚ ਆਪਣੀ ਅਕਾਦਮਿਕ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ ਬੇਮਿਸਾਲ ਪ੍ਰਦਰਸ਼ਨ ਨਾਲ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ ਨੇ ਜੇਤੂਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦੇਣ ਉਪਰੰਤ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਰਾਜ ਪੱਧਰੀ ਮੁਕਾਬਲਾ ਵਿਸ਼ੇਸ਼ ਤੌਰ 'ਤੇ ਕਾਮਰਸ ਅਤੇ ਪ੍ਰਬੰਧਨ ਵਿਸ਼ਿਆਂ 'ਚ ਵਿਦਿਆਰਥੀਆਂ ਦੀ ਡੂੰਘੀ ਪਕੜ ਅਤੇ ਵਿਸ਼ਲੇਸ਼ਣਾਤਮਕ ਸਮਰੱਥਾ ਨੂੰ ਪਰਖਣ ਲਈ ਉਲੀਕਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪ੍ਰੀਖਿਆ 'ਚ ਲੇਖਾਕਾਰੀ, ਵਪਾਰਕ ਅਧਿਐਨ, ਅਰਥ ਸ਼ਾਸਤਰ ਅਤੇ ਅੰਕੜਾ ਵਿਗਿਆਨ 12ਵੀਂ ਵਿਸ਼ਿਆਂ ਦੇ ਸਿਲੇਬਸ ਨੂੰ ਸ਼ਾਮਿਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਨਲਾਈਨ ਵਸਤੂ—ਨਿਸ਼ਠ ਪ੍ਰੀਖਿਆ 'ਚ ਵਿਦਿਆਰਥੀਆਂ ਨੇ ਆਪਣੀ ਤਰਕਸ਼ੀਲ ਸੋਚ ਅਤੇ ਵਿਸ਼ਾ—ਗਿਆਨ ਸਦਕਾ ਸਿਖਰਲੀਆਂ ਪੁਜੀਸ਼ਨਾਂ 'ਤੇ ਕਬਜ਼ਾ ਕੀਤਾ।ਉਨ੍ਹਾਂ ਕਿਹਾ ਕਿ ਇਸ ਪ੍ਰੀਖਿਆ 'ਚ ਪ੍ਰਾਰਥਨਾ ਨੇ 50 'ਚੋਂ 50 ਅੰਕ ਪ੍ਰਾਪਤ ਕਰਕੇ ਸੰਪੂਰਨ ਸਕੋਰ ਬਣਾਈ, ਹਰਕੀਰਤ ਸਿੰਘ ਨੇ 45 ਅੰਕ, ਪਵਨਦੀਪ ਕੌਰ ਨੇ 44 ਅੰਕ, ਅਨਮੋਲਪ੍ਰੀਤ ਕੌਰ ਨੇ 42 ਅੰਕ ਅਤੇ ਮਨਪ੍ਰੀਤ ਕੌਰ ਤੇ ਖੁਸ਼ਦੀਪ ਕੌਰ ਨੇ 37—37 ਅੰਕ ਪ੍ਰਾਪਤ ਕਰਕੇ ਸਕੂਲ ਦੀ ਮਾਣਮੱਤੀ ਸੂਚੀ 'ਚ ਨਾਮ ਦਰਜ ਕਰਵਾਇਆ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇਣ ਦੇ ਨਾਲ—ਨਾਲ ਵਿਸ਼ਵ ਪੱਧਰੀ ਮੁਕਾਬਲਿਆਂ ਲਈ ਤਿਆਰ ਕਰਨਾ ਅਤੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਉਮੀਦ ਜਾਹਿਰ ਕਰਦਿਆਂ ਕਿਹਾ ਕਿ ਵਿਦਿਆਰਥੀ ਭਵਿੱਖ 'ਚ ਵੀ ਅਜਿਹੀਆਂ ਪ੍ਰਾਪਤੀਆਂ ਕਰਕੇ ਖੇਤਰ ਅਤੇ ਦੇਸ਼ ਦਾ ਨਾਮ ਚਮਕਾਉਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇਣ ਦੇ ਨਾਲ—ਨਾਲ ਵਿਸ਼ਵ ਪੱਧਰੀ ਮੁਕਾਬਲਿਆਂ ਲਈ ਤਿਆਰ ਕਰਨਾ ਅਤੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਉਮੀਦ ਜਾਹਿਰ ਕਰਦਿਆਂ ਕਿਹਾ ਕਿ ਵਿਦਿਆਰਥੀ ਭਵਿੱਖ 'ਚ ਵੀ ਅਜਿਹੀਆਂ ਪ੍ਰਾਪਤੀਆਂ ਕਰਕੇ ਖੇਤਰ ਅਤੇ ਦੇਸ਼ ਦਾ ਨਾਮ ਚਮਕਾਉਣਗੇ।

## ਨਰਵਾਣੇ ਦੀ ਕਿਤਾਬ ਨੇ ਖੋਲ੍ਹੇ ਰਾਜ਼—ਚੀਨ ਅੱਗੇ ਨੋ ਫਾਇਰ ਕਿਉਂ ? ਮੋਦੀ ਸਰਕਾਰ ਜਵਾਬ ਦੇਵੇ: ਔਜਲਾ

ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ) : ਭਾਰਤੀ ਸਾਬਕਾ ਫੌਜ ਮੁਖੀ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਕਿਤਾਬ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਰਾਸ਼ਟਰੀ ਸੁਰੱਖਿਆ ਨੀਤੀ ਨੂੰ ਕਟਘਰੇ ਵਿੱਚ ਖੜਾ ਕਰ ਦਿੱਤਾ ਹੈ। ਇਹ ਦੋਸ਼ ਅੱਜ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਲਗਾਏ ਅਤੇ ਸਰਕਾਰ 'ਤੇ ਦੇਸ਼ ਨਾਲ ਸੱਚ ਲੁਕਾਉਣ ਦਾ ਗੰਭੀਰ ਇਲਜ਼ਾਮ ਲਾਇਆ।ਔਜਲਾ ਨੇ ਕਿਹਾ ਕਿ ਕੱਲ੍ਹ ਤੱਕ ਸਰਕਾਰ ਇਹ ਕਹਿ ਕੇ ਸੰਸਦ ਵਿੱਚ ਚਰਚਾ ਤੋਂ ਭੱਜਦੀ ਰਹੀ ਕਿ ਕਿਤਾਬ ਅਣਪ੍ਰਕਾਸ਼ਿਤ ਹੈ, ਪਰ ਅੱਜ ਉਹੀ ਕਿਤਾਬ ਪ੍ਰਕਾਸ਼ਿਤ ਹੋ ਕੇ ਆਨਲਾਈਨ ਵੀ ਵਿਕ ਰਹੀ ਹੈ। ਇਸ ਦੇ ਬਾਵਜੂਦ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਮੰਗੀ ਗਈ ਚਰਚਾ ਨੂੰ ਰੋਕਿਆ ਜਾ ਰਿਹਾ ਹੈ, ਜੋ ਸਿੱਧਾ ਲੋਕਤੰਤਰ ਦਾ ਗਲਾ ਘੋਟਣ ਦੇ ਬਰਾਬਰ ਹੈ।ਉਨ੍ਹਾਂ ਦੱਸਿਆ ਕਿ ਕਿਤਾਬ ਵਿੱਚ ਖੁਲਾਸਾ ਹੋਇਆ ਹੈ ਕਿ ਚੀਨੀ ਫੌਜ ਨੇ ਕੈਲਾਸ਼ ਰੇਂਜ ਨੇੜੇ ਭਾਰਤੀ ਅੱਡਿਆਂ ਦੇ ਬਿਲਕੁਲ ਕੋਲ ਟੈਂਕ ਤਾਇਨਾਤ ਕਰ ਦਿੱਤੇ ਸਨ। ਭਾਰਤੀ ਫੌਜ ਵੱਲੋਂ ਵਾਰ-ਵਾਰ ਜਵਾਬੀ ਕਾਰਵਾਈ ਲਈ ਹੁਕਮ ਮੰਗੇ ਗਏ, ਪਰ ਕੇਂਦਰ ਵੱਲੋਂ ਹਰ ਵਾਰ ਨੋ ਫਾਇਰ ਦੇ ਆਦੇਸ਼ ਦਿੱਤੇ ਗਏ। ਲੰਬੀ ਦੇਰੀ ਤੋਂ ਬਾਅਦ ਜਦੋਂ ਕਾਰਵਾਈ ਦੀ ਛੂਟ ਦਿੱਤੀ ਗਈ, ਤਦ ਤੱਕ ਚੀਨ ਸਾਡੀ ਜ਼ਮੀਨ 'ਤੇ ਪੱਕਾ ਕਬਜ਼ਾ ਕਰ ਚੁੱਕਾ ਸੀ।ਔਜਲਾ ਨੇ ਤਿੱਖਾ ਸਵਾਲ ਕੀਤਾ,ਕੀ ਦੇਸ਼ ਦੀ ਸੁਰੱਖਿਆ ਇਸ ਤਰ੍ਹਾਂ ਚੱਲਦੀ ਹੈ ? ਜਦ ਫੌਜ ਮੈਦਾਨ ਵਿੱਚ ਖੜੀ ਸੀ, ਤਦ ਸਰਕਾਰ ਫੈਸਲੇ ਕਰਨ ਤੋਂ ਡਰਦੀ ਰਹੀ। ਇਹ ਕਮਜ਼ੋਰ ਨੇਤ੍ਰਤਵ ਨਹੀਂ ਤਾਂ ਹੋਰ ਕੀ ਹੈ ?ਉਨ੍ਹਾਂ ਕਿਹਾ ਕਿ ਅੱਜ ਕਬਜ਼ੇ ਵਾਲੇ ਇਲਾਕਿਆਂ ਵਿੱਚ ਚੀਨ ਸੜਕਾਂ, ਢਾਂਚਾ ਅਤੇ ਸਪਲਾਈ ਚੇਨ ਤਿਆਰ ਕਰ ਰਿਹਾ ਹੈ, ਜਦਕਿ ਭਾਰਤ ਦਾ ਨੌਜਵਾਨ ਬੇਰੁਜ਼ਗਾਰੀ ਨਾਲ ਜੂਝ ਰਿਹਾ ਹੈ। ਮੇਕ ਇਨ ਇੰਡੀਆ ਸਿਰਫ ਜੁਮਲਾ ਬਣ ਕੇ ਰਹਿ ਗਿਆ ਹੈ। ਅਮਰੀਕਾ ਆਪਣੀ ਸੁਰੱਖਿਆ ਨਾਲ ਉਦਯੋਗ ਨੂੰ ਜੋੜ ਰਿਹਾ ਹੈ, ਪਰ ਭਾਰਤ ਵਿੱਚ ਸਰਕਾਰ ਸੱਚ ਸੁਣਨ ਤੋਂ ਭੱਜ ਰਹੀ ਹੈ।ਸਾਂਸਦ ਔਜਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਵਿੱਚ ਚੁੱਪ ਧਾਰ ਕੇ ਬੈਠੇ ਹਨ। ਦੇਸ਼ ਜਾਣਨਾ ਚਾਹੁੰਦਾ ਹੈ ਕਿ ਚੀਨ ਅੱਗੇ ਝੁਕਣ ਦੇ ਫੈਸਲੇ ਕਿਸ ਦੇ ਸਨ? ਇਹ ਮਸਲਾ ਪਾਰਟੀ ਸਿਆਸਤ ਦਾ ਨਹੀਂ, ਸਿੱਧਾ ਦੇਸ਼ ਦੀ ਸੰਪ੍ਰਭੂਤਾ ਨਾਲ ਜੁੜਿਆ ਹੈ।ਉਨ੍ਹਾਂ ਮੰਗ ਕੀਤੀ ਕਿ ਸੰਸਦ ਵਿੱਚ ਤੁਰੰਤ ਖੁੱਲ੍ਹੀ ਚਰਚਾ ਕਰਵਾਈ ਜਾਵੇ ਅਤੇ ਦੇਸ਼ ਨੂੰ ਸੱਚ ਦੱਸਿਆ ਜਾਵੇ, ਕਿਉਂਕਿ ਰਾਸ਼ਟਰੀ ਸੁਰੱਖਿਆ 'ਤੇ ਚੁੱਪੀ ਸਭ ਤੋਂ ਵੱਡਾ ਅਪਰਾਧ ਹੈ।ਸਾਂਸਦ ਔਜਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਵਿੱਚ ਚੁੱਪ ਧਾਰ ਕੇ ਬੈਠੇ ਹਨ। ਦੇਸ਼ ਜਾਣਨਾ ਚਾਹੁੰਦਾ ਹੈ ਕਿ ਚੀਨ ਅੱਗੇ ਝੁਕਣ ਦੇ ਫੈਸਲੇ ਕਿਸ ਦੇ ਸਨ? ਇਹ ਮਸਲਾ ਪਾਰਟੀ ਸਿਆਸਤ ਦਾ ਨਹੀਂ, ਸਿੱਧਾ ਦੇਸ਼ ਦੀ ਸੰਪ੍ਰਭੂਤਾ ਨਾਲ ਜੁੜਿਆ ਹੈ।ਉਨ੍ਹਾਂ ਮੰਗ ਕੀਤੀ ਕਿ ਸੰਸਦ ਵਿੱਚ ਤੁਰੰਤ ਖੁੱਲ੍ਹੀ ਚਰਚਾ ਕਰਵਾਈ ਜਾਵੇ ਅਤੇ ਦੇਸ਼ ਨੂੰ ਸੱਚ ਦੱਸਿਆ ਜਾਵੇ, ਕਿਉਂਕਿ ਰਾਸ਼ਟਰੀ ਸੁਰੱਖਿਆ 'ਤੇ ਚੁੱਪੀ ਸਭ ਤੋਂ ਵੱਡਾ ਅਪਰਾਧ ਹੈ।

## ਖ਼ਾਲਸਾ ਯੂਨੀਵਰਸਿਟੀ ਵਿਖੇ ਵਿਕਾਸ, ਸਿੱਖਿਆ ਸ਼ਾਸਤਰ ਅਤੇ ਮੁਲਾਂਕਣ ਵਿਸ਼ੇ 'ਤੇ 7 ਰੋਜ਼ਾ ਵਰਕਸ਼ਾਪ



ਅੰਮ੍ਰਿਤਸਰ, 5 ਫਰਵਰੀ (ਗੁਰਦਿਆਲ ਸਿੰਘ/ਬਬਲੂ ਮਹਾਜਨ):ਖ਼ਾਲਸਾ ਯੂਨੀਵਰਸਿਟੀ ਵਿਖੇ 'ਪਾਠਕ੍ਰਮ ਡਿਜ਼ਾਇਨ ਅਤੇ ਵਿਕਾਸ, ਸਿੱਖਿਆ ਸ਼ਾਸਤਰ ਅਤੇ ਮੁਲਾਂਕਣ' ਵਿਸ਼ੇ 'ਤੇ 7 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਵਰਕਸ਼ਾਪ ਕਰਵਾਈ ਗਈ। ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਦੀ ਰਹਿਨੁਮਾਈ ਹੇਠ ਆਯੋਜਿਤ ਉਕਤ ਪ੍ਰੋਗਰਾਮ ਦਾ ਮੁੱਖ ਉਦੇਸ਼ ਆਧੁਨਿਕ ਉੱਚ ਸਿੱਖਿਆ ਦੀਆਂ ਲੋੜਾਂ ਦੇ ਅਨੁਕੂਲ ਪਾਠਕ੍ਰਮ ਯੋਜਨਾ, ਸਿੱਖਿਆ ਸ਼ਾਸਤਰੀ ਅਭਿਆਸਾਂ ਅਤੇ ਮੁਲਾਂਕਣ ਰਣਨੀਤੀਆਂ ਨੂੰ ਮਜ਼ਬੂਤ ਕਰਨਾ ਸੀ।ਇਸ ਮੌਕੇ ਡਾ. ਮਹਿਲ ਸਿੰਘ ਨੇ ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ ਦੇ ਸਹਿਯੋਗ ਅਤੇ ਡਾ. ਰਿਤੂ ਧਵਨ, ਐੱਫ਼. ਡੀ. ਪੀ. ਕੋਆਰਡੀਨੇਟਰ ਦੀ ਅਗਵਾਈ ਹੇਠ ਵੱਖ-ਵੱਖ ਸੰਸਥਾਵਾਂ ਦੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਨਾਲ ਆਯੋਜਿਤ ਉਕਤ ਪ੍ਰੋਗਰਾਮ ਸਬੰਧੀ ਕਿਹਾ ਕਿ ਅਧਿਆਪਕਾਂ ਦੀ ਯੋਗਤਾ 'ਚ ਵਾਧਾ ਕਰਨ ਵਾਲੀਆਂ ਅਕਾਦਮਿਕ ਉਪਰਾਲੇ ਸਲਾਹੁਣਯੋਗ ਹਨ।ਉਕਤ ਡਿਵੈੱਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਪਾਠਕ੍ਰਮ ਡਿਜ਼ਾਇਨ ਅਤੇ ਵਿਕਾਸ ਸਬੰਧੀ ਦੋ ਸੈਸ਼ਨਾਂ ਨਾਲ ਹੋਈ। ਇਸ ਮੌਕੇ ਡਾ. ਸੁਰਿੰਦਰ ਕੌਰ ਅਤੇ ਡਾ. ਰਿਤੂ ਧਵਨ ਨੇ ਇਨ੍ਹਾਂ ਸੈਸ਼ਨਾਂ 'ਚ ਨਤੀਜਾ-ਅਧਾਰਤ ਪਾਠਕ੍ਰਮ ਢਾਂਚੇ ਅਤੇ ਅਕਾਦਮਿਕ ਗੁਣਵੱਤਾ ਮਾਪਦੰਡਾਂ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਅਗਲੇ ਦਿਨ ਡਾ. ਸੁਮਨ ਨਈਅਰ ਅਤੇ ਡਾ. ਰਿਤੂ ਧਵਨ ਵੱਲੋਂ ਪਾਠਕ੍ਰਮ ਡਿਜ਼ਾਇਨ ਅਤੇ ਵਿਕਾਸ ਸਬੰਧੀ ਸੈਸ਼ਨ ਕਰਵਾਇਆ ਗਿਆ, ਜਿਸ 'ਚ ਗੁਣਵੱਤਾ ਸੁਨਿਸ਼ਚਿਤ ਕਰਨ ਦੀਆਂ ਪ੍ਰਕਿਰਿਆਵਾਂ ਅਤੇ ਸੰਸਥਾਗਤ ਉਦੇਸ਼ਾਂ ਨਾਲ ਪਾਠਕ੍ਰਮ ਦੇ ਤਾਲਮੇਲ 'ਤੇ ਜ਼ੋਰ ਦਿੱਤਾ ਗਿਆ। ਇਸ ਸੈਸ਼ਨ ਨੂੰ ਸੀ. ਐੱਮ. ਏ. ਚਿਤਸਿਮਰਨ ਕੌਰ ਨੇ ਅਗਾਂਹ ਵਧਾਉਂਦਿਆਂ ਹੋਇਆ ਮੁਲਾਂਕਣ ਅਤੇ ਅੰਕਣ ਪ੍ਰਣਾਲੀ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਵਿਦਿਆਰਥੀ-ਕੇਂਦਰਿਤ ਅਤੇ ਪਾਰਦਰਸ਼ੀ ਮੁਲਾਂਕਣ ਅਭਿਆਸਾਂ 'ਤੇ ਰੌਸ਼ਨੀ ਪਾਈ।ਉਕਤ 7 ਦਿਨਾਂ ਤੱਕ ਚੱਲੇ ਇਸ ਪ੍ਰੋਗਰਾਮ ਦੌਰਾਨ ਡਾ. ਦੀਪਿਕਾ ਕੋਹਲੀ ਵੱਲੋਂ ਨਵੀਨਤਾਕਾਰੀ ਸਿੱਖਿਆ ਰਣਨੀਤੀਆਂ (ਮਿਸ਼ਰਿਤ ਮੋਡ) 'ਤੇ ਸੈਸ਼ਨ ਕਰਵਾਇਆ ਗਿਆ, ਜਿਸ 'ਚ ਰਵਾਇਤੀ ਅਤੇ ਡਿਜ਼ਿਟਲ ਮਾਧਿਅਮਾਂ ਦੇ ਸੁਮੇਲ ਨਾਲ ਪ੍ਰਭਾਵਸ਼ਾਲੀ ਅਧਿਆਪਨ ਤਰੀਕਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਡਾ. ਕੋਹਲੀ ਵੱਲੋਂ ਮਿਸ਼ਰਿਤ ਮੋਡ 'ਚ ਮੁਲਾਂਕਣ ਅਤੇ ਅੰਕਣ ਸਬੰਧੀ ਹੋਰ ਸੈਸ਼ਨ ਵੀ ਕਰਵਾਏ ਗਏ, ਜਿਨ੍ਹਾਂ 'ਚ ਸਿੱਖਣ ਦੇ ਨਤੀਜਿਆਂ ਨਾਲ ਮੇਲ ਖਾਂਦੇ ਮੁਲਾਂਕਣ ਡਿਜ਼ਾਇਨ 'ਤੇ ਜ਼ੋਰ ਦਿੱਤਾ ਗਿਆ। ਪ੍ਰੋਗਰਾਮ ਦੇ ਅੰਤਿਮ ਦਿਨ ਭਾਗੀਦਾਰਾਂ ਦੇ ਸਿੱਖਣ ਦੇ ਨਤੀਜਿਆਂ ਦਾ ਅੰਕਣ ਕਰਨ ਲਈ ਮੁਲਾਂਕਣ ਟੈਸਟ ਕਰਵਾਇਆ ਗਿਆ। ਇਸੇ ਦਿਨ ਡਾ. ਸੁਰਿੰਦਰ ਕੌਰ ਨੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਦੀ ਪ੍ਰਸ਼ੰਸਾ ਕਰਦਿਆਂ ਵਿਕਾਸ ਪ੍ਰੋਗਰਾਮ ਦੌਰਾਨ ਪ੍ਰਾਪਤ ਗਿਆਨ ਨੂੰ ਅਕਾਦਮਿਕ ਅਤੇ ਕਲਾਸਰੂਮ ਅਭਿਆਸਾਂ 'ਚ ਲਾਗੂ ਕਰਨ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ।

## ਮੂਰਤੀ ਸਥਾਪਨਾ ਸਮਾਰੋਹ ਕਰਵਾਇਆ



ਨਵਾਂਸ਼ਹਿਰ, 5 ਫਰਵਰੀ (ਤ੍ਰਿਪਾਠੀ) : ਨੇੜਲੇ ਪਿੰਡ ਚਾਹੜਮਜਾਰਾ ਦੇ ਇਤਿਹਾਸਕ ਸਾਕਸ਼ਾਤ ਮਹਾਦੇਵ ਮੰਦਰ ਵਿੱਚ ਅੱਜ ਭਗਵਾਨ ਮਹਾਦੇਵ ਦੀ ਚਾਰ-ਮੁਖੀ ਮੂਰਤੀ ਸਮੇਤ ਵੱਖ-ਵੱਖ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਸਥਾਪਨਾ ਲਈ ਧਾਰਮਿਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਵਿਦਵਾਨ ਪੰਡਿਤ ਮਨੀਸ਼ ਵਾਸੂਦੇਵ ਜੀ ਦੀ ਅਗਵਾਈ ਅਤੇ ਮੰਦਰ ਦੇ ਮਹੰਤ ਸੂਰਜ ਗਿਰੀ ਜੀ ਮਹਾਰਾਜ ਦੀ ਨਿਗਰਾਨੀ ਹੇਠ ਆਯੋਜਿਤ ਇਸ ਮੂਰਤੀ ਸਥਾਪਨਾ ਸਮਾਰੋਹ ਵਿੱਚ ਵਿਜ਼ਨਵੇਅ ਇਮੀਗ੍ਰੇਸ਼ਨ ਅਤੇ ਆਈਲੈਟਸ ਕੰਪਨੀ ਦੇ ਐਮਡੀ ਪ੍ਰਵੀਨ ਅਰੋੜਾ ਅਤੇ ਵਿਭਾ ਅਰੋੜਾ ਮੁੱਖ ਜਜਮਾਨ ਮੌਜੂਦ ਸਨ। ਮੰਦਰ ਵਿੱਚ ਸਥਾਪਿਤ ਮੂਰਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਪੰਡਿਤ ਮਨੀਸ਼ ਵਾਸੂਦੇਵ ਨੇ ਕਿਹਾ ਕਿ ਮਹਾਦੇਵ ਦੇ ਚਾਰ ਮੁੱਖ ਵਾਲੀ ਵਿਲੱਖਣ ਅਤੇ ਅਤਿ ਸੁੰਦਰ ਮੂਰਤੀ ਵਾਲਾ ਇਹ ਦੇਸ਼ ਦਾ ਪਹਿਲਾ ਮੰਦਰ ਹੈ। ਜਿਸਦਾ ਨਿਰਮਾਣ ਰਾਸ਼ਟਰਪਤੀ ਮੈਡਲ ਵਿਜੇਤਾ ਸ਼ਿਲਪਕਾਰ ਦੁਆਰਾ ਬਣਾਇਆ ਗਿਆ ਹੈਉਨ੍ਹਾਂ ਕਿਹਾ ਕਿ ਦਵਾਰਪਾਲਾਂ ਤੋਂ ਇਲਾਵਾ, ਦੱਖਣ-ਮੁਖੀ ਸ਼੍ਰੀ ਹਨੂੰਮਾਨ ਜੀ ਅਤੇ ਪੱਛਮ-ਮੁਖੀ ਸ਼ਨੀ ਦੇਵ ਜੀ ਮਹਾਰਾਜ, ਅਤੇ ਮੰਦਰ ਦੀ ਯੱਗ ਸ਼ਾਲਾ ਵਿੱਚ, ਬ੍ਰਹਮਾ ਜੀ, ਸੂਰਿਆ ਦੇਵ, ਚੰਦਰ ਅਤੇ ਸੋਮ ਜੀ ਦੀਆਂ ਮੂਰਤੀਆਂ ਹਨ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਰਾਮ ਚੰਦਰ ਦੀ ਗੋਦ ਵਿੱਚ ਲੇਟੇ ਹੋਏ ਲਕਸ਼ਮਣ ਜੀ ਜਿਨ੍ਹਾਂ ਨੂੰ ਸ਼ਕਤੀ ਲੱਗੀ ਹੋਈ ਹੈ ਅਤੇ ਵੀਰ ਹਨੂੰਮਾਨ ਜੀ ਦੇ ਹੱਥਾਂ ਵਿੱਚ ਪਰਬਤ ਉਠਾਏ ਸੰਜੀਵਨੀ ਲੈ ਕੇ ਆ ਰਹੇ ਹੈ, ਵਰਗੀ ਆਕਰਸ਼ਕ ਮੂਰਤੀਆਂ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹਨ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਰਾਜਿੰਦਰ ਸ਼ਰਮਾ ਨਾਰਬੇ ਅਤੇ ਅਸ਼ਵਨੀ ਸ਼ਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਅਵਨੀਤ ਕੌਰ ਵੱਲੋਂ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲੇ ਦੀ ਸ਼ੁਰੂਆਤ

ਨਵਾਂਸ਼ਹਿਰ, 5 ਫਰਵਰੀ (ਸੁਖਦੇਵ ਸਿੰਘ ਉੜਾਪੜ): ਸਥਾਨ ਆਈ.ਟੀ.ਆਈ ਦੀ ਗਰਾਊਂਡ ਵਿਖੇ ਲਗੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲੇ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੇ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਕਰਵਾਏ ਜਾ ਰਹੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਅੱਜ ਤੋਂ ਸ਼ੁਰੂ ਹੋ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਸ਼ਮਾ ਰੋਸ਼ਨ ਕਰਕੇ ਮੇਲੇ ਦੀ ਸ਼ੁਰੂਆਤ ਕੀਤੀ। ਉਨ੍ਹਾਂ ਇਸ ਮੌਕੇ 'ਤੇ ਘਰੇਲੂ ਸਜਾਵਟੀ ਸਮਾਨ, ਹੈਂਡੀਕਾਰਫਟ ਅਤੇ ਆਰਗੇਨਿਕ ਉਤਪਾਦਨ, ਘਰੇਲੂ ਮਸਾਲੇ ਅਤੇ ਆਚਾਰ, ਝੂਲੇ, ਸੱਭਿਆਚਾਰਕ ਪ੍ਰੋਗਰਾਮ ਅਤੇ ਫੂਡ ਸਟਾਲ ਦਾ ਦੌਰਾ ਕੀਤਾ ਅਤੇ ਸਵੈ ਸਹਾਇਤਾ ਸਮੂਹ ਦੇ ਮੈਂਬਰਾਂ ਨਾਲ ਗੱਲਬਾਤ ਵੀ ਕੀਤੀ।

# ਅਮਨ ਅਰੋੜਾ ਨੇ ਪਿੰਡ ਉਭਾਵਾਲ ਵਿੱਚ ਗੰਦੇ ਪਾਣੀ ਦੀ ਨਿਕਾਸੀ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ



ਸੁਨਾਮ, 5 ਫ਼ਰਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਦੇ ਲਗਾਤਾਰ ਯਤਨਾਂ ਅਧੀਨ ਵਿਧਾਨ ਸਭਾ ਹਲਕਾ ਸੁਨਾਮ ਦੇ ਪਿੰਡ ਉਭਾਵਾਲ ਵਿਖੇ ਗੰਦੇ ਪਾਣੀ ਦੀ ਨਿਕਾਸੀ ਲਈ 1.82 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਖੁਦ ਨੀਂਹ ਪੱਥਰ ਰੱਖ ਕੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਤਹਿਤ 1.64 ਕਰੋੜ ਰੁਪਏ ਦੀ ਲਾਗਤ ਨਾਲ ਲਗਭਗ 3.25 ਕਿਲੋਮੀਟਰ (ਸਵਾ ਤਿੰਨ ਕਿਲੋਮੀਟਰ) ਲੰਬੀ ਪਾਇਪ ਲਾਈਨ ਬਣਾਈ ਜਾਵੇਗੀ। ਇਸ ਤੋਂ ਇਲਾਵਾ 18 ਲੱਖ ਰੁਪਏ ਦੀ ਲਾਗਤ ਨਾਲ ਇੱਕ ਨਿਕਾਸੀ ਨਾਲਾ ਵੀ ਤਿਆਰ ਕੀਤਾ ਜਾਵੇਗਾ। ਇਹ ਪਾਇਪ ਲਾਈਨ 30 ਸਾਲ ਦੀ ਲੰਬੀ ਉਮਰ ਵਾਲੀ ਹੋਵੇਗੀ, ਜਿਸ ਨਾਲ ਪਿੰਡ ਵਾਸੀਆਂ ਨੂੰ ਲੰਬੇ ਸਮੇਂ ਤੱਕ ਭਰੋਸੇਯੋਗ ਨਿਕਾਸੀ ਵਿਵਸਥਾ ਮਿਲ ਸਕੇਗੀ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਸ ਮੌਕੇ ਕਿਹਾ ਕਿ ਪਿੰਡ ਉਭਾਵਾਲ ਸਮੇਤ ਪੂਰੇ ਹਲਕੇ ਵਿੱਚ ਸਾਫ਼-ਸੁਥਰੇ ਵਾਤਾਵਰਣ ਅਤੇ ਸਿਹਤਮੰਦ ਜੀਵਨ ਲਈ ਗੰਦੇ ਪਾਣੀ ਦੀ ਸਹੀ ਨਿਕਾਸੀ ਬਹੁਤ ਜ਼ਰੂਰੀ ਹੈ। ਇਹ ਪ੍ਰੋਜੈਕਟ ਪਿੰਡ ਵਾਸੀਆਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਨੂੰ ਹੱਲ ਕਰੇਗਾ ਅਤੇ ਇਲਾਕੇ ਵਿੱਚ ਸਵੱਛਤਾ ਦਾ ਨਵਾਂ ਮਿਆਰ ਕਾਇਮ ਕਰੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਤੱਕ ਵਿਕਾਸ ਦੀਆਂ ਸਹੂਲਤਾਂ ਪਹੁੰਚਾਉਣ ਲਈ ਵਿਸ਼ੇਸ਼ ਤੌਰ 'ਤੇ ਕੰਮ ਕਰ ਰਹੀ ਹੈ ਅਤੇ ਇਸ ਦਿਸ਼ਾ ਵਿੱਚ ਹੋਰ ਵੀ ਕਈ ਪ੍ਰੋਜੈਕਟ ਜਲਦੀ ਸ਼ੁਰੂ ਕੀਤੇ ਜਾਣਗੇ। ਇਸ ਸਮਾਗਮ ਦੌਰਾਨ ਸਥਾਨਕ ਪੰਚਾਇਤ ਮੈਂਬਰਾਂ, ਗੁਰਦੁਆਰਾ ਪ੍ਰਬੰਧਕਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਵਿਜੀਲੈਂਸ ਜਾਂਚ ਦੌਰਾਨ ਅਚਾਨਕ ਲੱਗੀ 'ਰਹੱਸਮਈ' ਅੱਗ ਨੇ ਖੜ੍ਹੇ ਕੀਤੇ ਗੰਭੀਰ ਸਵਾਲ



ਬਠਿੰਡਾ, 5 ਫਰਵਰੀ (ਦੀਪਕ ਸ਼ਰਮਾ): ਨਗਰ ਨਿਗਮ ਬਠਿੰਡਾ ਦੇ ਰਿਕਾਰਡ ਰੂਮ ਵਿਚ ਬੀਤੀ 30 ਜਨਵਰੀ ਦੀ ਸ਼ਾਮ ਨੂੰ ਲੱਗੀ 'ਰਹੱਸਮਈ' ਅੱਗ ਦੇ ਮਾਮਲੇ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਵੀਰਵਾਰ ਨੂੰ ਬਠਿੰਡਾ ਪੁਲਿਸ ਦੀ ਫੋਰੈਂਸਿਕ ਟੀਮ ਨੇ ਘਟਨਾ ਸਥਾਨ ਦਾ ਦੌਰਾ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਅਹਿਮ ਸਬੂਤ ਜੁਟਾਏ ਹਨ। ਜਾਂਚ ਦੌਰਾਨ ਜਦੋਂ ਟੀਮ ਨੇ ਰਿਕਾਰਡ ਰੂਮ ਦੀ ਬਿਜਲੀ ਸਪਲਾਈ ਬਾਰੇ ਸਵਾਲ ਕੀਤੇ ਤਾਂ ਨਿਗਮ ਮੁਲਾਜ਼ਮ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ, ਜਿਸ ਨਾਲ ਸ਼ੱਕ ਦੀ ਸੂਈ ਨਿਗਮ ਦੇ ਅੰਦਰੂਨੀ ਤੰਤਰ ਵੱਲ ਘੁੰਮ ਗਈ ਹੈ। ਰਿਕਾਰਡ ਰੂਮ ਵਿੱਚ ਲੇਖਾ ਸ਼ਾਖਾ ਅਤੇ ਵਰਕਰਜ਼ ਬ੍ਰਾਂਚ ਨਾਲ ਸਬੰਧਤ ਸਾਲਾਂ ਪੁਰਾਣਾ ਮਹੱਤਵਪੂਰਨ ਰਿਕਾਰਡ ਮੌਜੂਦ ਸੀ। ਦੱਸਿਆ ਜਾ ਰਿਹਾ ਹੈ ਕਿ ਅੱਗ ਕਾਰਨ ਮੁਲਾਜ਼ਮਾਂ ਦੀਆਂ ਸਰਵਿਸ ਬੁੱਕਾਂ, ਭੁਗਤਾਨ ਸਬੰਧੀ ਦਸਤਾਵੇਜ਼, ਠੇਕੇ ਅਤੇ ਵਿੱਤੀ ਲੈਣ-ਦੇਣ ਦਾ ਵੱਡਾ ਹਿੱਸਾ ਸੜ ਕੇ ਰਾਖ ਹੋ ਗਿਆ ਹੈ। ਡਿਜੀਟਲ ਬੈਕਅੱਪ ਦੀ ਘਾਟ ਕਾਰਨ ਹੁਣ ਆਉਣ ਵਾਲੇ ਸਮੇਂ ਵਿੱਚ ਕਈ ਕਾਨੂੰਨੀ ਅਤੇ ਪ੍ਰਬੰਧਕੀ ਦਿੱਕਤਾਂ ਖੜ੍ਹੀਆਂ ਹੋਣੀਆਂ ਤੈਅ ਹਨ।

ਇਹ ਅੱਗ ਉਸ ਵੇਲੇ ਲੱਗੀ ਜਦੋਂ ਵਿਜੀਲੈਂਸ ਵਿਭਾਗ ਨਗਰ ਨਿਗਮ ਵਿੱਚ ਹੋਏ ਕਰੋੜਾਂ ਰੁਪਏ ਦੇ ਕਥਿਤ 'ਡੀਜ਼ਲ ਘਪਲੇ' ਦੀ ਬਾਰੀਕੀ ਨਾਲ ਜਾਂਚ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਸਾਲ 2024 ਦੌਰਾਨ ਨਿਗਮ ਦੀਆਂ ਗੱਡੀਆਂ ਵਿੱਚ ਤੇਲ ਭਰਵਾਉਣ ਦੇ ਨਾਮ 'ਤੇ ਵੱਡੇ ਘਪਲੇ ਦਾ ਖੁਲਾਸਾ ਹੋਇਆ ਸੀ, ਜਿਸ ਦੀ ਜਾਂਚ ਤਤਕਾਲੀ ਕਮਿਸ਼ਨਰ ਰਾਹੁਲ ਨੇ ਵਿਜੀਲੈਂਸ ਨੂੰ ਸੌਂਪੀ ਸੀ। ਹਾਲ ਹੀ ਵਿੱਚ ਜਦੋਂ ਵਿਜੀਲੈਂਸ ਨੇ ਜਾਂਚ ਤੇਜ਼ ਕਰਦਿਆਂ ਅਕਾਊਂਟ ਬ੍ਰਾਂਚ ਤੋਂ ਬਿੱਲ ਅਤੇ ਰਿਕਾਰਡ ਤਲਬ ਕੀਤੇ, ਤਾਂ ਉਸ ਤੋਂ ਕੁਝ ਦਿਨ ਬਾਅਦ ਹੀ ਰਿਕਾਰਡ ਰੂਮ ਵਿੱਚ ਅੱਗ ਲੱਗ ਗਈ। ਸ਼ਹਿਰ ਦੇ ਸਿਆਸੀ ਅਤੇ ਪ੍ਰਬੰਧਕੀ ਹਲਕਿਆਂ ਵਿੱਚ ਇਹ ਚਰਚਾ ਆਮ ਹੈ ਕਿ ਅੱਗ ਲੱਗੀ ਨਹੀਂ, ਸਗੋਂ ਸਬੂਤ ਮਿਟਾਉਣ ਲਈ ਲਗਾਈ ਗਈ ਹੈ। ਹੁਣ ਫੋਰੈਂਸਿਕ ਰਿਪੋਰਟ ਹੀ ਇਹ ਸਾਫ਼ ਕਰੇਗੀ ਕਿ ਇਹ ਮਹਿਜ਼ ਇੱਕ ਹਾਦਸਾ ਸੀ ਜਾਂ ਕੋਈ ਡੂੰਘੀ ਸਾਜ਼ਿਸ਼।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ



ਕੌਹਰੀਆਂ, 5 ਫਰਵਰੀ (ਅਵਤਾਰ ਸਿੰਘ ਕੌਹਰੀਆਂ): ਨੇੜਲੇ ਪਿੰਡ ਭਾਈ ਕੀ ਪਿਸ਼ੌਰ ਵਿਖੇ ਧੰਨ-ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ 5 ਰੋਜ਼ਾ ਮਹਾਨ ਗੁਰਮਤਿ ਸਮਾਗਮ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਕਰਵਾਏ ਗਏ।ਸਮਾਗਮ ਦੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਇਹ ਸਮਾਗਮ ਸਮੂਹ ਨਗਰ ਨਿਵਾਸੀਆਂ ਅਤੇ ਐਨ.ਆਰ. ਆਈ. ਵੀਰਾਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ ਹੈ। ਸਮਾਗਮ ਦੀ ਸ਼ੁਰੂਆਤ ਵਿੱਚ 48 ਘੰਟੇ ਲਗਾਤਾਰ 'ਸਤਿਨਾਮ ਵਾਹਿਗੁਰੂ' ਦਾ ਜਾਪ ਕੀਤਾ ਗਿਆ, ਜਿਸ ਦੀ ਸੰਪੂਰਨਤਾ ਉਪਰੰਤ ਧੁਰ ਕੀ ਬਾਣੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਬੜੀ ਸ਼ਰਧਾ ਸਹਿਤ ਪਾਏ ਗਏ।ਇਸ ਪਵਿੱਤਰ ਅਵਸਰ 'ਤੇ ਪੰਜ ਪਿਆਰਿਆਂ ਦੀ ਰੇਖ-ਦੇਖ ਹੇਠ ਤਿਆਰ ਕੀਤਾ ਗਿਆ ਖੰਡੇ-ਬਾਟੇ ਦਾ ਅੰਮ੍ਰਿਤ 51 ਪ੍ਰਾਣੀਆਂ ਨੇ ਛਕਿਆ ਅਤੇ ਗੁਰੂ ਲੜ ਲੱਗ ਕੇ ਆਪਣਾ ਜੀਵਨ ਸਫਲਾ ਕੀਤਾ। ਸਮਾਗਮ ਦੇ ਸਬੰਧ ਵਿੱਚ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਵਿੱਚ ਨਹਿੰਗ ਫੌਜਾਂ ਨੇ ਗਤਕੇ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਦੀਵਾਨਾਂ ਵਿੱਚ ਬੀਬੀ ਦਲੇਰ ਕੌਰ ਖਾਲਸਾ ਦੇ ਜਥੇ ਨੇ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ।ਇਸ ਧਾਰਮਿਕ ਕਾਰਜ ਲਈ ਬਾਬਾ ਬਚਨ ਸਿੰਘ ਜੀ (ਕਾਰ ਸੇਵਾ ਦਿੱਲੀ ਵਾਲੇ) ਅਤੇ ਜਥੇਦਾਰ ਬਾਬਾ ਕੁਲਦੀਪ ਸਿੰਘ ਜੀ (ਫ਼ਤਿਹਗੜ੍ਹ ਸਾਹਿਬ ਵਾਲੇ) ਦਾ ਵਿਸ਼ੇਸ਼ ਆਸ਼ੀਰਵਾਦ ਅਤੇ ਸਹਿਯੋਗ ਰਿਹਾ। ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਈਆਂ ਸਖ਼ਸ਼ੀਅਤਾਂ ਅਤੇ ਸੇਵਾਦਾਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

# ਸੁਨਾਮ ਦੇ ਵੱਖ-ਵੱਖ ਇਲਾਕਿਆਂ 'ਚ ਬਾਲ ਭਿੱਖਿਆ ਵਿਰੁੱਧ ਚੈਕਿੰਗ



ਸੁਨਾਮ, 5 ਫ਼ਰਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) ਸੰਗਰੂਰ ਜ਼ਿਲ੍ਹੇ ਦੇ ਸੁਨਾਮ ਬਲਾਕ ਅਧੀਨ ਪ੍ਰੋਜੈਕਟ ਜੀਵਨ ਜੋਤ-2 ਦੇ ਤਹਿਤ ਬਾਲ ਭਿੱਖਿਆ ਦੀ ਰੋਕਥਾਮ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਸੁਨਾਮ ਦੇ ਮੁੱਖ ਬਾਜ਼ਾਰ, ਮਾਤਾ ਮੋਦੀ ਚੌਂਕ, ਆਨੰਦ ਚੌਂਕ, ਸਬਜ਼ੀ ਮੰਡੀ ਤੇ ਪੀਰਾ ਵਾਲਾ ਚੌਂਕ ਸਮੇਤ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਦੁਕਾਨਾਂ, ਰੇਹੜੀਆਂ, ਢਾਬਿਆਂ ਤੇ ਹੋਰ ਜਨਤਕ ਸਥਾਨਾਂ ਦੀ ਜਾਂਚ ਕੀਤੀ ਗਈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਬਾਲ ਭਿੱਖਿਆ ਨੂੰ ਸਮੇਂ ਸਿਰ ਰੋਕਿਆ ਜਾ ਸਕੇ। ਮੁਹਿੰਮ ਦੌਰਾਨ ਕਿਸੇ ਵੀ ਸਥਾਨ ਤੋਂ ਬਾਲ ਭਿੱਖਿਆ ਕਰਦਾ ਕੋਈ ਵੀ ਬੱਚਾ ਨਹੀਂ ਮਿਲਿਆ।

ਇਸ ਚੈਕਿੰਗ ਟੀਮ ਵਿੱਚ ਡਾ. ਮਨਵ ਕਾਲਰਾ (ਸਿਹਤ ਵਿਭਾਗ), ਅਰੁਣ ਸ਼ਰਮਾ (ਸਿੱਖਿਆ ਵਿਭਾਗ), ਪੁਲਿਸ ਵਿਭਾਗ ਵੱਲੋਂ ਫਰਜ਼ੀਨਾ ਖਾਨ, ਡੀ.ਸੀ. ਪੀ.ਓ. ਦਫ਼ਤਰ ਵੱਲੋਂ ਨਿਰਮਲ ਕੌਰ (ਕਾਉਂਸਲਰ) ਅਤੇ ਰੁਪਿੰਦਰ ਸਿੰਘ (ਆਊਟਰੀਚ ਵਰਕਰ) ਸ਼ਾਮਲ ਸਨ। ਇਹ ਸਾਰੀ ਕਾਰਵਾਈ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ ਦੀ ਅਗਵਾਈ ਅਤੇ ਦੇਖਰੇਖ ਹੇਠ ਕੀਤੀ ਗਈ। ਚੈਕਿੰਗ ਦੌਰਾਨ ਟੀਮ ਵੱਲੋਂ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਬਾਲ ਭਿੱਖਿਆ ਸਬੰਧੀ ਕਾਨੂੰਨਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਅਪੀਲ ਕੀਤੀ ਗਈ ਕਿ ਜੇ ਕਿਤੇ ਵੀ ਬਾਲ ਭਿੱਖਿਆ ਦਾ ਮਾਮਲਾ ਸਾਹਮਣੇ ਆਵੇ ਤਾਂ ਤੁਰੰਤ ਪ੍ਰਸ਼ਾਸਨ ਜਾਂ ਚਾਈਲਡ ਹੈਲਪਲਾਈਨ 1098 'ਤੇ ਸੂਚਨਾ ਦਿੱਤੀ ਜਾਵੇ। ਪ੍ਰਸ਼ਾਸਨ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਮੁਹਿੰਮਾਂ ਨਿਰੰਤਰ ਜਾਰੀ ਰੱਖਣ ਦਾ ਭਰੋਸਾ ਦਿੱਤਾ ਗਿਆ ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਅਤੇ ਸੁਨਹਿਰਾ ਭਵਿੱਖ ਪ੍ਰਦਾਨ ਕੀਤਾ ਜਾ ਸਕੇ।

# ਸੀਨੀਅਰ ਡਿਪਟੀ ਮੇਅਰ ਦੇ ਭਰੋਸੇ ਮਗਰੋਂ ਸਫ਼ਾਈ ਸੇਵਕਾਂ ਦੀ ਹੜਤਾਲ ਖ਼ਤਮ



ਬਠਿੰਡਾ, 5 ਫਰਵਰੀ (ਦੀਪਕ ਸ਼ਰਮਾ): ਨਗਰ ਨਿਗਮ ਬਠਿੰਡਾ ਦੇ ਸਫਾਈ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਵਿੱਢੀ ਗਈ ਹੜਤਾਲ ਵੀਰਵਾਰ ਨੂੰ ਸੀਨੀਅਰ ਡਿਪਟੀ ਮੇਅਰ ਸ਼ਾਮ ਲਾਲ ਜੈਨ ਦੇ ਭਰੋਸੇ ਤੋਂ ਬਾਅਦ ਖ਼ਤਮ ਹੋ ਗਈ ਹੈ। ਸਫਾਈ ਸੇਵਕਾਂ ਦੇ ਕੰਮ 'ਤੇ ਪਰਤਣ ਨਾਲ ਸ਼ਹਿਰ ਵਾਸੀਆਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ, ਕਿਉਂਕਿ ਪਿਛਲੇ ਦੋ ਦਿਨਾਂ ਤੋਂ ਸ਼ਹਿਰ ਦੀ ਸਫਾਈ ਵਿਵਸਥਾ ਅਤੇ ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਦਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਸੀ। ਸਫਾਈ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਸੈਂਕੜੇ ਮੁਲਾਜ਼ਮਾਂ ਨੇ ਬੁੱਧਵਾਰ ਤੋਂ ਨਿਗਮ ਦਫ਼ਤਰ ਅੱਗੇ ਧਰਨਾ ਲਗਾਇਆ ਹੋਇਆ ਸੀ। ਯੂਨੀਅਨ ਆਗੂਆਂ ਦਾ ਤਰਕ ਸੀ ਕਿ ਸ਼ਹਿਰ ਦੀ ਵਧਦੀ ਆਬਾਦੀ ਦੇ ਮੁਕਾਬਲੇ ਕਰਮਚਾਰੀਆਂ ਦੀ ਗਿਣਤੀ ਬਹੁਤ ਘੱਟ ਹੈ, ਜਿਸ ਕਾਰਨ ਮੌਜੂਦਾ ਸਟਾਫ਼ 'ਤੇ ਕੰਮ ਦਾ ਬੋਝ ਵਧ ਗਿਆ ਹੈ। ਉਨ੍ਹਾਂ ਦੀਆਂ ਪ੍ਰਮੁੱਖ ਮੰਗਾਂ ਵਿੱਚ 500 ਨਵੇਂ ਸਫਾਈ ਸੇਵਕਾਂ ਦੀ ਭਰਤੀ, ਮਹਿੰਗਾਈ ਦੇ ਦੌਰ ਵਿੱਚ ਤਨਖ਼ਾਹਾਂ ਵਿੱਚ ਵਾਧਾ ਅਤੇ ਸੇਵਾਮੁਕਤ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਦੇਣਾ ਸ਼ਾਮਲ ਸੀ।

ਵੀਰਵਾਰ ਦੁਪਹਿਰ ਨੂੰ ਸੀਨੀਅਰ ਡਿਪਟੀ ਮੇਅਰ ਸ਼ਾਮ ਲਾਲ ਜੈਨ ਨੇ ਧਰਨਾਕਾਰੀ ਮੁਲਾਜ਼ਮਾਂ ਕੋਲ ਪਹੁੰਚ ਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸਰਕਾਰ ਅੱਗੇ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਨਿਗਮ ਵੱਲੋਂ ਨਵੀਂ ਭਰਤੀ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੀ ਅਪੀਲ ਅਤੇ ਹਾਂ-ਪੱਖੀ ਰੁਖ ਨੂੰ ਦੇਖਦੇ ਹੋਏ ਯੂਨੀਅਨ ਨੇ ਹੜਤਾਲ ਵਾਪਸ ਲੈਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਪਹਿਲਾਂ ਹੀ ਸੀਵਰੇਜ ਮੁਲਾਜ਼ਮਾਂ ਦੀ ਹੜਤਾਲ ਚੱਲ ਰਹੀ ਸੀ, ਜਿਸ ਉੱਤੇ ਸਫਾਈ ਸੇਵਕਾਂ ਦੀ ਹੜਤਾਲ ਨੇ ਸਥਿਤੀ ਹੋਰ ਗੰਭੀਰ ਕਰ ਦਿੱਤੀ ਸੀ। ਥਾਂ-ਥਾਂ ਲੱਗੇ ਕੂੜੇ ਦੇ ਢੇਰਾਂ ਕਾਰਨ ਬੀਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਸੀ। ਹੁਣ ਹੜਤਾਲ ਖ਼ਤਮ ਹੋਣ ਮਗਰੋਂ ਨਿਗਮ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਪਹਿਲ ਦੇ ਅਧਾਰ 'ਤੇ ਸ਼ਹਿਰ ਦੀ ਗੰਦਗੀ ਚੁੱਕ ਕੇ ਸਫਾਈ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਂਦਾ ਜਾਵੇਗਾ।

# ਪੁਲਿਸ 'ਚ ਵੱਡਾ ਫੇਰਬਦਲ ਕਰਦਿਆਂ ਐਸ.ਐਸ.ਪੀ. ਨੇ ਕਈ ਐਸ.ਐਚ.ਓ. ਤੇ ਚੌਕੀ ਇੰਚਾਰਜ ਬਦਲੇ



ਬਠਿੰਡਾ, 5 ਫਰਵਰੀ (ਦੀਪਕ ਸ਼ਰਮਾ): ਜ਼ਿਲ੍ਹੇ ਦੇ ਨਵ ਨਿਯੁਕਤ ਐਸ.ਐਸ.ਪੀ. ਡਾ. ਜਯੋਤੀ ਯਾਦਵ ਨੇ ਅਹੁਦਾ ਸੰਭਾਲਣ ਤੋਂ ਕੁਝ ਦਿਨਾਂ ਬਾਅਦ ਹੀ ਪੁਲਿਸ ਪ੍ਰਸ਼ਾਸਨ ਵਿੱਚ ਵੱਡੇ ਪੱਧਰ ਤੇ ਫੇਰ ਬਦਲ ਕੀਤਾ ਹੈ। ਜ਼ਿਲ੍ਹਾ ਪੁਲਿਸ ਦੀ ਕਾਰਜਪ੍ਰਣਾਲੀ ਨੂੰ ਚੁਸਤ-ਦਰੁਸਤ ਕਰਨ ਤੇ ਜ਼ਮੀਨੀ ਪੱਧਰ 'ਤੇ ਕਾ ਨੂੰ ਨ - ਵਿ ਵ ਸ ਥਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਮੰਤਵ ਨਾਲ ਕਈ ਥਾਣਾ ਮੁਖੀਆਂ ਤੇ ਚੌਕੀ ਇੰਚਾਰਜਾਂ ਦੇ ਤਬਾਦਲੇ ਕਰ ਦਿੱਤੇ ਗਏ ਹਨ। ਐਸ.ਐਸ.ਪੀ. ਨੇ ਸਪੱਸ਼ਟ ਕੀਤਾ ਕਿ ਇਹ ਫੇਰਬਦਲ ਪਾਰਦਰਸ਼ਤਾ ਤੇ ਅਨੁਸ਼ਾਸਨ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ ਤਾਂ ਜੋ ਨਸ਼ਿਆਂ ਅਤੇ ਅਪਰਾਧ ਵਿਰੁੱਧ ਕਾਰਵਾਈ ਵਿੱਚ ਕੋਈ ਢਿੱਲ ਨਾ ਰਹੇ। ਜਾਰੀ ਕੀਤੇ ਗਏ ਹੁਕਮਾਂ ਅਨੁਸਾਰ, ਇੰਸਪੈਕਟਰ ਰਵਿੰਦਰ ਸਿੰਘ ਨੂੰ ਥਾਣਾ ਨੰਦਗੜ੍ਹ ਤੋਂ ਬਦਲ ਕੇ ਥਾਣਾ ਸਿਵਲ ਲਾਈਨ ਬਠਿੰਡਾ ਦਾ ਮੁੱਖ ਅਫਸਰ ਲਗਾਇਆ ਗਿਆ ਹੈ। ਇੰਸਪੈਕਟਰ ਬਲਵਿੰਦਰ ਸਿੰਘ ਹੁਣ ਥਾਣਾ ਸਾਈਬਰ ਕ੍ਰਾਈਮ ਦੀ ਕਮਾਂਡ ਸੰਭਾਲਣਗੇ, ਜਦਕਿ ਇੱਥੋਂ ਇੰਸਪੈਕਟਰ ਸੁਖਵੀਰ ਕੌਰ ਨੂੰ ਪੁਲਿਸ ਲਾਈਨ ਭੇਜ ਦਿੱਤਾ ਗਿਆ ਹੈ। ਇੰਸਪੈਕਟਰ ਸੁਖਵਿੰਦਰ ਸਿੰਘ ਨੂੰ ਥਾਣਾ ਸੰਗਤ ਦਾ ਮੁੱਖ ਅਫਸਰ ਨਿਯੁਕਤ ਕੀਤਾ ਗਿਆ ਹੈ। ਇੰਸਪੈਕਟਰ ਯਾਦਵਿੰਦਰ ਸਿੰਘ ਨੂੰ ਪੈਰਵਾਈ ਸੈੱਲ ਦੇ ਨਾਲ-ਨਾਲ ਰਿਜ਼ਰਵ ਇੰਸਪੈਕਟਰ ਪੁਲਿਸ ਲਾਈਨ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ।

ਇਸੇ ਤਰ੍ਹਾਂ ਇੰਸਪੈਕਟਰ ਬੇਅੰਤ ਸਿੰਘ ਨੂੰ ਥਾਣਾ ਰਾਮਾ ਤੋਂ ਬਦਲ ਕੇ ਪੁਲਿਸ ਲਾਈਨ ਲਗਾਇਆ ਗਿਆ ਹੈ। ਥਾਣੇਦਾਰ ਮੇਜਰ ਸਿੰਘ ਈ.ਓ. ਵਿੰਗ ਤੋਂ ਹੁਣ ਥਾਣਾ ਥਰਮਲ ਦੇ ਮੁਖੀ ਹੋਣਗੇ, ਜਦਕਿ ਥਾਣਾ ਥਰਮਲ ਦੇ ਮੁੱਖ ਅਫਸਰ ਗੁਰਦਰਸ਼ਨ ਸਿੰਘ ਨੂੰ ਇੰਚਾਰਜ ਈ.ਓ. ਵਿੰਗ ਲਗਾਇਆ ਗਿਆ ਹੈ। ਥਾਣੇਦਾਰ ਹਰਜੀਵਨ ਸਿੰਘ ਨੂੰ ਸਿਵਲ ਲਾਈਨ ਤੋਂ ਬਦਲ ਕੇ ਥਾਣਾ ਨੰਦਗੜ੍ਹ ਅਤੇ ਥਾਣੇਦਾਰ ਕੌਰ ਸਿੰਘ ਨੂੰ ਥਾਣਾ ਰਾਮਾ ਦਾ ਮੁੱਖ ਅਫਸਰ ਤਾਇਨਾਤ ਕੀਤਾ ਗਿਆ ਹੈ। ਚੌਂਕੀ ਇੰਚਾਰਜਾਂ ਵਿੱਚ ਵੀ ਫੇਰਬਦਲ: ਸਹਾਇਕ ਥਾਣੇਦਾਰ ਮਨਜੀਤ ਸਿੰਘ ਨੂੰ ਚੌਂਕੀ ਸਿਵਲ ਹਸਪਤਾਲ ਦਾ ਇੰਚਾਰਜ ਲਗਾਇਆ ਗਿਆ ਹੈ। ਸਹਾਇਕ ਥਾਣੇਦਾਰ ਧਰਮ ਸਿੰਘ ਨੂੰ ਸਿਵਲ ਹਸਪਤਾਲ ਚੌਂਕੀ ਤੋਂ ਬਦਲ ਕੇ ਏਮਜ਼ ਚੌਂਕੀ ਭੇਜਿਆ ਗਿਆ ਹੈ, ਜਦਕਿ ਰਣਧੀਰ ਸਿੰਘ ਏਮਜ਼ ਚੌਂਕੀ ਤੋਂ ਥਾਣਾ ਕੈਨਾਲ ਕਲੋਨੀ ਤਬਦੀਲ ਕੀਤੇ ਗਏ ਹਨ। ਅਮਰੀਕ ਸਿੰਘ ਚੌਂਕੀ ਚਾਉਕੇ ਤੋਂ ਬਦਲ ਕੇ ਕੇਂਦਰੀ ਜੇਲ੍ਹ ਬਠਿੰਡਾ ਦੇ ਚੌਂਕੀ ਇੰਚਾਰਜ ਹੋਣਗੇ ਅਤੇ ਗੁਰਸੇਵਕ ਸਿੰਘ ਨੂੰ ਚੌਂਕੀ ਚਾਉਕੇ ਦੀ ਜ਼ਿੰਮੇਵਾਰੀ ਮਿਲੀ ਹੈ।

ਹੋਰ ਤਾਇਨਾਤੀਆਂ ਵਿੱਚ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੂੰ ਕੇਂਦਰੀ ਜੇਲ੍ਹ ਤੋਂ ਥਾਣਾ ਤਲਵੰਡੀ ਸਾਬੋ, ਕੁਲਵਿੰਦਰ ਸਿੰਘ ਨੂੰ ਕੋਤਵਾਲੀ ਤੋਂ ਇੰਚਾਰਜ ਚੌਂਕੀ ਸਿੰਗੋ, ਅਤੇ ਰਵਨੀਤ ਸਿੰਘ ਨੂੰ ਚੌਂਕੀ ਸਿੰਗੋ ਤੋਂ ਰੀਡਰ ਡੀ.ਐਸ.ਪੀ. ਤਲਵੰਡੀ ਸਾਬੋ ਲਗਾਇਆ ਗਿਆ ਹੈ। ਗੁਰਪ੍ਰੀਤ ਸਿੰਘ ਹੁਣ ਥਾਣਾ ਕੈਂਟ ਬਠਿੰਡਾ ਤੇ ਥਾਣੇਦਾਰ ਚੇਤ ਸਿੰਘ ਥਾਣਾ ਰਾਮਾ ਮੰਡੀ ਵਿੱਚ ਆਪਣੀਆਂ ਸੇਵਾਵਾਂ ਨਿਭਾਉਣਗੇ। ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਏ ਹਨ।

# ਸਿਵਲ ਸਰਜਨ ਵੱਲੋਂ ਸੀ.ਐਚ.ਸੀ. ਦਾ ਅਚਨਚੇਤ ਦੌਰਾ

ਲੌਂਗੋਵਾਲ, 5 ਫਰਵਰੀ (ਭਗਵੰਤ ਸ਼ਰਮਾ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਲੋਕਾਂ ਨੂੰ ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਸਿਵਲ ਸਰਜਨ ਡਾ. ਅਮਰਜੀਤ ਕੌਰ ਵੱਲੋਂ ਸੀ ਐਚ ਸੀ ਲੌਂਗੋਵਾਲ ਦਾ ਅਚਨਚੇਤ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਉੱਥੇ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕੀਤਾ ਗਿਆ।ਸਿਵਲ ਸਰਜਨ ਵੱਲੋਂ ਨਿਰੀਖਣ ਦੌਰਾਨ ਹਸਪਤਾਲ ਪ੍ਰਬੰਧਕਾਂ ਨੂੰ ਸਾਫ਼-ਸਫ਼ਾਈ ਦੇ ਪੁਖ਼ਤਾ ਇੰਤਜ਼ਾਮ ਰੱਖਣ ਤੇ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਕਿ ਮਰੀਜ਼ਾਂ ਨੂੰ ਸਾਰੀਆਂ ਲੋੜੀਂਦੀਆਂ ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਮੁਫ਼ਤ ਮੁਹੱਈਆ ਕਰਵਾਈਆਂ ਜਾਣ।

ਉਨ੍ਹਾਂ ਨੇ ਮਾਤਰੀ ਮੌਤ ਦਰ ਨੂੰ ਘਟਾਉਣ ਤੇ ਸੁਰੱਖਿਅਤ ਜਣੇਪੇ ਲਈ ਹਸਪਤਾਲ ਵਿੱਚ ਡਿਲੀਵਰੀ ਦੀ ਦਰ ਵਧਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਸਿਵਲ ਸਰਜਨ ਨੇ ਸਮੂਹ ਸਟਾਫ਼ ਨੂੰ ਕਿਹਾ ਕਿ ਉਹ ਆਪੋ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣੀ ਯਕੀਨੀ ਬਣਾਉਣ ਤੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਆਪਣਾ ਵਿਵਹਾਰ ਚੰਗਾ ਰੱਖਣ ਤੇ ਸਰਕਾਰ ਵੱਲੋਂ ਆਮ ਲੋਕਾਂ ਲਈ ਉਪਲਬਧ ਸਾਰੀਆਂ ਸਿਹਤ ਸਹੂਲਤਾਂ ਉਹਨਾਂ ਨੂੰ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ।

ਇਸ ਮੌਕੇ ਉਨ੍ਹਾਂ ਦੇ ਨਾਲ ਮੈਡੀਕਲ ਅਫ਼ਸਰ ਡਾ. ਅਮਨਦੀਪ ਕੌਰ, ਡਾ. ਰਮਨ ਗੋਇਲ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ, ਬਲਾਕ ਐਜੂਕੇਟਰ ਯਾਦਵਿੰਦਰ, ਸੀਨੀਅਰ ਸਹਾਇਕ ਹਰਪ੍ਰੀਤ ਸਿੰਘ ਵਾਲੀਆ ਸਮੇਤ ਹਸਪਤਾਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਐਸ.ਐਲ.ਆਈ.ਈ.ਟੀ. ਵਿਖੇ "ਐਮਰਜੈਂਸੀ ਦੇ 50 ਸਾਲ: ਭਾਰਤੀ ਲੋਕਤੰਤਰ ਲਈ ਸਬਕ" ਵਿਸ਼ੇ 'ਤੇ ਵਿਕਸਤ ਭਾਰਤ ਯੁਵਾ ਸੰਸਦ ਕਰਵਾਇਆ



ਲੌਂਗੋਵਾਲ, 5 ਫਰਵਰੀ (ਭਗਵੰਤ ਸ਼ਰਮਾ): ਵਿਕਸਤ ਭਾਰਤ ਯੁਵਾ ਸੰਸਦ 2026 "ਐਮਰਜੈਂਸੀ ਦੇ 50 ਸਾਲ: ਭਾਰਤੀ ਲੋਕਤੰਤਰ ਲਈ ਸਬਕ" ਵਿਸ਼ੇ 'ਤੇ 4 ਫਰਵਰੀ ਨੂੰ ਆਈ. ਐਸ. ਟੀ. ਈ. ਹਾਲ, ਮਕੈਨੀਕਲ ਬਲਾਕ, ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਨੌਜਵਾਨਾਂ ਵੱਲੋਂ ਉਤਸ਼ਾਹੀ ਭਾਗੀਦਾਰੀ ਦੇਖੀ ਗਈ। ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਮਨਾਂ ਵਿੱਚ ਲੋਕਤੰਤਰੀ ਜਾਗਰੂਕਤਾ, ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਜ਼ਿੰਮੇਵਾਰ ਨਾਗਰਿਕਤਾ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਸਮਾਗਮ ਨੂੰ ਮਾਈ ਭਾਰਤ (ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ) ਦੁਆਰਾ ਫੰਡ ਕੀਤਾ ਗਿਆ ਸੀ ਅਤੇ ਇਸ ਵਿੱਚ ਜ਼ਿਲ੍ਹਾ ਸੰਗਰੂਰ ਦੇ ਨੌਜਵਾਨਾਂ ਦੀ ਭਾਗੀਦਾਰੀ ਦੇਖੀ ਗਈ, ਜਿਨ੍ਹਾਂ ਨੇ ਭਾਰਤੀ ਲੋਕਤੰਤਰ ਦੇ ਸਭ ਤੋਂ ਕਾਲੇ ਅਧਿਆਵਾਂ ਵਿੱਚੋਂ ਇੱਕ 'ਤੇ ਸਰਗਰਮੀ ਨਾਲ ਵਿਚਾਰ-ਵਟਾਂਦਰਾ ਕੀਤਾ। ਭਾਗੀਦਾਰਾਂ ਨੇ ਐਮਰਜੈਂਸੀ ਸਮੇਂ ਦੇ ਇਤਿਹਾਸਕ ਸੰਦਰਭ ਤੇ ਲੋਕਤੰਤਰੀ ਕਦਰਾਂ-ਕੀਮਤਾਂ ਤੇ ਸੰਵਿਧਾਨਕ ਸਿਧਾਂਤਾਂ ਦੀ ਰੱਖਿਆ ਲਈ ਇਸਦੇ ਸਥਾਈ ਸਬਕਾਂ ਨੂੰ ਉਜਾਗਰ ਕਰਦੇ ਹੋਏ ਸੂਝਵਾਨ ਤੇ ਵਿਚਾਰ-ਉਕਸਾਉਣ ਵਾਲੇ ਭਾਸ਼ਣ ਦਿੱਤੇ।ਪ੍ਰੋਗਰਾਮ ਦਾ ਸੰਯੋਜਨ ਡਾ. ਪ੍ਰੀਤਪਾਲ ਕੌਰ (ਸਹਾਇਕ ਪ੍ਰੋਫੈਸਰ, ਐਸ.ਐਲ.ਆਈ.ਈ.ਟੀ.) ਦੁਆਰਾ ਕੀਤਾ ਗਿਆ ਸੀ। ਡੀਨ (ਵਿਦਿਆਰਥੀ ਭਲਾਈ) ਪ੍ਰੋ. ਵੀ.ਕੇ. ਕੁਕਰੇਜਾ, ਜ਼ਿਲ੍ਹਾ ਯੁਵਾ ਅਧਿਕਾਰੀ ਰਾਹੁਲ ਸੈਣੀ ਤੇ ਐਨ.ਐਸ.ਐਸ. ਪ੍ਰੋਗਰਾਮ ਅਧਿਕਾਰੀ ਡਾ. ਤਜਿੰਦਰ ਸਿੰਘ ਤੇ ਡਾ. ਯੋਗੇਸ਼ ਵਰਮਾ ਨੇ ਵਿਦਿਆਰਥੀਆਂ ਨੂੰ ਲੋਕਤੰਤਰੀ ਭਾਸ਼ਣ ਤੇ ਰਾਸ਼ਟਰ ਨਿਰਮਾਣ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ।ਜਿਊਰੀ ਪੈਨਲ ਵਿੱਚ ਪ੍ਰੋ. ਐਚ.ਆਰ. ਘਟਕ (ਐਸ.ਐਲ.ਆਈ.ਈ.ਟੀ.), ਪ੍ਰੋ. ਏ.ਪੀ. ਸਿੰਘ ਫਰਵਾਹਾ (ਐਸ.ਐਲ.ਆਈ.ਈ.ਟੀ.), ਡਾ. ਵੀ.ਕੇ. ਮੀਨਾ (ਐਸ.ਐਲ.ਆਈ.ਈ.ਟੀ.), ਡਾ. ਨੀਤੂ ਸੇਠੀ (ਪ੍ਰਿੰਸੀਪਲ ਮਾਡਰਨ ਕਾਲਜ ਮਲੇਰਕੋਟਲਾ), ਤੇ ਹਰਜੀਤ ਕੌਰ (ਐਸੋਸੀਏਟ ਡੀਨ ਆਰ.ਆਈ.ਐਮ.ਟੀ. ਯੂਨੀਵਰਸਿਟੀ) ਸ਼ਾਮਲ ਸਨ, ਜਿਨ੍ਹਾਂ ਨੇ ਭਾਗੀਦਾਰਾਂ ਦਾ ਸਮੱਗਰੀ, ਸਪਸ਼ਟਤਾ ਅਤੇ ਪੇਸ਼ਕਾਰੀ ਹੁਨਰ ਦੇ ਆਧਾਰ 'ਤੇ ਮੁਲਾਂਕਣ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ, ਚੋਟੀ ਦੇ 10 ਪ੍ਰਦਰਸ਼ਨਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਵਿਕਸਤ ਭਾਰਤ ਯੁਵਾ ਸੰਸਦ ਨੇ ਨੌਜਵਾਨਾਂ ਲਈ ਅਰਥਪੂਰਨ ਸੰਵਾਦ ਵਿੱਚ ਸ਼ਾਮਲ ਹੋਣ, ਭਾਰਤ ਦੀ ਲੋਕਤੰਤਰੀ ਯਾਤਰਾ 'ਤੇ ਵਿਚਾਰ ਕਰਨ ਅਤੇ ਇੱਕ ਮਜ਼ਬੂਤ, ਸੁਚੇਤ ਅਤੇ ਵਿਕਸਤ ਭਾਰਤ ਦੇ ਨਿਰਮਾਣ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਵਜੋਂ ਕੰਮ ਕੀਤਾ।

# ਝੁਨੀਰ 'ਚ ਦੜੇ-ਸੱਟੇ ਤੇ ਗ਼ੈਰ-ਕਾਨੂੰਨੀ ਲਾਟਰੀ, ਕਸੀਨੋ ਦਾ ਕੰਮ ਜ਼ੋਰਾਂ 'ਤੇ

ਸਰਦੂਲਗੜ੍ਹ, 5 ਫਰਵਰੀ (ਲਛਮਣ ਸਿੱਧੂ): ਝੁਨੀਰ ਵਿੱਚ ਦੜਾ ਸੱਟਾ ਲਾਟਰੀ ਦਾ ਗ਼ੈਰਕਾਨੂੰਨੀ ਧੰਦਾ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ ਝੁਨੀਰ ਵਿੱਚ ਕੁਝ ਵਿਅਕਤੀਆਂ ਵੱਲੋਂ ਦੜੇ ਸੱਟੇ ਅਤੇ ਕਸੀਨੋ ਅਤੇ ਗੈਰਕਾਨੂੰਨੀ ਲਾਟਰੀ ਦਾ ਕੰਮ ਧੜੱਲੇ ਨਾਲ ਚਲਾਇਆ ਜਾ ਰਿਹਾ ਹੈ। ਜਿੱਥੇ ਭੋਲੇ-ਭਾਲੇ ਲੋਕਾਂ ਨੂੰ ਆਪਣੀ ਚੁੰਗਲ ਵਿੱਚ ਫਸਾ ਕੇ ਲਾਲਚ ਦਾ ਝਾਂਸਾ ਦੇ ਕੇ ਉਨ੍ਹਾਂ ਦੇ ਖ਼ੂਨ ਪਸੀਨੇ ਦੀ ਕਮਾਈ ਹੜੱਪ ਕਰ ਲਈ ਜਾਂਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਝੁਨੀਰ ਨਾਲ ਸਬੰਧਤ ਕੁੱਝ ਵਿਅਕਤੀਆਂ ਵੱਲੋਂ ਇਹ ਗੋਰਖਧੰਦਾ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀ ਆਪਸੀ ਮਿਲੀਭੁਗਤ ਕਰਕੇ ਚੱਲ ਰਿਹਾ ਹੈ।

ਹੁਣ ਦੇਖਣਾ ਇਹ ਬਣਦਾ ਹੈ ਕਿ ਇਮਾਨਦਾਰੀ ਦਾ ਢੰਡੋਰਾ ਪਿੱਟਕੇ ਸਤਾ ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਦੋ ਨੰਬਰ ਦੇ ਗੈਰਕਾਨੂੰਨੀ ਚੱਲ ਰਹੇ ਦੜੇ ਸੱਟੇ ਅਤੇ ਲਾਟਰੀਆਂ ਅਤੇ ਕਸੀਨੋ ਦੇ ਕੰਮ ਨੂੰ ਬੰਦ ਕਰਵਾਕੇ ਬਣਦੀ ਕਾਰਵਾਈ ਕਰੇਗੀ ।ਜਦ ਇਸ ਸਬੰਧੀ ਡੀ ਐਸਪੀ ਸਰਦੂਲਗੜ੍ਹ ਮਨਜੀਤ ਸਿੰਘ ਨਾਲ ਗੱਲ ਕੀਤੀ ਤਾ ਉਨ੍ਹਾਂ ਕਿਹਾ ਕਿ ਅਜਿਹਾ ਕੋਈ ਮਾਮਲਾ ਮੇਰੇ ਧਿਆਨ ਵਿੱਚ ਨਹੀਂ ਹੈ ਫਿਰ ਵੀ ਉਹ ਥਾਣਾ ਮੁਖੀ ਝਨੀਰ ਦੀ ਡਿਊਟੀ ਲਗਾ ਦਿੰਦੇ ਹਨ ! ਕਿਸੇ ਵੀ ਗੈਰਕਾਨੂੰਨੀ ਕੰਮ ਕਰਨ ਵਾਲੇ ਨੂੰ ਬਖਸਿਆ ਨਹੀ ਜਾਵੇਗਾ।

# ਵਾਰਡ ਨੰ. 19 ਵਿਖੇ ਲੁਟੇਰਿਆਂ ਨੇ ਇੱਕ ਔਰਤ ਦੇ ਘਰ ਵਿੱਚ ਚੋਰੀ ਦੀ ਵਾਰਦਾਤ ਨੂੰ ਦਿੱਤਾ ਅੰਜਾਮ



ਬੁਢਲਾਡਾ, 5 ਫਰਵਰੀ (ਜੀਵਨ ਕੁਮਾਰ): ਬੁਢਲਾਡਾ ਸ਼ਹਿਰ ਵਿਖੇ ਵਾਰਡ ਨੰ. 19 ਵਿਖੇ ਕਾਂਤਾ ਦੇਵੀ ਨਾਮ ਦੀ ਔਰਤ ਦੇ ਘਰ ਵਿੱਚ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀੜਤ ਕਾਂਤਾ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਚੋਰੀ ਹੋ ਗਈ ਹੈ। ਉਹਨਾਂ ਕਿਹਾ ਕਿ ਉਹ ਆਪਣੇ ਮੰਮੀ ਦੇ ਭੋਗ 'ਤੇ ਉੱਥੇ ਜਾ ਰਹੇ ਸੀ ਜਿਨ੍ਹਾਂ ਦੀ ਕੁੱਝ ਦਿਨ ਪਹਿਲਾਂ ਹੀ ਮੌਤ ਹੋਈ ਸੀ। ਉਹਨਾਂ ਕਿਹਾ ਕਿ ਮੈਨੂੰ ਗੁਆਂਢੀਆਂ ਦੇ ਘਰੋਂ ਫੋਨ ਆਇਆ ਕਿ ਮੇਰੇ ਘਰ ਚੋਰ ਦਾਖਲ ਹੋ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਚਲੇ ਗਏ ਹਨ। ਉਹਨਾਂ ਕਿਹਾ ਕਿ ਇਸ ਵਿੱਚ ਉਨ੍ਹਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।ਜਿਸ ਵਿੱਚ ਸੋਨੇ ਦੀਆਂ ਚਾਰ ਟੂਮਾਂ,ਕਣਕ ਦਾ ਭਰਿਆ ਡਰੱਮ,ਸਲੈਂਡਰ,ਐਲਸੀਡੀ,40 ਹਜ਼ਾਰ ਰੁਪਿਆ ਸੀ ਉਹ ਲੈ ਕੇ ਫ਼ਰਾਰ ਹੋ ਗਏ।ਇਸ ਸਬੰਧੀ ਉਨ੍ਹਾਂ ਪ੍ਰਸ਼ਾਸਨ ਤੋਂ ਮਦਦ ਦੀ ਗੁਹਾਰ ਲਗਾਈ। ਇਸ ਸਬੰਧੀ ਲੱਛਮਣ ਲੱਖੀਆ ਨੇ ਦੱਸਿਆ ਕਿ ਬਾਜੀਗਰ ਬਸਤੀ ਵਿਖੇ ਅੱਜ ਕਾਂਤਾ ਦੇਵੀ ਜੋ ਕਿ ਆਪਣੀ ਮਾਤਾ ਜੀ ਦੇ ਸਵਰਗਵਾਸ ਹੋ ਜਾਣ ਦੇ ਸੋਗ ਵਿੱਚ ਆਪ ਦੇ ਪੇਕੇ ਪਰਿਵਾਰ 'ਚ ਜਾ ਰਹੀ ਸੀ। ਉਸ ਤੋਂ ਬਾਅਦ 'ਚ ਮਗਰੋਂ ਕੋਈ ਇਸਦੇ ਘਰ ਸ਼ਰਾਰਤੀ ਅਨਸਰ,ਨਸ਼ੇੜੀ ਬੰਦੇ ਸੋਨਾ ਲੈ ਗਏ, ਇਸਦਾ ਐਲ.ਸੀ.ਡੀ. ਲੈ ਗਏ, ਕੁਝ ਨਗਦੀ ਸੀ ਉਹ ਵੀ ਲੈ ਗਏ। ਤਾਂ ਜਦੋਂ ਇਹਨੂੰ ਫ਼ੋਨ ਕਰਕੇ ਦੱਸਿਆ ਵੀ ਤੇਰੇ ਘਰ ਵਿੱਚ ਲੁੱਟ-ਖੋਹ ਹੋ ਗਈ ਤਾਂ ਇਹ ਵਿਚਾਰੀ ਜਦੋਂ ਆ ਕੇ ਘਰੇ ਦੇਖਿਆ ਤਾਂ ਕੁਝ ਵੀ ਨਹੀਂ ਹੈਗਾ ਸੀ। ਐਲ.ਸੀ.ਡੀ., ਸੋਨਾ,ਪੈਸੇ, ਸਾਰਾ ਕੁਝ ਲੁੱਟ ਕੇ ਲੈ ਗਏ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨਸ਼ੇੜੀਆਂ ਖ਼ਿਲਾਫ਼ ਕਾਰਵਾਈ ਕਰਕੇ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇ।

# ਐਸ.ਜੀ.ਪੀ.ਸੀ. ਵੱਲੋਂ 'ਆਕਸਫੋਰਡ' ਸੰਸਥਾ ਦੇ ਵਿਦਿਆਰਥੀਆਂ ਦਾ ਨਗਦ ਤੇ ਹੋਰ ਇਨਾਮਾਂ ਨਾਲ ਸਨਮਾਨ



ਭਗਤਾ ਭਾਈ ਕਾ, 5 ਫਰਵਰੀ (ਸਵਰਨ ਸਿੰਘ ਭਗਤਾ): 'ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਅਗਾਂਹ ਵਧੂ ਵਿੱਦਿਅਕ ਸੰਸਥਾ ਹੈ ਜਿਸ ਦੇ ਵਿਦਿਆਰਥੀ ਸਿਰਫ਼ ਅਕਾਦਮਿਕ ਪੱਖ ਤੋਂ ਅੱਗੇ ਨਹੀਂ ਹਨ, ਉਹ ਨੈਤਿਕ-ਕਦਰ-ਕੀਮਤਾਂ, ਬਹੁਮੁੱਲੀਆਂ ਵਿਚਾਰਧਾਰਾਵਾਂ ਦੇ ਧਾਰਨੀ ਹੋ ਕੇ ਗੁਰਮਿਤ ਪ੍ਰੀਖਿਆ ਵਿੱਚ ਵੀ ਮੋਹਰੀ ਹਨ। ਸ੍ਰੀ ਗੁਰੂ ਨਾਨਕ ਦੇਵ ਮਲਟੀਵਰਸਿਟੀ ਟਰੱਸਟ ਵੱਲੋਂ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਿਤ ਪ੍ਰੀਖਿਆ ਲਈ ਗਈ ਸੀ।ਆਕਸਫੋਰਡ ਸੰਸਥਾ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਦੇ 17 ਵਿਦਿਆਰਥੀ ਇਸ ਪ੍ਰੀਖਿਆ ਵਿੱਚੋਂ ਪਾਸ ਹੋ ਕੇ ਅਗਲੇ ਗੇੜ ਵਿੱਚ ਪਹੁੰਚੇ, ਇਨ੍ਹਾਂ 17 ਵਿਦਿਆਰਥੀਆਂ ਨੂੰ ਪਿਛਲੇ ਦਿਨੀਂ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਸਨਮਾਨਿਤ ਕੀਤਾ ਗਿਆ।ਦੂਜੇ ਗੇੜ ਵਿੱਚ ਪਹੁੰਚੇ ਵਿਦਿਆਰਥੀਆਂ ਨੂੰ ਸਮਾਰਟ ਵਾਚ (ਘੜੀ) ਤੇ ਸਰਟੀਫਿਕੇਟ ਨਾਲ ਸਨਮਾਨਿਆ ਗਿਆ।ਤੀਜੇ ਗੇੜ ਵਿੱਚ ਪਹੁੰਚੇ ਵਿਦਿਆਰਥੀਆਂ ਨੂੰ ਸਮਾਰਟ ਵਾਚ, ਕੈਟਲ, ਕਲਾਕ, ਟਰਾਫ਼ੀ ਤੇ ਸਰਟੀਫਿਕੇਟ ਦੇਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਤੀਜੇ ਗੇੜ ਵਿੱਚ ਪਹੁੰਚੇ ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਨਿਮਰਤ ਕੌਰ, ਸਮਰੀਨ ਅਰੋੜਾ ਅਤੇ ਸਮਰੀਤ ਕੌਰ ਨੂੰ 2100 ਰੁਪਏ ਦਾ ਨਗਦ ਇਨਾਮ ਵੀ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸਾਹਿਬ ਰੂਪ ਲਾਲ ਬਾਂਸਲ ਨੇ ਇਸ ਸਫ਼ਲਤਾ ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਕੇ ਹੱਲਾਸ਼ੇਰੀ ਦਿੱਤੀ ਤੇ ਬਾਕੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਹੋਰ ਵੀ ਸਕਰਾਤਮਕ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਅਜਿਹਾ ਕਰਨ ਨਾਲ ਅਸੀਂ ਮਾਨਸਿਕ ਤੌਰ ਤੇ ਬਲਵਾਨ ਤੇ ਮਜ਼ਬੂਤ ਬਣਨ ਦੇ ਨਾਲ-ਨਾਲ ਨੈਤਿਕ ਪੱਖ ਤੋਂ ਵੀ ਉੱਚਾ ਉੱਠਦੇ ਹਾਂ, ਜੋ ਕਿ ਅੱਜ ਦੇ ਮਾਹੌਲ ਵਿੱਚ ਬੇਹੱਦ ਜ਼ਰੂਰੀ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ' ਢਿੱਲੋਂ (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਦੇ ਹੋਏ ਵਧਾਈ ਦਿੱਤੀ।

# ਗਊਸ਼ਾਲਾ ਨੂੰ ਹਰਾ ਵੱਢਣ ਵਾਲਾ ਰੀਪਰ ਕੀਤਾ ਦਾਨ



ਲਹਿਰਾਗਾਗਾ, 5 ਫਰਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਨੇੜਲੇ ਪਿੰਡ ਲੇਹਲ ਕਲਾਂ ਦੀ ਗਊਸ਼ਾਲਾ ਨੂੰ ਪਿੰਡ ਬਖੋਰਾ ਕਲਾਂ ਦੇ ਸਾਬਕਾ ਸਰਪੰਚ ਲੱਖੀ ਸਿੰਘ ਵੱਲੋਂ ਹਰਾ ਵੱਢਣ ਵਾਲਾ ਰੀਪਰ ਦਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਪਏ ਸ੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਸਮੇਂ ਹਜ਼ਾਰਾਂ ਸ਼ਰਧਾਲੂਆਂ ਨੇ ਗਊਸ਼ਾਲਾ ਵਿਖੇ ਜਿੱਥੇ ਹਾਜ਼ਰੀ ਲਵਾਈ, ਉੱਥੇ ਹੀ ਲੱਖਾਂ ਰੁਪਏ ਦਾ ਨਕਦੀ ਦਾਨ, ਤੂੜੀ ਅਤੇ ਕਣਕ ਗਊਆਂ ਲਈ ਦਿੱਤਾ ਗਿਆ। ਕੁਝ ਦਿਨ ਪਹਿਲਾਂ ਜਿੱਥੇ ਬਾਬਾ ਨਰਾਇਣ ਪੁਰੀ ਨੇ ਇਸ ਗਊਸ਼ਾਲਾ ਨੂੰ ਇੱਕ ਨਵਾਂ ਟਰੈਕਟਰ ਦਿੱਤਾ ਉੱਥੇ ਹੀ ਲਹਿਰਾਗਾਗਾ ਦੇ ਆੜ੍ਹਤੀ ਸੁਰਿੰਦਰ ਕੁਮਾਰ ਭੰਡਾਰੀ ਨੇ ਵੀ ਇਕ ਲੱਖ ਰੁਪਏ ਦੀ ਨਗਦ ਰਾਸ਼ੀ ਗਊਸ਼ਾਲਾ ਨੂੰ ਦਾਨ ਦਿੱਤੀ। ਭੋਗ ਸਮੇਂ ਕੈਬਨਟ ਮੰਤਰੀ ਬਰਿੰਦਰ ਗੋਇਲ ਦੇ ਸਪੁੱਤਰ ਗੌਰਵ ਗੋਇਲ,ਕਾਂਗਰਸ ਪਾਰਟੀ ਵੱਲੋਂ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੀ ਨੂੰਹ ,ਅਕਾਲੀ ਦਲ ਦੇ ਗਗਨਦੀਪ ਸਿੰਘ ਖੰਡੇਬਾਦ ਸਮੇਤ ਪ੍ਰਮੁੱਖ ਸ਼ਖਸ਼ੀਅਤਾਂ ਨੇ ਜਿੱਥੇ ਹਾਜਰੀ ਲਵਾਈ ਉੱਥੇ ਵੀ ਉੱਥੇ ਹੀ ਨਕਦ ਰਾਸ਼ੀ ਗਊਸ਼ਾਲਾ ਨੂੰ ਦਾਨ ਦੇ ਰੂਪ ਵਿੱਚ ਦਿੱਤੀ। ਗਊਸ਼ਾਲਾ ਲੇਹਲ ਕਲਾਂ ਦੇ ਪ੍ਰਧਾਨ ਜੱਗਾ ਸਿੰਘ ਜੈਲਦਾਰ ਸੁਮੇਤ ਅਹੁਦੇਦਾਰਾਂ ਨੇ ਪ੍ਰਮੁੱਖ ਸ਼ਖ਼ਸ਼ੀਅਤਾਂ ਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ, ਉੱਥੇ ਹੀ ਰੀਪਰ ਦਾਨ ਕਰਨ ਵਾਲੇ ਸਾਬਕਾ ਸਰਪੰਚ ਲੱਖੀ ਸਿੰਘ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

# ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਨੇ ਦਿੱਤੀ ਪੰਜਾਬ ਸਰਕਾਰ ਨੂੰ ਚੇਤਾਵਨੀ



ਬਰੇਟਾ, 5 ਫਰਵਰੀ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਆਪਣੀਆ ਸੇਵਾਵਾਂ ਨਿਭਾ ਚੁੱਕੇ ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ, ਆਈ.ਈ.ਵੀ ਤੇ ਸਿੱਖਿਆ ਪ੍ਰੋਵਾਇਡਰ ਆਪਣੀ ਬਹਾਲੀ ਨੂੰ ਲੈਕੇ ਕਾਫੀ ਲੰਬੇ ਸਮੇ ਤੋ ਸੰਘਰਸ਼ ਕਰ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਅਤੇ ਜਿਲਾ ਆਗੂ ਮਨਿੰਦਰ ਕੁਮਾਰ ਬਰੇਟਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋ ਲੁਧਿਆਣਾ ਜ਼ਿਮਨੀ ਚੋਣਾ ਦੋਰਾਨ 15 ਜੂਨ ਨੂੰ ਫਿਲੋਰ ਵਿਖੇ ਕੀਤੀ ਗਈ ਮੀਟਿੰਗ ਵਿੱਚ ਵੀ ਸਾਡੀ ਜਥੇਬੰਦੀ ਦੇ ਸਮੂਹ ਵਲੰਟੀਅਰ ਨੂੰ ਜਲਦ ਹੀ ਬਿਨਾ ਕਿਸੇ ਦੇਰੀ ਤੋ ਵਿਭਾਗ ਨੂੰ ਕਮੇਟੀ ਦਾ ਗਠਨ ਕਰਕੇ ਬਹਾਲ ਕਰਨ ਦੇ ਹੁਕਮ ਦਿੱਤੇ ਸਨ ਅਤੇ 15 ਦਿਨਾਂ ਦੇ ਅੰਦਰ-ਅੰਦਰ ਬਹਾਲੀ ਪ੍ਰਸੈਸ ਨੂੰ ਪੂਰਾ ਕਰਨ ਲਈ ਕਿਹਾ ਗਿਆ ਸੀ ਪਰ ਅੱਜ ਪੂਰੇ ਅੱਠ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋ ਸਾਡੀ ਬਹਾਲੀ ਸੰਬੰਧੀ ਕੋਈ ਪ੍ਰਤੀਕਿਰਿਆ ਨਹੀ ਹੈ ਉਹਨਾਂ ਕਿਹਾ ਕਿ ਜੇਕਰ ਸਿੱਖਿਆ ਸਕੱਤਰ ਵੱਲੋਂ 6 ਫਰਵਰੀ ਨੂੰ ਯੂਨੀਅਨ ਨਾਲ ਹੋਣ ਵਾਲੀ ਮੀਟਿੰਗ ਵਿੱਚ ਕੋਈ ਪੁਖਤਾ ਜਾਂ ਠੋਸ ਹੱਲ ਨਾ ਕੀਤਾ ਯੂਨੀਅਨ ਵੱਲੋਂ 16 ਫਰਵਰੀ ਨੂੰ ਅਜੀਤਵਾਲ (ਮੋਗਾ) ਵਿਖੇ ਕਾਲੀਆਂ ਝੰਡੀਆਂ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਅਪ੍ਰੈਲ ਤੱਕ ਕੋਈ ਹੱਲ ਨਹੀ ਕੀਤਾ ਤਾਂ ਸਿੱਖਿਆ ਮੰਤਰੀ ਦੀ ਕੋਠੀ ਪੱਕਾ ਧਰਨਾ ਲਾਇਆਂ ਜਾਵੇਗਾ।ਇਸ ਮੌਕੇ ਲਖਵਿੰਦਰ ਕੌਰ, ਅਮਨਦੀਪ ਧਾਲੀਵਾਲ, ਵਰੁਣ ਖੇੜਾ, ਜਸਵਿੰਦਰ ਕੌਰ, ਰੁਪਿੰਦਰ ਕੌਰ, ਗੁਰਪ੍ਰੀਤ ਸਿੰਘ, ਵਜੀਰ ਸਿੰਘ, ਗੁਰਸੇਵਕ ਸਿੰਘ, ਕਰਮਜੀਤ ਕੌਰ, ਜਰਨੈਲ ਸਿੰਘ ਕਾਹਨਗੜ੍ਹ, ਦਰਸ਼ਨ ਸਿੰਘ ਕੁਲਰੀਆ, ਮੋਹਨਜੀਤ ਕੌਰ, ਹਰਮਨਜੀਤ ਕੌਰ, ਬਲਵਿੰਦਰ ਕੌਰ, ਵਜੀਰ ਸਿੰਘ, ਵੀਰਪਾਲ ਕੌਰ ਦਾਨੇਵਾਲਾ ਅਤੇ ਸਮੂਹ ਸਾਥੀ ਹਾਜਰ ਸਨ।

# ਡਾ. ਅਨਵਰ ਭਸੌੜ ਨੇ ਸੀ.ਐੱਮ. ਕੈਂਪ ਦਫ਼ਤਰ ਇੰਚਾਰਜ ਵਜੋਂ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



ਧੂਰੀ, 5 ਫ਼ਰਵਰੀ (ਰਾਜੇਸ਼ਵਰ ਪਿੰਟੂ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕਾ ਧੂਰੀ ਵਿੱਚ ਸਥਾਪਿਤ ਕੀਤੇ ਗਏ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਅੱਜ ਪੰਜਾਬ ਵਕਫ਼ ਬੋਰਡ ਦੇ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ ਨੇ ਬਤੌਰ ਸੀ.ਐੱਮ. ਕੈਂਪ ਦਫ਼ਤਰ ਇੰਚਾਰਜ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਇਲਾਕਾ ਨਿਵਾਸੀਆਂ ਦੀਆਂ ਮੰਗਾਂ ਤੇ ਦਰਪੇਸ਼ ਮੁਸ਼ਕਲਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਸੁਣਿਆ ਤੇ ਉਨ੍ਹਾਂ ਦੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ।

ਵਰਣਨਯੋਗ ਹੈ ਕਿ ਹਲਕਾ ਧੂਰੀ ਵਿੱਚ ਲੋਕਾਂ ਦੀ ਸਹੂਲਤ ਲਈ ਬਣਾਏ ਗਏ ਇਸ ਦਫ਼ਤਰ ਵਿੱਚ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਪਹਿਲਾਂ ਹੀ ਬਤੌਰ ਇੰਚਾਰਜ ਸੇਵਾਵਾਂ ਨਿਭਾ ਰਹੇ ਹਨ। ਹੁਣ ਡਾ. ਅਨਵਰ ਭਸੌੜ ਨੂੰ ਇਸ ਅਹਿਮ ਅਹੁਦੇ ਦੀ ਜ਼ਿੰਮੇਵਾਰੀ ਮਿਲਣ ਨਾਲ ਜਿੱਥੇ ਆਮ ਲੋਕਾਂ ਦੇ ਸਰਕਾਰੀ ਕੰਮਾਂ ਵਿੱਚ ਤੇਜ਼ੀ ਆਵੇਗੀ, ਉੱਥੇ ਹੀ ਦਫ਼ਤਰੀ ਕੰਮਕਾਜ ਦੀ ਰਫ਼ਤਾਰ ਵੀ ਪਹਿਲਾਂ ਨਾਲੋਂ ਵਧੇਰੇ ਸੁਚਾਰੂ ਹੋਣ ਦੀ ਉਮੀਦ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਅਨਵਰ ਭਸੌੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਲੀਕੇ ਗਏ 'ਰੰਗਲਾ ਪੰਜਾਬ' ਮਿਸ਼ਨ ਨੂੰ ਪੂਰਾ ਕਰਨ ਲਈ ਇੱਕ ਸਿਪਾਹੀ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਦੀਆਂ ਸਖ਼ਤ ਹਦਾਇਤਾਂ ਹਨ ਕਿ ਕਿਸੇ ਵੀ ਨਾਗਰਿਕ ਨੂੰ ਆਪਣੇ ਜਾਇਜ਼ ਕੰਮਾਂ ਲਈ ਖ਼ੱਜਲ-ਖੁਆਰ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਕੈਂਪ ਦਫ਼ਤਰ ਦੇ ਦਰਵਾਜ਼ੇ ਹਰ ਵੇਲੇ ਲੋਕਾਂ ਲਈ ਖੁੱਲ੍ਹੇ ਹਨ।

ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਦੇ ਨਾਲ ਸਾਬਕਾ ਬਲਾਕ ਪ੍ਰਧਾਨ ਹੈਪੀ ਗਰਗ ਐਡਵੋਕੇਟ, ਜਸਪਾਲ ਸਿੰਘ ਭੁੱਲਰ, ਅਨਿਲ ਮਿੱਤਲ ਤੇ ਨਰੇਸ਼ ਸਿੰਗਲਾ ਸਮੇਤ ਹੋਰ ਕਈ ਪ੍ਰਮੁੱਖ ਆਗੂ ਅਤੇ ਵਰਕਰ ਵੀ ਮੌਜੂਦ ਸਨ।

# ਮਲੇਰਕੋਟਲਾ ਮਿੰਨੀ ਨਹਿਰ ਪ੍ਰੋਜੈਕਟ ਦੀ ਸੰਘਰਸ਼ ਕਮੇਟੀ ਵੱਲੋਂ 1.25 ਕਰੋੜ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ



ਧੂਰੀ, 5 ਫ਼ਰਵਰੀ (ਰਾਜੇਸ਼ਵਰ ਪਿੰਟੂ): ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ ਅੱਜ ਇੱਥੇ ਗੱਲਬਾਤ ਕਰਦਿਆਂ ਮਾਲੇਰਕੋਟਲਾ ਮਿੰਨੀ ਨਹਿਰ ਪ੍ਰੋਜੈਕਟ ਨੂੰ ਲੈ ਕੇ ਕਿਸਾਨਾਂ ਦੀਆਂ ਚਿੰਤਾਵਾਂ ਤੇ ਮੰਗਾਂ ਨੂੰ ਸਰਕਾਰ ਦੇ ਸਾਹਮਣੇ ਰੱਖਿਆ। ਇਸ ਮੌਕੇ ਮੀਤ ਪ੍ਰਧਾਨ ਹਰਜੀਤ ਸਿੰਘ ਬਦੇਸ਼ਾ, ਖਜਾਨਚੀ ਸੁਖਵਿੰਦਰ ਸਿੰਘ ਚੂੰਘਾਂ ਤੇ ਬੁਲਾਰੇ ਮੱਘਰ ਸਿੰਘ ਭੂਦਨ ਵੀ ਹਾਜ਼ਰ ਸਨ। ਆਗੂਆਂ ਨੇ ਦੱਸਿਆ ਕਿ ਨਹਿਰੀ ਵਿਭਾਗ ਵੱਲੋਂ ਧੂਰੀ, ਮਾਲੇਰਕੋਟਲਾ, ਮਹਿਲ ਕਲਾਂ ਤੇ ਅਮਰਗੜ੍ਹ ਹਲਕਿਆਂ ਲਈ ਪਾਸ ਕੀਤਾ ਗਿਆ ਇਹ ਪ੍ਰੋਜੈਕਟ ਸਦੀਆਂ ਪੁਰਾਣੀ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਵਿੱਚ ਸਹਾਈ ਹੋਵੇਗਾ। ਕਮੇਟੀ ਦੇ ਆਗੂਆਂ ਨੇ ਕਿਹਾ ਕਿ ਮਾਲੇਰਕੋਟਲਾ ਰਿਆਸਤ ਦੇ ਲਗਭਗ 45 ਪਿੰਡ 1885 ਈਸਵੀ ਤੋਂ ਨਹਿਰੀ ਪਾਣੀ ਦੀ ਉਡੀਕ ਕਰ ਰਹੇ ਸਨ। ਇਸ ਨਵੇਂ ਪ੍ਰੋਜੈਕਟ ਵਿੱਚ 38 ਪਿੰਡਾਂ ਦੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਜਿਸ ਦੀ ਦਸਤਾਵੇਜ਼ੀ ਕਾਰਵਾਈ ਵਿਭਾਗ ਵੱਲੋਂ ਮੁਕੰਮਲ ਕਰ ਲਈ ਗਈ ਹੈ। ਹਾਲਾਂਕਿ, ਪ੍ਰਸ਼ਾਸਨ ਵੱਲੋਂ ਜ਼ਮੀਨ ਦਾ ਮੁੱਲ ਸਿਰਫ਼ ਮਾਰਕੀਟ ਰੇਟ ਅਨੁਸਾਰ ਰੱਖਣ ਕਾਰਨ ਕਿਸਾਨਾਂ ਵਿੱਚ ਭਾਰੀ ਨਾਰਾਜ਼ਗੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਉਨ੍ਹਾਂ ਦੀਆਂ ਕੀਮਤੀ ਜ਼ਮੀਨਾਂ ਦਾ ਢੁੱਕਵਾਂ ਮੁੱਲ ਦੇਣਾ ਚਾਹੀਦਾ ਹੈ।

ਕਮੇਟੀ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਆਪਣੀਆਂ ਮੰਗਾਂ ਸਪੱਸ਼ਟ ਕਰਦਿਆਂ ਮੰਗ ਕੀਤੀ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦੇ ਬਦਲੇ ਘੱਟੋ-ਘੱਟ 1 ਕਰੋੜ 25 ਲੱਖ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ। ਜਿਨ੍ਹਾਂ ਜ਼ਮੀਨਾਂ ਦੀ ਤਕਸੀਮ ਨਹੀਂ ਹੋਈ, ਉੱਥੇ ਮੁਆਵਜ਼ਾ ਉਨ੍ਹਾਂ ਕਿਸਾਨਾਂ ਨੂੰ ਮਿਲੇ ਜੋ ਮੌਕੇ 'ਤੇ ਜ਼ਮੀਨ ਵਾਹ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਮੁਆਵਜ਼ਾ ਰਾਸ਼ੀ ਬਿਨਾਂ ਕਿਸੇ ਦੇਰੀ ਦੇ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਜਮ੍ਹਾਂ ਕਰਵਾਈ ਜਾਵੇ ਤੇ ਪ੍ਰੋਜੈਕਟ ਦੇ ਸਾਰੇ ਰੇੜਕੇ ਜਲਦ ਖਤਮ ਕਰਕੇ ਕੰਮ ਸ਼ੁਰੂ ਕੀਤਾ ਜਾਵੇ ਤਾਂ ਜੋ 2026 ਵਿੱਚ ਹੀ ਖੇਤਾਂ ਤੱਕ ਪਾਣੀ ਪਹੁੰਚ ਸਕੇ। ਸੰਬੰਧਤ ਐਸ.ਡੀ.ਐਮ. ਤੇ ਨਹਿਰੀ ਵਿਭਾਗ ਵੱਲੋਂ ਨੋਟੀਫਿਕੇਸ਼ਨ ਤੇ ਅਵਾਰਡ ਤਿਆਰ ਕਰਕੇ ਸਰਕਾਰ ਨੂੰ ਭੇਜ ਦਿੱਤੇ ਗਏ ਹਨ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਆਵਜ਼ਾ ਰਾਸ਼ੀ ਵਿੱਚ ਵਾਧਾ ਨਾ ਕੀਤਾ ਤੇ ਕਿਸਾਨਾਂ ਦੀਆਂ ਮੰਗਾਂ ਨੂੰ ਅੱਖੋਂ-ਪਰੋਖੇ ਕੀਤਾ, ਤਾਂ ਉਹ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਉਨ੍ਹਾਂ ਉਮੀਦ ਜਤਾਈ ਕਿ ਸਰਕਾਰ ਜਲਦ ਹੀ ਕਿਸਾਨ ਪੱਖੀ ਫੈਸਲਾ ਲਵੇਗੀ ਤਾਂ ਜੋ ਇਲਾਕੇ ਦੀ ਕਿਸਾਨੀ ਨੂੰ ਬਚਾਇਆ ਜਾ ਸਕੇ।

# 14 ਫਰਵਰੀ ਨੂੰ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨਗੇ ਕੰਪਿਊਟਰ ਅਧਿਆਪਕ

ਬਰਨਾਲਾ 5 ਫਰਵਰੀ (ਬਘੇਲ ਸਿੰਘ ਧਾਲੀਵਾਲ) : ਪੰਜਾਬ ਭਰ ਦੇ ਕੰਪਿਊਟਰ ਅਧਿਆਪਕਾਂ ਨੇ ਆਪਣੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ 14 ਫਰਵਰੀ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਸੰਗਰੂਰ ਸਥਿਤ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਇਹ ਘਿਰਾਓ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਬੈਨਰ ਹੇਠ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਕੀਤਾ ਜਾਵੇਗਾ। ਜ਼ਿਲ੍ਹਾ ਬਰਨਾਲਾ ਪ੍ਰਧਾਨ ਪਰਦੀਪ ਕੁਮਾਰ ਅਤੇ ਸੂਬਾ ਮੀਤ ਪ੍ਰਧਾਨ ਸਿਕੰਦਰ ਸਿੰਘ ਨੇ ਦੱਸਿਆ ਕਿ ਕੰਪਿਊਟਰ ਅਧਿਆਪਕਾਂ ਨਾਲ ਭੇਦਭਾਵਪੂਰਨ ਵਤੀਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੈਰ-ਵਿਦਿਅਕ ਕੰਮਾਂ ਲਈ ਤਾਂ ਸਰਕਾਰੀ ਟੈਗ ਲਗਾਇਆ ਜਾਂਦਾ ਹੈ ਪਰ ਵਿੱਤੀ ਅਤੇ ਵਿਭਾਗੀ ਸਹੂਲਤਾਂ ਦੇਣ ਸਮੇਂ ਸੁਸਾਇਟੀ ਦਾ ਹਵਾਲਾ ਦੇ ਕੇ ਅਧਿਆਪਕਾਂ ਨੂੰ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਯੂਨੀਅਨ ਆਗੂਆਂ ਮੁਤਾਬਕ ਸਰਕਾਰ ਬਣਨ ਤੋਂ ਬਾਅਦ ਕਈ ਮੀਟਿੰਗਾਂ ਦੇ ਬਾਵਜੂਦ ਕੋਈ ਢੁਕਵਾਂ ਹੱਲ ਨਹੀਂ ਨਿਕਲਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਕੀਤੇ ਵਾਅਦਿਆਂ ਦੇ ਅਨੁਸਾਰ ਸਿਵਲ ਸੇਵਾ ਨਿਯਮ ਅਤੇ 6ਵਾਂ ਤਨਖਾਹ ਕਮਿਸ਼ਨ ਲਾਗੂ ਨਾ ਹੋਣ ਕਾਰਨ ਅਧਿਆਪਕਾਂ ਵਿੱਚ ਭਾਰੀ ਰੋਸ ਹੈ। ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਮਸਲੇ ਹੱਲ ਨਾ ਹੋਏ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। 14 ਫਰਵਰੀ ਦੀ ਰੈਲੀ ਵਿੱਚ ਸੂਬਾ ਅਤੇ ਜ਼ਿਲ੍ਹਾ ਕਮੇਟੀਆਂ ਸਮੇਤ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕੰਪਿਊਟਰ ਅਧਿਆਪਕਾਂ ਦੀ ਭਾਗੀਦਾਰੀ ਦੀ ਸੰਭਾਵਨਾ ਹੈ।

# ਕੇਂਦਰ ਸਰਕਾਰ ਜ਼ਮੀਨ ਨੂੰ ਟੁਕੜਿਆਂ ਵਿੱਚ ਵੰਡ ਕੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ : ਕੁਲਵੰਤ ਮਾਨ, ਜੈਦ



ਭਦੌੜ, 5 ਫਰਵਰੀ (ਸੁਖਵਿੰਦਰ ਪਲਾਹਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ, ਸ਼ਹਿਣੇ ਬਲਾਕ ਦੇ ਪ੍ਰਧਾਨ ਭੋਲਾ ਸਿੰਘ ਛੰਨਾ, ਬਲਾਕ ਦੇ ਜਰਨਲ ਸਕੱਤਰ ਕਾਲ਼ਾ ਸਿੰਘ ਜੈਦ ਨੇ ਪੱਤਰਕਾਰਾਂ ਨੂੰ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ। ਪੰਜਾਬ ਵਿੱਚ ਭਾਰਤ ਮਾਲਾ ਅਧੀਨ ਬਣ ਰਹੀਆਂ ਸੜਕਾਂ ਨੇ ਜਿੱਥੇ ਪੰਜਾਬ ਦੀ ਜਮੀਨ ਅਤੇ ਪੰਜਾਬ ਦੇ ਖੇਤਾਂ ਦੇ ਟੁਕੜੇ ਕੀਤੇ ਹਨ ਉਥੇ ਵੱਡੀ ਪੱਧਰ 'ਤੇ ਪੰਜਾਬ ਦੀ ਵਾਹੀਯੋਗ ਜ਼ਮੀਨ ਨੂੰ ਵੀ ਆਪਣੇ ਕਬਜੇ ਵਿੱਚ ਲੈ ਕੇ ਪੰਜਾਬ ਲੋਕਾਂ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਬਰਬਾਦ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਬਰਨਾਲੇ ਜ਼ਿਲ੍ਹੇ ਅੰਦਰ ਭਾਰਤ ਮਾਲਾ ਅਧੀਨ ਪਿੰਡਾਂ ਦੀਆਂ ਲਿੰਕ ਸੜਕਾਂ ਜੋ ਸਰਕਾਰਾਂ ਨੇ ਲੋਕਾਂ ਦੇ ਟੈਕਸ ਨਾਲ ਬਣਾਈਆਂ ਸਨ ,ਉਨ੍ਹਾਂ ਸੜਕਾਂ ਦੇ ਉੱਪਰ ਦੀ ਭਾਰਤ ਮਾਲਾ ਪ੍ਰਾਜੈਕਟਾਂ ਦੀ ਢੋਆ ਢੁਆਈ, ਰੇਤਾ, ਬਜ਼ਰੀ ਅਤੇ ਪਿੰਡਾਂ ਦੀਆਂ ਸੜਕਾਂ 'ਤੇ ਵੱਡੇ-ਵੱਡੇ ਘੋੜੇ, ਟਿੱਪਰ ਦਿਨ ਰਾਤ ਕੀੜੀਆਂ ਵਾਂਗ 24 ਘੰਟੇ ਲਗਾਤਾਰ ਚਲਦੇ ਦੇਖੇ ਜਾ ਸਕਦੇ ਹਨ। ਉਹਨਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ ਤਾਂ ਸਿਰਫ ਆਮ ਰਾਹਗੀਰਾਂ, ਛੋਟੇ ਵਹੀਕਲਾਂ, ਕਾਰਾਂ, ਕਿਸਾਨਾਂ, ਖੇਤੀਬਾੜੀ ਕਰਨ ਵਾਲੇ ਟਰੈਕਟਰ ਟਰਾਲੀਆਂ ਲਈ ਹੁੰਦੀਆਂ ਹਨ, ਤਾਂ ਜੋ ਕਿਸਾਨ ਆਪਣੀ ਫਸਲਾਂ ਦੀ ਢੋਆ ਢੁਆਈ ਕਰ ਸਕਣ ਪਰ ਇਸਦੇ ਉਲਟ ਅੱਜ ਕੱਲ ਇਹਨਾਂ ਸੜਕਾਂ ਉੱਪਰ ਆਪਣੀ ਲਿਮਟ ਤੋਂ ਜ਼ਿਆਦਾ ਵਜ਼ਨ ਵਾਲੇ ਵਹੀਕਲਜ਼ ਨਾਲ ਲੱਗਭਗ 90% ਪਿੰਡਾਂ ਦੀਆਂ ਸੜਕਾਂ ਅਤੇ ਕੱਚੇ ਰਸਤਿਆਂ ਅਤੇ ਫਸਲਾਂ ਲਈ ਪਾਣੀ ਲੰਘਾਉਣ ਵਾਲੀਆਂ ਪੁਲੀਆਂ ਵੀ ਟੁੱਟ ਚੁੱਕੀਆਂ ਹਨ।

# ਭਾਰਤ-ਅਮਰੀਕਾ ਟ੍ਰੇਡ ਡੀਲ ਭਾਰਤ ਦੇ ਵਧਦੇ ਕੱਦ ਦਾ ਪ੍ਰਤੀਕ : ਦਰਸ਼ਨ ਨੈਣੇਵਾਲ



ਬਰਨਾਲਾ , 5 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਜਪਾ ਦੇ ਕਿਸਾਨ ਮੋਰਚੇ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ, ਐਸ ਸੀ ਮੋਰਚਾ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਧਰਮ ਸਿੰਘ ਫ਼ੌਜੀ ਅਤੇ ਬੀ ਸੀ ਮੋਰਚਾ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਜਸਬੀਰ ਸਿੰਘ ਗੱਖੀ ਨੇ ਭਾਰਤ ਅਮਰੀਕਾ ਟ੍ਰੇਡ ਡੀਲ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰਾ ਦੇਸ਼ ਇਸ ਇਤਿਹਾਸਕ ਡੀਲ ਨੂੰ ਲੈ ਕੇ ਉਤਸ਼ਾਹਿਤ ਹੈ ਅਤੇ ਇਹ ਸੌਦਾ ਭਾਰਤ ਦੀ ਵਧਦੀ ਆਰਥਿਕ ਅਤੇ ਕੂਟਨੀਤਿਕ ਤਾਕਤ ਦਾ ਸਪੱਸ਼ਟ ਪ੍ਰਮਾਣ ਹੈ। ਦਰਸ਼ਨ ਸਿੰਘ ਨੈਣੇਵਾਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਲਈ ਇੰਨੀ ਵੱਡੀ ਅਤੇ ਮਹੱਤਵਪੂਰਨ ਟ੍ਰੇਡ ਡੀਲ ਸਫ਼ਲਤਾਪੂਰਵਕ ਕਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਹੁਣ ਵਿਸ਼ਵ ਮੰਚ 'ਤੇ ਮਜ਼ਬੂਤ ਫ਼ੈਸਲੇ ਕਰਨ ਵਾਲਾ ਦੇਸ਼ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਹ ਡੀਲ ਸਿਰਫ਼ ਵਪਾਰ ਤੱਕ ਸੀਮਿਤ ਨਹੀਂ, ਸਗੋਂ ਇਸ ਨਾਲ ਰੋਜ਼ਗਾਰ, ਉਦਯੋਗ ਅਤੇ ਨਿਵੇਸ਼ ਦੇ ਨਵੇਂ ਰਾਹ ਖੁੱਲ੍ਹਣਗੇ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਦਾ ਸੰਯਮ, ਆਚਰਣ ਅਤੇ ਧੀਰਜ ਅੱਜ ਭਾਰਤ ਦੀ ਵਿਸ਼ਵ ਪੱਧਰੀ ਪਛਾਣ ਬਣ ਚੁੱਕੇ ਹਨ। ਮੋਦੀ ਦੀ ਅਗਵਾਈ ਹੇਠ ਭਾਰਤ ਨੇ ਇਹ ਦਿਖਾ ਦਿੱਤਾ ਹੈ ਕਿ ਸਾਂਤੀਪੂਰਨ ਅਤੇ ਸੰਤੁਲਿਤ ਕੂਟਨੀਤੀ ਨਾਲ ਵੀ ਵੱਡੇ ਦੇਸ਼ਾਂ ਨਾਲ ਬਰਾਬਰੀ ਦੇ ਅਧਾਰ 'ਤੇ ਗੱਲਬਾਤ ਕੀਤੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਅੱਜ ਦੁਨੀਆ ਭਾਰਤ ਨੂੰ ਭਰੋਸੇਯੋਗ ਸਾਥੀ ਵਜੋਂ ਦੇਖ ਰਹੀ ਹੈ। ਧਰਮ ਸਿੰਘ ਫ਼ੌਜੀ ਐਮ ਸੀ ਨੇ ਕਿਹਾ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਨੇ ਭਾਰਤ ਦਾ ਮਾਣ ਵਿਸ਼ਵ ਭਰ ਵਿੱਚ ਵਧਾਇਆ ਹੈ। ਭਾਰਤ ਅਮਰੀਕਾ ਟ੍ਰੇਡ ਡੀਲ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਹੁਣ ਸਿਰਫ਼ ਸਮਝੌਤੇ ਕਰਨ ਵਾਲਾ ਨਹੀਂ, ਸਗੋਂ ਸ਼ਰਤਾਂ ਤੈਅ ਕਰਨ ਵਾਲਾ ਦੇਸ਼ ਬਣ ਗਿਆ ਹੈ। ਉਨ੍ਹਾਂ ਅਨੁਸਾਰ, ਇਹ ਡੀਲ ਭਾਰਤੀ ਨੌਜਵਾਨਾਂ, ਕਿਸਾਨਾਂ ਅਤੇ ਉਦਯੋਗਪਤੀਆਂ ਲਈ ਨਵੇਂ ਮੌਕੇ ਲੈ ਕੇ ਆਵੇਗੀ। ਆਪਣੇ ਬਿਆਨ ਦੇ ਅਖੀਰ ਵਿੱਚ ਜਸਬੀਰ ਸਿੰਘ ਗੱਖੀ ਨੇ ਕਿਹਾ ਕਿ ਸੁਨੇਹਾ ਬਿਲਕੁਲ ਸਾਫ਼ ਹੈ। ਇਹ ਸਿਰਫ ਇੱਕ ਟ੍ਰੇਡ ਡੀਲ ਨਹੀਂ, ਸਗੋਂ ਭਾਰਤ ਦੇ ਵਧਦੇ ਕੱਦ, ਮਜ਼ਬੂਤ ਅਗਵਾਈ ਅਤੇ ਵਿਸ਼ਵ ਪੱਧਰ 'ਤੇ ਭਰੋਸੇ ਦਾ ਐਲਾਨ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੀਆਂ ਉਪਲੱਬਧੀਆਂ ਹਾਸਲ ਕਰੇਗਾ।

# 7 ਰੋਜ਼ਾ ਕੈਂਪ ਦੌਰਾਨ ਟ੍ਰੈਫ਼ਿਕ ਨੇਮਾਂ, ਆਫ਼ਤ ਪ੍ਰਬੰਧਨ, ਸੁਰੱਖਿਆ ਸਮੇਤ ਅਹਿਮ ਪੱਖਾਂ ਦੀ ਸਿਖਲਾਈ




ਬਰਨਾਲਾ, 5 ਫਰਵਰੀ (ਬਘੇਲ ਸਿੰਘ ਧਾਲੀਵਾਲ) : ਆਫ਼ਤ ਪ੍ਰਬੰਧਨ ਵਿੱਚ ਸਿਵਿਲ ਡਿਫੈਂਸ ਦੀ ਭੂਮਿਕਾ ਬੇਹੱਦ ਅਹਿਮ ਹੈ ਜੋ ਕਿ ਸੁਰੱਖਿਆ ਦੀ ਪਹਿਲੀ ਰੇਖਾ ਵਜੋਂ ਕੰਮ ਕਰਦੀ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈ.ਏ.ਐੱਸ ਨੇ ਅੱਜ ਵਾਈਐੱਸ ਕੈਂਪਸ ਸੰਘੇੜਾ ਰੋਡ ਵਿੱਚ ਸਿਵਿਲ ਡਿਫੈਂਸ ਦੀ ਸਮਰੱਥਾ ਵਿੱਚ ਵਾਧੇ ਲਈ 7 ਰੋਜ਼ਾ ਵਿਸ਼ੇਸ਼ ਸਿਖਲਾਈ ਦੇ ਆਗਾਜ਼ ਮੌਕੇ ਕੀਤਾ। ਸਕੀਮ ਫ਼ਾਰ ਟ੍ਰੇਨਿੰਗ ਐਂਡ ਕਪੈਸਟੀ ਬਿਲਡਿੰਗ ਆਫ ਸਿਵਿਲ ਡਿਫੈਂਸ ਦੇ ਉਦਘਾਟਨੀ ਸਮਾਰੋਹ ਮੌਕੇ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਵਿਲ ਡਿਫੈਂਸ ਦੀ ਇਸ ਟ੍ਰੇਨਿੰਗ ਦਾ ਮਕਸਦ ਇਹੀ ਹੈ ਕਿ ਸਿਵਿਲ ਡਿਫੈਂਸ ਵਲੰਟੀਅਰਾਂ ਨੂੰ ਹੋਰ ਸਮਰੱਥ ਬਣਾਇਆ ਜਾ ਸਕੇ ਤਾਂ ਜੋ ਉਹ ਆਪਣੀ ਜ਼ਿੰਮੇਵਾਰੀ ਬਿਹਤਰ ਤਰੀਕੇ ਨਾਲ ਨਿਭਾਅ ਸਕਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਿਵਿਲ ਡਿਫੈਂਸ ਨੂੰ ਸੁਖਾਵਾਂ ਮਾਹੌਲ ਦਿੱਤਾ ਜਾਵੇਗਾ ਤਾਂ ਜੋ ਉਹ ਅਜਿਹੀਆਂ ਸਿਖਲਾਈਆਂ ਦਾ ਵੱਧ ਤੋਂ ਵੱਧ ਫਾਇਦਾ ਲੈ ਸਕਣ। ਇਸ ਮੌਕੇ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਆਈ ਪੀ ਐੱਸ ਨੇ ਕਿਹਾ ਕਿ ਸਿਵਿਲ ਡਿਫੈਂਸ ਵਲੋਂ ਹਮੇਸ਼ਾ ਹੀ ਅੱਗੇ ਹੋ ਕੇ ਆਪਣੀ ਭੂਮਿਕਾ ਨਿਭਾਈ ਜਾਂਦੀ ਹੈ ਅਤੇ ਕਿਸੇ ਵੀ ਆਫ਼ਤ ਜਾਂ ਔਖੇ ਵੇਲੇ ਪ੍ਰਸ਼ਾਸਨ ਅਤੇ ਲੋਕਾਂ ਵਿੱਚ ਪੁਲ ਵਜੋਂ ਭੂਮਿਕਾ ਨਿਭਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਟ੍ਰੇਨਿੰਗ ਸਾਰੇ ਵਲੰਟੀਅਰਾਂ ਲਈ ਲਾਹੇਵੰਦ ਸਾਬਿਤ ਹੋਵੇਗੀ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਅਤੇ ਐੱਸ ਐੱਸ ਪੀ ਮੁਹੰਮਦ ਸਰਫਰਾਜ਼ ਆਲਮ ਵਲੋਂ ਪੌਦਾ ਵੀ ਲਾਇਆ ਗਿਆ। ਚੀਫ਼ ਵਾਰਡਨ ਸਿਵਿਲ ਡਿਫੈਂਸ ਸ੍ਰੀ ਮਹਿੰਦਰ ਕਪਿਲ ਨੇ ਦੱਸਿਆ ਕਿ ਇਸ 7 ਰੋਜ਼ਾ ਕੈਂਪ ਦੌਰਾਨ ਸਿਵਿਲ ਡਿਫੈਂਸ ਵਲੰਟੀਅਰਾਂ ਨੂੰ ਟ੍ਰੈਫ਼ਿਕ ਨਿਯਮਾਂ, ਆਫ਼ਤ ਪ੍ਰਬੰਧਨ, ਸਿਵਲ ਸੁਰੱਖਿਆ, ਅਨੁਸ਼ਾਸਨ, ਤਕਨੀਕੀ ਹੁਨਰ, ਸਿਵਿਲ ਡਿਫੈਂਸ ਵਲੰਟੀਅਰਾਂ ਦੇ ਰੋਲ ਸਮੇਤ ਅਹਿਮ ਪੱਖਾਂ ਦੀ ਸਿਖਲਾਈ ਦਿੱਤੀ ਜਾਵੇਗੀ। ਇਹ ਸਿਖਲਾਈ ਟ੍ਰੇਨਰ ਲਖਵਿੰਦਰ ਸਿੰਘ ਅਤੇ ਹਰਨੇਕ ਸਿੰਘ ਵਲੋਂ ਦਿੱਤੀ ਜਾਵੇਗੀ। ਇਸ ਮੌਕੇ ਸਿਵਿਲ ਡਿਫੈਂਸ ਕਮਾਂਡੈਂਟ ਸ. ਰਸ਼ਪਾਲ ਸਿੰਘ, ਜੂਨੀਅਰ ਵਰੰਟ ਅਫ਼ਸਰ ਸ੍ਰੀ ਗਿਰੀਸ਼ ਚੰਦਰ, ਸਾਰਜੈਂਟ ਅਦਿਤਿਆ ਸ਼ਰਮਾ (ਏਅਰ ਫੋਰਸ ਸਟੇਸ਼ਨ ਬਰਨਾਲਾ), ਵਾਈ ਐੱਸ ਗਰੁੱਪ ਦੇ ਡਾਇਰੈਕਟਰ ਸ੍ਰੀ ਵਰੁਣ ਭਾਰਤੀ, ਸਵਰਨਜੀਤ ਕੌਰ (ਰੀਸੋਰਸ ਹੈੱਡ), ਮਹਿਕ ਸ਼ਰਮਾ (ਐਚਆਰ ਹੈੱਡ) ਅਤੇ ਵਿਸ਼ੇਸ਼ ਤੌਰ ਤੇ ਸਿਵਿਲ ਡਿਫੈਂਸ ਦੇ ਪੋਸਟ ਵਾਰਡਨ, ਸੈਕਟਰ ਵਾਰਡਨ ਤੇ ਵਲੰਟੀਅਰ ਮੌਜੂਦ ਸਨ।

# ਐਸ.ਬੀ.ਐਸ. ਸਕੂਲ ਵਿਖੇ ਬੱਚਿਆਂ ਨੂੰ ਪਲਾਸਟਿਕ ਵੇਸਟ ਮੈਨੇਜਮੈਂਟ ਬਾਰੇ ਜਾਗਰੂਕ ਕੀਤਾ



ਬਰਨਾਲਾ, 5 ਫਰਵਰੀ (ਇਸ਼ੇਨ ਕੰਗ): ਵਾਤਾਵਰਨ ਦੀ ਸੰਭਾਲ ਤਹਿਤ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਆਕਾਸ਼ਦੀਪ ਸ਼ਰਮਾ ਵੱਲੋਂ ਸੱਤਵੀਂ ਕਲਾਸ ਦੇ ਬੱਚਿਆਂ ਦੀ ਪਲਾਸਟਿਕ ਵੇਸਟ ਮੈਨੇਜਮੈਂਟ ਬਾਰੇ ਜਾਗਰੂਕਤਾ ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਪਲਾਸਟਿਕ ਵਰਤੋਂ ਨਾਲ ਹੋ ਰਹੇ ਵਾਤਾਵਰਣ ਤੇ ਪ੍ਰਦੂਸ਼ਣ ਦੇ ਨੁਕਸਾਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਪਲਾਸਟਿਕ ਪਦਾਰਥ ਸੌ ਸਾਲਾਂ ਤੱਕ ਨਹੀਂ ਖਤਮ ਹੁੰਦੇ ਅਤੇ ਜ਼ਮੀਨ, ਨਦੀਆਂ ਅਤੇ ਸਮੁੰਦਰ ਵਿੱਚ ਪੈ ਕੇ ਜੈਵਿਕ ਜੀਵਾਂ ਲਈ ਖ਼ਤਰਾ ਬਣ ਜਾਂਦੇ ਹਨ। ਜਿਵੇਂ ਕਿ ਪਲਾਸਟਿਕ ਬੋਤਲਾਂ, ਪੈਕਿੰਗ ਸਮਾਨ ਅਤੇ ਪਲਾਸਟਿਕ ਬੈਗ ਕੂੜੇ ਵਿੱਚ ਸੁੱਟੇ ਜਾਣ ਕਾਰਨ ਮਿੱਟੀ ਅਤੇ ਪਾਣੀ ਗੰਦਗੀ ਨਾਲ ਭਰ ਜਾਂਦੇ ਹਨ। ਇਸ ਨਾਲ ਨਾ ਸਿਰਫ ਸਿਹਤ ਖਤਰੇ ਵਿੱਚ ਆਉਂਦੀ ਹੈ, ਸਗੋਂ ਵਾਤਾਵਰਨ ਨੂੰ ਵੀ ਨੁਕਸਾਨ ਹੁੰਦਾ ਹੈ। ਗਤੀਵਿਧੀ ਦੌਰਾਨ ਵਿਦਿਆਰਥੀਆਂ ਨੇ ਇਹ ਸਿੱਖਿਆ ਕਿ ਜਿੰਨਾ ਸੰਭਵ ਹੋ ਸਕੇ ਪਲਾਸਟਿਕ ਦੀ ਵਰਤੋਂ ਘਟਾਉਣੀ ਚਾਹੀਦੀ ਹੈ। ਪਲਾਸਟਿਕ ਸਮਾਨ ਨੂੰ ਨਵੇਂ ਤਰੀਕੇ ਨਾਲ ਦੁਬਾਰਾ ਵਰਤਣਾ। ਪਲਾਸਟਿਕ ਨੂੰ ਛਾਂਟ ਕੇ ਸਹੀ ਤਰੀਕੇ ਨਾਲ ਰੀਸਾਇਕਲਿੰਗ ਲਈ ਭੇਜਣਾ। ਵਿਦਿਆਰਥੀਆਂ ਨੇ ਘਰੋਂ ਵੱਖ-ਵੱਖ ਪਲਾਸਟਿਕ ਸਮਾਨ ਲਿਆ ਕੇ ਰੀਸਾਇਕਲ ਅਤੇ ਨਾਨ-ਰੀਸਾਇਕਲ ਕੈਟੇਗਰੀ ਵਿੱਚ ਵਰਗੀਕਰਨ ਕੀਤਾ। ਉਹਨਾਂ ਨੇ ਪਲਾਸਟਿਕ ਬੋਤਲਾਂ ਅਤੇ ਡੱਬਿਆਂ ਨਾਲ ਸਜਾਵਟੀ ਮਾਡਲ ਤਿਆਰ ਕੀਤੇ, ਜਿਨ੍ਹਾਂ ਨੂੰ ਸਕੂਲ ਦੇ ਹੋਰ ਵਿਦਿਆਰਥੀਆਂ ਨੇ ਵੀ ਦੇਖਿਆ। ਇਸ ਮੌਕੇ ਸਾਇੰਸ ਅਧਿਆਪਕ ਆਕਾਸ਼ਦੀਪ ਸ਼ਰਮਾ ਨੇ ਕਿਹਾ ਕਿ ਪਲਾਸਟਿਕ ਵਰਤਣਾ ਜ਼ਰੂਰੀ ਹੈ, ਪਰ ਇਸ ਦੇ ਸਹੀ ਪ੍ਰਬੰਧਨ ਬਗੈਰ ਇਹ ਵਾਤਾਵਰਣ ਲਈ ਖ਼ਤਰਾ ਬਣ ਜਾਂਦਾ ਹੈ। ਹਰ ਵਿਦਿਆਰਥੀ ਆਪਣੀ ਜ਼ਿੰਮੇਵਾਰੀ ਨਿਭਾ ਕੇ ਪਲਾਸਟਿਕ ਦੇ ਨੁਕਸਾਨ ਨੂੰ ਘਟਾ ਸਕਦਾ ਹੈ। ਵਾਇਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ੍ਰਾਹਨਾ ਕਰਦਿਆਂ ਕਿਹਾ ਕਿ ਇਸ ਤਰੀਕੇ ਨਾਲ ਬੱਚਿਆਂ ਵਿੱਚ ਜ਼ਿੰਮੇਵਾਰੀ ਅਤੇ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਹੁੰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਬੱਚੇ ਆਪਣੇ ਘਰਾਂ ਅਤੇ ਸਮਾਜ ਵਿੱਚ ਵੀ ਇਸਦੀ ਪ੍ਰੇਰਣਾ ਫੈਲਾਉਣ। ਪ੍ਰਿੰਸੀਪਲ ਕਮਲਜੀਤ ਕੌਰ ਨੇ ਆਪਣਾ ਸੰਦੇਸ਼ ਦਿੰਦਿਆਂ ਕਿਹਾ ਕਿ ਆਓ, ਅਸੀਂ ਮਿਲ ਕੇ ਪਲਾਸਟਿਕ ਰਹਿਤ ਵਾਤਾਵਰਨ ਬਣਾਉਣ ਦੀ ਕੋਸ਼ਿਸ਼ ਕਰੀਏ।

# ਪੇਪਰਾਂ ਮੌਕੇ ਸਰਕਾਰੀ ਸਕੂਲਾਂ ਵਿੱਚੋਂ ਕੰਪਿਊਟਰ ਕੱਢਣਾ ਮੰਦਭਾਗਾ, ਬੱਚਿਆਂ ਦੇ ਭਵਿੱਖ ਨਾਲ ਖਿਲਵਾੜ : ਸਿੱਧੂ



ਬਰਨਾਲਾ , 5 ਫਰਵਰੀ (ਬਘੇਲ ਸਿੰਘ ਧਾਲੀਵਾਲ) : ਮੱਧ ਫਰਵਰੀ ਵਿੱਚ ਬੱਚਿਆਂ ਦੇ ਫਾਈਨਲ ਪੇਪਰ ਸ਼ੁਰੂ ਹੋ ਰਹੇ ਹਨ ਅਤੇ ਮੌਜੂਦਾ ਰੂਲਿੰਗ ਪਾਰਟੀ ਨੇ ਰਾਜਨੀਤਕ ਲਾਹਾ ਲੈਣ ਵਾਸਤੇ ਬਹੁਤ ਹੀ ਮੰਦਭਾਗਾ ਫੈਸਲਾ ਲੈਕੇ 112 ਸਕੂਲਾਂ ਵਿੱਚੋਂ ਕੰਪਿਊਟਰ ਕੱਢਕੇ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਪੰਚਾਇਤਾਂ ਨੂੰ ਦੇ ਦਿੱਤੇ ਹਨ, ਜਿਸ ਨਾਲ ਸਕੂਲੀ ਬੱਚਿਆਂ ਦੀ ਜ਼ਿੰਦਗੀ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ। ਇਹ ਵਿਚਾਰ ਭਾਜਪਾ ਹਲਕਾ ਇੰਚਾਰਜ ਭਦੌੜ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਇਕ ਪ੍ਰੈਸ ਨੋਟ ਜਾਰੀ ਕਰਕੇ ਪ੍ਰਗਟ ਕਰਦਿਆਂ ਕਿਹਾ ਬੜੇ ਦੁੱਖ ਦੀ ਗੱਲ ਹੈ ਕੇ ਅੱਜ ਦੇ ਬੱਚੇ ਕੱਲ ਨੂੰ ਦੇਸ ਦਾ ਭਵਿੱਖ ਹਨ ਤੇ ਉਹਨਾਂ ਦਾ ਨੁਕਸਾਨ ਆਪਣੇ ਨਿੱਜੀ ਹਿੱਤਾਂ ਲਈ ਕਰਨਾ ਦੇਸ ਦੀਆ ਜੜਾ ਖੋਖਲੀਆਂ ਕਰਨਾ ਹੈ ਮੈ ਸਰਕਾਰ ਅਤੇ ਐਜੂਕੇਸ਼ਨ ਮਹਿਕਮੇ ਦੇ ਇਸ ਫੈਸਲੇ ਦੀ ਨਿਖੇਧੀ ਕਰਦਾ ਹੋਇਆ ਇਸ ਨੂੰ ਤੁਰੰਤ ਵਾਪਿਸ ਲੈਣ ਦੀ ਮੰਗ ਕਰਦਾ ਹਾਂ ਜੇਕਰ ਸਿੱਖਿਆ ਵਿਭਾਗ ਨੇ ਇਹ ਫੈਸਲਾ ਵਾਪਿਸ ਨਾ ਲਿਆ ਤਾਂ ਸਾਬਕਾ ਸੈਨਿਕ ਮਾਣਯੋਗ ਗਵਰਨਰ ਪੰਜਾਬ ਨੂੰ ਮੰਗ ਪੱਤਰ ਭੇਜ ਕੇ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਇਸ ਫੈਸਲੇ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਾਂਗੇ।

# ਸਾਂਝਾ ਆਸਰਾ ਵੈਲਫ਼ੇਅਰ ਸੁਸਾਇਟੀ ਵੱਲੋਂ ਸਿਵਲ ਹਸਪਤਾਲ ਨੂੰ ਨੌ ਵੀਲ੍ਹਚੇਅਰ ਭੇਟ



ਬਰਨਾਲਾ, 5 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਾਂਝਾ ਆਸਰਾ ਵੈਲਫੇਅਰ ਸੋਸਾਇਟੀ ਬਰਨਾਲਾ ਵੱਲੋਂ ਮਰੀਜ਼ਾਂ ਦੀਆਂ ਮੁਸ਼ਕਿਲਾਂ ਨੂੰ ਵੇਖਦੇ ਹੋਏ ਸਿਵਿਲ ਹਸਪਤਾਲ ਬਰਨਾਲਾ ਦੀ ਐਮਰਜੈਂਸੀ ਅਤੇ ਵਾਰਡ ਨੰਬਰ 'ਤੇ ਨੌ ਵੀਲ ਚੇਅਰ ਭੇਟ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਯਾਦਵਿੰਦਰ ਸਿੰਘ ਬਿੱਟੂ ਦੀਵਾਨਾ ਅਤੇ ਚੇਅਰਮੈਨ ਭੁਪਿੰਦਰ ਸਿੰਘ ਜਲੂਰ ਨੇ ਦੱਸਿਆ ਕਿ ਸਿਵਲ ਹਸਪਤਾਲ ਬਰਨਾਲਾ ਵਿੱਚ ਸੀਰੀਅਸ ਮਰੀਜ਼ਾਂ ਅਤੇ ਐਕਸੀਡੈਂਟ ਵਾਲੇ ਕੇਸ ਆਉਣ ਤੇ ਮਰੀਜ਼ਾਂ ਨੂੰ ਬਹੁਤ ਦਿੱਕਤਾਂ ਆਉਂਦੀਆਂ ਸਨ, ਇਸ ਲਈ ਸਾਡੀ ਸੰਸਥਾ ਸਾਂਝਾ ਆਸਰਾ ਵੈਲਫੇਅਰ ਸੋਸਾਇਟੀ ਬਰਨਾਲਾ ਦੀ ਕਮੇਟੀ ਨੇ ਇਹ ਮਹਿਸੂਸ ਕਰਦਿਆਂ ਤੁਰੰਤ ਇਹ ਫੈਸਲਾ ਲੈ ਕੇ ਉਪਰੋਕਤ ਲੋੜੀਂਦਾ ਸਮਾਨ ਹਸਪਤਾਲ ਨੂੰ ਭੇਟ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਬਰਨਾਲਾ ਦੇ ਸੀਨੀਅਰ ਮੈਡੀਕਲ ਅਫਸਰ ਮੈਡਮ ਡਾਕਟਰ ਇੰਦੂ ਬਾਂਸਲ , ਡਾਕਟਰ ਗਗਨਦੀਪ ਸਿੰਘ ਸੇਖੋਂ ਡਾਕਟਰ ਰਾਜ ਕੁਮਾਰ,ਕਰਨਦੀਪ ਸਿੰਘ ਅਤੇ ਪ੍ਰਿੰਸ ਗੁਪਤਾ ਤੋ ਇਲਾਵਾ ਸਾਂਝਾ ਆਸਰਾ ਵੈਲਫੇਅਰ ਸੋਸਾਇਟੀ ਦੇ ਹਰਦੀਪ ਸਿੰਘ ਬਾਜਵਾ, ਜਸਪ੍ਰੀਤ ਸਿੰਘ ਜੱਸਾ ਸਿੱਧੂ, ਮਹਿੰਦਰ ਸਿੰਘ, ਪਵਨ ਕੁਮਾਰ,ਡਿੰਪਲ ਬਾਂਸਲ,ਨੀਟੂ ਅਹੂਜਾ, ਅਸ਼ੋਕ ਕੁਮਾਰ ਕਾਲਾ, ਵਿਨੋਦ ਜੈਨ, ਦਿਨੇਸ਼ ਕੁਮਾਰ,ਕੁਲਤਾਰ ਸਿੰਘ ਤਾਰੀ, ਕ੍ਰਿਸ਼ਨ ਕੁਮਾਰ, ਅਸ਼ਵਨੀ ਮੈਦਾਨ,ਰਾਜਾ ਸਿੰਘ, ਰਮੇਸ਼ਵਰ ਦਾਸ, ਰਜਿੰਦਰ ਕੁਮਾਰ ਅਤੇ ਭਜਨ ਸਿੰਘ ਢਿੱਲੋਂ ਹਾਜ਼ਰ ਸਨ।

# ਗੋਬਿੰਦ ਸਕੂਲ ਭਦੌੜ ਦੇ ਵਿਦਿਆਰਥੀਆਂ ਨੇ ਲਾਇਬ੍ਰੇਰੀ ਲਈ ਕਿਤਾਬਾਂ ਕੀਤੀਆਂ ਦਾਨ



ਭਦੌੜ, 5 ਫਰਵਰੀ (ਸੁਖਵਿੰਦਰ ਪਲਾਹਾ) : ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਗਟਾਵਾ ਕਰਦਿਆਂ ਦੇਵਿੰਦਰ ਸਤਿਆਰਥੀ ਯਾਦਗਾਰੀ ਮਿਊਂਸਪਲ ਲਾਇਬ੍ਰੇਰੀ ਨੂੰ ਵੱਖ-ਵੱਖ ਵਿਸ਼ਿਆਂ (ਵਿਸ਼ਵਕੋਸ਼ ਅਤੇ ਕਹਾਣੀ ਪੁਸਤਕਾਂ) ਨਾਲ ਸੰਬੰਧਤ ਕਿਤਾਬਾਂ ਦਾਨ ਕੀਤੀਆਂ ਗਈਆਂ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਤਨਵੀ ਸਿੰਗਲਾ ਅਤੇ ਹੁਸਨਪ੍ਰੀਤ ਸਿੰਘ ਨੇ ਸਾਰੇ ਵਿਦਿਆਰਥੀਆਂ ਦੀ ਨੁਮਾਇੰਦਗੀ ਕੀਤੀ ਅਤੇ ਇਹ ਦਰਸਾਇਆ ਕਿ ਗਿਆਨ ਵੰਡਣ ਨਾਲ ਹੀ ਵਧਦਾ ਹੈ । ਇਸ ਉਪਰਾਲੇ ਦਾ ਮਕਸਦ ਪਾਠਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਵਿਦਿਆਰਥੀਆਂ ਵਿੱਚ ਗਿਆਨ ਪ੍ਰਾਪਤੀ ਦੀ ਰੁਚੀ ਨੂੰ ਵਧਾਉਣਾ ਸੀ। ਇਸ ਉਪਰਾਲੇ ਨਾਲ ਬਾਕੀ ਵਿਦਿਆਰਥੀਆਂ ਨੂੰ ਵੀ ਉਤਸ਼ਾਹ ਮਿਲੇਗਾ ।ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਯੋਗਦਾਨ ਵਿਦਿਆਰਥੀਆਂ ਵੱਲੋਂ 2023 ਵਿੱਚ ਇਕੱਠੇ ਕੀਤੇ ਗਏ ਕਮਿਊਨਿਟੀ ਫੰਡ ਵਿੱਚੋਂ ਦਿੱਤਾ ਗਿਆ ਹੈ । ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਕਿਹਾ ਕਿ ਕਿਤਾਬਾਂ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਹਨ ਅਤੇ ਦਾਨ ਕੀਤੀਆਂ ਗਈਆਂ ਕਿਤਾਬਾਂ ਲਾਇਬਰੇਰੀ ਨਾਲ ਜੁੜੇ ਪਾਠਕਾਂ ਲਈ ਲਾਭਕਾਰੀ ਸਾਬਤ ਹੋਣਗੀਆਂ। ਲਾਇਬਰੇਰੀ ਪ੍ਰਬੰਧਕਾਂ ਵੱਲੋਂ ਸਕੂਲ ਪ੍ਰਬੰਧਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਉਪਰਾਲੇ ਸਮਾਜ ਵਿੱਚ ਸਿੱਖਿਆ ਅਤੇ ਗਿਆਨ ਦੇ ਪ੍ਰਸਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਕੂਲ ਦੇ ਸਰਪ੍ਰਸਤ ਡਾ. ਦਰਸ਼ਨ ਸਿੰਘ ਗਿੱਲ,ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ ਅਤੇ ਐੱਮ. ਡੀ ਰਿਚਾ ਪਨੇਸਰ ਗਿੱਲ ਨੇ ਵੀ ਵਿਦਿਆਰਥੀਆਂ ਦੇ ਇਸ ਸਲਾਹੁਣਯੋਗ ਕਦਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਜਾਰੀ ਰਹਿਣੀਆਂ ਚਾਹੀਦੀਆਂ ਹਨ , ਤਾਂ ਜੋ ਸਮਾਜ ਨਾਲ ਸਕੂਲ ਦਾ ਨਾਤਾ ਹੋਰ ਮਜ਼ਬੂਤ ਬਣ ਸਕੇ।

# ਵਾਈ.ਐਸ. ਜੈਨਨੇਕਸਟ ਵਿੱਚ ਜਨਮ ਦਿਨਾਂ ਦੀ ਰੰਗੀਲੀ ਖੁਸ਼ੀ




ਬਰਨਾਲਾ, 5 ਫਰਵਰੀ (ਇਸ਼ੇਨ ਕੰਗ): ਵਾਈਐਸ ਜੈਨਨੇਕਸਟ ਵਿੱਚ ਜਨਵਰੀ ਮਹੀਨੇ ਵਿੱਚ ਜਨਮੇ 64 ਵਿਦਿਆਰਥੀਆਂ ਦੇ ਜਨਮਦਿਨ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਏ ਗਏ। ਇਹ ਸਮਾਰੋਹ ਮਾਪਿਆਂ ਦੀ ਹਾਜ਼ਰੀ ਵਿੱਚ ਕਰਵਾਇਆ ਗਿਆ, ਜਿਸ ਵਿੱਚ ਕੇਕ ਕਟਿੰਗ, ਮਨੋਰੰਜਕ ਖੇਡਾਂ ਅਤੇ ਰੰਗੀਲਾ ਮਾਹੌਲ ਰਿਹਾ। ਅੰਤ ਵਿੱਚ ਬੱਚਿਆਂ ਨੂੰ ਕੈਲੰਡਰ ਤੋਹਫ਼ੇ ਵਜੋਂ ਦਿੱਤੇ ਗਏ, ਜਿਸ ਨਾਲ ਸਮਾਰੋਹ ਯਾਦਗਾਰ ਬਣਿਆ ਅਤੇ ਸਕੂਲ-ਪਰਿਵਾਰਕ ਸਬੰਧ ਹੋਰ ਮਜ਼ਬੂਤ ਹੋਏ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਵਿੱਚ 19 ਥਾਵਾਂ 'ਤੇ ਕੈਂਪ ਜਾਰੀ



ਬਰਨਾਲਾ, 5 ਫਰਵਰੀ (ਚਮਕੌਰ ਸਿੰਘ ਗੱਗੀ) : ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਵਿੱਚ 19 ਥਾਵਾਂ 'ਤੇ ਕੈਂਪ ਵਿਸ਼ੇਸ਼ ਕੈਂਪ ਜਾਰੀ ਹਨ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਕੀਮ ਅਧੀਨ ਪਿੰਡ ਬਡਬਰ, ਬਰਨਾਲਾ ਸ਼ਹਿਰ ਵਾਰਡ ਨੰਬਰ 7, ਹੰਡਿਆਇਆ ਵਾਰਡ ਨੰਬਰ 11, ਭੱਦਲਵਢ, ਭਗਤਪੁਰਾ (ਮੌੜ ਨਾਭਾ), ਭੈਣੀ ਫੱਤਾ, ਭੋਤਨਾ, ਛਾਪਾ, ਦੀਪਗੜ੍ਹ, ਧੂਰਕੋਟ, ਗਹਿਲ, ਕੁਤਬਾ, ਨੈਣੇਵਾਲ, ਨਿਹਾਲੂਵਾਲ, ਪੱਖੋਂ ਕਲਾਂ, ਪੰਧੇਰ, ਸਹਿਜੜਾ, ਸੇਖਾ ਤੇ ਠੁੱਲੀਵਾਲ ਵਿੱਚ ਵਿਸ਼ੇਸ਼ ਕੈਂਪ ਜਾਰੀ ਹਨ। ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਹਰਜਿੰਦਰ ਸਿੰਘ ਬੇਦੀ ਆਈਏਐੱਸ ਨੇ ਇਨ੍ਹਾਂ ਕੈਂਪਾਂ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉੱਠਾ ਕੇ ਆਪਣੇ ਸਿਹਤ ਬੀਮਾ ਕਾਰਡ ਬਣਾਉਣ ਅਤੇ ਇਸ ਯੋਜਨਾ ਦਾ ਲਾਹਾ ਪ੍ਰਾਪਤ ਕਰਨ । ਭਲਕੇ ਵੀ ਇਨ੍ਹਾਂ ਥਾਵਾਂ 'ਤੇ ਕੈਂਪ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਾਕੀ ਪਿੰਡਾਂ ਅਤੇ ਵਾਰਡਾਂ ਵਿੱਚ ਵੀ ਕੈਂਪ ਲਾਏ ਜਾਣਗੇ।

# ਪਿੰਡ ਧਨੇਰ ਵਿੱਚ ਮੁਫ਼ਤ ਆਯੂਸ਼ ਡਾਕਟਰੀ ਜਾਂਚ ਕੈਂਪ ਲਗਾਇਆ



ਮਹਿਲ ਕਲਾਂ/ਬਰਨਾਲਾ, 5 ਫਰਵਰੀ (ਚਮਕੌਰ ਸਿੰਘ ਗੱਗੀ) : ਆਯੂਸ਼ ਕਮਿਸ਼ਨਰ ਸ. ਦਿਲਰਾਜ ਸਿੰਘ ਆਈ.ਏ.ਐਸ, ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ, ਡਾਇਰੈਕਟਰ ਹੋਮਿਓਪੈਥੀ ਪੰਜਾਬ ਡਾ. ਰਜੀਵ ਜਿੰਦੀਆ ਦੀ ਯੋਗ ਅਗਵਾਈ ਵਿੱਚ ਗੁਰਦੁਆਰਾ ਗੁਰਸਾਗਰ ਸਾਹਿਬ ਪਿੰਡ ਧਨੇਰ ਵਿਖੇ ਮੁਫ਼ਤ ਆਯੂਸ਼ ਮੈਡੀਕਲ ਚੈੱਕਅਪ ਕੈਂਪ ਦਾ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸਰਪੰਚ ਅਮਨਪ੍ਰੀਤ ਕੌਰ, ਸਾਬਕਾ ਸਰਪੰਚ ਸ. ਜਸਵਿੰਦਰ ਸਿੰਘ, ਬਾਬਾ ਗਗਨਪ੍ਰੀਤ ਸਿੰਘ, ਸਮੂਹ ਗਰਾਮ ਪੰਚਾਇਤ ਅਤੇ ਪਤਵੰਤੇ ਸੱਜਣਾਂ ਵਲੋਂ ਕੀਤਾ ਗਿਆ। ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵਲੋਂ ਡਾ. ਨਵਨੀਤ ਬਾਂਸਲ, ਡਾ. ਸੀਮਾ ਬਾਂਸਲ ਅਤੇ ਡਾ. ਸਵਿੰਦਰਜੀਤ ਸਿੰਘ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ। ਉਪਵੈਦ ਸ਼ਿਵ ਸ਼ੰਕਰ, ਸੁਖਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਵਲੋਂ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਹੋਮਿਓਪੈਥਿਕ ਵਿਭਾਗ ਵਲੋਂ ਡਾ. ਪਰਮਜੀਤ ਕੌਰ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਡਿਸਪੈਂਸਰ ਗੁਰਚਰਨ ਸਿੰਘ ਔਲਖ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਆਸ਼ਾ ਵਰਕਰ ਅਕਬਰੀ ਅਤੇ ਰਮਨਦੀਪ ਕੌਰ, ਪਾਰਟ ਟਾਈਮ ਵਰਕਰ ਪ੍ਰੇਮ ਪਾਲ ਸਿੰਘ ਅਤੇ ਪਰਮਜੀਤ ਕੌਰ ਵੱਲੋਂ ਮਰੀਜ਼ਾਂ ਅਤੇ ਮੈਡੀਕਲ ਟੀਮ ਦਾ ਸਹਿਯੋਗ ਕੀਤਾ ਗਿਆ। ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵਲੋਂ 304, ਹੋਮਿਓਪੈਥਿਕ ਵਿਭਾਗ ਵਲੋਂ 187 ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੇ ਅੰਤ ਵਿੱਚ ਗ੍ਰਾਮ ਪੰਚਾਇਤ ਅਤੇ ਪਤਵੰਤੇ ਸੱਜਣਾਂ ਵਲੋਂ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਸਰਕਾਰ ਵਲੋਂ ਇਹਨਾਂ ਪੁਰਾਤਨ ਪੈਥੀਆਂ ਦੇ ਪ੍ਰਸਾਰ ਲਈ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ ਗਈ । ਇਸ ਮੌਕੇ ਪ੍ਰਧਾਨ ਗੁਰਜੀਤ ਸਿੰਘ, ਦਲਵਿੰਦਰ ਸਿੰਘ, ਪ੍ਰਦੀਪ ਸਿੰਘ ਹਾਂਸ, ਸੁਖਵਿੰਦਰ ਸਿੰਘ ਗਰੇਵਾਲ, ਬਲਜੀਤ ਸਿੰਘ ਹਾਂਸ, ਤੇਜਿੰਦਰ ਸਿੰਘ, ਸੁਖਦੇਵ ਸਿੰਘ ਢਿੱਲੋਂ, ਪਰਮਜੀਤ ਸਿੰਘ ਢਿੱਲੋਂ, ਕਰਨੈਲ ਸਿੰਘ ਸੋਮਲ, ਰਵਿੰਦਰ ਸਿੰਘ ਗਰੇਵਾਲ ਹਾਜ਼ਰ ਸਨ।

# ਤੇਜ਼ ਰਫ਼ਤਾਰ ਕਾਰਾਂ ਦੀ ਟੱਕਰ, ਦੋ ਜ਼ਖ਼ਮੀ

ਧਨੌਲਾ, 5 ਫਰਵਰੀ (ਚਮਕੌਰ ਸਿੰਘ ਗੱਗੀ) : ਬੀਤੀ ਰਾਤ ਧਨੌਲਾ-ਸੰਗਰੂਰ ਰੋਡ ਤੇ ਨੇੜੇ ਗਊਸ਼ਾਲਾ ਵਿਖੇ ਦੋ ਕਾਰਾਂ ਦੀ ਹੋਈ ਆਮੋ ਸਾਹਮਣੇ ਭਿਆਨਕ ਟੱਕਰ ਦੇ ਨਾਲ ਸਵਿਫਟ ਕਾਰ ਦੇ ਪਰਖੱਚੇ ਉੱਡਣ ਅਤੇ ਚਾਲਕ ਦੇ ਗੰਭੀਰ ਜਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਕਾਲੇ ਰੰਗ ਦੀ ਪੀਵੀ 19 ਡਬਲਿਯੂ 1745 ਟਾਟਾ ਪੰਚ ਕਾਰ ਦੇ ਚਾਲਕ ਸ਼ਰਾਬੀ ਹਾਲਤ ਵਿੱਚ ਹੋਣ ਦੇ ਕਾਰਨ ਪੈਟਰੋਲ ਪੰਪ ਸਾਹਮਣੇ ਬਣੀਆਂ ਦੁਕਾਨਾਂ ਅੱਗੇ ਬਣੇ ਸ਼ੈਡਾਂ ਦੀਆ ਪਾਈਪਾਂ ਵਿੱਚ ਗੱਡੀ ਮਾਰ ਕੇ ਸ਼ੈਡ ਭੰਨ ਦਿੱਤੇ ਅਤੇ ਫਿਰ ਗਊਸ਼ਾਲਾ ਨਜਦੀਕ ਸਾਹਮਣੇ ਤੋਂ ਆ ਰਹੀ ਪੀਬੀ 19 ਐਚ 8789 ਸਵਿਫਟ ਕਾਰ ਨੂੰ ਟੱਕਰ ਮਾਰ ਦਿੱਤੀ, ਟੱਕਰ ਇੰਨੀ ਭਿਆਨਕ ਸੀ ਕਿ ਦੋਵਾਂ ਕਾਰਾ ਦੇ ਪਰਖੱਚੇ ਉਡ ਗਏ, ਤੇ ਚਾਲਕ ਸਮੇਤ ਸਵਾਰੀਆਂ ਗੰਭੀਰ ਜਖਮੀ ਹੋ ਗਈਆਂ, ਜਖਮੀਆਂ ਦ ਪਹਿਚਾਣ ਤਰਸੇਮ ਸਿੰਘ ਕਾਲੇਕੇ, ਗੁਰਪ੍ਰੀਤ ਸ਼ਰਮਾ ਗੁਰਵਿੰਦਰ ਸਿੰਘ ਲਾਲੀ ਅਤੇ ਹੈਪੀ ਵਜੋਂ ਹੋਈ ਹੈ।

# ਵਾਈ.ਐੱਸ. ਕਾਲਜ ਦੀ ਡੈਵਿਨਸੀ ਰੀਸਾਲਵ ਵਰਕਸ਼ਾਪ ਸੰਪੰਨ



ਬਰਨਾਲਾ, 5 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐੱਸ ਕਾਲਜ, ਜੋ ਕਿ ਸਾਲ ਦਾ ਸਭ ਤੋਂ ਉਭਰਦਾ ਹੋਇਆ ਉੱਚ ਸਿੱਖਿਆ ਸੰਸਥਾਨ ਵਜੋਂ ਮਾਨਤਾ ਪ੍ਰਾਪਤ ਕਰ ਚੁੱਕਾ ਹੈ, ਨੇ 5 ਫਰਵਰੀ ਨੂੰ ਡੈਵਿਨਸੀ ਰੀਸਾਲਵ ਸਾਫਟਵੇਅਰ 'ਤੇ ਆਧਾਰਿਤ ਵਿਡੀਓ ਐਡਿਟਿੰਗ ਸੈਸ਼ਨ ਦੀ ਸਫਲ ਸਮਾਪਤੀ ਨਾਲ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ। ਅੱਜ ਪੇਸ਼ੇਵਰ ਪ੍ਰਸ਼ਿਕਸ਼ਣ ਕਾਰਜਕ੍ਰਮ ਦਾ ਆਖਰੀ ਦਿਨ ਸੀ, ਜਿਸ ਦੌਰਾਨ ਵਿਦਿਆਰਥੀਆਂ ਨੇ ਸੈਸ਼ਨ ਦੌਰਾਨ ਸਿੱਖੀਆਂ ਕੌਸ਼ਲਤਾਵਾਂ ਦਾ ਪ੍ਰਦਰਸ਼ਨ ਕੀਤਾ। ਇਹ ਹੱਥੋਂ-ਹੱਥੀ ਵਰਕਸ਼ਾਪ ਵਿਦਿਆਰਥੀਆਂ ਨੂੰ ਵਿਡੀਓ ਐਡਿਟਿੰਗ ਦੇ ਮੂਲ ਸਿਧਾਂਤ, ਉੱਚ ਪੱਧਰੀ ਕਲਰ ਗ੍ਰੇਡਿੰਗ ਤਕਨੀਕਾਂ, ਗ੍ਰੀਨ ਸਕਰੀਨ ਪ੍ਰਭਾਵ, ਕੀ-ਫ੍ਰੇਮਿੰਗ ਅਤੇ ਸਪੀਡ ਕੰਟਰੋਲ ਬਾਰੇ ਵਿਸਥਾਰਪੂਰਕ ਗਿਆਨ ਦੇਣ ਵਿੱਚ ਸਫਲ ਰਹੀ, ਜਿਸ ਨਾਲ ਉਹ ਡਿਜੀਟਲ ਮੀਡੀਆ ਉਦਯੋਗ ਲਈ ਤਿਆਰ ਹੋਏ। ਸਾਰੇ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਸਰਗਰਮ ਭਾਗੀਦਾਰੀ ਕਰਦਿਆਂ ਪ੍ਰਯੋਗਾਤਮਕ ਸਿੱਖਿਆ ਹਾਸਲ ਕੀਤੀ ਅਤੇ ਫਿਲਮ ਨਿਰਮਾਣ ਅਤੇ ਡਿਜੀਟਲ ਸਮੱਗਰੀ ਸਿਰਜਣਾ ਵਿੱਚ ਵਰਤੀਆਂ ਜਾਣ ਵਾਲੀਆਂ ਪੇਸ਼ੇਵਰ ਐਡਿਟਿੰਗ ਤਕਨੀਕਾਂ ਨਾਲ ਸਿੱਧਾ ਪਰਚਾ ਕੀਤਾ। ਆਖਰੀ ਦਿਨ ਹਰ ਵਿਦਿਆਰਥੀ ਨੇ ਆਪਣੇ ਪ੍ਰੋਜੈਕਟ ਦੀ ਲਾਈਵ ਪ੍ਰਸਤੁਤੀ ਦਿੱਤੀ, ਜਿਸ ਰਾਹੀਂ ਉਨ੍ਹਾਂ ਦੀ ਰਚਨਾਤਮਕਤਾ, ਤਕਨੀਕੀ ਦੱਖਲ ਅਤੇ ਆਤਮਵਿਸ਼ਵਾਸ ਸਪੱਸ਼ਟ ਰੂਪ ਵਿੱਚ ਨਜ਼ਰ ਆਇਆ। ਇਹ ਸੈਸ਼ਨ ਇੰਟਰਨ ਫੈਕਲਟੀ ਮੋਹਿਤ ਕੁਮਾਰ ਵੱਲੋਂ ਸਫਲਤਾਪੂਰਕ ਕਰਵਾਇਆ ਗਿਆ। ਉਨ੍ਹਾਂ ਦੀ ਵਿਸ਼ੇਸ਼ਗਿਆਨ ਭਰੀ ਰਹਿਨੁਮਾਈ, ਇੰਟਰਐਕਟਿਵ ਪੜ੍ਹਾਉਣ ਦੀ ਸ਼ੈਲੀ ਅਤੇ ਪ੍ਰਯੋਗਾਤਮਕ ਪੱਧਰ ਦੀ ਸਿਖਲਾਈ ਨੇ ਵਿਦਿਆਰਥੀਆਂ ਦੀ ਤਕਨੀਕੀ ਸਮਰਥਾ ਅਤੇ ਆਤਮਵਿਸ਼ਵਾਸ ਨੂੰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਡਿਜੀਟਲ ਸਾਖਰਤਾ ਅਤੇ ਰਚਨਾਤਮਕ ਮੀਡੀਆ ਹੁਨਰ ਭਵਿੱਖ ਦੀ ਸਿੱਖਿਆ ਦੀ ਦਿਸ਼ਾ ਹਨ। ਉਨ੍ਹਾਂ ਨੇ ਵਿਦਿਆਰਥੀਆਂ ਦੀ ਪ੍ਰਦਰਸ਼ਨਸ਼ੀਲਤਾ 'ਤੇ ਮਾਣ ਪ੍ਰਗਟ ਕੀਤਾ ਅਤੇ ਨਵੀਨ ਤੇ ਪ੍ਰਯੋਗਾਤਮਕ ਸਿੱਖਣੀ ਕਾਰਜਕ੍ਰਮਾਂ ਰਾਹੀਂ ਪ੍ਰਤਿਭਾ ਨੂੰ ਨਿਖਾਰਨ ਦੇ ਸੰਸਥਾਗਤ ਲਕਸ਼ ਨੂੰ ਦੁਹਰਾਇਆ। ਉਪ ਪ੍ਰਿੰਸੀਪਲ ਵੀ. ਪੀ. ਸਿੰਗਲਾ ਨੇ ਵੀ ਭਾਗੀਦਾਰਾਂ ਨੂੰ ਵਧਾਈ ਦਿੱਤੀ ਅਤੇ ਸੈਸ਼ਨ ਦੀ ਸਫਲ ਆਯੋਜਨਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੇ ਆਤਮਵਿਸ਼ਵਾਸ, ਰੋਜ਼ਗਾਰਯੋਗਤਾ ਅਤੇ ਰਚਨਾਤਮਕ ਸਮਰਥਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਹ ਵਿਡੀਓ ਐਡਿਟਿੰਗ ਸੈਸ਼ਨ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ, ਜੋ ਕਿ ਵਾਈ. ਐੱਸ ਕਾਲਜ ਦੀ ਅਕਾਦਮਿਕ ਉਤਕ੍ਰਿਸ਼ਟਤਾ, ਹੁਨਰ ਵਿਕਾਸ ਅਤੇ ਸਮੁੱਚੇ ਵਿਦਿਆਰਥੀ ਵਿਕਾਸ ਪ੍ਰਤੀ ਲਗਾਤਾਰ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇੱਕ ਵਾਰ ਫਿਰ ਸਾਬਤ ਕਰਦਾ ਹੈ ਕਿ ਇਹ ਸੰਸਥਾ ਉੱਚ ਸਿੱਖਿਆ ਦੇ ਖੇਤਰ ਵਿੱਚ ਇੱਕ ਅਗੇਤੀ ਉਭਰਦਾ ਹੋਇਆ ਨਾਮ ਹੈ।

# ਹੈਵੀ ਲੋਡਿੰਗ ਵਾਹਨ ਰਾਤ 9 ਵਜੇ ਤੋਂ ਸਵੇਰੇ 7 ਵਜੇ ਤੱਕ ਹੀ ਹੋ ਸਕਦੇ ਨੇ ਬਾਜ਼ਾਰ ਅੰਦਰ ਦਾਖ਼ਲ

ਬਰਨਾਲਾ, 5 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਮੈਜਿਸਟ੍ਰੇਟ ਨੇ ਸੁਰੱਖਿਆ ਸੰਘਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕਰਦਿਆਂ ਕਿਹਾ ਕਿ ਦੁਕਾਨਦਾਰਾਂ ਵੱਲੋਂ ਸ਼ਹਿਰ ਦੇ ਸਦਰ ਬਾਜ਼ਾਰ/ਫਰਵਾਹੀ ਬਾਜ਼ਾਰ/ਹੰਡਿਆਇਆ ਬਾਜ਼ਾਰ ਅਤੇ ਕੱਚਾ ਕਾਲਜ ਰੋਡ/ਪੱਕਾ ਕਾਲਜ ਰੋਡ ਉਪਰ ਕਿਸੇ ਕਿਸਮ ਦਾ ਸਾਮਾਨ ਆਪਣੀ ਮਾਲਕੀ ਦੀ ਹੱਦ ਤੋਂ ਬਾਹਰ ਨਾ ਰੱਖਿਆ ਜਾਵੇ। ਸਦਰ ਬਾਜ਼ਾਰ ਵਿੱਚ ਕਿਸੇ ਵੀ ਕਿਸਮ ਦਾ ਫੋਰ-ਵੀਲਰ ਦਾਖ਼ਲ ਨਾ ਕੀਤਾ ਜਾਵੇ ਅਤੇ ਬਾਜ਼ਾਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਫੋਰ-ਵੀਲਰ ਦੀ ਪਾਰਕਿੰਗ ਰੇਲਵੇ ਸਟੇਸ਼ਨ ਬਰਨਾਲਾ ਦੀ ਪਾਰਕਿੰਗ ਵਿੱਚ ਕੀਤੀ ਜਾਵੇ। ਉਨ੍ਹਾਂ ਹੁਕਮ ਜਾਰੀ ਕਰਦਿਆਂ ਕਿਹਾ ਕਿ ਫਰਵਾਹੀ ਅਤੇ ਹੰਡਿਆਇਆ ਬਾਜ਼ਾਰ ਵਿੱਚ ਫੋਰ-ਵੀਲਰ ਦੀ ਪਾਰਕਿੰਗ, ਪਾਰਕਿੰਗ ਲਾਈਨਾਂ ਦੇ ਅੰਦਰ ਹੀ ਕੀਤੀ ਜਾਵੇ। ਸਾਰੇ ਬਾਜ਼ਾਰਾਂ ਵਿੱਚ ਲੋਡਿੰਗ ਵਹੀਕਲਜ਼, ਟਰੈਕਟਰ ਟਰਾਲੀਆਂ, ਟੈਂਪੂਆਂ, ਟਾਟਾ 407, ਹੈਵੀ ਟਰੱਕਾਂ ਆਦਿ ਦੇ ਦਾਖ਼ਲ ਹੋਣ ਦਾ ਸਮਾਂ ਰਾਤ 9 ਵਜੇ ਤੋਂ ਸਵੇਰੇ 7 ਵਜੇ ਤੱਕ ਹੋਵੇਗਾ। ਇਸ ਤੋਂ ਇਲਾਵਾ ਦਿਨ ਦੇ ਬਾਕੀ ਸਮੇਂ ਇਨਹਾਂ ਵਾਹਨਾਂ ਦੇ ਦਾਖ਼ਲ ਹੋਣ 'ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ। ਇਕ ਹੋਰ ਹੁਕਮ ਅਨੁਸਾਰ ਉਨ੍ਹਾਂ ਜ਼ਿਲ੍ਹੇ ਅੰਦਰ ਅਣ-ਅਧਿਕਾਰਤ ਆਵਾਜ਼ੀ ਪ੍ਰਦੂਸ਼ਣ ਵਾਲੇ ਯੰਤਰਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਮੈਰਿਜ ਪੈਲੇਸਾਂ/ਧਾਰਮਿਕ ਸਥਾਨਾਂ/ਆਮ ਲੋਕਾਂ ਦੁਆਰਾ ਸੱਭਿਆਚਾਰਕ/ਧਾਰਮਿਕ ਅਤੇ ਹੋਰ ਪ੍ਰੋਗਰਾਮਾਂ ਆਦਿ ਵਿੱਚ ਲਾਊਡ ਸਪੀਕਰਾਂ, ਆਰਕੈਸਟਰਾ ਅਤੇ ਆਵਾਜ਼ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਦੇ ਫਲਸਰੂਪ ਆਮ ਲੋਕਾਂ, ਮਾਨਸਿਕ ਰੋਗੀਆਂ ਅਤੇ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ। ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੋਆਇਜ਼ਜ) ਐਕਟ 1956 ਅਨੁਸਾਰ ਕੋਈ ਵੀ ਵਿਅਕਤੀ ਪੂਰਵ ਪ੍ਰਵਾਨਗੀ ਲਾਊਡ ਸਪੀਕਰਾਂ ਜਾਂ ਆਵਾਜ਼ੀ ਯੰਤਰਾਂ ਦੀ ਵਰਤੋਂ ਨਹੀਂ ਕਰ ਸਕਦਾ ਹੈ, ਜਿਸ ਵੀ ਮੈਰਿਜ ਪੈਲੇਸ, ਹੋਟਲ, ਰੈਸਟੋਰੈਂਟ ਜਾਂ ਆਮ ਲੋਕਾਂ ਨੇ ਲਾਊਡ ਸਪੀਕਰ ਲਗਾਉਣਾ ਹੋਵੇਗਾ, ਉਹ ਵੱਖਰੇ ਤੌਰ 'ਤੇ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਪਹਿਲਾਂ ਪ੍ਰਵਾਨਗੀ ਲੈਣਾ ਯਕੀਨੀ ਬਣਾਉਣਗੇ। ਅਗਲੇ ਹੁਕਮਾਂ ਤਹਿਤ ਜ਼ਿਲਾ ਬਰਨਾਲਾ ਦੀ ਹਦੂਦ ਅੰਦਰ ਚਿਹਰਾ ਢਕ ਕੇ ਵਾਹਨ (ਸਕੂਟਰ/ਮੋਟਰਸਾਈਕਲ ਆਦਿ) ਚਲਾਉਣ ਅਤੇ ਪੈਦਲ ਚੱਲਦੇ ਸਮੇਂ ਚਿਹਰਾ ਢਕਣ ਤੇ ਪਾਬੰਦੀ ਲਗਾਈ ਹੈ। ਜੇਕਰ ਕਿਸੇ ਵਿਅਕਤੀ ਦੇ ਕਿਸੇ ਬਿਮਾਰੀ ਜਾਂ ਅਲਰਜੀ ਦੀ ਵਜਾ ਕਰ ਕੇ ਮੈਡੀਕਲ ਸੁਪਰਵੀਜ਼ਨ ਹੇਠ ਮਾਸਕ ਜਾਂ ਕੋਈ ਹੋਰ ਚੀਜ਼ ਪਹਿਨੀ ਹੋਵੇਗੀ, ਇਹ ਹੁਕਮ ਉਨਾਂ 'ਤੇ ਲਾਗੂ ਨਹੀਂ ਹੋਣਗੇ। ਜ਼ਿਲਾ ਮੈਜਿਸਟਰੇਟ ਨੇ ਕਿਹਾ ਕਿ ਉਨਾਂ ਦੇ ਧਿਆਨ ਵਿੱਚ ਆਇਆ ਹੈ ਕਿ ਵਾਹਨ ਚਲਾਉਦੇ ਸਮੇਂ ਚਿਹਰਾ ਢਕਣ ਨਾਲ ਸਮਾਜ ਵਿਰੋਧੀ ਅਨਸਰ ਕਿਸੇ ਵੀ ਸੰਗੀਨ ਵਾਰਦਾਤ ਨੂੰ ਅੰਜਾਮ ਦੇ ਕੇ ਪੁਲੀਸ ਤੋਂ ਬਚ ਸਕਦੇ ਹਨ। ਇਸ ਲਈ ਉਪਰੋਕਤ ਹੁਕਮ ਦਿੱਤੇ ਗਏ ਹਨ। ਸੀਨੀਅਰ ਕਪਤਾਨ ਪੁਲੀਸ ਇਨਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣਗੇ। ਉਪਰੋਕਤ ਹੁਕਮ ਮਿਤੀ 14 ਮਾਰਚ, 2026 ਤੱਕ ਲਾਗੂ ਰਹਿਣਗੇ।

# ਘਰੇਲੂ ਕਲੇਸ਼ ਕਾਰਨ ਸਰਕਾਰੀ ਅਧਿਆਪਕਾ ਨੇ ਲਾਈਵ ਹੋ ਕੇ ਲਗਾਈ ਇਨਸਾਫ਼ ਦੀ ਗੁਹਾਰ



ਭਦੌੜ, 5 ਫਰਵਰੀ (ਸੁਖਵਿੰਦਰ ਪਲਾਹਾ) : ਭਦੌੜ ਨੇੜਲੇ ਪਿੰਡ ਕੋਠੇ ਈਸਰ ਸਿੰਘ ਵਾਲਾ ਦੀ ਰਹਿਣ ਵਾਲੀ ਸਰਕਾਰੀ ਮਹਿਲਾ ਅਧਿਆਪਕਾ ਰਾਜਵੀਰ ਕੌਰ ਵੱਲੋਂ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਆਪਣੇ ਸਹੁਰੇ ਪਰਿਵਾਰ ਖ਼ਿਲਾਫ਼ ਗੰਭੀਰ ਦੋਸ਼ ਲਗਾਉਣ ਤੋਂ ਬਾਅਦ ਮਾਮਲਾ ਤੂਲ ਫੜ ਗਿਆ ਹੈ। ਵੀਡੀਓ ਵਾਇਰਲ ਹੋਣ ਮਗਰੋਂ ਜਿੱਥੇ ਮਹਿਲਾ ਵੱਲੋਂ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ ਗਈ, ਉਥੇ ਹੀ ਬਰਨਾਲਾ ਪੁਲਿਸ ਨੇ ਵੀ ਇਸ ਮਾਮਲੇ ਵਿੱਚ ਆਪਣਾ ਪੱਖ ਰੱਖਦਿਆਂ ਕਾਨੂੰਨੀ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਜਾਣਕਾਰੀ ਅਨੁਸਾਰ, ਰਾਜਵੀਰ ਕੌਰ ਪਤਨੀ ਹਰਦੀਪ ਸਿੰਘ, ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜ ਵਿੱਚ ਬਤੌਰ ਅਧਿਆਪਕਾ ਤਾਇਨਾਤ ਹੈ, ਨੇ ਕੱਲ੍ਹ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਦੱਸਿਆ ਕਿ ਪਿਛਲੇ ਕਰੀਬ 12 ਸਾਲਾਂ ਤੋਂ ਉਸ ਦਾ ਆਪਣੇ ਸਹੁਰੇ ਪਰਿਵਾਰ ਨਾਲ ਘਰੇਲੂ ਝਗੜਾ ਚੱਲ ਰਿਹਾ ਹੈ। ਉਸਨੇ ਕਿਹਾ ਕਿ ਉਹ ਆਪਣੇ ਦੋ ਬੱਚਿਆਂ ਦੇ ਭਵਿੱਖ ਨੂੰ ਦੇਖਦਿਆਂ ਹੁਣ ਤੱਕ ਸਭ ਕੁਝ ਸਹਿੰਦੀ ਆਂ ਰਹੀ ਸੀ, ਪਰ ਬੀਤੇ ਦਿਨ ਉਸ ਦੀ ਸੱਸ ਨਾਲ ਹੋਏ ਝਗੜੇ ਤੋਂ ਬਾਅਦ ਹਾਲਾਤ ਹੋਰ ਵਿਗੜ ਗਏ। ਰਾਜਵੀਰ ਕੌਰ ਮੁਤਾਬਕ, ਉਹ ਇਸ ਮਾਮਲੇ ਸਬੰਧੀ ਥਾਣਾ ਸਹਿਣਾ ਵਿਖੇ ਸ਼ਿਕਾਇਤ ਦਰਜ ਕਰਵਾਉਣ ਗਈ ਸੀ। ਦਰਖਾਸਤ ਦੇ ਕੇ ਵਾਪਸ ਆਉਣ 'ਤੇ, ਉਸ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਘਰ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ, ਜਿਸ ਕਾਰਨ ਉਹ ਬੇਸਹਾਰਾ ਹੋ ਗਈ। ਇਸ ਦੌਰਾਨ ਉਸ ਨੇ ਲਾਈਵ ਵੀਡੀਓ ਰਾਹੀਂ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਉਸ ਨੂੰ ਸੁਰੱਖਿਆ ਅਤੇ ਕਾਨੂੰਨੀ ਮਦਦ ਦਿੱਤੀ ਜਾਵੇ। ਇਸ ਸਬੰਧੀ ਬਰਨਾਲਾ ਪੁਲਿਸ ਵੱਲੋਂ ਥਾਣਾ ਸਹਿਣਾ ਦੀ ਐਸ.ਐਚ.ਓ. ਮੈਡਮ ਰੇਨੂੰ ਪਰੋਚਾ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਨੇ ਪੁਲਿਸ ਦਾ ਪੱਖ ਸਪੱਸ਼ਟ ਕੀਤਾ। ਉਨ੍ਹਾਂ ਦੱਸਿਆ ਕਿ ਰਾਜਵੀਰ ਕੌਰ ਵੱਲੋਂ ਦਰਖਾਸਤ ਦੇਣ ਤੋਂ ਬਾਅਦ ਜਦੋਂ ਘਰ ਵਾਪਸ ਗਈ ਤਾਂ ਉਸ ਦੀ ਸੱਸ ਨਾਲ ਝਗੜਾ ਹੋਣ ਕਾਰਨ ਉਸਦੀ ਸੱਸ ਜ਼ਖ਼ਮੀ ਹੋ ਗਈ ਸੀ । ਇਸ ਤੋਂ ਬਾਅਦ ਪਰਿਵਾਰਕ ਮੈਂਬਰ ਉਸ ਦੀ ਸੱਸ ਨੂੰ ਇਲਾਜ ਲਈ ਹਸਪਤਾਲ ਲੈ ਗਏ, ਜਦਕਿ ਰਾਜਵੀਰ ਨੇ ਇਹ ਵੀਡੀਓ ਵਾਇਰਲ ਕਰ ਦਿੱਤੀ। ਐਸ.ਐਚ.ਓ. ਰੇਨੂੰ ਪਰੋਚਾ ਨੇ ਕਿਹਾ ਕਿ ਹਸਪਤਾਲ ਤੋਂ ਮੈਡੀਕਲ ਰਿਪੋਰਟ (ਰੁਕਾ) ਮਿਲਣ ਤੋਂ ਬਾਅਦ ਅਤੇ ਰਾਜਵੀਰ ਕੌਰ ਵੱਲੋਂ ਦਿੱਤੀ ਗਈ ਦਰਖਾਸਤ ਦੇ ਆਧਾਰ 'ਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਪੀੜਤ ਨੂੰ ਹਰ ਹਾਲਤ ਵਿੱਚ ਇਨਸਾਫ ਦਿੱਤਾ ਜਾਵੇਗਾ।



# ਪਟਿਆਲਾ-ਆਸ/ਪਾਸ



## ਘਾਹ ਨਾਲ ਅੱਖਾਂ ਬੰਦ ਕਰਕੇ ਬਣਾਈ ਗਈ ਕਲਾ

### ਮੁੱਖ ਮੰਤਰੀ ਮਾਨ ਗ੍ਰੇਟ ਗ੍ਰਾਸ ਆਰਟਿਸਟ ਦੇ ਹੁਨਰ ਤੋਂ ਪ੍ਰਭਾਵਿਤ

ਪਟਿਆਲਾ, 5 ਫਰਵਰੀ (ਰੁਪਾਣਾ) : ਕੁਝ ਦਿਨ ਪਹਿਲਾਂ, ਇੱਕ ਸਮਾਗਮ ਦੌਰਾਨ ਰਾਜਪੁਰਾ ਦੇ ਦੇਸ਼ ਦੇ ਇਕਲੌਤੇ ਗ੍ਰੇਟ ਗ੍ਰਾਸ ਆਰਟਿਸਟ ਅਭਿਸ਼ੇਕ ਕੁਮਾਰ ਚੌਹਾਨ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨਾਲ ਖਾਸ ਮੁਲਾਕਾਤ ਕੀਤੀ। ਇਸ ਮੌਕੇ, ਕਲਾਕਾਰ ਨੇ ਮੁੱਖ ਮੰਤਰੀ ਨੂੰ ਘਾਹ ਦੇ ਤਿਣਕਿਆਂ ਤੋਂ ਬਣੀ ਭਾਰਤ ਦੇ ਰਾਸ਼ਟਰੀ ਪੰਛੀ, ਮੋਰ ਦੀ ਇੱਕ ਵਿਸ਼ੇਸ਼ ਕਲਾਕ੍ਰਿਤੀ ਭੇਟ ਕੀਤੀ ਜੋ ਕਿ ਕਲਾਕਾਰ ਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਬੰਦ ਕਰਕੇ ਤਿਆਰ ਕੀਤੀ ਹੈ। ਇਸ ਦੇ ਨਾਲ, ਘਾਹ ਤੋਂ ਬਣੀ 'ਇੱਕ ਓਂਕਾਰ' ਨੂੰ ਦਰਸਾਉਂਦੀ ਇੱਕ ਕਲਾਕ੍ਰਿਤੀ ਵੀ ਮੁੱਖ ਮੰਤਰੀ ਨੂੰ ਭੇਟ ਕੀਤੀ ਗਈ। ਇਹ ਕਲਾਕ੍ਰਿਤੀ 'ਇੱਕ ਓਂਕਾਰ' ਸਾਹਿਬ ਦੇ ਮੂਲ ਰੂਪ ਤੋਂ ਪ੍ਰੇਰਿਤ ਹੈ, ਜੋ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ਼੍ਰੀ ਬੇਰ ਸਾਹਿਬ ਸੁਸ਼ੋਭਿਤ ਹੈ। ਘਾਹ ਕਲਾਕਾਰ ਨੇ ਅੱਖਾਂ ਬੰਦ ਕਰਕੇ ਮੂਲ ਮੰਤਰ ਸਾਹਿਬ ਦਾ



ਜਾਪ ਕਰਦੇ ਹੋਏ 10 ਘੰਟਿਆਂ ਵਿੱਚ ਲਗਭਗ 1,100 ਘਾਹ ਦੇ ਤਿਣਕਿਆਂ ਨੂੰ 11,000 ਵਾਰ ਮੋੜ ਕੇ ਇਹ ਰਚਨਾ ਸਿਰਜੀ ਜਦੋਂ ਮੁੱਖ ਮੰਤਰੀ ਨੂੰ ਦੱਸਿਆ ਗਿਆ ਕਿ ਸਾਰੀ ਕਲਾ ਪ੍ਰਕਿਰਿਆ ਬਿਨਾਂ ਦੇਖੇ, ਸਿਰਫ਼ ਧਿਆਨ, ਅਭਿਆਸ ਅਤੇ ਇਕਾਗਰਤਾ ਰਾਹੀਂ ਕੀਤੀ ਜਾਂਦੀ ਹੈ, ਤਾਂ ਉਹ ਇਸ ਵਿਲੱਖਣ ਹੁਨਰ ਤੋਂ ਬਹੁਤ ਪ੍ਰਭਾਵਿਤ ਹੋਏ। ਮੁੱਖ ਮੰਤਰੀ ਭਗਵੰਤ ਮਾਨ ਨੇ ਕਲਾਕਾਰ ਦੀ ਸ਼ਾਨਦਾਰ ਕਲਾ ਅਭਿਆਸ ਦੀ ਪ੍ਰਸ਼ੰਸਾ ਕੀਤੀ। ਉਹ ਦੇਸ਼ ਦਾ ਇਕਲੌਤਾ ਘਾਹ ਕਲਾਕਾਰ ਹੈ ਜੋ ਅੱਖਾਂ ਬੰਦ ਕਰਕੇ ਕੁਦਰਤੀ ਘਾਹ ਦੇ ਤਿਣਕਿਆਂ ਤੋਂ ਕਲਾਕ੍ਰਿਤੀਆਂ ਅਤੇ ਮੂਰਤੀਆਂ ਬਣਾਉਂਦਾ ਹੈ। ਉਸਦੀ ਵਿਲੱਖਣ ਕਲਾ ਨੂੰ ਧਿਆਨ ਅਤੇ ਪਰੰਪਰਾ ਦਾ ਇੱਕ ਸ਼ਾਨਦਾਰ ਮਿਸ਼ਰਣ ਮੰਨਿਆ ਜਾ ਸਕਦਾ ਹੈ। 2019 ਵਿੱਚ, ਜਦੋਂ ਪੰਜਾਬ ਸਰਕਾਰ ਨੇ ਉਸਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ, ਤਾਂ ਉਸਨੂੰ ਅਧਿਕਾਰਤ ਤੌਰ 'ਤੇ ਦੇਸ਼ ਦਾ ਇਕਲੌਤਾ ਕਲਾਕਾਰ ਐਲਾਨਿਆ ਗਿਆ ਜੋ ਅੱਖਾਂ ਬੰਦ ਕਰਕੇ ਘਾਹ ਤੋਂ ਕਲਾਕ੍ਰਿਤੀਆਂ ਬਣਾਉਂਦਾ ਹੈ।

## ਸੜਕ ਹਾਦਸੇ 'ਚ ਕਿਸਾਨ ਦੀ ਮੌਤ, ਪੁੱਤਰੀ ਜ਼ਖ਼ਮੀ

ਸਮਾਣਾ, 5 ਫਰਵਰੀ (ਵਿਜੇ ਕੁਮਾਰ): ਸਮਾਣਾ-ਪਾਤੜਾਂ ਸੜਕ 'ਤੇ ਇੱਕ ਕਾਰ ਦੀ ਟੱਕਰ ਕਾਰਨ ਮੋਟਰਸਾਈਕਲ ਸਵਾਰ ਕਿਸਾਨ ਦੀ ਮੌਤ ਹੋ ਗਈ, ਜਦਕਿ ਉਸ ਦੇ ਨਾਲ ਮੋਟਰਸਾਈਕਲ 'ਤੇ ਸਵਾਰ ਉਸ ਦੀ ਧੀ ਜ਼ਖਮੀ ਹੋ ਗਈ। ਦੋਵਾਂ ਨੂੰ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਹਾਦਸੇ ਤੋਂ ਬਾਅਦ ਕਾਰ ਚਾਲਕ ਮੌਕੇ 'ਤੇ ਹੀ ਕਾਰ ਛੱਡ ਕੇ ਫ਼ਰਾਰ ਹੋ ਗਿਆ।ਸਮਾਣਾ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਧਰਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਵਤਾਰ ਸਿੰਘ (58) ਦੀ ਪੁੱਤਰੀ ਖੁਸ਼ਪ੍ਰੀਤ ਕੌਰ, ਨਿਵਾਸੀ ਗੁਰੂ ਤੇਗ ਬਹਾਦਰ ਨਗਰ (ਪਿੰਡ ਬਮਨਾ) ਵੱਲੋਂ ਦਰਜ ਕਰਵਾਈ ਸ਼ਿਕਾਇਤ 3 ਫਰਵਰੀ ਦੀ ਦੁਪਹਿਰ ਨੂੰ ਉਹ ਆਪਣੇ ਪਿਤਾ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਿਲਾਇੰਸ ਪੈਟਰੋਲ ਪੰਪ ਨੇੜੇ ਜਾ ਰਹੀ ਸੀ ਕਿ ਮੁਲਜ਼ਮ ਕਾਰ ਚਾਲਕ ਨੇ ਆਪਣੀ ਤੇਜ਼ ਰਫ਼ਤਾਰ ਕਾਰ ਲਾਪਰਵਾਹੀ ਨਾਲ ਉਹਨਾਂ ਦੇ ਮੋਟਰਸਾਈਕਲ ਵਿੱਚ ਮਾਰ ਦਿੱਤੀ। ਹਾਦਸੇ ਵਿੱਚ ਦੋਵੇਂ ਗੰਭੀਰ ਜ਼ਖਮੀ ਹੋ ਗਏ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਦੇ ਪਿਤਾ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਪੁਲਿਸ ਨੇ ਕਾਰ ਨੂੰ ਕਬਜ਼ੇ ਵਿੱਚ ਲੈ ਕੇ ਚਾਲਕ ਰਾਜਵਿੰਦਰ ਸਿੰਘ (ਨਿਵਾਸੀ ਪਿੰਡ ਦਫ਼ਤਰੀਵਾਲਾ) ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।




## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਧਿਆਨ ਸਿੰਘ ਵਾਸੀ ਗਲੀ ਨੰ. 4 ਗੁਰੂ ਨਾਨਕ ਨਗਰ ਬੰਨਾ ਰੋਡ ਪਟਿਆਲਾ ਹਾਲ ਨੇੜੇ ਕ੍ਰਿਕਟ ਹੱਬ ਸ਼ਹੀਦ ਭਗਤ ਸਿੰਘ ਕਲੋਨੀ ਪਟਿਆਲਾ ਵਿਰੁੱਧ ਧਾਰਾ 27,61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਰਾਹੁਲ ਕੁਮਾਰ ਸਮੇਤ ਪੁਲਿਸ ਬੰਨਾ ਰੋਡ ਪਟਿਆਲਾ ਮੌਜੂਦ ਸੀ, ਜੋ ਸ਼ੱਕੀ ਹਾਲਤ ਵਿੱਚ ਬੈਠੇ ਦੋਸ਼ੀ ਨੂੰ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਵਿਧਾਨ ਸਭਾ ਦੀ ਪੰਚਾਇਤੀ ਰਾਜ ਸੰਸਥਾਵਾਂ ਬਾਰੇ ਕਮੇਟੀ ਵੱਲੋਂ ਪਟਿਆਲਾ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ

### ➢ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਗੁਰਲਾਲ ਘਨੌਰ, ਨੀਨਾ ਮਿੱਤਲ ਅਤੇ ਕੁਲਜੀਤ ਸਿੰਘ ਰੰਧਾਵਾ ਵੱਲੋਂ ਅਧਿਕਾਰੀਆਂ ਨੂੰ ਵਿਕਾਸ ਕੰਮ ਮਿਥੇ ਸਮੇਂ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼

ਪਟਿਆਲਾ, 5 ਫਰਵਰੀ (ਰੁਪਾਣਾ) : ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਸੰਸਥਾਵਾਂ ਬਾਰੇ ਕਮੇਟੀ ਨੇ ਅੱਜ ਪਟਿਆਲਾ ਜ਼ਿਲ੍ਹੇ ਵਿੱਚ ਪੰਚਾਇਤੀ ਰਾਜ ਵਿਭਾਗ ਅਧੀਨ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਕਮੇਟੀ ਦੇ ਚੇਅਰਮੈਨ ਵਿਧਾਇਕ (ਬੁਢਲਾਡਾ) ਪ੍ਰਿੰਸੀਪਲ ਬੁੱਧ ਰਾਮ ਨੇ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਮੂਹ ਅਧਿਕਾਰੀਆਂ ਨੂੰ ਸਬੰਧਤ ਹਲਕੇ ਦੇ ਵਿਧਾਇਕਾਂ ਨਾਲ ਨੇੜਿਓਂ ਤਾਲਮੇਲ ਕਰਕੇ ਲੰਬਿਤ ਕੰਮਾਂ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਕਮੇਟੀ ਮੈਂਬਰਾਂ ਵਿਧਾਇਕ ਨੀਨਾ ਮਿੱਤਲ, ਗੁਰਲਾਲ ਘਨੌਰ ਅਤੇ ਕੁਲਜੀਤ ਸਿੰਘ ਰੰਧਾਵਾ ਨੇ ਵੀ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਂਦਿਆਂ ਪੇਂਡੂ ਵਿਕਾਸ ਅਤੇ ਲੋਕ ਭਲਾਈ ਪ੍ਰੋਜੈਕਟਾਂ ਨਾਲ ਸਬੰਧਤ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ, ਕਮੇਟੀ ਨੇ ਖੇਡ ਸਟੇਡੀਅਮਾਂ ਦੇ ਵਿਕਾਸ, ਛੱਪੜਾਂ ਦੀ ਸਫਾਈ ਅਤੇ ਪੁਨਰ ਸੁਰਜੀਤੀ, ਪੇਂਡੂ ਲਾਇਬ੍ਰੇਰੀਆਂ,




ਪੰਚਾਇਤੀ ਜ਼ਮੀਨਾਂ 'ਤੇ ਗੈਰ-ਕਾਨੂੰਨੀ ਕਬਜ਼ਿਆਂ ਵਿਰੁੱਧ ਕਾਰਵਾਈ, ਮਨਰੇਗਾ ਨੂੰ ਲਾਗੂ ਕਰਨਾ, ਧਰਮਸ਼ਾਲਾਵਾਂ ਦੇ ਨਿਰਮਾਣ, 15ਵੇਂ ਵਿੱਤ ਕਮਿਸ਼ਨ ਦੇ ਫੰਡਾਂ ਦੀ ਵਰਤੋਂ, ਰੰਗਲਾ ਪੰਜਾਬ ਅਤੇ ਸਮਾਰਟ ਪਿੰਡ ਪਹਿਲਕਦਮੀਆਂ, ਗੰਦੇ ਪਾਣੀ ਦੇ ਨਿਕਾਸ, ਗਲੀਆਂ ਦੀ ਉਸਾਰੀ ਸਮੇਤ ਕਈ ਤਰਜੀਹੀ ਖੇਤਰਾਂ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ। ਕਮੇਟੀ ਨੇ ਸੰਤੁਸ਼ਟੀ ਜਤਾਈ ਕਿ ਪਟਿਆਲਾ ਜ਼ਿਲ੍ਹਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਪੰਜਾਬ ਵਿੱਚ ਪਹਿਲੇ ਸਥਾਨ 'ਤੇ ਹੈ, ਜਿਸ ਵਿੱਚ 2,721 ਲਾਭਪਾਤਰੀਆਂ ਨੂੰ ਸਾਰੀਆਂ ਕਿਸ਼ਤਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ।ਇਸੇ ਤਰ੍ਹਾਂ ਜ਼ਿਲ੍ਹਾ, ਪੰਜਾਬ ਪੇਂਡੂ ਆਜੀਵਿਕਾ ਮਿਸ਼ਨ ਵਿੱਚ ਵੀ ਸਿਖਰਲਾ ਸਥਾਨ ਰੱਖਦਾ ਹੈ, ਜਿਸ ਵਿੱਚ 5,412 ਸਰਗਰਮ ਸਵੈ-ਸਹਾਇਤਾ ਸਮੂਹ ਹਨ। ਕਮੇਟੀ ਨੇ ਲੰਬਿਤ ਆਡਿਟ ਪੈਰਿਆਂ ਦੀ ਚੰਗੀ ਤਰ੍ਹਾਂ ਘੋਖ ਕੀਤੀ ਅਤੇ ਸਾਰੇ ਬੀਡੀਪੀਓਜ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਇਹ ਪੈਰ੍ਹੇ ਸੈਟਲ ਕਰਨ ਦੇ ਨਿਰਦੇਸ਼ ਦਿੱਤੇ। ਕਮੇਟੀ ਨੇ ਕੁਝ ਅਧਿਕਾਰੀਆਂ ਨੂੰ 24 ਫਰਵਰੀ ਨੂੰ ਵਿਧਾਨ ਸਭਾ ਵਿੱਚ ਹੋਣ ਵਾਲੀ ਅਗਲੀ ਮੀਟਿੰਗ ਦੌਰਾਨ ਸਬੰਧਤ ਰਿਕਾਰਡ ਪੇਸ਼ ਕਰਨ ਲਈ ਵੀ ਤਲਬ ਕੀਤਾ। ਕਮੇਟੀ ਮੈਂਬਰਾਂ ਵਿਧਾਇਕ ਗੁਰਲਾਲ ਘਨੌਰ, ਵਿਧਾਇਕ ਨੀਨਾ ਮਿੱਤਲ ਅਤੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਸੰਬੰਧੀ ਨਿਰਦੇਸ਼ ਦਿੱਤੇ। ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਵਿਕਾਸ ਫੰਡ ਅਣਵਰਤਿਆ ਨਹੀਂ ਰਹਿਣਾ ਚਾਹੀਦਾ ਅਤੇ ਸਾਰੇ ਕੰਮ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਦੁਹਰਾਇਆ ਕਿ ਵਿਧਾਨ ਸਭਾ ਕਮੇਟੀਆਂ ਦੇ ਸਾਲ ਭਰ ਦੇ ਕੰਮਕਾਜ ਲਈ ਸਾਰੇ ਅਧਿਕਾਰੀਆਂ ਦੇ ਪੂਰੇ ਸਹਿਯੋਗ ਅਤੇ ਗੰਭੀਰਤਾ ਦੀ ਲੋੜ ਹੁੰਦੀ ਹੈ। ਇਸ ਤੋਂ ਪਹਿਲਾਂ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਮੇਟੀ ਚੇਅਰਮੈਨ ਅਤੇ ਮੈਂਬਰਾਂ ਦਾ ਸਵਾਗਤ ਕੀਤਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ ਨੇ ਕਮੇਟੀ ਨੂੰ ਭਰੋਸਾ ਦਿੱਤਾ ਕਿ ਜਾਰੀ ਕੀਤੇ ਗਏ ਸਾਰੇ ਨਿਰਦੇਸ਼ ਇੰਨ-ਬਿੰਨ ਲਾਗੂ ਕੀਤੇ ਜਾਣਗੇ। ਬੈਠਕ ਦੌਰਾਨ ਵਿਧਾਨ ਸਭਾ ਦੇ ਡਿਪਟੀ ਸਕੱਤਰ ਜਸਵਿੰਦਰ ਸਿੰਘ, ਕਮੇਟੀ ਇੰਚਾਰਜ ਹਰੀਸ਼ ਕੁਮਾਰ, ਸੀਨੀਅਰ ਰਿਪੋਰਟਰ ਅਮਨਦੀਪ ਕੌਰ ਅਤੇ ਮਹਿਕ, ਡਿਪਟੀ ਡਾਇਰੈਕਟਰ (ਪੇਂਡੂ ਵਿਕਾਸ) ਵਿਨੋਦ ਗਾਗਟ, ਡਿਪਟੀ ਸੀਈਓ ਜ਼ਿਲ੍ਹਾ ਪ੍ਰੀਸ਼ਦ ਅਮਨਦੀਪ ਕੌਰ, ਡੀਡੀਪੀਓ ਮਹਿੰਦਰਜੀਤ ਸਿੰਘ, ਸਮੂਹ ਬੀਡੀਪੀਓਜ, ਐਸਡੀਓ ਪੰਚਾਇਤੀ ਰਾਜ ਅਤੇ ਹੋਰ ਸਬੰਧਤ ਅਧਿਕਾਰੀ ਵੀ ਮੌਜੂਦ ਸਨ।

## ਮਾਈ ਭਾਗੋ ਬ੍ਰਿਗੇਡ ਦੇ 22ਵੇਂ ਸਾਲਾਨਾ ਦਿਹਾੜੇ ਦੇ ਮੱਦੇਨਜ਼ਰ ਸਮਾਗਮ 8 ਨੂੰ

### ➢ਪਦਮਸ਼੍ਰੀ ਡਾ.ਜਗਜੀਤ ਸਿੰਘ ਦਰਦੀ ਅਤੇ ਹੋਰ ਨਾਮਵਰ ਸ਼ਖ਼ਸੀਅਤਾਂ ਸਮਾਗਮ ਦੀ ਸ਼ਾਨ ਬਣਨਗੇ

ਪਟਿਆਲਾ, 5 ਫਰਵਰੀ (ਚ.ਨ.ਸ.) : ਮਾਈ ਭਾਗੋ ਬ੍ਰਿਗੇਡ ਦੇ 22ਵੇਂ ਸਾਲਾਨਾ ਦਿਹਾੜੇ ਦੇ ਮੱਦੇਨਜ਼ਰ 8 ਫਰਵਰੀ ਦਿਨ ਐਤਵਾਰ ਨੂੰ 11.30 'ਤੇ ਸਾਡੇ ਗਰੀਬਖਾਨੇ, 163, ਗਰੀਨ ਪਾਰਕ ਕਲੋਨੀ ਸਰਹਿੰਦ ਰੋਡ ਵਿਖੇ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸ਼ੁੱਭ ਅਵਸਰ ਸਾਲਾਨਾ 'ਤੇ ਪਦਮਸ਼੍ਰੀ ਪ੍ਰਾਣ ਸੱਭਰਵਾਲ ਦੀਆਂ ਸ਼ਾਨਦਾਰ ਰੰਗਮੰਚੀ ਸੇਵਾਵਾਂ ਅਤੇ ਲਾਸਾਨੀ ਪ੍ਰਾਪਤੀਆਂ ਕਾਰਨ, ਉਨ੍ਹਾਂ ਦਾ ਅਭਿਨੰਦਨ ਵੀ ਕੀਤਾ ਜਾਵੇਗਾ। ਪਦਮਸ਼੍ਰੀ ਡਾ.ਜਗਜੀਤ ਸਿੰਘ ਦਰਦੀ, ਡਾ.ਅਜਮੇਰ ਸਿੰਘ, ਸ.ਕਰਨੈਲ ਸਿੰਘ ਔਰੜਾ, ਡਾ.ਮਲਕੀਅਤ ਸਿੰਘ ਸੈਣੀ, ਪ੍ਰਿੰਸੀਪਲ ਜਸਵਿੰਦਰ ਸਿੰਘ ਅਤੇ ਹੋਰ ਨਾਮਵਰ ਸ਼ਖ਼ਸੀਅਤਾਂ ਤੇ ਸਕੂਲ ਅਧਿਆਪਕ ਸਮਾਗਮ ਦੀ ਸ਼ਾਨ ਬਣਨਗੇ। ਇਸ ਮੌਕੇ ਪ੍ਰਾਣ ਸੱਭਰਵਾਲ ਦੀ ਟੀਮ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਲਘੂ ਨਾਟਕ ਖੇਡੇਗੀ।

## ਦਿਵਿਆਂਗ ਅਧਿਆਪਕਾਂ ਦੀਆਂ ਬਦਲੀਆਂ ਦਾ ਜੀ.ਟੀ.ਯੂ. ਵੱਲੋਂ ਪੋਰਟਲ ਖੋਲ੍ਹਣ ਦੀ ਮੰਗ

ਭੁਨਰਹੇੜੀ, 5 ਫਰਵਰੀ (ਗੁਰਜੀਤ ਸਿੰਘ ਢੋਟ) : ਸਿੱਖਿਆ ਵਿਭਾਗ ਵੱਲੋਂ ਪਿਛਲੀ ਦਿਨੀਂ ਅੰਗਹੀਣ ਅਧਿਆਪਕਾਂ ਦੀਆਂ ਬਦਲੀਆਂ ਦੇ ਸਬੰਧ ਵਿੱਚ ਪੋਰਟਲ ਖੋਲ੍ਹਿਆ ਗਿਆ ਸੀ ਪਰ ਇਹ ਸਿਸਟਮ ਸਚਾਰੂ ਢੰਗ ਨਾਲ ਨਾ ਚੱਲਣ ਕਰਕੇ ਵੱਡੀ ਗਿਣਤੀ ਵਿੱਚ ਅੰਗਹੀਣ ਅਧਿਆਪਕ ਅਪਲਾਈ ਕਰਨ ਤੋਂ ਅਤੇ ਬਲਾਕ ਸਿੱਖਿਆ ਅਫਸਰ ਡਾਟਾ ਵੈਰੀਫਾਈ ਕਰਨ ਤੋਂ ਵਾਂਝੇ ਰਹਿ ਗਏ ਹਨ । ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ, ਜਨਰਲ ਸਕੱਤਰ ਪਰਮਜੀਤ ਸਿੰਘ ਪਟਿਆਲਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਅੰਗਹੀਣ ਅਧਿਆਪਕਾਂ ਦੀਆਂ ਬਦਲੀਆਂ ਦੇ ਸੰਬੰਧ ਵਿੱਚ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਪਰ ਆਨਲਾਈਨ ਸਿਸਟਮ ਸੁਚਾਰੂ ਰੂਪ ਵਿੱਚ ਨਾ ਚੱਲਣ ਕਰਕੇ ਅੰਗਹੀਣ ਅਧਿਆਪਕ ਬਦਲੀ ਕਰਾਉਣ ਤੋਂ ਵਾਂਝੇ ਰਹਿ ਗਏ ਹਨ। ਆਗੂਆਂ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ



ਸਰਕਾਰ ਅਤੇ ਸਿੱਖਿਆ ਵਿਭਾਗ ਅੰਗਹੀਣ ਅਧਿਆਪਕਾਂ ਦਾ ਹਮਦਰਦੀ ਬਣਦਾ ਹੈ ਤੇ ਹੱਕ ਦੇਣ ਲਈ ਵੱਡੇ ਪੱਧਰ 'ਤੇ ਬਿਆਨਬਾਜ਼ੀ ਕਰ ਰਿਹਾ ਹੈ ਪਰ ਦੂਜੇ ਪਾਸੇ ਇਹਨਾਂ ਨੂੰ ਬਣਦਾ ਹੱਕ ਨਹੀਂ ਮਿਲ ਰਿਹਾ । ਇਹ ਅਧਿਆਪਕ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਕਹਿੰਦੇ ਡਿਊਟੀ ਨਿਭਾਅ ਰਹੇ ਹਨ। ਕਈ ਅਧਿਆਪਕ ਤਾਂ 75% ਤੋਂ ਉੱਪਰ ਅਪੰਗ ਹਨ । ਉਹਨਾਂ ਦਾ ਘਰਾਂ ਤੋਂ ਦੂਰ ਇਕੱਲੇ ਰਹਿਣਾ ਬਹੁਤ ਔਖਾ ਹੈ। ਆਗੂਆਂ ਨੇ ਸਿੱਖਿਆ ਮੰਤਰੀ ਪੰਜਾਬ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਦਾ ਪੋਰਟਲ ਦੁਬਾਰਾ ਖੋਲਿਆ ਜਾਵੇ ਤਾਂ ਜੋ ਅੰਗਹੀਣ ਅਧਿਆਪਕਾਂ ਨੂੰ ਬਣਦਾ ਇਨਸਾਫ ਮਿਲ ਸਕੇ।ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਜਗਪ੍ਰੀਤ ਸਿੰਘ ਭਾਟੀਆ, ਹਰਪ੍ਰੀਤ ਸਿੰਘ ਉੱਪਲ, ਹਰਦੀਪ ਸਿੰਘ ਪਟਿਆਲਾ,ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਗੁਰਪ੍ਰੀਤ ਸਿੰਘ ਸਿੱਧੂ , ਗੁਰਵਿੰਦਰ ਸਿੰਘ ਖੰਗੂੜਾ, ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ , ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੋਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ ਸਾਥੀ ਹਾਜ਼ਰ ਰਹੇ।

## ਹੈਰੋਇਨ ਪੀ ਰਿਹਾ ਨੌਜਵਾਨ ਪੁਲਿਸ ਵੱਲੋਂ ਕਾਬੂ, ਨਸ਼ਾ ਛੁਡਾਊ ਕੇਂਦਰ ਭੇਜਿਆ

ਸਮਾਣਾ, 5 ਫਰਵਰੀ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਹੈਰੋਇਨ ਪੀ ਰਹੇ ਇੱਕ ਨੌਜਵਾਨ ਨੂੰ ਲਾਈਟਰ, ਫੁਆਇਲ ਪੇਪਰ ਅਤੇ ਪਾਈਪ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸੁਸ਼ੀਲ ਕੁਮਾਰ ਵਾਸੀ ਵੜੈਚਾ ਪੱਤੀ ਵਜੋਂ ਹੋਈ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਸਿਟੀ ਪੁਲਸ ਇੰਚਾਰਜ ਬਲਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਗੁਰਪ੍ਰੀਤ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਰਾਜੌਰੀ ਗਾਰਡਨ ਨੇੜੇ ਮੌਜੂਦ ਸਨ। ਪੁਲਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨੌਜਵਾਨ ਨੂਰਪੁਰਾ ਬਸਤੀ, ਸਮਾਣਾ ਦੀਆਂ ਖੱਡਾਂ ਵਿੱਚ ਬੈਠ ਕੇ ਹੈਰੋਇਨ ਪੀ ਰਿਹਾ ਹੈ। ਪੁਲਸ ਪਾਰਟੀ ਨੇ ਤੁਰੰਤ ਛਾਪੇਮਾਰੀ ਕੀਤੀ ਅਤੇ ਮੌਕੇ ਤੋਂ ਇੱਕ ਲਾਈਟਰ, ਫੁਆਇਲ ਪੇਪਰ ਅਤੇ ਫੁਆਇਲ ਪਾਈਪ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।ਪੁਲਸ ਅਧਿਕਾਰੀ ਅਨੁਸਾਰ, ਮੁਲਜ਼ਮ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਹੈ।

## ਬਲਾਕ ਪੱਧਰੀ ਕੁਕਿੰਗ ਮੁਕਾਬਲੇ ਕਰਵਾਏ

ਪਟਿਆਲਾ, 5 ਫਰਵਰੀ (ਚ.ਨ.ਸ.) : ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ. ਸਿੱਖਿਆ) ਪਟਿਆਲਾ ਸ਼ਾਲੂ ਮਹਿਰਾ ਤੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ. ਸਿੱਖਿਆ) ਮਨਵਿੰਦਰ ਕੌਰ ਭੁੱਲਰ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਪਟਿਆਲਾ-2 ਦੇ ਬੀਪੀਈਓ ਸ੍ਰ. ਪ੍ਰਿਥੀ ਸਿੰਘ ਦੀ ਅਗਵਾਈ ਹੇਠ ਮਿਡ-ਡੇ-ਮੀਲ ਮੈਨੇਜਰ ਜਸਪਿੰਦਰ ਸਿੰਘ ਦੇ ਸਹਿਯੋਗ ਨਾਲ ਬਲਾਕ ਪੱਧਰੀ ਕੁਕਿੰਗ ਮੁਕਾਬਲੇ ਆਯੋਜਿਤ ਕੀਤੇ ਗਏ। ਇਸ ਕੁਕਿੰਗ ਮੁਕਾਬਲੇ ਵਿੱਚ ਸੈਂਟਰ ਮੈਣ ਅਧੀਨ ਆਉਂਦੇ ਸਰਕਾਰੀ ਮਿਡਲ ਸਕੂਲ ਪਿੰਡ ਜਲਾਲਖੇੜਾ ਵੱਲੋਂ ਸਵਾਦ ਅਤੇ ਸਾਫ ਸੁਥਰਾ ਖਾਣਾ ਬਣਾਉਣ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਗਿਆ ਜਦਕਿ ਸਰਕਾਰੀ ਮਿਡਲ ਸਕੂਲ ਪਿੰਡ ਖੇੜੀ ਗੁੱਜਰਾਂ ਨੇ ਦੂਜਾ ਸਥਾਨ ਅਤੇ ਸਕੂਲ ਆਫ ਐਮੀਨੈਂਸ



ਫੀਲਖਾਨਾ, ਪਟਿਆਲਾ ਨੇ ਤੀਜਾ ਸਥਾਨ ਹਾਸਿਲ ਕੀਤਾ ਹੈ। ਉਕਤ ਜੇਤੂ ਸਕੂਲ ਹੁਣ ਜ਼ਿਲਾ ਪੱਧਰੀ ਕੁਕਿੰਗ ਮੁਕਾਬਲੇ ਵਿੱਚ ਭਾਗ ਲੈਣਗੇ। ਇਸ ਮੌਕੇ ਮੁੱਖ ਮਹਿਮਾਨ ਵਜੋਂ ਉਪ ਜ਼ਿਲਾ ਸਿੱਖਿਆ ਅਧਿਕਾਰੀ (ਐਲੀ. ਸਿੱਖਿਆ) ਮਨਵਿੰਦਰ ਕੌਰ ਭੁੱਲਰ ਨੇ ਸ਼ਿਰਕਤ ਕੀਤੀ। ਇਸ ਮੌਕੇ ਮਨਵਿੰਦਰ ਕੌਰ ਭੁੱਲਰ ਅਤੇ ਬੀਪੀਈਓ ਪ੍ਰਿਥੀ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਮੁਤਾਬਕ ਹਰ ਸਾਲ ਕੁਕਿੰਗ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਦੌਰਾਨ ਜੱਜ ਦੀ ਭੂਮਿਕਾ ਅਧਿਆਪਿਕਾ ਪਰਮਿੰਦਰ ਕੌਰ, ਪ੍ਰੀਤੀ ਗੁਪਤਾ ਅਤੇ ਮਾਲਵਿੰਦਰ ਕੌਰ ਨੇ ਬਾਖੂਬੀ ਨਿਭਾਈ। ਅਖੀਰ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਜੇਤੂ ਸਕੂਲਾਂ ਦੀਆਂ ਕੁੱਕ ਬੀਬੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਐਚਟੀ ਸਤਵੰਤ ਕੌਰ, ਮੁੱਖ ਅਧਿਆਪਕਾ ਜੋਤੀ, ਮੁੱਖ ਅਧਿਆਪਕਾ ਕਿਰਨ ਕੌਰ, ਬੀਐਸਓ ਆਦਰਸ਼ ਬਾਂਸਲ, ਬਲਾਕ ਮੀਡੀਆ ਕੋਆਰਡੀਨੇਟਰ ਸੁਖਜੀਤ ਸਿੰਘ ਮੱਟੂ, ਅਮਨ ਕਲਰ ਭੈਣੀ, ਪ੍ਰਵੇਸ਼ ਕੁਮਾਰ, ਏਮਨਦੀਪ ਕੌਰ ਅਤੇ ਗੁਰਪਿਆਰ ਸਿੰਘ ਸਮੇਤ ਹੋਰ ਹਾਜ਼ਰ ਸਨ।

## 9 ਬੋਤਲਾਂ ਸ਼ਰਾਬ ਬ੍ਰਾਮਦ ਘੇਰ ਕੇ ਕੀਤੀ ਕੁੱਟਮਾਰ, ਮਾਮਲਾ ਦਰਜ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਅਰਜਨ ਵਾਸੀ ਪਿੰਡ ਛੋਟੀ ਰੌਣੀ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਰੌਣੀ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 9 ਬੋਤਲਾਂ ਸ਼ਰਾਬ ਠੇਕਾ ਦੇਸੀ ਰਾਣੋ ਪੰਜਾਬ ਦੀਆਂ ਬ੍ਰਾਮਦ ਹੋਈਆਂ।

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਹਰਬੰਸ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਗਲੀ ਨੰ. 01 ਮਾਲਵਾ ਇਨਕਲੇਵ ਪਟਿਆਲਾ ਨੇ ਕਥਿਤ ਦੋਸ਼ੀ ਤਾਰਾ ਸਿੰਘ ਵਾਸੀ ਗਲੀ ਨੰ. 2 ਨਿਆ ਬਾਗ ਰਾਘੋਮਾਜਰਾ ਥਾਣਾ ਕੋਤਵਾਲੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮੋਤੀ ਬਾਗ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਿਆ ਸੀ ਤਾਂ ਉੱਥੇ ਕਥਿਤ ਦੋਸ਼ੀ ਤਾਰਾ ਸਿੰਘ ਨਾਲ ਬਹਿਸਬਾਜ਼ੀ ਹੋ ਗਈ ਅਤੇ ਕਥਿਤ ਦੋਸ਼ੀ ਨੇ ਉਸ ਦੀ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2),351(2) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਥੈਲੇਸੀਮੀਆ ਪੀੜਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਗਾਇਆ

### ➢ਰਣਜੋਧ ਹਡਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ

ਦੇਵੀਗੜ੍ਹ, 5 ਫ਼ਰਵਰੀ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੇ ਨੌਜਵਾਨਾਂ ਵੱਲੋਂ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਅੱਜ ਮਨੁੱਖਤਾ ਦੀ ਸੇਵਾ ਲਈ ਇੱਕ ਬੇਹੱਦ ਸ਼ਲਾਘਾਯੋਗ ਕਦਮ ਚੁੱਕਿਆ ਗਿਆ। ਥੈਲਾਸੀਮੀਆ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਮਾਸੂਮ ਬੱਚਿਆਂ ਦੀ ਮਦਦ ਲਈ ਇਲਾਕੇ ਦੀ ਸਿਰਮੌਰ ਸੰਸਥਾ ਲੋਕ ਸੇਵਾ ਸੋਸਾਇਟੀ ਅਤੇ ਸਮੂਹ ਯੂਥ ਵੱਲੋਂ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਇਸ ਮੌਕੇ ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕੀਟ ਕਮੇਟੀ, ਲਖਵੀਰ ਸਿੰਘ ਈਓ, ਪ੍ਰਧਾਨ ਭੂਸ਼ਣ ਕੁਮਾਰ, ਅਮਰ



ਸੰਗੇੜਾ, ਸੁਰਿੰਦਰ ਸਿੰਘ ਸ਼ਿੰਦਾ, ਹਰਪ੍ਰੀਤ ਸਿੰਘ ਘੁਮਾਣ, ਗੁਰਪ੍ਰੀਤ ਸਿੰਘ ਸਰਪੰਚ, ਰਾਜਵਿੰਦਰ ਸਿੰਘ ਧੰਜੂ, ਅਮਰਿੰਦਰ ਕਛਵਾ, ਗੁਰਮੀਤ ਸਿੰਘ, ਹੈਪੀ ਪਹਾੜੀਪੁਰ ਤੋਂ ਇਲਾਵਾ ਹਲਕੇ ਸਨੌਰ ਦੇ ਸਾਰੇ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਸਮਿਤੀ ਮੈਂਬਰ, ਸਰਪੰਚ, ਪੰਚ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।ਦੱਸਣਯੋਗ ਹੈ ਕਿ ਕੈਂਪ ਦੌਰਾਨ ਸਨੌਰ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਸੈਂਕੜੇ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਖ਼ੂਨਦਾਨ ਕੀਤਾ। ਡਾਕਟਰਾਂ ਦੀ ਟੀਮ ਵੱਲੋਂ ਖ਼ੂਨ ਇਕੱਤਰ ਕੀਤਾ ਗਿਆ, ਜੋ ਕਿ ਸਰਕਾਰੀ ਰਾਜਿੰਦਰਾ ਹਸਪਤਾਲਾਂ ਦੇ ਬਲੱਡ ਬੈਂਕ ਵਿੱਚ ਭੇਜਿਆ ਜਾਵੇਗਾ ਤਾਂ ਜੋ ਲੋੜਵੰਦ ਬੱਚਿਆਂ ਦੀ ਮਦਦ ਹੋ ਸਕੇ। ਕੈਂਪ ਦੌਰਾਨ ਨੌਜਵਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਖ਼ੂਨਦਾਨ ਸੱਚਮੁੱਚ ਇੱਕ 'ਮਹਾਂਦਾਨ' ਹੈ ਕਿਉਂਕਿ ਤੁਹਾਡੇ ਦੁਆਰਾ ਦਾਨ ਕੀਤੀ ਖ਼ੂਨ ਦੀ ਇੱਕ ਬੂੰਦ ਕਿਸੇ ਮਾਸੂਮ ਬੱਚੇ ਨੂੰ ਨਵੀਂ ਜ਼ਿੰਦਗੀ ਦੇ ਸਕਦੀ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਵੀ ਮੌਜੂਦ ਸਨ।

## ਐਸ.ਪੀ. ਹੈਡਕੁਆਰਟਰ ਵੱਲੋਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦਾ ਸਨਮਾਨ

ਪਟਿਆਲਾ, 5 ਫਰਵਰੀ (ਚ.ਨ.ਸ.) : ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਐਸ ਪੀ ਹੈਡਕੁਆਰਟਰ ਵੈਭਵ ਚੌਧਰੀ (ਆਈ.ਪੀ.ਐਸ) ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵੈਭਵ ਚੌਧਰੀ ਨੇ ਕਿਹਾ ਕਿ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਸਟੇਟ ਐਵਾਰਡੀ ਪਰਮਿੰਦਰ ਭਲਵਾਨ,




ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਲੜਾਈ ਵਿੱਚ ਵੱਧ ਚੜ੍ਹਕੇ ਵਲੰਟੀਅਰ ਸਹਿਯੋਗ ਦੇ ਰਹੀਆਂ ਹਨ ਜੋ ਕਿ ਪ੍ਰਸ਼ੰਸਾਯੋਗ ਕਦਮ ਹੈ। ਇਸ ਮੌਕੇ ਜਗਤਾਰ ਸਿੰਘ ਰੀਡਰ ਐਸ ਪੀ ਹੈਡਕੁਆਰਟਰ ਪਟਿਆਲਾ , ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ਼ ਆਫ ਕਾਮਰਸ ਵੀ ਹਾਜ਼ਰ ਸਨ।

## ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ, ਇੱਕ ਜ਼ਖ਼ਮੀ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲ ਜਸਵਿੰਦਰ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਪਿੰਡ ਸਾਧੂ ਨਗਰ ਜਲਾਹਖੇੜੀ ਨੇ ਅਣਪਛਾਤੇ ਵਹੀਕਲ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਨੌਰ ਮੰਡੀ ਗਿਆ ਸੀ ਤਾਂ ਉਸ ਨੂੰ ਕਿਸੇ ਰਾਹਗੀਰ ਦਾ ਫੋਨ ਮੌਸੂਲ ਹੋਇਆ ਕਿ ਉਸਦੇ ਪਿਤਾ ਦਾ ਦੇਵੀਗੜ੍ਹ ਰੋਡ ਪਿੰਡ ਖਾਸੀਆਂ ਪਾਸ ਐਕਸੀਡੈਂਟ ਹੋ ਗਿਆ ਹੈ, ਜੋ ਉਸ ਨੇ ਮੌਕਾ ਪਰ ਪੁੱਜ ਕੇ ਆਪਣੇ ਪਿਤਾ ਨੂੰ ਹਸਪਤਾਲ ਦਾਖਲ ਕਰਵਾਇਆ ਤਾਂ ਡਾਕਟਰਾ ਨੇ ਮ੍ਰਿਤਕ ਕਰਾਰ ਦੇ ਦਿੱਤਾ, ਜੋ ਕਿਸੇ ਅਣਪਛਾਤੇ ਵਹੀਕਲ ਡਰਾਇਵਰ ਨੇ ਉਸ ਦੇ ਪਿਤਾ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਪਸਿਆਣਾ ਪੁਲਿਸ ਕੋਲ ਅਮਰੀਕ ਸਿੰਘ ਪੁੱਤਰ ਮਾਘੀ ਸਿੰਘ ਵਾਸੀ ਪਿੰਡ ਕੱਲਰ ਭੈਣੀ ਨੇ ਅਣਪਛਾਤੇ ਵਹੀਕਲ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਗੁਆਢੀ ਮਿਸਰਾ ਸਿੰਘ ਪੁੱਤਰ ਸੰਤ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਡਕਾਲਾ-ਪਟਿਆਲਾ ਰੋਡ ਨੇੜੇ ਸੈਲਰਾ ਪਾਸ ਜਾ ਰਿਹਾ ਸੀ ਤਾਂ ਅਣਪਛਾਤੇ ਵਹੀਕਲ ਡਰਾਇਵਰ ਨੇ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਉਸ ਨੂੰ ਫੇਟ ਮਾਰ ਦਿੱਤੀ, ਜੋ ਐਕਸੀਡੈਂਟ ਵਿੱਚ ਮਿਸ਼ਰਾ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੇ ਸੱਟਾਂ ਲੱਗੀਆਂ। ਪੁਲਿਸ ਨੇ ਧਾਰਾ 281,106, 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਡਿਜੀਟਲ ਦੁਨੀਆਂ ਦੀ ਗ਼ਲਤ ਜਾਣਕਾਰੀ ਵਿਰੁੱਧ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨਾ ਵੀ ਹੁਣ ਅਧਿਆਪਕ ਦਾ ਫਰਜ਼: ਡਾ. ਜਗਦੀਪ ਸਿੰਘ

### ➢ਪੰਜਾਬੀ ਯੂਨੀਵਰਸਿਟੀ ਵਿਖੇ ਅਧਿਆਪਕਾਂ ਲਈ ਨਵੀਆਂ ਅਧਿਆਪਨ ਤਕਨੀਕਾਂ ਬਾਰੇ ਫ਼ੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ

ਪਟਿਆਲਾ, 5 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਅਧਿਆਪਕਾਂ ਲਈ ਆਈ.ਸੀ.ਟੀ. ਅਤੇ ਉਭਰਦੀਆਂ ਅਧਿਆਪਨ ਤਕਨੀਕਾਂ ਸਬੰਧੀ ਫ਼ੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ। ਯੂਨੀਵਰਸਿਟੀ ਦੇ ਸਿੱਖਿਆ ਅਤੇ ਸੁਮਦਾਇ ਸੇਵਾਵਾਂ ਵਿਭਾਗ ਵੱਲੋਂ ਐੱਨ.ਸੀ.ਈ.ਆਰ.ਟੀ. ਨਵੀਂ ਦਿੱਲੀ ਦੇ ਸਹਿਯੋਗ ਨਾਲ਼ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ। ਆਸਟ੍ਰੇਲੀਆ ਦੇ ਪਰਥ ਵਿਚਲੀ ਕਰਟਿਨ ਯੂਨੀਵਰਸਿਟੀ ਤੋਂ ਪੁੱਜੀ ਪ੍ਰੋ. ਰੇਚਲ ਸ਼ੈਫੀਲਡ ਨੇ ਮੁੱਖ-ਸੁਰ ਭਾਸ਼ਣ ਦਿੱਤਾ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ




ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੁਣ ਅਧਿਆਪਕ ਦਾ ਸਭ ਤੋਂ ਮੁੱਢਲਾ ਫਰਜ਼ ਡਿਜੀਟਲ ਦੁਨੀਆ ਵਿੱਚ ਫੈਲੀ ਗ਼ਲਤ ਜਾਣਕਾਰੀ ਦਾ ਮੁਕਾਬਲਾ ਕਰਨ ਲਈ ਵਿਦਿਆਰਥੀਆਂ ਨੂੰ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਤਕਨਾਲੋਜੀ ਹੁਣ ਆਧੁਨਿਕ ਅਧਿਆਪਕ ਲਈ ਇੱਕ ਮੁੱਢਲੀ ਲੋੜ ਬਣ ਗਈ ਹੈ। ਅਧਿਆਪਨ ਦੇ ਬਦਲਦੇ ਸਰੂਪ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਉਹ 'ਬਲੈਕਬੋਰਡ' ਵਾਲ਼ੇ ਦੌਰ ਨਾਲ ਸਬੰਧ ਰੱਖਦੇ ਹਨ ਪਰ ਅੱਜ, ਏ.ਆਈ. ਦੀ ਬਦੌਲਤ ਤਕਨੀਕੀ ਤਬਦੀਲੀ ਦੀ ਰਫ਼ਤਾਰ ਇੰਨੀ ਤੇਜ਼ ਹੈ ਕਿ ਇਸ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੋ ਸਕਦਾ ਹੈ। ਫਿਰ ਵੀ, ਸਾਨੂੰ ਇਸ ਤਬਦੀਲੀ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਂਮਾਰੀ ਨੇ ਇਸ ਡਿਜੀਟਲ ਤਬਦੀਲੀ ਲਈ ਇੱਕ ਪ੍ਰੇਰਕ ਵਜੋਂ ਕੰਮ ਕੀਤਾ। ਉਨ੍ਹਾਂ ਕਿਹਾ ਕਿ ਕੋਵਿਡ ਦੇ ਸੰਕਟ ਨੇ ਸਿਹਤ ਅਤੇ ਸਿੱਖਿਆ 'ਤੇ ਭਾਵੇਂ ਬੁਰਾ ਪ੍ਰਭਾਵ ਪਾਇਆ ਹੈ, ਪਰ ਇਸ ਨੇ ਆਨਲਾਈਨ ਸਿੱਖਿਆ ਦੇ ਫਾਇਦਿਆਂ ਬਾਰੇ ਇੱਕ ਜ਼ਰੂਰੀ ਚਰਚਾ ਨੂੰ ਵੀ ਜਨਮ ਦਿੱਤਾ। ਪ੍ਰੋ. ਰੇਚਲ ਸ਼ੈਫੀਲਡ ਨੇ ਡਿਜੀਟਲ ਸਿੱਖਿਆ ਦੇ ਵਿਸ਼ਵ ਪੱਧਰੀ ਰੁਝਾਨਾਂ ਬਾਰੇ ਚਰਚਾ ਕਰਦਿਆਂ ਅੰਤਰਰਾਸ਼ਟਰੀ ਪੱਧਰ ਦੀਆਂ ਬਿਹਤਰੀਨ ਅਧਿਆਪਨ ਪ੍ਰਣਾਲੀਆਂ ਬਾਰੇ ਜਾਣਕਾਰੀ ਦਿੱਤੀ। ਸੈਸ਼ਨ ਦੀ ਸ਼ੁਰੂਆਤ ਪ੍ਰੋਗਰਾਮ ਦੇ ਕਨਵੀਨਰ ਅਤੇ ਵਿਭਾਗ ਮੁਖੀ ਡਾ. ਗਗਨ ਦੀਪ ਥਾਪਾ ਦੇ ਸਵਾਗਤੀ ਭਾਸ਼ਣ ਨਾਲ ਹੋਈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਅਧਿਆਪਕਾਂ ਨੂੰ ਉੱਚ ਸਿੱਖਿਆ ਵਿੱਚ ਆਈ.ਸੀ.ਟੀ. ਅਤੇ ਨਵੀਆਂ ਤਕਨੀਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਸਮਰੱਥ ਬਣਾਉਣ ਲਈ ਬਹੁਤ ਜ਼ਰੂਰੀ ਹਨ। ਪ੍ਰੋਗਰਾਮ ਕੋਆਰਡੀਨੇਟਰ ਡਾ. ਜਗਪ੍ਰੀਤ ਕੌਰ ਨੇ ਪ੍ਰੋਗਰਾਮ ਦੀ ਰੂ-ਪਰੇਖਾ ਸਾਂਝੀ ਕਰਦਿਆਂ ਦੱਸਿਆ ਕਿ ਇਹ ਪ੍ਰੋਗਰਾਮ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਟੀਚਿਆਂ ਅਨੁਸਾਰ ਅਧਿਆਪਨ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਦਘਾਟਨੀ ਸੈਸ਼ਨ ਦੇ ਅੰਤ ਵਿੱਚ ਐੱਨ.ਸੀ.ਈ.ਆਰ. ਟੀ. ਨਵੀਂ ਦਿੱਲੀ ਤੋਂ ਪੁੱਜੇ ਡਾ. ਰਾਜੇਸ਼ ਕੁਮਾਰ ਨੇ ਧੰਨਵਾਦੀ ਭਾਸ਼ਣ ਦਿੱਤਾ। ਇਸ ਤਿੰਨ ਰੋਜ਼ਾ ਪ੍ਰੋਗਰਾਮ ਵਿੱਚ ਕੁੱਲ 12 ਅਕਾਦਮਿਕ ਸੈਸ਼ਨ ਹੋਣਗੇ ਜਿਨ੍ਹਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਮਾਹਿਰ ਆਪਣੇ ਵਿਚਾਰ ਸਾਂਝੇ ਕਰਨਗੇ।

## 9 ਨੂੰ ਜ਼ਿਲ੍ਹਾ ਸਿੱਖਿਆ ਦਫਤਰ ਦਾ ਘਿਰਾਓ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮੰਗ ਪੱਤਰ ਦਿੱਤਾ ਜਾਵੇਗਾ

ਪਟਿਆਲਾ, 5 ਫਰਵਰੀ (ਚ.ਨ.ਸ.) : ਐਲੀਮੈਂਟਰੀ ਟੀਚਰ ਯੂਨੀਅਨ ਇਕਾਈ ਪਟਿਆਲੇ ਦੀ ਇੱਕ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ੍ਰੀ ਮਨੋਜ ਘਈ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਦੇ ਵਿੱਚ 9 ਫਰਵਰੀ ਨੂੰ ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਧਰਨੇ ਦੀ ਤਿਆਰੀਆਂ ਸਬੰਧੀ ਗੱਲਬਾਤ ਕੀਤੀ। ਮੀਟਿੰਗ ਵਿੱਚ ਆਗੂਆਂ ਵੱਲੋਂ ਇਹ ਦੱਸਿਆ ਗਿਆ ਕਿ 9 ਤਰੀਕ ਨੂੰ ਦਫਤਰ ਦਾ ਘਿਰਾਓ ਅਣਮਿਥੇ ਸਮੇਂ ਲਈ ਕੀਤਾ ਜਾਵੇਗਾ।। ਪਿਛਲੇ ਕੁਝ ਸਮੇਂ ਤੋਂ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਸ਼ਾਲੂ ਮਹਿਰਾ ਦਾ ਜਥੇਬੰਦੀ ਦੀਆਂ ਜਾਇਜ਼ ਮੰਗਾਂ ਪ੍ਰਤੀ ਰਵੱਈਆ ਨਿਰਾਸ਼ਾਜਨਕ ਰਿਹਾ ਹੈ। ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਹੈਡ ਟੀਚਰ ਗੁਰਮੀਤ ਸਿੰਘ ਜੋ ਕਿ 80 ਪ੍ਰਤੀਸ਼ਤ ਦਿਵਆਂਗ ਹਨ ਉਨ੍ਹਾਂ ਨੂੰ 2022 ਤੋਂ ਪ੍ਰਮੋਸ਼ਨ ਦਾ ਲਾਭ ਦੇਣ ਦਾ ਪੱਤਰ ਡੀਪੀਆਈ ਦਫ਼ਤਰ ਵੱਲ ਜਾਰੀ ਹੋਣ ਦੇ ਬਾਵਜੂਦ ਵੀ ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਨਹੀਂ ਦਿੱਤਾ ਜਾ ਰਿਹਾ। ਇਹਨਾਂ ਵਰਗੀਆਂ ਹੋਰ




ਬਥੇਰੀਆਂ ਮੰਗਾਂ ਨਾ ਪੂਰੀਆਂ ਹੋਣ ਕਾਰਨ ਜਥੇਬੰਦੀ ਵੱਲੋਂ ਧਰਨਾ ਲਗਾਇਆ ਜਾਵੇਗਾ । ਜੱਥੇਬੰਦੀ ਦੇ ਆਗੂ ਮਨਜੀਤ ਸਿੰਘ, ਅਵਤਾਰ ਮਾਨ ਤੇ ਜਗਮੋਹਨ ਸਿੰਘ ਵੱਲੋਂ ਸਾਥੀਆਂ ਨੂੰ ਦੱਸਿਆ ਗਿਆ ਕਿ ਜਲਦ ਹੀ ਜਥੇਬੰਦੀ ਸਿੱਖਿਆ ਮੰਤਰੀ ਸ. ਹਰਜੋਤ ਬੈਂਸ ਨਾਲ ਵੀ ਮੀਟਿੰਗ ਕਰ ਕੇ ਸਾਰੀਆਂ ਮੰਗਾਂ ਜੋ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਾਣਬੁਝ ਕੇ ਰੋਕ ਦਿੱਤੀ ਗਈ ਹੈ ਉਸ ਬਾਰੇ ਜਾਣੂੰ ਕਰਵਾਇਆ ਜਾਵੇਗਾ । ਇਸ ਮੌਕੇ ਜਨਰਲ ਬੀਸੀ ਅਧਿਆਪਕ ਮੰਚ ਦੇ ਜਰਨਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਅਤੇ ਗਜ਼ਟਿਡ ਐਂਡ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਪਟਿਆਲਾ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਲ਼ੀ ਵੱਲੋਂ ਧਰਨੇ ਦਾ ਪੁਰਜ਼ੋਰ ਸਮਰਥਨ ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਨਿਤਿਨ ਵਰਮਾ,ਸੰਜੀਵ ਕੌਸ਼ਿਕ , ਜਸਵਿੰਦਰ ਬਾਤਿਸ਼, ਗੁਰਮੀਤ ਸਿੰਘ, ਵਰਿੰਦਰ ਸਿੰਘ, ਜਸਪਾਲ ਸ਼ਰਮਾ, ਹਰਭਗਵਾਨ ਸਿੰਘ, ਰਾਕੇਸ਼ ਸ਼ਰਮਾ, ਮਨਜੀਤ ਸਿੰਘ, ਅਨਿਲ ਸ਼ਰਮਾ ਕੁਲਦੀਪ ਸਿੰਘ ਚਾਹਲ, ਲਖਵਿੰਦਰ ਸਿੰਘ, ਦਿਨੇਸ਼ ਗੌੜ, ਬਿਕਰਮਜੀਤ ਸਿੰਘ ਭੁੱਲਰ, ਰਵੀ ਕੁਮਾਰ, ਸੁਖਦੇਵ ਭੰਡਾਰੀ, ਹਰਦੀਪ ਸਿੰਘ ਗਿੱਲ, ਸੰਦੀਪ ਕੁਮਾਰ ਛੰਨਾ, ਅਮਨ ਸ਼ਰਮਾ, ਅਮਨਦੀਪ, ਭੁਪਿੰਦਰ ਸਿੰਘ ਆਦਿ ਹਾਜ਼ਰ ਰਹੇ।



## ਪਟਿਆਲਾ-ਆਸ/ਪਾਸ



# ਹਰਪਾਲ ਸਿੰਘ ਵਿਰਕ ਨੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

## ➢ਸਿਹਤ ਮੰਤਰੀ ਡਾ. ਬਲਬੀਰ ਸਿੰਘ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਵਧਾਈਆਂ

ਪਟਿਆਲਾ, 5 ਫਰਵਰੀ (ਰੁਪਾਣਾ/ ਅਮਰਜੀਤ/ਦੀਪਕ ਜੈਦਕਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਇੰਪਰੂਵਮੈਂਟ ਟਰੱਸਟ ਦੇ ਨਵੇਂ ਨਿਯੁਕਤ ਚੇਅਰਮੈਨ ਹਰਪਾਲ ਸਿੰਘ ਵਿਰਕ ਨੇ ਅੱਜ ਇੱਥੇ ਇੰਪਰੂਵਮੈਂਟ ਟਰੱਸਟ ਦੇ ਮੁੱਖ ਦਫ਼ਤਰ ਵਿੱਚ ਪਾਠ, ਕੀਰਤਨ, ਅਰਦਾਸ ਅਤੇ ਪਰਮਾਤਮਾ ਦਾ ਸ਼ੁਕਰਾਨਾ ਅਦਾ ਕਰਨ ਉਪਰੰਤ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਹਰਪਾਲ ਸਿੰਘ ਵਿਰਕ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਇੱਕ ਮਿਹਨਤੀ ਅਤੇ ਜੁਝਾਰੂ ਆਗੂ ਨੂੰ ਮਹੱਤਵਪੂਰਨ ਜਿੰਮੇਵਾਰੀ ਸੌਂਪੀ ਹੈ। ਉਨ੍ਹਾਂ ਨੇ ਕੌਮੀ ਕਨਵੀਨਰ ਅਰਵਿੰਦ



ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੰਪਰੂਵਮੈਂਟ ਟਰੱਸਟ ਹੁਣ ਹੋਰ ਤਰੱਕੀ ਦੀਆਂ ਨਵੀਆਂ ਉਚਾਈਆਂ ਛੂਹੇਗਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਦੀ ਸੇਵਾ ਕਰਨ ਵਾਲੇ ਆਗੂਆਂ ਦੀ ਕਦਰ ਕਰਦੇ ਹਨ ਅਤੇ ਉਨ੍ਹਾਂ ਨੂੰ ਯੋਗ ਅਹੁਦੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਯੋਗ ਵਿਅਕਤੀ ਦਾ ਸਿਹਤ ਕਾਰਡ ਬਣਾਇਆ ਜਾਵੇਗਾ ਅਤੇ ਕੋਈ ਵੀ ਇਸ ਸੁਵਿਧਾ ਤੋਂ ਵਾਂਝਾ ਨਹੀਂ ਰਹੇਗਾ। ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ ਨੇ ਅਹੁਦਾ ਸੰਭਾਲਣ ਉਪਰੰਤ ਆਮ ਆਦਮੀ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ, ਇਮਾਨਦਾਰੀ ਅਤੇ ਤੇਜ਼ੀ ਲਿਆਉਣ ਲਈ ਵਚਨਬੱਧ ਹਨ ਅਤੇ ਬਿਨਾਂ ਕਿਸੇ ਭੇਦਭਾਵ ਲੋਕਾਂ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਚੇਅਰਮੈਨ ਪੀ ਆਰ ਟੀ ਸੀ ਹਰਪਾਲ ਜੁਨੇਜਾ, ਚੇਅਰਮੈਨ ਪੰਜਾਬ ਐਗਰੋ ਫੂਡ ਗ੍ਰੇਨ ਬਲਜਿੰਦਰ ਸਿੰਘ ਢਿੱਲੋਂ , ਵਾਈਸ ਚੇਅਰਮੈਨ ਪੀ ਆਰ ਟੀ ਸੀ ਬਲਵਿੰਦਰ ਸਿੰਘ ਝਾੜਵਾਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ ਰਾਜਪੁਰਾ ਦੀਪਕ ਸੂਦ, ਸੂਬਾ ਜੁਆਇੰਟ ਸਕੱਤਰ ਅਮਰੀਕ ਸਿੰਘ ਬੰਗੜ, ਜ਼ਿਲ੍ਹਾ ਯੂਥ ਪ੍ਰਧਾਨ ਸ਼ਿਵਰਾਜ ਸਿੰਘ ਵਿਰਕ, ਜ਼ਿਲ੍ਹਾ ਮੀਡਿਆ ਇੰਚਾਰਜ ਰਵਿੰਦਰ ਪਾਲ ਸਿੰਘ ਪ੍ਰਿੰਸ ਲਾਂਬਾ, ਗੁਰਮੀਤ ਸਿੰਘ ਧਮੋਲੀ, ਸੁਰਜੀਤ ਸਿੰਘ ਅਬਲੋਵਾਲ, ਅਮਰਜੀਤ ਸਿੰਘ ਭਾਟੀਆ, ਗੁਰਚਰਨ ਸਿੰਘ ਰੁਪਾਣਾ, ਰਘੁਬੀਰ ਸਿੰਘ ਗੋਪਾਲਪੁਰ, ਸੁਮਨ ਬੱਤਰਾ, ਸੁਖਦੇਵ ਸਿੰਘ ਔਲਖ, ਅਮਨ ਭੁੱਲਰ, ਵਿਕੀ ਘਨੌਰ, ਗੁਰਦੀਪ ਟਿਵਾਣਾ, ਐਡਵੋਕੇਟ ਰਾਹੁਲ , ਜਸਬੀਰ ਸਿੰਘ ਗਾਂਧੀ, ਕਰਨਲ ਜੇ ਸਿੰਘ, ਸੁਰੇਸ਼ ਕੁਮਾਰ ਰਾਏ, ਦੇਸ਼ ਦੀਪਕ, ਵੱਖ-ਵੱਖ ਜਥੇਬੰਦੀਆਂ ਦੇ ਆਗੂ, ਸਰਪੰਚ, ਐਮ.ਸੀ. ਸਾਹਿਬਾਨ, ਆਪ ਪਾਰਟੀ ਦੇ ਵਰਕਰਾਂ ਸਮੇਤ ਪਟਿਆਲਾ ਸ਼ਹਿਰ ਦੇ ਸਮਾਜਿਕ ਅਤੇ ਧਾਰਮਿਕ ਵਰਗਾਂ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਕੁਲਵੰਤ ਸਿੰਘ ਬਾਜ਼ੀਗਰ ਨੇ ਪਾਤੜਾਂ ਨੂੰ ਪਿੰਡ ਕਾਨਗੜ੍ਹ ਨਾਲ ਜੋੜਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

## ➢ਪ੍ਰਜਾਪਤ ਧਰਮਸ਼ਾਲਾ ਨੂੰ 10 ਲੱਖ ਦੇਣ ਦਾ ਐਲਾਨ



ਪਾਤੜਾਂ, 5 ਫਰਵਰੀ (ਹਰਮਿੰਦਰ ਕਰਤਾਰਪੁਰ): ਪਾਤੜਾਂ ਟੈਕਸੀ ਸਟੈਂਡ ਤੋਂ ਪਿੰਡ ਕਾਹਨਗੜ੍ਹ ਨੂੰ ਜਾਣ ਵਾਲੀ ਸੜਕ ਦਾ ਅੱਜ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਨਹੀਂ ਪੱਥਰ ਰੱਖਿਆ ਗਿਆ। ਨੀਂਹ ਪੱਥਰ ਰੱਖਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਇਸ ਸੜਕ ਉੱਪਰ ਅੱਸੀ ਐਮ.ਐਮ ਦੀ ਲੌਕ ਟਾਈਲ ਲਗਾਈ ਜਾਵੇਗੀ, ਜਿਸ ਉੱਪਰ ਇੱਕ ਕਰੋੜ ਤੋਂ ਵੱਧ ਦਾ ਖਰਚਾ ਆਵੇਗਾ। ਉਨ੍ਹਾਂ ਕਿਹਾ ਕਿ ਫਰਵਰੀ ਮਹੀਨੇ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਆਰੰਭ ਕਰ ਦਿੱਤਾ ਜਾਵੇਗਾ, ਜਦਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਚਾਲੀ ਹਜ਼ਾਰ ਕਿੱਲੋਮੀਟਰ ਸੜਕਾਂ ਦੇ ਨਵੀਨੀਕਰਨ ਦਾ ਕੰਮ ਸੂਬੇ ਅੰਦਰ ਜੰਗੀ ਪੱਧਰ ਉੱਪਰ ਜਾਰੀ ਹੈ ਤੇ ਬਹੁਤ ਸਾਰੀਆਂ ਸੜਕਾਂ ਬਣ ਕੇ ਤਿਆਰ ਹੋ ਵੀ ਚੁੱਕੀਆਂ ਹਨ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸਰਕਾਰ ਵੱਲੋਂ ਦੱਸ ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਰਾਹੀਂ ਲੋਕਾਂ ਦਾ ਫਰੀ ਇਲਾਜ ਕਰਨ ਦਾ ਜੋ ਟੀਚਾ ਮਿੱਥਿਆ ਗਿਆ ਹੈ ਉਸ ਰਾਹੀਂ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਪਾਤੜਾਂ 'ਚ ਨਿਰਮਾਣ ਅਧੀਨ ਪ੍ਰਜਾਪਤ ਧਰਮਸ਼ਾਲਾ ਦਾ ਨਰੀਖਣ ਕਰਦਿਆਂ ਉਸ ਨੂੰ ਮੁਕੰਮਲ ਕਰਨ ਲਈ 10 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ।ਇਸ ਮੌਕੇ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਬੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਭਗਵਤ ਦਿਆਲ ਨਿੱਕਾ,ਮਦਨ ਲਾਲ ਸਿਟੀ ਪ੍ਰਧਾਨ, ਕੌਂਸਲਰ ਕ੍ਰਿਸ਼ਨ ਕੁਮਾਰ, ਚੇਅਰਮੈਨ ਡਾਕਟਰ ਡੀਡੀ ਸਿੰਗਲਾ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

# ਪਿੰਡ ਦੇ ਲੋੜਵੰਦ ਪਰਿਵਾਰ ਨੂੰ ਐਨ.ਆਰ.ਆਈ. ਤੇ ਦਾਨੀ ਸੱਜਣਾਂ ਵੱਲੋਂ ਨਵੇਂ ਮਕਾਨ ਦੀ ਉਸਾਰੀ ਕਰਕੇ ਦਿੱਤੀ



ਸਮਾਣਾ, 5 ਫਰਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਨੇੜਲੇ ਪਿੰਡ ਕੁਲਾਰਾਂ ਦੇ ਦਾਨੀ ਸੱਜਣਾਂ ਅਤੇ ਵਿਦੇਸ਼ਾਂ 'ਚ ਜਾ ਕੇ ਵਸੇ ਐਨਆਰਆਈ ਭਰਾਵਾਂ ਵੱਲੋਂ ਪਿੰਡ ਦੇ ਸਵ: ਮਿਸਤਰੀ ਮੁਖਤਿਆਰ ਸਿੰਘ ਜਿਨ੍ਹਾਂ ਦੇ ਪਰਿਵਾਰ ਨੂੰ ਨਵਾਂ ਘਰ ਬਣਾ ਕੇ ਦਿੱਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਸਰਪੰਚ ਸਤਪਾਲ ਸਿੰਘ ਅਤੇ ਪੱਤਰਕਾਰ ਸੁਖਜਿੰਦਰ ਸਿੰਘ ਕੁਲਾਰਾਂ ਨੇ ਦੱਸਿਆ ਕਿ ਅੰਗੂਰੀ ਦੇਵੀ ਪਤਨੀ ਸਵ ਮੁਖਤਿਆਰ ਸਿੰਘ ਜਿਨ੍ਹਾਂ ਦੇ ਘਰ ਦੇ ਹਾਲਾਤ ਬਹੁਤ ਮਾੜੇ ਸਨ। ਜਿਸ ਦਾ ਪਿੰਡ ਕੁਲਾਰਾਂ ਦੇ ਐਨ ਆਰ ਆਈ ਭਰਾਵਾਂ ਅਤੇ ਪਿੰਡ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਵਾਂ ਘਰ ਬਣਾਇਆ ਗਿਆ। ਅੱਜ ਮਾਤਾ ਅੰਗੂਰੀ ਦੇਵੀ ਜੀ ਦੇ ਘਰ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਬਾਬਾ ਰੂਪ ਸਿੰਘ ਜੀ ਵੱਲੋਂ ਕਥਾ ਕੀਰਤਨ ਕੀਤਾ ਗਿਆ। ਇਸ ਮੌਕੇ ਹਲਕਾ ਸ਼ਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੇ ਪੁੱਤਰ ਵਿੱਕੀ ਸਿੰਘ, ਆਪ ਦੇ ਬਲਾਕ ਪ੍ਰਧਾਨ ਡਾਕਟਰ ਮੁਕੇਸ਼ ਕੁਮਾਰ ਸ਼ਰਮਾ,ਭਾਰਤੀ ਕਿਸਾਨ ਯੂਨੀਅਨ ਦੇ ਪੁਸ਼ਪਿੰਦਰ ਸਿੰਘ ਰਤਨਹੇੜੀ ਐਸਡੀਓ ਬਿਜਲੀ ਬੋਰਡ ਸੁਰਿੰਦਰ ਸਿੰਘ ਢੋਟ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸਾਬਕਾ ਸਰਪੰਚ ਸਤਪਾਲ ਸਿੰਘ ਅਤੇ ਪੱਤਰਕਾਰ ਸੁਖਜਿੰਦਰ ਸਿੰਘ ਕੁਲਾਰਾਂ ਵੱਲੋਂ ਸਾਰੇ ਦਾਨੀ ਸੱਜਣਾਂ ਅਤੇ ਜਿਨ੍ਹਾਂ ਵੀਰਾਂ ਨੇ ਹੱਥੀ ਸੇਵਾ ਕੀਤੀ ਹੈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਹਿਯੋਗੀ ਸੱਜਣ,ਨਗਰ ਪੰਚਾਇਤ ਕੁਲਾਰਾਂ ਅਤੇ ਸਮੂਹ ਰਿਸ਼ਤੇਦਾਰ ਅਤੇ ਨਗਰ ਨਿਵਾਸੀ ਹਾਜ਼ਰ ਸਨ।

## ਵਕੀਲਾਂ ਵੱਲੋਂ ਦੋ ਦਿਨ ਕੰਮ ਕਾਜ ਬੰਦ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਅਤੇ ਸੈਕਟਰੀ ਸਚਿਨ ਸ਼ਰਮਾ ਅਤੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਤੇ ਹੋਰ ਵਕੀਲਾਂ ਵੱਲੋਂ ਸਾਂਝੇ ਤੌਰ 'ਤੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਪਾਲਿਸੀ ਅਤੇ ਐਕਸ਼ਨ ਪਲਾਨ ਅਤੇ ਹੋਰ ਜੋ ਨਵੀਆਂ ਨਿਯੁਕਤੀਆਂ ਹੋਈਆਂ ਹਨ, ਉਨ੍ਹਾਂ 'ਤੇ ਚਰਚਾ ਕੀਤੀ ਗਈ, ਜੋ ਨਜ਼ਦੀਕ ਤਰੀਕਾਂ ਪਾਈਆਂ ਜਾ ਰਹੀਆਂ ਹਨ, ਉਨ੍ਹਾਂ 'ਤੇ ਵੀ ਚਰਚਾ ਹੋਈ। ਇਨ੍ਹਾਂ ਨਜ਼ਦੀਕ ਤਰੀਕਾਂ ਕਾਰਨ ਵਕੀਲਾਂ 'ਤੇ ਦਬਾਅ ਬਣਿਆ ਹੋਇਆ ਹੈ, ਜੋ ਕੋਰਟ ਵੱਲੋਂ ਨਜ਼ਦੀਕ ਦੀਆਂ ਤਰੀਕਾਂ ਪਾਈਆਂ ਜਾ ਰਹੀਆਂ ਹਨ। ਇਸ ਕਾਰਨ ਜ਼ਿਲ੍ਹਾ ਬਾਰ ਵੱਲੋਂ ਅੱਜ ਨੋ ਵਰਕ ਰੱਖਿਆ ਗਿਆ ਅਤੇ ਕੱਲ ਫਿਰ ਹੋਵੇਗਾ।

## ਨਸ਼ੀਲੇ ਪਦਾਰਥ ਰੱਖਣ ਵਾਲੇ ਨੂੰ ਸਜ਼ਾ ਸੁਣਾ ਕੇ ਕੀਤਾ ਅੰਡਰਗਾਨ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ) : ਅਦਾਲਤ ਨੇ ਨਸ਼ੀਲੇ ਪਦਾਰਥ ਰੱਖਣ ਦੇ ਮਾਮਲੇ ਵਿੱਚ ਇੱਕ ਵਿਅਕਤੀ ਮਨੀਸ਼ ਵਾਸੀ ਕੁਰਾਲੀ ਨੂੰ ਸਜ਼ਾ ਸੁਣਾ ਕੇ ਅੰਡਰਗਾਨ ਕੀਤਾ ਹੈ ਅਤੇ ਪੱਚੀ ਸੌ ਰੁਪਏ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਪੁਲਿਸ ਨੇ ਸਾਲ 2018 ਵਿਚ ਥਾਣਾ ਸੰਭੂ ਵਿਖੇ ਮਾਮਲਾ ਦਰਜ ਕੀਤਾ ਸੀ।

# ਕਿਸ਼ੋਰ ਕੁਮਾਰ ਫੈਨਜ਼ ਕਲਚਰਲ ਐਂਡ ਵੈਲਫੇਅਰ ਕੱਲਬ ਨੇ ਸੰਗੀਤਮਈ ਪ੍ਰੋਗਰਾਮ ਕਰਵਾਇਆ



ਪਟਿਆਲਾ, 5 ਫਰਵਰੀ (ਚ.ਨ.ਸ.) : ਕਿਸ਼ੋਰ ਕੁਮਾਰ ਫੈਨਜ਼ ਕਲਚਰਲ ਐਂਡ ਵੈਲਫੇਅਰ ਕੱਲਬ ਵਲੋਂ ਸੰਗੀਤਮਈ ਪ੍ਰੋਗਰਾਮ ਦਾ ਆਯੋਜਨ ਪਟਿਆਲਾ ਦੇ ਹਰਪਾਲ ਟਿਵਾਣਾ ਆਡੀਟੋਰੀਅਮ ਵਿੱਖੇ ਕਰਵਾਇਆ ਗਿਆ । ਪ੍ਰੋਗਰਾਮ ਵਿੱਚ ਪਦਮਸ੍ਰੀ ਅਨੂਪ ਜਲੋਟਾ ਉਚੇਚੇ ਤੋਰ ਤੇ ਪਹੁੰਚੇ । ਪ੍ਰੋਗਰਾਮ ਵਿੱਚ ਮਿਊਜਿਕ ਅਰੇਂਜਰ ਸ੍ਰੀ ਸੰਤੋਸ਼ ਕਟਾਰੀਆ ਦੀ 22 ਮੈਂਬਰੀ ਟੀਮ ਵਲੋਂ ਦਿੱਤੇ ਲਾਈਵ ਮਿਊਜਿਕ ਤੇ ਲਗਭਗ 30 ਗਾਈਕ ਕਲਾਕਾਰਾਂ ਨੇ ਭਾਗ ਲਿਆ । ਕਲੱਬ ਦੇ ਪ੍ਰਧਾਨ ਰਾਜੀਵ ਵਰਮਾ ਅਤੇ ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ ਨੇ ਦੱਸਿਆ ਕਿ ਪਦਮਸ਼੍ਰੀ ਅਨੂਪ ਜਲੋਟਾ, ਮੁੱਖ ਮਹਿਮਾਨ ਵਜੋਂ ਪਹੁੰਚੇ ਸ੍ਰੀ ਕੁੰਦਨ ਗੋਗੀਆ ਮੇਅਰ ਪਟਿਆਲਾ, ਪ੍ਰਸਿੱਧ ਸਮਾਜ ਸੇਵਿਕਾ ਸਤਿੰਦਰਪਾਲ ਕੌਰ, ਸ੍ਰੀ ਜਗਦੀਪ ਟਾਂਡਾ (ਡਾਇਰੈਕਟਰ ਹਰਿਆਣਾ ਸਰਕਾਰ), ਧਰਮਪਾਲ ਬਾਂਸਲ, ਆਕਾਸ਼ਦੀਪ ਮਰਵਾਹਾ, ਹਰਸ਼ ਗੁਪਤਾ, ਪ੍ਰੇਮ ਬਾਂਸਲ, ਹਰਬੰਸ ਸਿੰਘ ਕੁਲਾਰ ਅਤੇ ਰਾਜੇਸ਼ ਪੰਜੋਲਾ ਵਲੋਂ ਸ਼ਮਾਂ ਰੋਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰਵਾਤ ਕੀਤੀ ਗਈ । ਸ੍ਰੀ ਰਾਜੀਵ ਵਰਮਾ, ਰਾਜੇਸ਼ ਕਪਿਲ, ਮਨਤ ਮਠਾਰੂ, ਦੀਵਿਆਂਸ਼ੀ, ਕਲਪਨਾ ਗੁਪਤਾ, ਮੈਡਮ ਅਰਵਿੰਦਰ ਕੌਰ, ਅਸ਼ੋਕ ਅਰੋੜਾ, ਪ੍ਰਿੰਸ ਸ਼ਰਮਾ, ਬੱਬਲ ਅਰੋੜਾ ਅਤੇ ਪ੍ਰਗਿਆ ਵਲੋਂ ਰਾਸ਼ਟਰੀ ਗਾਇਨ ਨਾਲ ਪ੍ਰੋਗਰਾਮ ਦੀ ਸ਼ੁਰਵਾਤ ਕੀਤੀ ਗਈ । ਸ੍ਰੀਮਤੀ ਕਲਪਨਾ ਗੁਪਤਾ ਵਲੋਂ ਸੋਲਾਂ ਬਰਸ ਕੀ, ਮੈਡਮ ਅਰਵਿੰਦਰ ਕੌਰ ਅਤੇ ਵਰਿੰਦਰ ਧੀਮਾਨ ਵਲੋਂ ਦਿਲ ਕੀ ਗਿਰਹ ਖੋਲ ਦੋ, ਰੇਨੂੰ ਵਰਮਾ ਵਲੋਂ ਮੈਂ ਹੂੰ ਖੁਸ਼ਰੰਗ ਹੀਨਾ, ਜਗਦੀਪ ਟਾਂਡਾ (ਡਾਇਰੈਕਟਰ), ਰਾਜੇਸ਼ ਕਪਿਲ ਅਤੇ ਡਾ. ਪ੍ਰਦੀਪ ਭਰਦਵਾਜ ਵਲੋਂ ਅਮਰ ਅਕਬਰ ਐਨਥਨੀ, ਰਾਜੇਸ਼ ਕਪਿਲ ਅਤੇ ਜਗਦੀਸ਼ ਅਰੋੜਾ ਵਲੋਂ ਦੋ ਬੇਚਾਰੇ, ਰਾਧਿਕਾ ਗਰੋਵਰ ਵਲੋਂ ਯੇ ਗਲੀਆਂ ਯੇ ਚੌਬਾਰਾਂ, ਬਲਜੀਤ ਸਿੰਘ ਵਲੋਂ ਮੇਰੇ ਨੈਨਾ ਸਾਵਨ ਭਾਦੋ, ਪ੍ਰਿੰਸ ਸ਼ਰਮਾ ਅਤੇ ਕੀਰਤੀ ਸਿਆਨ ਵਲੋਂ ਆਪ ਕੋ ਪਹਿਲੇ ਭੀ ਕਹੀਂ ਦੇਖਾ ਹੈ, ਬਰਿੰਦਰ ਸਿੰਘ ਖੁਰੱਲ ਅਤੇ ਪਰਵਿੰਦਰ ਖੁੱਰਲ ਵਲੋਂ ਮੇਰੇ ਹਾਥੋਂ ਮੇ ਪਹਿਨਾ ਕੇ ਚੂੜੀਆਂ, ਡਾ. ਰਾਮ ਅਰੋੜਾ ਅਤੇ ਬਿੰਦੂ ਅਰੋੜਾ ਵਲੋਂ ਆਜਕਲ ਤੇਰੇ ਮੇਰੇ ਪਿਆਰ ਕੇ ਚਰਚੇ, ਬੱਬਲ ਅਰੋੜਾ ਅਤੇ ਰਾਜ ਕੁਮਾਰ ਵੱਲੋਂ ਕਲ ਕੀ ਹਸੀਂ ਮੁਲਾਕਾਤ, ਤਨੀਸ਼ਕਾ ਵਲੋਂ ਇਕ ਰਾਧਾ ਇਕ ਮੀਰਾ ਗਾਏ ਪੁਰਾਣੇ ਗੀਤਾਂ ਨੂੰ ਦਰਸ਼ਕਾਂ ਵਲੋਂ ਭਰਪੂਰ ਸ਼ਲਾਗਾ ਮਿਲੀ । ਅੰਤ ਵਿੱਚ ਪਦਮ ਸ੍ਰੀ ਅਨੂਪ ਜਲੋਟਾ ਵੱਲੋਂ ਗਾਏ ਗੀਤਾਂ ਨੇ ਸਮਾਂ ਬੰਨ ਦਿੱਤਾ ਅਤੇ ਆਏ ਸਰੋਤਿਆਂ ਨੂੰ ਦੇਰ ਰਾਤ ਤੱਕ ਬੈਠਣ ਤੇ ਮਜਬੂਰ ਕਰ ਦਿੱਤਾ । ਸ੍ਰੀ ਅਨੂਪ ਜਲੋਟਾ ਨੇ ਮਿਊਜਿਕ ਅਰੇਂਜਰ ਸ੍ਰੀ ਸੰਤੋਸ਼ ਕਟਾਰੀਆ ਦੀ ਟੀਮ ਵੱਲੋਂ ਦਿੱਤੇ ਮਿਊਜਿਕ ਦੀ ਤਾਰੀਫ ਕੀਤੀ। ਇਸ ਤੋਂ ਇਲਾਵਾ ਮਧੂਸੁਦਨ, ਗੁਰਵਿੰਦਰ ਮਠਾਰੂ, ਹੁਨਰ ਅਰੋੜਾ ਆਦਿ ਗਾਇਕਾਂ ਨੇ ਵੀ ਆਪਣੀ ਹਾਜ਼ਰੀ ਲਵਾਈ । ਸਟੇਜ ਸਕੱਤਰ ਦੀ ਭੂਮੀਕਾ ਸ੍ਰੀ ਰਜੇਸ਼ ਆਤਰੇ ਵਲੋਂ ਬਾਖੂੱਬੀ ਨਿਭਾਈ ਗਈ ।

## ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਧਾਰਮਿਕ ਸਮਾਗਮ ਕਰਵਾਇਆ



ਸਮਾਣਾ, 5 ਫਰਵਰੀ (ਜਵੰਦਾ) : ਸ੍ਰੀ ਗੁਰੂ ਰਵੀਦਾਸ ਜੀ ਦੇ ਜਨਮ ਦਿਹਾੜੇ ਮੌਕੇ ਕਰਵਾਏ ਸਮਾਗਮ ਦੌਰਾਨ ਸਰਦਾਰ ਐਗਰੋਟੇਕ ਕੁਲਬੁਰਛਾਂ ਦੇ ਐਮ ਡੀ ਹਰਿੰਦਰ ਸਿੰਘ ਦਿਓਲ ਖੇੜਕੀ ਨੇ ਹਾਜ਼ਰੀ ਭਰਦਿਆਂ ਅਸ਼ੀਰਵਾਦ ਪ੍ਰਾਪਤ ਕੀਤਾ । ਇਸ ਮੌਕੇ ਹਰਮੇਸ਼ ਸਿੰਘ ਦਿਓਲ, ਹਰਿੰਦਰ ਸਿੰਘ ਦਿਓਲ, ਯੁਵਰਾਜ ਦਿਓਲ, ਬਹਾਦਰ ਸਿੰਘ ਦਿਓਲ, ਬਲਜਿੰਦਰ ਸਿੰਘ ਦਿਓਲ, ਜਤਿੰਦਰ ਸਿੰਘ ਦਿਓਲ, ਸਹਿਜ ਦਿਓਲ, ਸ਼ੰਕਰ ਖੇੜਕੀ ਸਰਪੰਚ, ਮਲਕੀਤ ਲੰਬੜਦਾਰ, ਗੁਰਮੁੱਖ ਸਿੰਘ, ਬੀਰਬੱਲ ਸਿੰਘ, ਹੁਸ਼ਿਆਰ ਸਿੰਘ, ਕਾਲਾ ਸਿੰਘ, ਸੱਤੀ ਬਾਬਾ ਤੇ ਹਰੀ ਨਗਰ ਖੇੜਕੀ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਵੀ ਹਾਜ਼ਰ ਸਨ ।

## ਸਰਕਾਰੀ ਸਕੂਲ ਭਾਨਰਾ ਵਿਖੇ ਕਾਨੂੰਨੀ ਸੇਵਾਵਾਂ ਅਤੇ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ

ਭੁਨਰਹੇੜੀ, 5 ਫਰਵਰੀ (ਗੁਰਜੀਤ ਸਿੰਘ ਢੋਟ): ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਅਵਤਾਰ ਸਿੰਘ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਸਰਪ੍ਰਸਤੀ ਅਤੇ ਮਾਣਯੋਗ ਮਾਨੀ ਅਰੋੜਾ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਇੰਚਾਰਜ ਸੈਕਟਰੀ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਤਹਿਤ ਕਾਨੂੰਨੀ ਸੇਵਾਵਾਂ ਅਤੇ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਮਾਰਟ ਸਕੂਲ ਭਾਨਰਾ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸਨਲ ਸਪੀਕਰ



ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ,ਟੋਲ ਫ੍ਰੀ ਨੰਬਰ 15100 ਅਤੇ 17 ਮਾਰਚ ਨੂੰ ਜ਼ਿਲ੍ਹਾ ਕਚਹਿਰੀਆਂ ਅਤੇ ਨਾਭਾ ਰਾਜਪੁਰਾ ਤੇ ਸਮਾਣਾ ਸਬ ਡਵੀਜ਼ਨਾਂ ਵਿਖੇ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਪ੍ਰੀਤੀ ਗੁਪਤਾ ਨਸ਼ਿਆਂ ਤੋਂ ਦੂਰ ਰਹਿਣ, ਬਾਲ ਵਿਆਹ ਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਵੀ ਕੀਤੀ ਅਤੇ ਬਾਲ ਵਿਆਹ ਮੁਕਤ ਭਾਰਤ ਅਭਿਆਨ ਨਾਲ ਜੁੜਨ ਲਈ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਸ਼ਾ ਗੁਪਤਾ ਜਤਿੰਦਰ ਸਿੰਘ, ਜਸਮੀਤ ਜਾਵੰਦਾ, ਸਟਾਫ, ਵਿਦਿਆਰਥੀ ਤੇ ਮਿਡ ਡੇ ਮੀਲ ਵਰਕਰ ਹਾਜ਼ਰ ਸਨ।

## ਜਾਅਲੀ ਸਾਈਨ ਕਰਕੇ ਮੋਟਰਸਾਈਕਲ ਅੱਗੇ ਵੇਚਿਆ

ਪਟਿਆਲਾ, 5 ਫਰਵਰੀ (ਵਿਨੋਦ ਸ਼ਰਮਾ): ਥਾਣਾ ਤ੍ਰਿਪੜੀ ਪੁਲਿਸ ਕੋਲ ਜਸਪ੍ਰੀਤ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਗੁਰਦਿੱਤਪੁਰਾ ਨੇ ਕਥਿਤ ਦੋਸ਼ੀਆਂ ਅਮਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਰਣਬੀਰਪੁਰਾ, ਇੰਦਰਪਾਲ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਗੁਰੂ ਨਾਨਕ ਨਗਰ ਬਡੂੰਗਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਪਤੀ ਹਰਪ੍ਰੀਤ ਸਿੰਘ ਦੀ ਮੌਤ ਹੋਣ ਤੋ ਬਾਅਦ ਉਸਦਾ ਮਲਕੀਅਤ ਮੋਟਰਸਾਇਕਲ ਜੋ ਕਿ ਹਰਪ੍ਰੀਤ ਸਿੰਘ ਦੇ ਪਿਤਾ ਅਮਰ ਸਿੰਘ ਨੇ ਡੀਲਰ ਇੰਦਰਪਾਲ ਸਿੰਘ ਨਾਲ ਸ਼ਾਜਿਸ ਰਚ ਕੇ ਲੋੜੀਂਦੇ ਦਸਤਾਵੇਜ ਤਿਆਰ ਹਰਪ੍ਰੀਤ ਸਿੰਘ ਦੇ ਜਾਅਲੀ ਸਾਇਨ ਕਰਕੇ ਅੱਗੇ 1,06,000 ਰੁਪਏ ਵਿੱਚ ਵੇਚ ਦਿੱਤਾ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਮਲੇਰਕੋਟਲਾ ਵਿਖੇ ਚਾਹ-ਦੁੱਧ ਦੀ ਕੰਟੀਨ ਦੀ ਬੋਲੀ 9 ਨੂੰ

ਮਲੇਰਕੋਟਲਾ, 5 ਫਰਵਰੀ (ਚ.ਨ.ਸ.): ਉਪ ਮੰਡਲ ਮੈਜਿਸਟਰੇਟ, ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2025- 26 ਲਈ ਦਫਤਰ ਉਪ ਮੰਡਲ ਮੈਜਿਸਟਰੇਟ, ਮਾਲੇਰਕੋਟਲਾ ਅਤੇ ਦਫਤਰ ਤਹਿਸੀਲਦਾਰ, ਮਾਲੇਰਕੋਟਲਾ ਦੇ ਚਾਹ-ਦੁੱਧ ਦੀ ਕੰਟੀਨ ਦੀ ਬੋਲੀ 9 ਫਰਵਰੀ ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਤਹਿਸੀਲ ਦਫ਼ਤਰ, ਮਾਲੇਰਕੋਟਲਾ ਵਿਖੇ ਤਹਿਸੀਲਦਾਰ ਵੱਲੋਂ ਕਰਵਾਈ ਜਾਵੇਗੀ । ਜੇਕਰ ਉਕਤ ਮਿਤੀ ਨੂੰ ਸਰਕਾਰ ਵੱਲੋਂ ਛੁੱਟੀ ਹੋ ਜਾਂਦੀ ਹੈ ਤਾਂ ਇਹ ਬੋਲੀ ਅਗਲੇ ਕੰਮ ਵਾਲੇ ਦਿਨ ਇਸ ਸਥਾਨ ਤੇ ਅਤੇ ਇਸੇ ਸਮੇਂ ਉੱਤੇ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਆਪਣੀ ਸਕਿਉਰਿਟੀ ਰਕਮ ਮੁਬਲਿਗ 10 ਹਜ਼ਾਰ ਰੁਪਏ ਬਤੌਰ ਜ਼ਮਾਨਤ ਤਹਿਸੀਲਦਾਰ, ਮਾਲੇਰਕੋਟਲਾ ਪਾਸ ਜਮਾਂ ਕਰਵਾ ਕੇ ਬੋਲੀ ਦੇ ਸਕਦਾ ਹੈ । ਉਨ੍ਹਾਂ ਦੱਸਿਆ ਕਿ ਬੋਲੀ ਦੀ ਮੰਜ਼ੂਰੀ ਤੋਂ ਤੁਰੰਤ ਬਾਅਦ ਸਬੰਧਿਤ ਵਿਅਕਤੀ ਵੱਲੋਂ ਇੱਕ ਇਕਰਾਰਨਾਮਾ ਦੇਣਾ ਪਵੇਗਾ ਅਤੇ ਇੱਕ ਜਾਮਨੀ ਵੀ ਦੇਣੀ ਪਵੇਗੀ।

## ਪਸ਼ੂ ਪਾਲਣ ਵਿਭਾਗ ਵੱਲੋਂ ਲੰਪੀ ਸਕਿਨ ਬਿਮਾਰੀ ਦੇ ਪ੍ਰਕੋਪ ਤੋਂ ਬਚਾਉਣ ਲਈ ਟੀਕਾਕਰਨ ਮੁਹਿੰਮ ਦਾ ਆਗ਼ਾਜ਼

ਡਕਾਲਾ/ਬਲਬੇੜ੍ਹਾ, 5 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਡਿਪਟੀ ਡਾਇਰੈਕਟਰ ਡਾ. ਪਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਭਰ 'ਚ ਗਊ ਧਨ ਨੂੰ ਲੰਪੀ ਸਕਿਨ ਜਿਹੀ ਘਾਤਕ ਬਿਮਾਰੀ ਤੋਂ ਬਚਾਉਣ ਲਈ ਘਰ -ਘਰ ਜਾ ਕੇ ਟੀਕਾ ਕਰਨ ਮੁਹਿੰਮ ਦਾ ਆਗਾਜ਼ ਆਰੰਭ ਕੀਤਾ ਗਿਆ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਵੈਟਰਨਰੀ ਇੰਸਪੈਕਟਰ ਅੰਕਿਤ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ ਪਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੰਬੀ ਸਕਿਨ ਬਿਮਾਰੀ ਤੋਂ ਗਊਧਨ ਨੂੰ ਬਚਾਉਣ ਲਈ ਘਰ ਘਰ ਜਾ ਕੇ ਮੁਫਤ ਟੀਕਾ ਕਰਨ ਮੁਹਿੰਮ ਚਲਾਈ ਗਈ ਹੈ। ਉਹਨਾਂ ਦੱਸਿਆ ਕਿ ਪਸ਼ੂ ਧਨ ਨੂੰ ਘਾਤਕ ਬਿਮਾਰੀ ਤੋਂ ਬਚਾਉਣ ਲਈ ਪਸ਼ੂ ਪਾਲਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਪਸ਼ੂਆਂ ਦੀ ਸਿਹਤ ਸੰਭਾਲ ਲਈ ਟੀਮਾਂ ਪੂਰੀ ਤਰ੍ਹਾਂ ਸਰਗਰਮ ਹਨ। ਵੈਟਰਨਰੀ ਇੰਸਪੈਕਟਰ ਅੰਕਿਤ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਟੀਕਾ ਕਰਨ ਟੀਮਾਂ ਗਠਨ ਕਰਕੇ ਪਸ਼ੂਆਂ ਨੂੰ ਟੀਕੇ ਲਗਾ ਰਹੀਆਂ ਹਨ, ਤਾਂ ਕਿ ਪਸ਼ੂ ਪਾਲਕਾਂ ਨੂੰ ਕਿਸੇ ਵੀ ਪ੍ਰਕਾਰ ਦੀ ਦਿੱਕਤ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇੰਸਪੈਕਟਰ ਅੰਕਿਤ ਸਿੰਘ ਨੇ ਕਿਹਾ ਕਿ ਡਿਪਟੀ ਡਾਇਰੈਕਟਰ ਪਸ਼ੂ ਪਾਲਕ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਮੁਹਿੰਮ 28 ਫਰਵਰੀ ਤੱਕ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ। ਉਹਨਾਂ ਪਸ਼ੂ ਪਾਲਕਾਂ ਨੂੰ ਪ੍ਰੈਸ ਦੇ ਮਾਧਿਅਮ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਟੀਕਾਕਰਨ ਕਰ ਰਹੀਆਂ ਟੀਮਾਂ ਦਾ ਪੂਰਨ ਸਹਿਯੋਗ ਕਰਨ ਤਾਂ ਕਿ ਮਿਥੇ ਹੋਏ ਟੀਚੇ ਅਨੁਸਾਰ ਸਮੇਂ ਸਿਰ ਮੁਹਿੰਮ ਨੂੰ ਪੂਰਾ ਕੀਤਾ ਜਾ ਸਕੇ, ਉਹਨਾਂ ਦੱਸਿਆ ਕਿ ਲੰਪੀ ਸਕਿਨ ਇੱਕ ਛੂਤ ਦੀ ਬਿਮਾਰੀ ਹੈ, ਜਿਸ ਤੋਂ ਗਊ ਧਨ ਨੂੰ ਬਚਾਉਣ ਲਈ ਚਲਾਈ ਗਈ ਪ੍ਰਭਾਵਸ਼ਾਲੀ ਟੀਕਾਕਰਨ ਮੁਹਿੰਮ ਤਹਿਤ ਘਾਤਕ ਬਿਮਾਰੀ ਲੰਪੀ ਸਕਿਨ ਨੂੰ ਪੂਰਨ ਰੂਪ 'ਚ ਰੋਕਥਾਮ ਕਰਨ 'ਚ ਸਹਾਈ ਹੋ ਸਕੀਏ।

# ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਮਹਿਲਾ ਸਿਹਤ ਸੰਭਾਲ ਬਾਰੇ ਗੈਸਟ ਲੈਕਚਰ



ਪਟਿਆਲਾ, 5 ਫਰਵਰੀ (ਰੁਪਾਣਾ) : ਮਲਤਾਨੀ ਮਲ ਮੋਦੀ ਕਾਲਜ, ਪਟਿਆਲਾ ਦੀ ਐਨ.ਐਸ.ਐਸ. ਯੂਨਿਟ ਵੱਲੋਂ ਕਾਲਜ ਆਡੀਟੋਰੀਅਮ ਵਿੱਚ ਮਹਿਲਾ ਸਿਹਤ ਸੰਭਾਲ ਔਰਤਾਂ ਵਿੱਚ ਕੈਂਸਰ ਪ੍ਰਤੀ ਜਾਗਰੂਕਤਾ ਅਤੇ ਰੋਕਥਾਮ ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨ ਲੜਕੀਆਂ ਵਿੱਚ ਕੈਂਸਰ ਦੀ ਰੋਕਥਾਮ, ਸਮੇਂ ਸਿਰ ਪਛਾਣ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਸ ਪ੍ਰੋਗਰਾਮ ਦੇ ਮੁੱਖ ਵਕਤਾ ਡਾ. ਰਾਜਾ ਪਰਮਜੀਤ ਸਿੰਘ ਬਨੀਪਾਲ, ਪ੍ਰੋਫੈਸਰ ਅਤੇ ਮੁਖੀ, ਰੇਡੀਏਸ਼ਨ ਓਨਕੋਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਸਨ। ਉਨ੍ਹਾਂ ਦੇ ਨਾਲ ਡਾ. ਰੀਨਤ ਵੀਰਕ, ਰੇਡੀਏਸ਼ਨ ਓਨਕੋਲੋਜੀ ਵਿਭਾਗ ਤੋਂ, ਨੇ ਵੀ ਸਹਿਯੋਗ ਦਿੱਤਾ। ਦੋਹਾਂ ਮਾਹਿਰ ਡਾਕਟਰ ਨੇ ਵਿਦਿਆਰਥੀਆਂ ਨਾਲ ਮਹੱਤਵਪੂਰਨ ਮੈਡੀਕਲ ਜਾਣਕਾਰੀ ਸਾਂਝੀ ਕੀਤੀ ਅਤੇ ਉਨ੍ਹਾਂ ਨਾਲ ਸਰਗਰਮ ਸੰਵਾਦ ਕੀਤਾ। ਮਹਿਮਾਨਾਂ ਦਾ ਸਵਾਗਤ ਕਰਦੇ ਹੋਏ, ਕਾਲਜ ਦੇ ਪ੍ਰਿੰਸੀਪਲ ਡਾ. ਨੀਰਜ ਗੋਯਲ ਨੇ ਮਹਿਲਾ ਸਿਹਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਜਾਗਰੂਕਤਾ ਅਤੇ ਸਮੇਂ ਸਿਰ ਰੋਕਥਾਮ ਹੀ ਇੱਕ ਸਿਹਤਮੰਦ ਸਮਾਜ ਦੀ ਨੀਂਹ ਹੈ। ਲੈਕਚਰ ਦੌਰਾਨ ਡਾ. ਰਾਜਾ ਪਰਮਜੀਤ ਸਿੰਘ ਬਨੀਪਾਲ ਨੇ ਭਾਰਤੀ ਮਹਿਲਾਵਾਂ ਵਿੱਚ ਬ੍ਰੈਸਟ ਕੈਂਸਰ ਦੇ ਵਧ ਰਹੇ ਮਾਮਲਿਆਂ 'ਤੇ ਚਾਨਣ ਪਾਇਆ। ਡਾ. ਰੀਨਤ ਵੀਰਕ ਨੇ ਮਹਿਲਾਵਾਂ ਨਾਲ ਸੰਬੰਧਿਤ ਸਿਹਤ ਸਮੱਸਿਆਵਾਂ ਬਾਰੇ ਗੱਲ ਕੀਤੀ ਅਤੇ ਵਿਦਿਆਰਥਣਾਂ ਨੂੰ ਬਿਨਾਂ ਹਿਚਕਿਚਾਹਟ ਸਮੇਂ ਸਿਰ ਡਾਕਟਰੀ ਸਲਾਹ ਲੈਣ ਲਈ ਪ੍ਰੇਰਿਤ ਕੀਤਾ। ਲੈਕਚਰ ਤੋਂ ਬਾਅਦ ਡਾ. ਰਾਜਾ ਪਰਮਜੀਤ ਸਿੰਘ ਬਨੀਪਾਲ ਅਤੇ ਡਾ. ਰੀਨਤ ਵਿਰਕ ਨੇ ਲੜਕੀਆਂ ਨਾਲ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ । ਮੰਚ ਸੰਚਾਲਨ ਐਨ.ਐਸ.ਐਸ. ਅਫਸਰ ਡਾ. ਦਵਿੰਦਰ ਸਿੰਘ ਵੱਲੋਂ ਕੀਤਾ ਗਿਆ ਅਤੇ ਮਹਿਮਾਨਾਂ ਦੀ ਜਾਣ-ਪਛਾਣ ਐਨ.ਐਸ.ਐਸ. ਅਫਸਰ ਡਾ. ਗਗਨਦੀਪ ਕੌਰ ਵੱਲੋਂ ਕਰਵਾਈ ਗਈ, ਜਦਕਿ ਡਾ. ਸੰਜੀਵ ਕੁਮਾਰ ਨੇ ਪੂਰੇ ਕਾਰਜਕ੍ਰਮ ਦੇ ਆਯੋਜਨ ਵਿੱਚ ਸਹਿਯੋਗ ਦਿੱਤਾ। ਲਗਭਗ 150 ਲੜਕੀਆਂ ਅਤੇ ਅਧਿਆਪਕਾਂ ਨੇ ਇਸ ਲੈਕਚਰ ਵਿੱਚ ਭਾਗ ਲਿਆ। ਇਹ ਪ੍ਰੋਗਰਾਮ ਬਹੁਤ ਹੀ ਜਾਣਕਾਰੀਪੂਰਕ ਅਤੇ ਪ੍ਰੇਰਕ ਸਾਬਤ ਹੋਇਆ, ਜਿਸ ਨੇ ਮਹਿਲਾ ਸਿਹਤ ਵਿੱਚ ਜਾਗਰੂਕਤਾ, ਸਮੇਂ ਸਿਰ ਸਕ੍ਰੀਨਿੰਗ ਅਤੇ ਰੋਕਥਾਮੀ ਸੇਵਾਵਾਂ ਦੀ ਮਹੱਤਤਾ ਨੂੰ ਉਭਾਰਿਆ।

### ਸਵਾਰੀਆਂ ਦੀ ਖੱਜਲ ਖੁਆਰੀ

# ਕਰਹਾਲੀ ਸਾਹਿਬ ਨੂੰ ਜਾਣ ਵਾਲੀਆਂ ਬੱਸਾਂ ਦੇ ਪ੍ਰਾਈਵੇਟ ਤੇ ਸਰਕਾਰੀ ਰੂਟ ਪਿਛਲੇ ਚਾਰ ਮਹੀਨਿਆਂ ਤੋਂ ਬੰਦ




ਡਕਾਲਾ/ਬਲਬੇੜ੍ਹਾ, 5 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਹਲਕਾ ਸਮਾਣਾ ਦੇ ਇਤਿਹਾਸਕ ਨਗਰ ਪਾਤਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ ਸਾਹਿਬ ਨੂੰ ਜਾਣ ਵਾਲੇ ਪ੍ਰਾਈਵੇਟ ਤੇ ਸਰਕਾਰੀ ਬੱਸਾਂ 'ਚੋਂ ਇਕਾ-ਦੁੱਕਾ ਰੂਟਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਰੂਟ ਪਿਛਲੇ ਚਾਰ ਮਹੀਨਿਆਂ ਦੇ ਵਕਬੇ ਤੋਂ ਲੱਗਭਗ ਬੰਦ ਹੋਣ ਦੀ ਸਥਿਤੀ 'ਚ ਹਨ, ਜਿਸ ਕਾਰਨ ਸਥਾਨਕ ਲੋਕਾਂ ਨੂੰ ਆਪਣੇ ਰੋਜ਼ਮਰਾ ਦੇ ਕੰਮਾਂ-ਕਾਰਾਂ ਲਈ ਸ਼ਹਿਰ ਪਟਿਆਲਾ ਜਾ ਸਮਾਣਾ ਨੂੰ ਜਾਣ ਸਮੇਤ, ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ, ਪ੍ਰਾਚੀਨ ਸ਼ਿਵਾ ਜੀ ਮੰਦਰ, ਤੋਂ ਇਲਾਵਾ ਕਰਹਾਲੀ ਸਾਹਿਬ ਵਿਖੇ ਸਥਿੱਤ ਇਤਿਹਾਸਕ ਸ਼ਾਹੀ ਸਮਾਧਾਂ, ਦੇ ਦਰਸ਼ਨ ਦੀਦਾਰੇ ਕਰਨ ਲਈ ਆਉਣ ਜਾਣ ਵਾਲੀਆਂ ਸੰਗਤਾਂ ਨੂੰ ਇਨ੍ਹਾਂ ਸਰਕਾਰੀ ਗੈਰ ਸਰਕਾਰੀ (ਟਰਾਂਸਪੋਰਟਾਂ) ਬੱਸਾਂ ਦੇ ਰੂਟ ਬੰਦ ਹੋਣ ਕਾਰਨ ਭਾਰੀ ਖੱਜਲ ਖੁਆਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰ ਯੋਗ ਹੈ ਕਿ ਡੇਢ ਦਹਾਕਾ ਪਹਿਲਾਂ ਇਸ ਮਾਰਗ ਉੱਪਰ ਲਗਭਗ 18 ਤੋਂ ਵੱਧ ਪ੍ਰਾਈਵੇਟ ਤੇ ਸਰਕਾਰੀ ਬੱਸਾਂ ਦੇ ਰੂਟ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਸਰਵਸ ਦਿੰਦੇ ਸਨ, ਪਰ ਤੇਜ ਗਤੀ ਸਮੇਂ ਦੇ ਯੁੱਗ ਦੀ ਚਾਲ ਕਾਰਨ ਅੱਜ ਦੇ ਮੌਜੂਦਾ ਸਮੇਂ 'ਚ ਸਿਰਫ ਇੱਕੋ ਇੱਕ ਸਰਕਾਰੀ ਰੂਟ ਦੀ ਲਾਰੀ ਆਪਣੇ ਬਣਦੇ ਤਹਿ ਸਮੇਂ 'ਚ ਇਸ ਮਾਰਗ 'ਤੇ ਸਿਰਫ ਦੋ ਚੱਕਰ ਲਗਾ ਕੇ ਬਾਕੀ ਦਾ ਸਮਾਂ ਆਪਣੇ ਵਿਸ਼ਰਾਮ ਘਰ ਵਿੱਚ ਜਾ ਕੇ ਪੂਰਾ ਕਰ ਰਹੀ ਹੈ, ਅਤੇ ਪ੍ਰਾਈਵੇਟ ਅਤੇ ਇਸ ਰੂਟ 'ਤੇ ਚੱਲਣ ਵਾਲੀ ਕੋ ਇਕ ਬਚਦੀ ਪ੍ਰਾਈਵੇਟ ਸਹਿਜ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਵੀ ਆਪਣੇ ਨਿਜੀ ਕਾਰਨਾਂ ਕਰਕੇ ਸਾਰੇ ਰੂਟ ਬੰਦ ਕਰਕੇ ਖੜੀਆਂ ਆਪਣੇ ਪ੍ਰਾਈਵੇਟ ਕਾਰਖਾਨੇ ਦਾ ਸ਼ਿੰਗਾਰ ਬਣ ਰਹੀਆਂ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜਿੱਥੇ ਪੰਜਾਬ ਸਰਕਾਰ ਲੱਖਾਂ ਕਰੋੜਾਂ ਰੁਪਏ ਦਾ ਬਜਟ ਖਰਚ ਕਰਕੇ ਪੰਜਾਬ ਦੇ ਲੋਕਾਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੀ ਤੀਰਥ ਯਾਤਰਾ ਕਰਾਉਣ ਲਈ ਸਰਕਾਰੀ ਟਰਾਂਸਪੋਰਟਾਂ ਦੀ ਵਰਤੋਂ ਕਰਕੇ ਸਰਕਾਰੀ ਖਜ਼ਾਨੇ 'ਤੇ ਬੋਝ ਪਾ ਰਹੀ ਹੈ ਜੇਕਰ ਇਸ ਦੇ ਨਾਲ ਨਾਲ ਇਤਿਹਾਸਕ ਨਗਰ ਕਰਹਾਲੀ ਸਾਹਿਬ ਦੇ ਸਰਬ ਧਰਮਾਂ ਦੇ ਸਾਂਝੇ ਤੀਰਥਾਂ ਲਈ ਸਰਕਾਰੀ ਬੱਸਾਂ ਦੇ ਰੂਟਾਂ 'ਚ ਵਾਧਾ ਕਰਕੇ ਇਸ ਸਕੀਮ ਨੂੰ ਪ੍ਰਫੁੱਲਤ ਕਰਨਾ ਚਾਹੁੰਦੀ ਹੈ, ਤਾਂ ਜਿੰਨੀ ਜਲਦੀ ਹੋ ਸਕੇ ਇਸ ਲੋਕ ਮੰਗ 'ਤੇ ਧਿਆਨ ਦੇ ਕੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਖੇਚਲ ਕਰਨੀ ਕਰੇ। ਉਹਨਾਂ ਹਲਕਾ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ ਤੇ ਪੀਆਰਟੀਸੀ ਦੇ ਮੌਜੂਦਾ ਚੇਅਰਮੈਨ ਹਰਪਾਲ ਜਨੇਜਾ ਨੂੰ ਪ੍ਰੈਸ ਦੇ ਮਾਧਿਅਮ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਇਤਿਹਾਸਕ ਨਗਰ ਕਰਹਾਲੀ ਸਾਹਿਬ ਨਗਰ ਸਰਵ ਧਰਮਾਂ ਦੇ ਪਵਿੱਤਰ ਅਸਥਾਨਾਂ ਦਾ ਸੰਗਮ ਹੈ, ਇਸ ਲਈ ਹਰ ਐਤਵਾਰ ਨੂੰ ਜਿੱਥੇ ਇਤਿਹਾਸਕ ਅਸਥਾਨ ਪਾਤਸ਼ਾਹੀ ਛੇਵੀਂ ਤੇ ਨੌਵੀਂ ਗੁਰਦੁਆਰਾ ਸਾਹਿਬ ਵਿਖੇ ਭਾਰੀ ਰੂਪ 'ਚ ਸੰਗਤਾਂ ਵੱਖ -ਵੱਖ ਇਲਾਕਿਆਂ 'ਚੋਂ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ, ਜਿਨ੍ਹਾਂ ਨੂੰ ਦੂਰ ਦੁਰੇਡਿਆਂ ਤੋਂ ਆਉਣ ਜਾਣ ਲਈ ਜਲਦੀ ਤੋਂ ਜਲਦੀ ਸਰਕਾਰੀ ਬੱਸਾਂ ਦੀ ਰੂਟਾਂ 'ਚ ਵਾਧਾ ਕਰਕੇ ਖੱਜਲ ਖੁਆਰੀਆਂ ਤੋਂ ਨਿਜਾਤ ਦਵਾਈ ਜਾਵੇ ਤਾਂ ਕਿ ਬਿਨਾਂ ਖਜ਼ਾਨੇ 'ਤੇ ਬੋਝ ਪਾਏ ਜਿੱਥੇ ਸਰਕਾਰ ਦੀ ਤੀਰਥ ਯਾਤਰਾ ਸਕੀਮ ਸਫਲਤਾ ਵੱਲ ਵਧੇਗੀ, ਉੱਥੇ ਆਉਣ ਜਾਣ ਵਾਲੇ ਮੁਸਾਫਰਾਂ ਤੋਂ ਹੋਣ ਵਾਲੀ ਇਨਕਮ ਸਰਕਾਰੀ ਖਜ਼ਾਨਾ ਭਰਨ 'ਚ ਸਹਾਈ ਹੋਵੇਗੀ ।

-ਇਸ ਮੌਕੇ ਜਦੋਂ ਪੀਆਰਟੀਸੀ ਦੇ ਜੀਐਮ ਜਤਿੰਦਰ ਸਿੰਘ ਨਾਲ ਫੋਨ ਕਾਲ 'ਤੇ ਸੰਪਰਕ ਕੀਤਾ ਗਿਆ ਤਾਂ ਉਹਨਾਂ ਕਿਹਾ ਕਿ ਉਹ ਕਿਸੇ ਜ਼ਰੂਰੀ ਕੰਮ ਨੂੰ ਲੈ ਕੇ ਹਾਈ ਕੋਰਟ ਗਏ ਹੋਏ ਹਨ ਇਸ ਲਈ ਉਹ ਫਰੀ ਹੋ ਕੇ ਗੱਲ ਕਰਨਗੇ।

-ਇਸ ਮੌਕੇ ਜਦੋਂ ਪ੍ਰਾਈਵੇਟ ਕੰਪਨੀ ਸਹਿਜ ਟਰਾਂਸਪੋਰਟ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਸਿੰਘ ਖੇੜਕੀ ਨਾਲ ਸੰਪਰਕ ਕੀਤਾ ਤਾਂ ਉਹਨਾਂ ਦੱਸਿਆ ਕਿ ਬਿਨਾਂ ਕੋਈ ਸਰਕਾਰੀ ਟੈਕਸ ਭਰੇ ਸੜਕਾਂ 'ਤੇ ਦੌੜ ਰਹੇ ਡੰਗ ਟਪਾਊ ਟੈਂਪੂਆਂ ਵਾਲਿਆਂ ਨੇ ਟਰਾਂਸਪੋਰਟ ਦੀਆਂ ਸਾਰੀਆਂ ਸਵਾਰੀਆਂ ਨੂੰ ਘੱਟ ਰੇਟਾਂ 'ਤੇ ਸ਼ਹਿਰ ਪਹੁੰਚਾਉਣ 'ਚ ਕੀਤੀ ਦਾਖਲ ਅੰਦਾਜ਼ੀ ਟਰਾਂਸਪੋਰਟਾਂ 'ਤੇ ਭਾਰੂ ਪੈ ਰਹੀ ਹੈ, ਜਿਸ ਕਾਰਨ ਅਸਮਾਨ ਨੂੰ ਛੂ ਰਹੇ ਡੀਜ਼ਲ ਦੇ ਭਾਅ ਅਤੇ ਗੱਡੀਆਂ ਦੀ ਘਸਾਈ ਤੇ ਮਹਿੰਗਾਈ ਦੇ ਖਰਚੇਤ ਪੂਰੇ ਨਾ ਹੋਣ ਕਾਰਨ ਉਹਨਾਂ ਨੂੰ ਮਜਬੂਰਨ ਗੱਡੀਆਂ ਗੈਰਜ ਪਾਰਕਿੰਗ ਕਰਨੀਆਂ ਪਈਆਂ ਹਨ।

## ਪੱਤਰਕਾਰ ਮਨਜੋਤ ਸਿੰਘ ਪੰਧੇਰ ਨੂੰ ਸਦਮਾ, ਪਿਤਾ ਦਾ ਦੇਹਾਂਤ



ਭਾਦਸੋਂ, 5 ਫਰਵਰੀ (ਭਰਪੂਰ ਸਿੰਘ ਮੱਟਰਾਂ) : ਅੱਜ ਦੀ ਆਵਾਜ਼ ਦੇ ਪੱਤਰਕਾਰ ਮਨਜੋਤ ਸਿੰਘ ਪੰਧੇਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਹਨਾਂ ਦੇ ਪਿਤਾ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਪੰਧੇਰ ਦਾ ਦੇਹਾਂਤ ਹੋ ਗਿਆ ਉਹਨਾਂ ਦਾ ਅੰਤਿਮ ਸੰਸਕਾਰ ਅੱਜ ਪਿੰਡ ਚਹਿਲ ਦੇ ਸ਼ਮਸ਼ਾਨਘਾਟ ਵਿਖੇ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰ ਮੈਂਬਰਾਂ ਦੇ ਨਾਲ ਵੱਡੀ ਗਿਣਤੀ ਵਿੱਚ ਚਹਿਲ ਅਤੇ ਭਾਦਸੋਂ ਦੇ ਸਮਾਜ ਸੇਵੀ ਰਾਜਨੀਤਿਕ ਆਗੂ ਬੜੀ ਗਿਣਤੀ ਵਿੱਚ ਸ਼ਾਮਿਲ ਹੋਏ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਮਹੰਤ ਹਰਵਿੰਦਰ ਸਿੰਘ ਖਨੌੜਾ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ , ਜਸਵਿੰਦਰ ਸਿੰਘ ਜੇਜੀ ਚਹਿਲ, ਜਥੇਦਾਰ ਰਣਧੀਰ ਸਿੰਘ ਢੀਂਡਸਾ, ਸੀਨੀਅਰ ਕਾਂਗਰਸੀ ਆਗੂ ਭਗਵੰਤ ਸਿੰਘ ਮਣਕੂ, ਅਮਿਤ ਕੁਮਾਰ ਕੋਹਲੀ, ਭਾਦਸੋਂ ਦਾ ਸਮੂਹ ਪੱਤਰਕਾਰ ਭਾਈਚਾਰਾ ਸੰਜੀਵ ਕੁਮਾਰ ਸੋਨੂ, ਪ੍ਰੇਮ ਕੁਮਰ ਲਾਲਕਾ ਨੰਬਰਦਾਰ ਅਤੇ ਪੀਆਰ ਟੀ ਸੀ. ਮਹਿਕਮੇ ਵੱਲੋਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਜਿਨ੍ਹਾਂ ਨੇ ਨਮ ਅੱਖਾਂ ਨਾਲ ਪੱਤਰਕਾਰ ਸੁਖਦੇਵ ਸਿੰਘ ਪੰਧੇਰ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਪੰਧੇਰ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ।